ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 11 | Issue 21 | 28 May 2021 to 03 June 2021 | Ph.: (510) 240-5949 | Fax: (888) 323-6950 | Email: info@amritsartimes.com, asrtimes@gmail.com


# ਅਮਰੀਕਾ ਦੇ ਰਾਸ਼ਟਰਪਤੀ, ਕੈਲੀਫੋਰਨੀਆ ਗਵਰਨਰ, ਕਾਂਗਰਸਮੈਨ ਤੇ ਅਸੈਂਬਲੀਮੈਨ ਵਲੋਂ ਦੁੱਖ ਦਾ ਇਜ਼ਹਾਰ

### ✪ ਅਮਰੀਕਾ ਦਾ ਝੰਡਾ ਅੱਧਾ ਝੁਕਾਇਆ ਗਿਆ ✪ ਤਪਤੇਜਦੀਪ ਸਿੰਘ ਦੂਜਿਆਂ ਦੇ ਬਚਾਅ ਲਈ ਇੱਧਰ ਓਧਰ ਦੌੜਦਾ ਰਿਹਾ





**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ):** ਸੈਨਹੋਜੇ ਸਥਿਤ ਵੈਲੀ ਟਰਾਂਸਪੋਰਟ ਅਥਾਰਟੀ ਅਧੀਨ ਲਾਈਟ ਰੇਲ ਫੈਕਟਰੀ ਜੋ ਸੈਨਫ੍ਰਾਂਸਿਸਕੋ ਬੇ ਖੇਤਰ ਦੀ ਸਭ ਤੋਂ ਵੱਧ ਆਬਾਦੀ ਵਾਲੀ ਕਾਉਂਟੀ, ਸੈਂਟਾ ਕਲਾਰਾ ਕਾਉਂਟੀ ਵਿੱਚ ਬੱਸ, ਲਾਈਟ ਰੇਲ ਅਤੇ ਹੋਰ ਟ੍ਰਾਂਸਪੋਰਟ ਸੇਵਾਵਾਂ ਪ੍ਰਦਾਨ ਕਰਦੀ ਹੈ ਵਿੱਚ ਬੀਤੇ ਦਿਨ ਅੰਨੇਵਾਹ ਗੋਲੀਬਾਰੀ ਵਿਚ 9 ਵਿਆਕਤੀ ਮਾਰੇ ਗਏ ਸਨ ਉਨਾਂ ਵਿਚ ਇੱਕ ਪੰਜਾਬੀ ਸਿੱਖ ਵੀ ਸ਼ਾਮਿਲ ਸੀ। ਇਸ ਘਟਨਾ ਤੇ ਵੱਖ-ਵੱਖ ਉਚ ਪ੍ਰਸ਼ਾਸਨਕ ਅਧਿਕਾਰੀਆਂ ਨੇ ਤੇ ਸਿਆਸੀ ਲੋਕਾਂ ਨੇ ਦੁੱਖ ਦਾ ਇਜਹਾਰ ਕੀਤਾ ਹੈ, ਜਿਨਾਂ ਵਿਚ ਕੈਲੀਫੋਰਨੀਆਂ ਦੇ ਪੀੜਤ, ਜਿਨਾਂ ਵਿਚੋਂ ਬਹੁਤ ਸਾਰੇ ਲੰਬੇ ਸਮੇਂ ਤੋਂ ਏਜੰਸੀ ਦੇ ਕਰਮਚਾਰੀ ਸਨ, ਇਨਾਂ ਵਿਚ 36 ਸਾਲਾ ਤਪਤੇਜਦੀਪ ਸਿੰਘ ਸਮੇਤ ਪੌਲ ਡੇਲਾਕਰੂਜ਼ ਮੇਗੀਆ, 42 ਸਾਲਾ ਐਡਰਿਅਨ ਬਾਲੇਜ਼ਾ, 29 ਸਾਲਾ ਜੋਸੇ ਡੀਜੇਸਸ ਹਰਨਾਡੇਜ, 35 ਸਾਲਾ ਟਿਮੋਥੀ ਮਾਈਕਲ ਰੋਮੋ, 49 ਸਾਲਾ ਮਾਈਕਲ ਜੋਸਫ ਰੁਡੋਮੇਕਿਨ, 40 ਸਾਲਾ ਅਬਦੋਲਵਾਹਹਾਬ ਅਲਾਘਮੰਦਨ ਅਤੇ 63 ਸਾਲਾ ਲਾਰਸ ਕੇਪਲਰ ਲੇਨ, ਉਨਾਂ ਦੀਆਂ ਨੌਕਰੀਆਂ ਵਿਚ ਬੱਸ ਅਤੇ ਲਾਈਟ ਰੇਲ ਓਪਰੇਟਰ, ਮਕੈਨਿਕ, ਲਾਈਨਮੈਨ ਅਤੇ ਸਹਾਇਕ ਸੁਪਰਡੈਂਟ ਸ਼ਾਮਲ ਸਨ, ਤਪਤੇਜਦੀਪ ਸਿੰਘ 1999 ਤੋਂ ਟਰਾਂਸਪੋਰਟ ਅਥਾਰਟੀ ਲਈ ਕੰਮ ਕਰਦਾ ਸੀ। ਉਸਦੇ ਚਚੇਰਾ ਭਰਾ ਬੱਗਾ ਸਿੰਘ ਨੇ ਦੱਸਿਆ ਕਿ ਤਪਤੇਜਦੀਪ ਸਿੰਘ ਨੇ ਅੱਠ ਜਾਂ ਨੌਂ ਸਾਲਾਂ ਤੋਂ ਲਾਈਟ ਰੇਲ ਗੱਡੀ ਦੇ ਡਰਾਈਵਰ ਵਜੋਂ ਕੰਮ ਕੀਤਾ ਸੀ ਅਤੇ ਉਸਦੀ ਪਤਨੀ ਦੋ ਛੋਟੇ ਬੱਚੇ ਅਤੇ ਬਹੁਤ ਸਾਰੇ ਪਰਿਵਾਰਕ ਮੈਂਬਰ ਸਨ। 'ਅਸੀਂ ਸੁਣਿਆ ਹੈ ਕਿ ਉਸ ਨੇ ਸ਼ੂਟਿੰਗ ਦੌਰਾਨ ਲੋਕਾਂ ਦਾ ਬਚਾਅ ਕੀਤਾ ਸੀ। ਤਪਤੇਜਦੀਪ ਸਿੰਘ ਦੂਜਿਆਂ ਦੇ ਬਚਾਅ ਲਈ ਇੱਧਰ ਓਧਰ ਦੌੜਦਾ ਰਿਹਾ। ਗਵਰਨਰ ਗੇਵਿਨ ਨਿਓਸਮ ਨੇ ਇੱਕ ਕਾਉਂਟੀ ਦਫਤਰ ਦੇ ਸਾਹਮਣੇ ਭਾਵੁਕਤਾ ਨਾਲ ਬੋਲਦੇ ਹੋਏ ਕਿਹਾ ਕਿ ਉਨਾਂ ਨੇ ਇਸ ਘਟਨਾ 'ਤੇ ਕੈਲੀਫੋਰਨੀਆ ਰਾਜ ਦਾ ਝੰਡਾ ਨੀਵਾਂ ਲਹਿਰਾਉਣ ਲਈ ਕਿਹਾ ਹੈ ਤੇ ਉਹ ਪੀੜਤ ਪਰਿਵਾਰਕ ਰਿਸ਼ਤੇਦਾਰ ਦੇ ਦੁੱਖ ਸੁਣਨ ਲਈ ਇੰਤਜ਼ਾਰ ਕਰ ਰਹੇ ਹਨ ਅਤੇ ਉਨਾਂ ਦੇ ਨਾਲ ਖੜੇ ਹਨ। ਵਾਈਟ ਹਾਊਸ ਵਿਖੇ ਰਾਸ਼ਟਰਪਤੀ ਜੋ ਬਾਡੀਨਨ ਨੇ ਹਾਫ- ਸਟਾਫ 'ਝੰਡੇ ਨੂੰ ਲਹਿਰਾਉਣ ਦਾ ਆਦੇਸ਼ ਦਿੱਤਾ ਅਤੇ ਕਾਂਗਰਸ ਨੂੰ ਅਪੀਲ ਕੀਤੀ ਕਿ ਉਹ ਬੰਦੂਕ ਦੀ ਹਿੰਸਾ ਨੂੰ ਰੋਕਣ ਲਈ ਕਾਨੂੰਨ' ਤੇ ਕਾਰਵਾਈ ਕਰੇ। 'ਹਰ ਜ਼ਿੰਦਗੀ ਜਿਹਨੂੰ ਗੋਲੀ ਲੱਗਦੀ ਹੈ ਉਹ ਸਾਡੀ ਕੌਮ ਦੀ ਰੂਹ ਨੂੰ ਵਿੰਨਦੀ ਹੈ। ਅਸੀਂ ਸਭ ਕਰ ਸਕਦੇ ਹਾਂ ਅਤੇ ਸਾਨੂੰ ਹੋਰ ਵੀ ਕਰਨਾ ਚਾਹੀਦਾ ਹੈ, 'ਬਿਡੇਨ ਨੇ ਇੱਕ ਬਿਆਨ ਵਿੱਚ ਕਿਹਾ। ਪੰਜਾਬੀ ਸਿੱਖ ਤਪਤੇਜਦੀਪ ਸਿੰਘ ਦੋ ਬੱਚਿਆਂ ਪਿਤਾ ਅਤੇ ਹਰਮਨਪ੍ਰੀਤ ਕੌਰ ਦਾ ਪਤੀ ਸੀ, 'ਹਰ ਕੋਈ ਸਦਮੇ ਵਿੱਚ ਹੈ, ਪਰਿਵਾਰ ਨੇ ਦੱਸਿਆ ਕਿ ਅਸੀਂ ਵਿਸ਼ਵਾਸ ਨਹੀਂ ਕਰ ਸਕਦੇ ਕਿ ਉਹ ਚਲਾ ਗਿਆ ਹੈ, ਤਪਤੇਜਦੀਪ ਸਿੰਘ ਦੇ ਚਾਚੇ, ਸੁਖਵੰਤ ਢਿਲੋਂ ਨੇ ਕਿਹਾ। ਤਪਤੇਜਦੀਪ ਸਿੰਘ ਆਪਣੇ ਮਾਂ-ਪਿਓ, ਵੱਡੀ ਭੈਣ ਅਤੇ ਛੋਟੇ ਭਰਾ ਨਾਲ 2005 ਵਿਚ ਭਾਰਤ, ਅੰਮ੍ਰਿਤਸਰ ਤੋਂ ਆਏ ਸਨ। ਨਰਸਿੰਗ ਦੀ ਡਿਗਰੀ ਹਾਸਲ ਕਰਦਿਆਂ, ਉਸਨੇ ਕੈਲ ਸਟੇਟ ਈਸਟ ਬੇਅ ਤੋਂ ਗ੍ਰੈਜੂਏਸ਼ਨ ਕੀਤੀ। ਉਸਨੇ ਅੱਠ ਜਾਂ ਨੌਂ ਸਾਲ ਵੀ ਟੀ ਏ ਵਿੱਚ ਕੰਮ ਕੀਤਾ ਸੀ, ਢਿਲੋਂ ਨੇ ਕਿਹਾ 'ਉਸਨੇ ਦੂਜਿਆਂ ਨੂੰ ਬਚਾਉਂਦੇ ਹੋਏ ਆਪਣੀ ਜਾਨ ਗੁਆ ਦਿੱਤੀ।'

ਕਾਂਗਰਸਮੈਂਨ ਰੋਅ ਖੱਨਾ, ਅਤੇ ਕੈਲੀਫੋਰਨੀਆ ਅਸੈਂਬਲੀ ਮੈਂਬਰ ਸਿਲੀਕਨ ਵੈਲੀ ਐਸ਼ ਕਾਲਰਾ ਨੇ ਵੀ ਗਹਿਰੇ ਦੁੱਖ ਦਾ ਇਜ਼ਹਾਰ ਕੀਤਾ।

## ਦਿੱਲੀ ਪੁਲਿਸ ਦੇ ਛਾਪੇ ਮਗਰੋਂ ਟਵਿੱਟਰ ਦੇ ਕਰਮਚਾਰੀਆਂ ਨੂੰ ਖ਼ਤਰਾ !

### ✪ ਸੁਰੱਖਿਆ ਤੇ ਅਜਾਦੀ ਨੂੰ ਲੈ ਕੇ ਫਿਕਰਾਂ ਵਿਚ ✪ ਆਈਟੀ ਮੰਤਰਾਲੇ ਨੇ ਸਾਰੇ ਸੋਸਲ ਮੀਡੀਆ ਪਲੇਟਫਾਰਮਾਂ ਨੂੰ ਭੇਜਿਆ ਨੋਟਿਸ, ਮੰਗਿਆ ਜਵਾਬ ✪ ਵਟਸਐਪ ਯੂਜ਼ਰਜ਼ ਨੂੰ ਡਰਨ ਦੀ ਲੋੜ ਨਹੀਂ, 'ਨਿੱਜਤਾ ਦੇ ਅਧਿਕਾਰ' ਦਾ ਹੋਏਗਾ ਆਦਰ', ਭਾਰਤ ਸਰਕਾਰ ਦਾ ਭਰੋਸਾ




**ਨਵੀਂ ਦਿੱਲੀ/ਏ.ਟੀ.ਨਿਊਜ਼ :** ਟਵਿੱਟਰ ਕੰਪਨੀ ਨੇ ਕਿਹਾ ਹੈ ਕਿ ਉਹ ਭਾਰਤ 'ਚ ਆਪਣੇ ਕਰਮਚਾਰੀਆਂ ਦੀ ਸੁਰੱਖਿਆ ਨੂੰ ਲੈ ਕੇ ਚਿੰਤਤ ਹੈ। ਬੀਤੇ ਦਿਨੀਂ ਟਵਿੱਟਰ ਨੇ ਆਪਣੇ ਪਲੇਟਫ਼ਾਰਮ ਉੱਤੇ ਪਾਈਆਂ ਕੁਝ ਪੋਸਟਸ ਨੂੰ 'ਮੈਨੂਪੁਲੇਟਡ ਮੀਡੀਆ' ਭਾਵ 'ਤੱਥਾਤਮਕ ਤੌਰ 'ਤੇ ਗ਼ਲਤ' ਦੱਸਿਆ ਸੀ। ਉਨ੍ਹਾਂ ਵਿੱਚੋਂ ਕੁਝ ਟਵੀਟਸ ਭਾਜਪਾ ਦੇ ਬੁਲਾਰੇ ਸੰਬਿਤ ਪਾਤਰਾ ਤੇ ਹੋਰ ਆਗੂਆਂ ਦੀ ਸਨ। ਦਿੱਲੀ ਪੁਲਿਸ ਇਸ ਮਾਮਲੇ ਦੀ ਜਾਂਚ ਲਈ ਨੋਟਿਸ ਦੇਣ ਵਾਸਤੇ ਬੀਤੇ ਦਿਨੀਂ ਟਵਿੱਟਰ ਦੇ ਦਫ਼ਤਰ ਪੁੱਜੀ ਸੀ; ਜਿਸ ਤੋਂ ਬਾਅਦ ਕੰਪਨੀ ਨੇ ਆਪਣੇ ਕਰਮਚਾਰੀਆਂ ਦੀ ਸੁਰੱਖਿਆ ਨੂੰ ਲੈ ਕੇ ਚਿੰਤਾ ਪ੍ਰਗਟਾਈ ਹੈ।

ਟਵਿੱਟਰ ਦੇ ਬੁਲਾਰੇ ਅਨੁਸਾਰ, ਇਸ ਵੇਲੇ ਜਿਹੜੇ ਵੀ ਘਟਨਾਕ੍ਰਮ ਸਾਹਮਣੇ ਆਏ ਹਨ, ਉਨ੍ਹਾਂ ਦੇ ਚੱਲਦਿਆਂ ਅਸੀਂ ਭਾਰਤ 'ਚ ਆਪਣੇ ਮੁਲਾਜ਼ਮਾਂ ਦੀ ਸੁਰੱਖਿਆ ਨੂੰ ਲੈ ਕੇ ਫ਼ਿਕਰਮੰਦ ਹਾਂ। ਨਾਲ ਹੀ ਅਸੀਂ ਜਿਹੜੇ ਲੋਕਾਂ ਨੂੰ ਸੇਵਾ ਮੁਹੱਈਆ ਕਰਵਾਉਂਦੇ ਹਾਂ, ਉਸ ਨਾਲ ਉਨ੍ਹਾਂ ਦੇ ਪ੍ਰਗਟਾਵੇ ਦੇ ਅਧਿਕਾਰ ਨੂੰ ਵੀ ਖਤਰਾ ਹੋ ਸਕਦਾ ਹੈ।ਨਾਲ ਹੀ ਕੰਪਨੀ ਦੇ ਬੁਲਾਰੇ ਨੇ ਕਿਹਾ, ਸਾਡੇ ਵਿਸ਼ਵ ਨਿਯਮਾਂ ਤੇ ਸਰਵਿਸ ਦੀਆਂ ਮੱਦਾਂ ਨੂੰ ਲਾਗੂ ਕਰਨ ਉੱਤੇ ਦੁਨੀਆ ਭਰ 'ਚ ਪੁਲਿਸ ਸਾਡੇ ਉੱਤੇ ਧਮਕੀ ਭਰੇ ਹਥਕੰਡੇ ਅਪਣਾਉਂਦੀ ਹੈ। ਇਸ ਤੋਂ ਸਾਡੇ ਨਾਲ ਭਾਰਤ ਤੇ ਵਿਸ਼ਵ ਦੇ ਕਈ ਦੇਸ਼ਾਂ ਵਿੱਚ ਮੌਜੂਦ ਹੋਰ ਸਿਵਲ ਸੁਸਾਇਟੀ ਵੀ ਚਿੰਤਤ ਹੈ। ਟਵਿੱਟਰ ਨੇ ਭਾਵੇਂ ਸਿੱਧੇ ਤੌਰ 'ਤੇ ਇਹ ਜ਼ਾਹਿਰ ਨਹੀਂ ਕੀਤਾ ਕਿ ਉਸ ਦਾ ਇਹ ਬਿਆਨ ਦਿੱਲੀ ਪੁਲਿਸ ਦੀ ਕਾਰਵਾਈ ਨਾਲ ਸਬੰਧਤ ਹੈ।

**ਮਾਮਲਾ ਟੂਲਕਿਟ ਕੇਸ ਦਾ**

ਦੱਸ ਦੇਈਏ ਕਿ ਦਿੱਲੀ ਪੁਲਿਸ ਟੂਲਕਿਟ ਮਾਮਲੇ 'ਚ ਟਵਿੱਟਰ ਨੂੰ ਨੋਟਿਸ ਦੇਣ ਲਈ ਬੀਤੇ ਸੋਮਵਾਰ ਨੂੰ ਟਵਿੱਟਰ ਦੇ ਦਫ਼ਤਰ ਪੁੱਜੀ ਸੀ। ਦਿੱਲੀ ਪੁਲਿਸ ਦਾ ਕਹਿਣਾ ਹੈ ਕਿ ਉਹ ਇੱਕ ਸ਼ਿਕਾਇਤ 'ਤੇ ਜਾਂਚ ਕਰ ਰਹੀ ਹੈ,


**ਬਾਕੀ ਸਫ਼ਾ 25 'ਤੇ**


## ਨਵੀਂ ਜਾਂਚ ਟੀਮ ਵੱਲੋਂ ਗਵਾਹਾਂ ਤੋਂ ਪੁੱਛਗਿਛ

### ਮਾਮਲਾ ਕੋਟਕਪੂਰਾ ਗੋਲੀ ਕਾਂਡ ਦਾ



**ਫ਼ਰੀਦਕੋਟ/ਏ.ਟੀ.ਨਿਊਜ਼ :** ਕੋਟਕਪੂਰਾ ਗੋਲੀ ਕਾਂਡ ਦੀ ਜਾਂਚ ਲਈ ਪੰਜਾਬ ਸਰਕਾਰ ਵੱਲੋਂ ਗਠਿਤ ਕੀਤੀ ਗਈ ਨਵੀਂ ਜਾਂਚ ਟੀਮ ਨੇ ਇੱਥੇ ਗੋਲੀ ਕਾਂਡ ਦੇ ਗਵਾਹਾਂ ਨੂੰ ਪੁੱਛਗਿੱਛ ਲਈ ਬੁਲਾਇਆ ਅਤੇ ਉਨ੍ਹਾਂ ਤੋਂ 14 ਅਕਤੂਬਰ 2015 ਦੀ ਸਵੇਰ ਵਾਪਰੇ ਗੋਲੀ ਕਾਂਡ ਬਾਰੇ ਜਾਣਕਾਰੀ ਹਾਸਲ ਕੀਤੀ। ਵਿਸ਼ੇਸ਼ ਜਾਂਚ ਟੀਮ ਨੇ 42 ਗਵਾਹਾਂ ਨੂੰ ਪੁੱਛਗਿੱਛ ਲਈ ਸੱਦਿਆ ਸੀ ਜਿਨ੍ਹਾਂ ਵਿੱਚੋਂ 25 ਗਵਾਹ ਜਾਂਚ ਟੀਮ ਸਾਹਮਣੇ ਪੇਸ਼ ਹੋਏ। ਜਾਂਚ ਟੀਮ ਦੇ ਮੁਖੀ ਏਡੀਜੀਪੀ ਐੱਲ.ਕੇ. ਯਾਦਵ, ਆਈਜੀ ਰਾਕੇਸ਼ ਅਗਰਵਾਲ ਅਤੇ ਮੁਹਾਲੀ ਦੇ ਐੱਸਐੱਸਪੀ ਸਤਿੰਦਰ ਸਿੰਘ ਅੱਜ ਜਾਂਚ ਟੀਮ ਦੇ ਦਫ਼ਤਰ ਵਿੱਚ ਮੌਜੂਦ ਰਹੇ। ਹਾਲਾਂਕਿ ਕਿਸੇ ਵੀ ਪੁਲੀਸ ਅਧਿਕਾਰੀ ਨੇ ਕੋਈ ਗੱਲਬਾਤ ਨਹੀਂ ਕੀਤੀ। ਦੱਸਣਾ ਬਣਦਾ ਹੈ ਕਿ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ 9 ਅਪਰੈਲ ਨੂੰ ਕੁੰਵਰ ਵਿਜੈ ਪ੍ਰਤਾਪ ਨੂੰ ਜਾਂਚ ਟੀਮ ਤੋਂ ਪਾਸੇ ਕਰ ਦਿੱਤਾ ਸੀ। ਅਦਾਲਤ ਨੇ ਪੜਤਾਲ ਰਿਪੋਰਟ ਨੂੰ ਵੀ ਪੱਖਪਾਤੀ ਦੱਸਦਿਆਂ ਰੱਦ ਕਰ ਦਿੱਤਾ ਸੀ। ਇਸ ਮਗਰੋਂ ਪੰਜਾਬ ਸਰਕਾਰ ਨੇ ਐੱਲ.ਕੇ.ਯਾਦਵ ਦੀ ਅਗਵਾਈ ਵਿੱਚ ਨਵੀਂ ਜਾਂਚ ਟੀਮ ਦਾ ਗਠਨ ਕੀਤਾ ਸੀ ਜੋ ਹੁਣ ਕੋਟਕਪੂਰਾ ਗੋਲੀ ਕਾਂਡ ਦੀ ਪੜਤਾਲ ਕਰ ਰਹੀ ਹੈ। ਇਸ ਤੋਂ ਪਹਿਲਾਂ ਵੀ ਜਾਂਚ ਟੀਮ ਇੱਕ ਦਰਜਨ ਗਵਾਹਾਂ ਦੇ ਬਿਆਨ ਦਰਜ ਕਰ ਚੁੱਕੀ ਹੈ। ਗਵਾਹਾਂ ਵਿੱਚ ਉਹ 44 ਪੁਲੀਸ ਮੁਲਾਜ਼ਮ ਵੀ ਸ਼ਾਮਲ ਹਨ, ਜੋ ਗੋਲੀ ਕਾਂਡ ਦੌਰਾਨ ਜਖਮੀ ਹੋ ਗਏ ਸਨ। ਇਹ ਪੰਜਵੀਂ ਜਾਂਚ ਟੀਮ ਹੈ ਜੋ ਕੋਟਕਪੂਰਾ ਗੋਲੀ ਕਾਂਡ ਦੀ ਪੜਤਾਲ ਕਰ ਰਹੀ ਹੈ। ਇਸ ਤੋਂ ਪਹਿਲਾਂ ਜਸਟਿਸ ਜੋਰਾ ਸਿੰਘ ਕਮਿਸ਼ਨ, ਜਸਟਿਸ ਰਣਜੀਤ ਸਿੰਘ ਕਮਿਸ਼ਨ, ਡੀਆਈਜੀ ਰਣਧੀਰ ਸਿੰਘ ਖੱਟੜਾ ਅਤੇ ਆਈਜੀ ਕੁੰਵਰ ਵਿਜੈ ਪ੍ਰਤਾਪ ਸਿੰਘ ਪੜਤਾਲ ਕਰ ਚੁੱਕੇ ਹਨ।

# ਸ਼ਹੀਦੀ ਸਮਾਗਮ



ਜੂਨ 1984 ਦੇ ਸ਼ਹੀਦਾਂ ਦੀ ਯਾਦ ਵਿੱਚ 30 ਮਈ 2021 ਨੂੰ ਖ਼ੂਨ ਦਾਨ ਕੈਂਪ ਗੁਰਦੁਆਰਾ ਸਾਹਿਬ ਵਿਖੇ ਲਗਾਇਆ ਜਾ ਰਿਹਾ ਹੈ, ਜਿਸ ਵਿੱਚ ਦਾਨੀ ਵੀਰ-ਭੈਣਾਂ ਨੂੰ ਸ਼ਹੀਦਾਂ ਦੀ ਯਾਦ ਵਿੱਚ ਖ਼ੂਨ-ਦਾਨ ਕਰਨ ਲਈ ਪਹੁੰਚਣ ਦੀ ਬੇਨਤੀ ਕੀਤੀ ਜਾਂਦੀ ਹੈ।

**5 ਜੂਨ ਨੂੰ 12-2 ਵਜੇ ਤੱਕ ਭਾਰਤੀ ਕੌਂਸਲੇਟ ਸਾਹਮਣੇ ਹਰ ਸਾਲ ਦੀ ਤਰਾਂ ਰੋਸ ਮੁਜ਼ਾਹਰਾ ਕੀਤਾ ਜਾ ਰਿਹਾ।**

## ਗੁਰਦੁਆਰਾ ਸਾਹਿਬ, ਫਰੀਮੌਂਟ

ਜੂਨ ਮਹੀਨੇ ਦੀ ਆਮਦ ਸਿੱਖ ਮਾਨਸਿਕਤਾ ਨੂੰ ਰਹਿੰਦੀ ਦੁਨੀਆਂ ਤੱਕ ਜ਼ਖਮੀ ਕਰਦੀ ਰਹੇਗੀ ਕਿਉਂਕਿ ਇਸੇ ਮਹੀਨੇ ਦੌਰਾਨ 1984 ਵਿੱਚ ਸਾਡੇ ਧੁਰੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਅਤੇ ਸ੍ਰੀ ਅਕਾਲ ਤਖਤ ਸਾਹਿਬ ਤੇ ਭਾਰਤੀ ਹਾਕਮਾਂ ਵੱਲੋਂ ਟੈਂਕਾਂ-ਤੋਪਾਂ ਨਾਲ ਹਮਲਾ ਕਰਕੇ ਜਿੱਥੇ ਮੀਰੀ-ਪੀਰੀ ਦੇ ਤਖਤ ਨੂੰ ਖੰਡਰਾਤ ਵਿੱਚ ਬਦਲ ਦਿੱਤਾ ਸੀ ਉੱਥੇ ਹਜ਼ਾਰਾਂ ਹੀ ਬੇਗੁਨਾਹ ਅਤੇ ਮਾਸੂਮ ਸਿੱਖ ਬੀਬੀਆਂ, ਬੱਚੇ, ਬਜ਼ੁਰਗ ਗੋਲ਼ੀਆਂ ਨਾਲ ਸ਼ਹੀਦ ਕਰ ਦਿੱਤੇ ਸਨ।

ਦਰਬਾਰ ਸਾਹਿਬ ਦੀ ਪ੍ਰਕਰਮਾ ਨੂੰ ਆਪਣੇ ਖ਼ੂਨ ਨਾਲ ਧੋਣ ਵਾਲੇ ਸ਼ਹੀਦਾਂ ਨੂੰ ਸਿਜਦਾ ਕਰਦੇ ਹੋਏ, ਹਰੇਕ ਸਾਲ ਵਾਂਗ, ਉਹਨਾਂ ਦੀ ਮਹਾਨ ਯਾਦ ਗੁਰਦੁਆਰਾ ਸਾਹਿਬ, ਫਰੀਮੌਂਟ, ਕੈਲੇਫੋਰਨੀਆਂ ਵਿਖੇ ਸ਼ਰਧਾ, ਭਾਵਨਾ ਅਤੇ ਸਤਿਕਾਰ ਸਹਿਤ ਮਨਾਈ ਜਾ ਰਹੀ ਹੈ।

ਇਸ ਸੰਬੰਧ ਵਿੱਚ **4 ਜੂਨ 2021** ਨੂੰ ਸਵੇਰੇ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਹੋਣਗੇ ਅਤੇ **6 ਜੂਨ 2021** ਨੂੰ ਸਵੇਰੇ ਸ੍ਰੀ ਅਖੰਡ ਪਾਠ ਸਾਹਿਬ ਦੀ ਸੰਪੂਰਨਤਾ ਤੋਂ ਉਪਰੰਤ ਜੂਨ **1984** ਦੇ ਸ਼ਹੀਦਾਂ ਨੂੰ ਸਮਰਪਿਤ ਵਿਸ਼ੇਸ਼ ਦੀਵਾਨ ਸਜਾਏ ਜਾਣਗੇ, ਜਿਸ ਵਿੱਚ ਪੰਥ ਦੇ ਮਹਾਨ ਰਾਗੀ ,ਢਾਡੀ ਅਤੇ ਕਥਾਵਾਚਕ ਹਾਜ਼ਰੀ ਭਰਨਗੇ ।

**4** ਅਤੇ **5** ਜੂਨ ਸ਼ਾਮਾਂ ਨੂੰ ਵਿਸ਼ੇਸ਼ ਸਮਾਗਮ ਹੋਣਗੇ। ਪੰਥ ਦੇ ਮਹਾਨ ਕੀਰਤਨੀਏ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ, ਭਾਈ ਇੰਦਰਜੀਤ ਸਿੰਘ ਅਤੇ ਭਾਈ ਹਰਚਰਨ ਸਿੰਘ ਖਾਲਸਾ ਅਤੇ ਗਿਆਨੀ ਪੂਰਨ ਸਿੰਘ ਲੁਧਿਆਣੇ ਵਾਲੇ ਹਾਜ਼ਰੀ ਭਰਨਗੇ।

ਸਮੂਹ ਸਾਧ ਸੰਗਤ ਦੇ ਚਰਨਾਂ ਵਿੱਚ ਬੇਨਤੀ ਹੈ ਕਿ ਸ਼ਹੀਦਾਂ ਦੀ ਯਾਦ ਵਿੱਚ ਹੋ ਰਹੇ ਸਮਾਗਮਾਂ ਵਿੱਚ ਪਰਿਵਾਰਾਂ ਸਮੇਤ ਹਾਜ਼ਰੀ ਭਰਕੇ ਸ੍ਰੀ ਹਰਿਮੰਦਰ ਸਾਹਿਬ ਅਤੇ ਸ੍ਰੀ ਅਕਾਲ ਤਖਤ ਸਾਹਿਬ ਦੀ ਪਵਿੱਤਰਤਾ ਨੂੰ ਕਾਇਮ ਰੱਖਣ ਲਈ ਸ਼ਹਾਦਤਾਂ ਪ੍ਰਾਪਤ ਵਾਲ਼ਿਆਂ ਦੀ ਕੁਰਬਾਨੀ ਨੂੰ ਸਿਜਦਾ ਕਰਦੇ ਹੋਏ, ਸ਼ਹੀਦਾਂ ਅਤੇ ਗੁਰੂ ਸਾਹਿਬ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ।









ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:

**ਸੁਪਰੀਮ ਕੌਂਸਲ ਅਤੇ ਗੁਰਦੁਆਰਾ ਪ੍ਰਬੰਧਕ ਕਮੇਟੀ, ਗੁਰਦੁਆਰਾ ਸਾਹਿਬ ਫਰੀਮੌਂਟ, ਕੈਲੇਫੋਰਨੀਆਂ । ਫ਼ੋਨ 510-790-0177**

# ਤਪਤੇਜ ਸਿੰਘ ਲੋਕਾਂ ਦੀ ਜਾਨ ਬਚਾਉਂਦਾ ਹੀ ਤੁਰ ਗਿਆ : ਸਿੱਖ ਪੰਚਾਇਤ

**ਯੂਨੀਅਨ ਸਿਟੀ/ਏ.ਟੀ.ਨਿਊਜ਼:** ਕੱਲ੍ਹ ਸੈਨਹੋਜੇ ਵੀਟੀਏ ਯਾਰਡ ਵਿੱਚ ਇੱਕ ਘਟੀਆ ਬੰਦੇ ਵੱਲੋਂ ਕੀਤੀ ਫਾਇੰਰਿਗ ਵਿੱਚ ਮਰਨ ਵਾਲਿਆਂ ਦੀ ਗਿਣਤੀ 9 ਹੋ ਗਈ ਹੈ। ਹਸਪਤਾਲ ਵਿੱਚ ਫੱਟੜ ਵਿਅਕਤੀ ਵੀ ਦਮ ਤੋੜ ਗਿਆ ਹੈ। ਤਪਤੇਜ ਸਿੰਘ ਦੇ ਪਿਤਾ ਭਾਈ ਸਰਬਜੀਤ ਸਿੰਘ ਗਿੱਲ ਨੇ ਦੱਸਿਆ ਕਿ ਉਹਨਾਂ ਦਾ ਬੇਟਾ ਹੋਰਾਂ ਦੀ ਜਾਨ ਬਚਾਉਂਦਾ ਹੀ ਕਾਤਿਲ ਦੇ ਸਾਹਮਣੇ ਆ ਗਿਆ ਅਤੇ ਇੱਕ ਤਰੀਕੇ ਨਾਲ ਸਹੀਦ ਹੀ ਹੈ। ਉਸਨੇ ਆਪਣੀ ਬਿਲਡਿੰਗ ਵਿੱਚ ਸਾਰਿਆਂ ਨੂੰ ਲੁੱਕ ਜਾਣ ਲਈ ਕਿਹਾ ਤੇ ਅੰਦਰੋਂ ਤਾਲਾ ਲਾਉਣ ਨੂੰ ਕਿਹਾ। ਉਹ ਹੇਠਲੀ ਬਿਲਡਿੰਗ ਵਿੱਚ ਤਾਲਾ ਲਾਉਣ ਜਾ ਰਿਹਾ ਸੀ ਕਿ ਕਾਤਿਲ ਵੀ ਉਸੇ ਵੇਲੇ ਪੌੜੀਆਂ ਚੜ੍ਹ ਆਇਆ ਤੇ ਆਹਮੋ-ਸਾਹਮਣੇ ਟਾਕਰਾ ਹੋ ਗਿਆ। ਤਪਤੇਜ ਸਿੰਘ ਦੀ ਉਸੇ ਜਗ੍ਹਾ



ਹੀ ਮੌਤ ਹੋ ਗਈ ਦੱਸੀ ਜਾਂਦੀ ਹੈ। ਭਾਈ ਸਰਬਜੀਤ ਸਿੰਘ ਗਿੱਲ ਨੇ ਬੜੇ ਹੌਸਲਾ ਰੱਖਦੇ ਹੋਏ ਇਸਨੂੰ ਸਤਿਗੁਰ ਦਾ ਭਾਣਾ ਮੰਨਦੇ ਹੋਏ ਵਾਹਿਗੁਰੂ ਦਾ ਸਿਮਰਨ ਕਰਨ ਤੇ ਹੀ ਜੋਰ ਦਿੱਤਾ। ਤਪਤੇਜ ਸਿੰਘ ਦੀ ਮਾਤਾ ਨੇ ਦੱਸਿਆ ਕਿ ਉਹ ਲੋਕਾਂ ਦੀ ਮਦਦ ਕਰ ਕੇ ਬਹੁਤ ਖੁਸ ਹੁੰਦਾ ਸੀ ਅਤੇ ਸਾਇਦ ਮਾਲਿਕ ਨੇ ਉਹਦੀ ਏਨੀ ਹੀ ਲਿਖੀ ਸੀ। ਤਪਤੇਜ ਸਿੰਘ ਇਸ ਇਲਾਕੇ ਵਿੱਚ ਨੇਕ ਤੇ ਲੋਕਾਂ ਦੀ ਮਦਦ ਕਰਣ ਵਾਲਾ ਇਨਸਾਨ ਗਿਣਿਆ ਜਾਂਦਾ ਸੀ। ਉਹ ਗੁਰਦੁਆਰਾ ਸਾਹਿਬ ਫਰੀਮਾਂਟ ਵੀ ਹਮੇਸਾ ਸੇਵਾ ਲਈ ਤਤਪਰ ਰਹਿੰਦਾ ਸੀ ਅਤੇ ਕ੍ਰਿਕਟ ਦਾ ਵੀ ਸੋਕੀਨ ਸੀ। ਤਪਤੇਜ ਸਿੰਘ ਦੇ 19 ਮਹੀਨਿਆਂ ਦੀ ਬੱਚੀ ਅਤੇ 4 ਸਾਲ ਦਾ ਬੇਟਾ ਹੈ। ਉਸਤੋਂ ਛੋਟਾ ਇੱਕ ਭਰਾ ਅਤੇ ਭੈਣ ਵੀ ਕੈਲੇਫੋਰਨੀਆਂ ਵਿੱਚ ਹੀ ਰਹਿੰਦੇ ਹਨ।

# ਮੁਸਲਿਮ ਆਫ ਅਮਰੀਕਾ ਦੇ ਚੇਅਰਮੈਨ ਸਾਜਿਦ ਤਰਾਰ ਨੇ ਗਵਰਨਰ ਚੌਧਰੀ ਮੁਹੰਮਦ ਸਰਵਰ ਦੇ ਮਾਣ 'ਚ ਦਿੱਤਾ ਡਿਨਰ

## ✪ ਪਾਕਿਸਤਾਨ ਪੰਜਾਬ ਦੇ ਗਵਰਨਰ ਚੌਧਰੀ ਮੁਹੰਮਦ ਸਰਵਰ ਦਾ ਸਿੱਖਸ ਆਫ ਅਮਰੀਕਾ ਨੇ ਮੈਰੀਲੈਂਡ 'ਚ ਕੀਤਾ ਵਿਸ਼ੇਸ਼ ਸਨਮਾਨ ✪ ਕਰਤਾਰਪੁਰ ਸਾਹਿਬ ਲਾਂਘੇ ਦੀ ਉਸਾਰੀ ਲਈ ਦਿੱਤੇ ਗਏ ਸਹਿਯੋਗ ਲਈ ਸਿੱਖ ਭਾਈਚਾਰਾ ਚੌਧਰੀ ਸਾਹਿਬ ਦਾ ਰਿਣੀ ਰਹੇਗਾ : ਜਸਦੀਪ ਜੱਸੀ

**ਮੈਰੀਲੈਂਡ/(ਰਾਜ ਗੋਗਨਾ):** ਪਾਕਿਸਤਾਨੀ ਪੰਜਾਬ ਦੇ ਗਵਰਨਰ ਚੌਧਰੀ ਮੁਹੰਮਦ ਸਰਵਰ ਇਨੀਂ ਦਿਨੀਂ ਅਮਰੀਕਾ ਦੌਰੇ 'ਤੇ ਹਨ। ਉਨਾਂ ਦੇ ਮਾਣ ਵਿਚ ਮੁਸਲਿਮ ਆਫ ਅਮਰੀਕਾ ਦੇ ਚੇਅਰਮੈਨ ਸਾਜਿਦ ਤਰਾਰ ਨੇ ਮਾਰਟਿਨਜ਼ ਕਰਾਸਵਿੰਡ ਮੈਰੀਲੈਂਡ 'ਚ ਰਾਤਰੀ ਭੋਜ ਦਾ ਆਯੋਜਨ ਕੀਤਾ। ਇਸ ਮੌਕੇ ਉਨਾਂ ਵਲੋਂ ਸਿੱਖਸ ਆਫ ਅਮਰੀਕਾ ਨੂੰ ਵਿਸ਼ੇਸ਼ ਤੌਰ 'ਤੇ ਸੱਦਾ ਦਿੱਤਾ ਗਿਆ। ਇਸ ਪ੍ਰੋਗਰਾਮ ਵਿਚ ਸਿੱਖਸ ਆਫ ਅਮੇਰਿਕਾ ਦੇ ਚੇਅਰਮੈਨ ਜਸਦੀਪ ਸਿੰਘ ਜੱਸੀ ਦੀ ਅਗਵਾਈ 'ਚ ਮੈਰੀਲੈਂਡ ਡੀ.ਸੀ., ਵਰਜ਼ੀਨੀਆ ਏਰੀਆ ਦੀਆਂ ਸਿੱਖ ਭਾਈਚਾਰੇ ਨਾਲ ਸਬੰਧਤ ਪ੍ਰਸਿੱਧ ਸਿੱਖ ਸਖਸ਼ੀਅਤਾਂ ਨੇ ਭਾਗ ਲਿਆ। ਜਸਦੀਪ ਸਿੰਘ ਜੱਸੀ ਚੇਅਰਮੈਨ ਸਿੱਖਸ ਆਫ ਅਮਰੀਕਾ ਨੇ ਸਿੱਖ ਭਾਈਚਾਰੇ ਵਲੋਂ ਗਵਰਨਰ ਚੌਧਰੀ ਮੁਹੰਮਦ ਸਰਵਰ ਨੂੰ ਸ੍ਰੀ ਸਾਹਿਬ ਤੇ ਸਿਰੋਪਾਓ ਭੇਂਟ ਕਰਕੇ ਵੱਡਾ ਸਨਮਾਨ ਦਿੱਤਾ। ਇਸ ਮੌਕੇ





ਹੀ ਗਵਰਨਰ ਚੌਧਰੀ ਮੁਹੰਮਦ ਸਰਵਰ ਨੇ ਮੁਸਲਿਮ ਆਫ ਅਮੇਰਿਕਾ ਵਲੋਂ ਦਿੱਤਾ ਗਿਆ 'ਆਊਟਸਟੈਡਿੰਗ ਅਚੀਵਮੈਂਟ ਐਵਾਰਡ' ਸਿੱਖ ਆਫ ਅਮਰੀਕਾ ਦੇ ਉਪ-ਪ੍ਰਧਾਨ ਬਲਜਿੰਦਰ ਸਿੰਘ ਸ਼ੰਮੀ ਨੂੰ ਭੇਂਟ ਕੀਤਾ।

ਸ: ਜਸਦੀਪ ਸਿੰਘ ਜੱਸੀ ਨੇ ਗੱਲਬਾਤ ਦੌਰਾਨ ਦੱਸਿਆ ਕਿ ਚੌਧਰੀ ਮੁਹੰਮਦ ਸਰਵਰ ਨੇ ਕਰਤਾਰਪੁਰ ਸਾਹਿਬ ਮਾਰਗ ਬਣਾਉਣ ਵਿੱਚ ਇਕ ਵੱਡਾ ਯੋਗਦਾਨ ਪਾਇਆ ਹੈ ਜਿਸ ਕਾਰਨ ਸਮੁੱਚੀ ਸਿੱਖ ਕੌਮ ਉਨਾਂ ਦੀ ਰਿਣੀ ਹੈ। ਸਿੱਖ ਭਾਈਚਾਰੇ ਵੱਲੋਂ ਸ: ਬਲਜਿੰਦਰ ਸਿੰਘ ਸ਼ੰਮੀ ਦੇ ਨਾਲ ਗੁਰਵਿੰਦਰ ਸਿੰਘ ਸੇਠੀ, ਮਨਿੰਦਰ ਸੇਠੀ, ਇੰਦਰਜੀਤ ਸਿੰਘ ਗੁਜਰਾਲ, ਗੁਰਚਰਨ ਸਿੰਘ, ਆਗਿਆਪਾਲ ਬਾਠ, ਹਰੀ ਰਾਜ ਸਿੰਘ, ਜਸਵੰਤ ਚੰਚਲ, ਚਰਨਜੀਤ ਚੰਚਲ, ਧਰਮਪਾਲ ਸਿੰਘ, ਜਸਵਿੰਦਰ ਸਿੰਘ, ਜੋਗਿੰਦਰ ਸਿੰਘ ਸਮਰਾ, ਦਿਲਵੀਰ ਸਿੰਘ, ਰਜਿੰਦਰ ਸਿੰਘ, ਪ੍ਰਿਤਪਾਲ ਸਿੰਘ ਲੱਕੀ, ਸੁਖਪਾਲ ਸਿੰਘ ਧਨੋਆ, ਹਰਬੀਰ ਬੱਤਰਾ, ਰੂਪੀ ਸੂਰੀ, ਸੁਰਿੰਦਰ ਸਿੰਘ ਆਰਕੀਟੈਕਟ ਵੀ ਵਿਸ਼ੇਸ਼ ਤੌਰ 'ਤੇ ਸ਼ਾਮਿਲ ਸਨ।

# ਕੈਲੀਫੋਰਨੀਆ ਵਿਚ 6 ਸਾਲਾ ਬੱਚੇ ਦੀ ਗੋਲੀ ਮਾਰ ਕੇ ਹੱਤਿਆ

## ਘਟਨਾ ਸਮੇ ਬੱਚੇ ਨੂੰ ਮਾਂ ਛੱਡਣ ਜਾ ਰਹੀ ਸੀ ਸਕੂਲ

**ਸੈਕਰਾਮੈਂਟੋ (ਹੁਸਨ ਲੜੋਆ ਬੰਗਾ):** ਓਰੇਂਜ (ਦੱਖਣੀ ਕੈਲੀਫੋਰਨੀਆ) ਵਿਚ ਇਕ 6 ਸਾਲ ਲੜਕੇ ਦੀ ਉਸ ਸਮੇਂ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਜਦੋਂ ਉਸ ਦੀ ਮਾਂ ਉਸ ਨੂੰ ਕਾਰ ਵਿਚ ਸਕੂਲ ਛੱਡਣ ਜਾ ਰਹੀ ਸੀ। ਐਡਨ ਲੀਓਸ ਨਾਮੀ ਬੱਚਾ ਕਾਰ ਦੀ ਪਿਛਲੀ ਸੀਟ ਉਪਰ ਬੈਠਾ ਸੀ ਜਦੋਂ ਨੇੜੇ ਦੀ ਲੰਘ ਰਹੇ ਹੋਰ ਵਾਹਨ ਦੇ ਡਰਾਈਵਰ ਨੇ ਉਸ ਦੇ ਗੋਲੀ ਮਾਰ ਦਿੱਤੀ। ਉਸ ਨੇ ਆਪਣੀ ਮਾਂ ਨੂੰ ਦੱਸਿਆ ਕਿ ਉਸ ਦਾ ਪੇਟ ਜ਼ਖਮੀ ਹੋ ਗਿਆ ਹੈ। ਮਾਂ ਨੇ ਉਸ ਦੇ ਪੇਟ ਵਿਚੋਂ ਖ਼ੂਨ ਨਿਕਲਦਾ ਵੇਖਿਆ ਤੇ ਉਸ ਦੀਆਂ ਬਾਹਾਂ ਵਿਚ ਹੀ ਬੱਚਾ ਦਮ ਤੋੜ ਗਿਆ। ਪੁਲਿਸ ਅਨੁਸਾਰ ਬੱਚੇ ਨੂੰ ਨੇੜੇ ਦੇ ਹਸਪਤਾਲ ਲਿਜਾਇਆ ਗਿਆ ਪਰ ਉਸ ਨੂੰ ਬਚਾਇਆ ਨਹੀਂ ਜਾ ਸਕਿਆ। ਲੜਕੇ ਦੀ ਭੈਣ ਅਲੈਕਸਿਸ ਕਲੂਨਨ ਤੇ ਮਾਂ ਦਾ ਰੋ ਰੋ ਕੇ ਬੁਰਾ ਹਾਲ ਹੋ ਗਿਆ ਤੇ ਉਹ ਕਾਤਲ ਨੂੰ ਲੱਭਣ ਦੀ ਬੇਨਤੀ ਕਰ ਰਹੀਆਂ ਸਨ। ਮਾਂ ਡੌਰ ਭੌਰ ਵੇਖ ਰਹੀ ਸੀ ਤੇ ਉਹ ਬੇਹੱਦ ਘਬਰਾਈ ਹੋਈ ਸੀ। ਲੜਕੇ ਦੇ ਚਾਚੇ ਜੌਹਨ ਜੇ ਕਲੂਨਨ ਨੇ ਪੱਤਰਕਾਰਾਂ ਨੂੰ ਦਸਿਆ ਕਿ ਗੋਲੀ ਇਕ ਟਰੱਕ ਵਿਚੋਂ ਚਲਾਈ ਗਈ ਹੈ। ਉਸ ਨੇ ਕਿਹਾ ਕਿ ਤੁਹਾਨੂੰ ਕੋਈ ਅੰਦਾਜਾ ਨਹੀਂ ਹੈ ਕਿ ਸਾਡਾ ਕਿੰਨਾ ਪਿਆਰਾ ਤੇ ਹਸਮੁੱਖ ਬੱਚਾ ਸਾਡੇ ਕੋਲੋਂ ਖੋਹ ਲਿਆ ਗਿਆ ਹੈ। ਪੁਲਿਸ ਮਾਮਲੇ ਦੀ ਜਾਂਚ ਕਰ ਹੈ ਤੇ ਉਹ ਕਾਤਲ ਦੀ ਭਾਲ ਕਰ ਰਹੀ ਹੈ। ਪੁਲਿਸ ਦਾ ਕਹਿਣਾ ਹੈ ਕਿ ਇਹ ਅਚਾਨਕ ਵਾਪਰੀ ਘਟਨਾ ਹੈ ਜੋ ਮਾਂ ਤੇ ਦੂਸਰੇ ਵਾਹਨ ਦੇ ਡਰਾਈਵਰ ਦਰਮਿਆਨ ਹੋਈ ਤਕਰਾਰ ਕਾਰਨ ਵਾਪਰੀ ਹੋ ਸਕਦੀ ਹੈ।

# ਪੁਲਿਸ ਅਤਿਆਚਾਰ ਦਾ ਸ਼ਿਕਾਰ ਹੋਏ ਭਾਰਤੀ ਮੂਲ ਦੇ ਅਮਰੀਕੀ ਬਜ਼ੁਰਗ ਨੂੰ ਮਿਲਣਗੇ 1.75 ਮਿਲੀਅਨ ਡਾਲਰ

**ਸੈਕਰਾਮੈਂਟੋ (ਹੁਸਨ ਲੜੋਆ ਬੰਗਾ);** ਭਾਰਤੀ ਮੂਲ ਦੇ ਅਮਰੀਕੀ ਬਜੁਰਗ ਸੁਰੇਸ਼ਭਾਈ ਪਟੇਲ ਜਿਸ ਨੂੰ 6 ਫਰਵਰੀ 2015 ਨੂੰ ਪੁਲਿਸ ਅੱਤਿਆਚਾਰ ਦਾ ਸ਼ਿਕਾਰ ਹੋਣਾ ਪਿਆ ਸੀ, ਨੂੰ ਅਦਾਲਤ ਵਿਚ ਹੋਏ ਸਮਝੌਤੇ ਅਨੁਸਾਰ 1.75 ਮਿਲੀਅਨ ਡਾਲਰ ਮੁਆਵਜੇ ਵਜੋਂ ਮਿਲਣਗੇ। ਇਸ ਘਟਨਾ ਵਿਚ ਦੋ ਪੁਲਿਸ ਅਧਿਕਾਰੀ ਸ਼ਾਮਿਲ ਸਨ। ਹਾਲਾਂਕਿ ਪਟੀਸ਼ਨ ਵਿਚ ਪੁਲਿਸ ਅਧਿਕਾਰੀਆਂ ਦੇ ਨਾਂ ਨਹੀਂ ਲਿਖੇ ਗਏ ਸਨ। ਇਹ ਬਜੁਰਗ 11 ਦਿਨ ਪਹਿਲਾਂ ਹੀ ਭਾਰਤ ਤੋਂ ਅਮਰੀਕਾ ਆਪਣੇ ਪੁੱਤਰ ਕੋਲ ਪੁੱਜਾ ਸੀ। ਉਸ ਦੇ ਗਵਾਂਢੀ ਨੇ ਪੁਲਿਸ ਨੂੰ ਫੋਨ ਉਪਰ ਦਸਿਆ ਕਿ ਇਕ ਕਾਲਾ ਵਿਅਕਤੀ ਗਵਾਂਢ ਵਿਚ ਘੁੰਮ ਰਿਹਾ ਹੈ। ਇਸ 'ਤੇ ਪੁਲਿਸ ਮੌਕੇ ਉਪਰ ਪੁੱਜੀ ਤੇ ਬਿਨਾਂ ਕੋਈ ਜਾਂਚ ਪੜਤਾਲ ਕੀਤਿਆਂ ਉਸ ਨਾਲ ਕੁੱਟਮਾਰ ਕੀਤੀ। ਪਟੇਲ ਜੋ ਅੰਗਰੇਜੀ ਨਹੀਂ ਜਾਣਦਾ ਸੀ ਨੇ ਪੁਲਿਸ ਨੂੰ ਸਮਝਾਉਣ ਦਾ ਯਤਨ ਕੀਤਾ ਪਰ ਪੁਲਿਸ ਨੇ ਉਸ ਦੀ ਇਕ ਨਾ ਸੁਣੀ। ਉਸ ਸਮੇਂ ਪਟੇਲ ਦੀ ਉਮਰ 57 ਸਾਲ ਸੀ। ਪੁਲਿਸ ਦੀ ਕੁੱਟਮਾਰ ਦੌਰਾਨ ਉਹ ਜਮੀਨ ਉਪਰ ਡਿੱਗ ਗਿਆ ਤੇ ਉਸ ਨੂੰ ਅਧਰੰਗ ਹੋ ਗਿਆ ਸੀ। ਰੀਡ ਦੀ ਹੱਡੀ ਵਿਚ ਹੋਏ ਜਖਮ ਕਾਰਨ ਉਸ ਨੂੰ ਲੰਬਾ ਸਮਾਂ ਹਸਪਤਾਲ ਰਹਿਣਾ ਪਿਆ ਸੀ। ਉਸ ਦੇ ਪੁੱਤਰ ਚਿਰਾਗ ਪਟੇਲ ਅਨੁਸਾਰ ਉਸ ਦਾ ਪਿਤਾ ਵਾਕਰ ਦੀ ਮਦਦ ਤੋਂ ਬਿਨਾਂ ਤੁਰ ਨਹੀਂ ਸਕਦਾ।

# ਰੇਲ ਯਾਰਡ ਵਿਚ ਹੋਈ ਗੋਲੀਬਾਰੀ ਦੌਰਾਨ ਆਖਰੀ ਪਲਾਂ ਵਿਚ ਹੀਰੋ ਵਾਂਗ ਵਿਚਰਿਆ ਤਪਤੇਜਦੀਪ ਸਿੰਘ

## ਆਪਣੀ ਜਾਨ ਦੀ ਪਰਵਾਹ ਕੀਤੇ ਬਗੈਰ ਸਾਥੀ ਮੁਲਾਜ਼ਮਾਂ ਨੂੰ ਬਚਾਉਣ ਦੀ ਕੋਸ਼ਿਸ ਕੀਤੀ

**ਸੈਕਰਾਮੈਂਟੋ (ਹੁਸਨ ਲੜੋਆ ਬੰਗਾ):** ਸੈਨਹੋਜੇ (ਕੈਲੀਫੋਰਨੀਆ) ਦੇ ਰੇਲ ਯਾਰਡ ਵਿਚ ਲੰਘੇ ਬੁੱਧਵਾਰ ਇਕ ਬੰਦੂਕਧਾਰੀ ਵੱਲੋਂ ਜਦੋਂ ਅੰਧਾਧੁੰਦ ਗੋਲੀਬਾਰੀ ਕੀਤੀ ਜਾ ਰਹੀ ਸੀ ਤਾਂ ਉਥੇ ਮੌਜੂਦ ਵਿਅਕਤੀ ਆਪਣੀਆਂ ਜਾਨਾਂ ਬਚਾਉਣ ਲਈ ਇਧਰ ਉਧਰ ਲੁਕ ਗਏ ਪਰ 36 ਸਾਲਾ ਪੰਜਾਬੀ ਸਿੱਖ ਤਪਤੇਜਦੀਪ ਸਿੰਘ ਨੇ ਆਪਣੀ ਜਾਨ ਬਚਾਉਣ ਦੀ ਬਜਾਏ ਹੋਰਨਾਂ ਦੀਆਂ ਜਾਨਾਂ ਬਚਾਉਣ ਵਿਚ ਮੱਦਦ ਕੀਤੀ। ਉਹ ਤੇਜ਼ੀ ਨਾਲ ਉਸ ਦਫਤਰ ਵੱਲ ਵਧਿਆ ਜਿਥੇ ਉਸ ਦੇ ਬਹੁਤ ਸਾਰੇ ਸਾਥੀ ਕੰਮ ਕਰ ਰਹੇ ਸਨ। ਉਸ ਨੇ ਉਨਾਂ ਨੂੰ ਬਚਾਉਣ ਦਾ ਯਤਨ ਕੀਤਾ। ਇਹ ਪ੍ਰਗਟਾਵਾ ਬਚ ਗਏ ਮੁਲਾਜ਼ਮਾਂ ਦੇ ਪਰਿਵਾਰਾਂ ਨੇ ਕੀਤਾ ਹੈ। ਤਪਤੇਜਦੀਪ ਸਿੰਘ ਨੇ ਉਚੀ ਆਵਾਜ਼ ਵਿਚ ਹਮਲਾ ਹੋਣ ਦੀ ਚਿਤਾਵਨੀ ਦਿੱਤੀ। ਉਸ ਨੇ ਪੂਰੀ ਇਮਾਰਤ ਵਿਚ ਮੌਜੂਦ ਲੋਕਾਂ ਨੂੰ ਸੁਚੇਤ ਕੀਤਾ। ਮਰਕਰੀ ਨਿਊਜ਼ ਦੀ ਇਕ ਰਿਪੋਰਟ ਅਨੁਸਾਰ ਉਸ ਨੇ ਕੰਟਰੋਲ ਰੂਮ ਵਿਚ ਲੁਕੀ ਇਕ ਔਰਤ ਦੀ ਜਿੰਦਗੀ ਬਚਾਉਣ ਵਿੱਚ ਮਦਦ ਕੀਤੀ। ਬੰਦੂਕਧਾਰੀ ਨੇ ਪੌੜੀਆਂ ਵਿਚ ਉਸ ਨੂੰ ਗੋਲੀ ਮਾਰੀ। ਤਪਤੇਜਦੀਪ ਸਿੰਘ ਨੇ ਵੈਲੀ ਟਰਾਂਸਪੋਰਟੇਸ਼ਨ ਅਥਾਰਿਟੀ (ਵੀ ਟੀ ਏ) ਦੇ ਇਸ ਰੇਲ ਯਾਰਡ ਵਿਚ ਲਾਈਟ ਰੇਲ ਡਰਾਇਵਰ ਵਜੋਂ ਤਕਰੀਬਨ 8 ਸਾਲ ਕੰਮ ਕੀਤਾ। ਉਹ 17 ਸਾਲ ਪਹਿਲਾਂ ਆਪਣੇ ਪਰਿਵਾਰ ਨਾਲ ਅੰਮ੍ਰਿਤਸਰ (ਪੰਜਾਬ) ਤੋਂ ਕੈਲੀਫੋਰਨੀਆ ਆਇਆ ਸੀ। ਉਸ ਦੇ ਭਰਾ ਕਰਮਨ ਸਿੰਘ ਨੇ ਦੱਸਿਆ ਕਿ ਉਨਾਂ ਦੇ ਪਰਿਵਾਰ ਨੂੰ ਇਹ ਜਾਣ ਕੇ ਸੰਤੁਸ਼ਟੀ ਮਿਲੀ ਹੈ ਕਿ ਤਪਤੇਜਦੀਪ ਸਿੰਘ ਨੇ ਹੋਰਨਾਂ ਨੂੰ ਸੁਰੱਖਿਅਤ ਬਾਹਰ ਕੱਢਣ ਦੌਰਾਨ ਆਪਣੀ ਜਾਨ ਦਿੱਤੀ। ਉਸ ਨੇ ਕਿਹਾ ਕਿ 'ਅਫਰਾ ਤਫਰੀ ਵਾਲੇ ਪਲਾਂ ਵਿਚ ਉਸ ਦੇ ਭਰਾ ਨੇ ਦੂਸਰਿਆਂ ਦੀ ਸੇਵਾ ਤੇ ਉਨਾਂ ਦੀ ਰਾਖੀ ਸਬੰਧੀ ਸਿੱਖ ਧਰਮ ਦੀਆਂ ਕਦਰਾਂ ਕੀਮਤਾਂ ਉਪਰ ਪਹਿਰਾ ਦਿੱਤਾ। ਉਹ ਅੰਤ ਵੇਲੇ ਹੀਰੋ ਵਾਂਗ ਜੀਵਿਆ ਹੈ ਤੇ ਆਪਣੀ ਪੂਰੀ ਜਿੰਦਗੀ ਦੌਰਾਨ ਵੀ ਉਹ ਸਿੱਖ ਧਰਮ ਦੀਆਂ ਕਦਰਾਂ ਕੀਮਤਾਂ ਨੂੰ ਸਮਰਪਿਤ ਰਿਹਾ ਹੈ। ਉਸ ਨੂੰ ਅਸੀਂ ਹਮੇਸ਼ਾ ਹੀਰੋ ਦੀ ਤਰਾਂ ਯਾਦ ਰਖਾਂਗੇ।' ਵੈਲੀ ਟਰਾਂਸਪੋਰਟੇਸ਼ਨ ਅਥਾਰਿਟੀ ਦੇ ਰੇਲ ਯਾਰਡ ਵਿਚ ਬੁੱਧਵਾਰ ਨੂੰ ਹੋਈ ਇਸ ਗੋਲੀਬਾਰੀ ਵਿਚ 9 ਵਿਅਕਤੀ ਮਾਰੇ ਗਏ ਸਨ ਜਿਨਾਂ ਵਿਚ ਲਾਈਟ ਰੇਲ ਅਪ੍ਰੇਟਰਜ਼, ਮਕੈਨਿਕਸ, ਲਾਈਨਮੈਨ ਤੇ ਸਹਾਇਕ ਸੁਪਰਡੈਂਟ ਸ਼ਾਮਿਲ ਹਨ। ਮਾਰੇ ਗਏ ਮੁਲਾਜ਼ਮਾਂ ਵਿਚ ਕਈ ਬਹੁਤ ਲੰਬੇ ਸਮੇ ਤੋਂ ਇਥੇ ਨੌਕਰੀ ਕਰ ਰਹੇ ਸਨ। ਕਈ ਪਿਛਲੇ 30 ਸਾਲ ਤੋਂ ਇਥੇ ਕੰਮ ਕਰ ਰਹੇ ਸਨ। ਮੇਂਟੀਨੈਂਸ ਅਪਰੇਸ਼ਨ ਮੈਨੇਜਰ ਜਾਰਜ ਸੈਨਡੋਵਾਲ ਨੇ ਇਹ ਜਾਣਕਾਰੀ ਦਿੰਦਿਆਂ ਕਿਹਾ ਕਿ ਅਸੀਂ ਇਕ ਪਰਿਵਾਰ ਦੀ ਤਰਾਂ ਕੰਮ ਕਰਦੇ ਸੀ।

# ਇਸ ਰਾਤ ਤੋਂ ਬਾਅਦ ਸਵੇਰੇ ਈ ਨੇ "ਪਰਵਾਹ ਨਾ ਕਰ" -ਡਾ.ਸਤਿੰਦਰ ਸਰਤਾਜ

## ਵਕਤ ਦਾ ਕੰਮ ਇਨਸਾਨ ਨੂੰ ਘੇਰਾ ਪਾ ਕੇ ਅਜ਼ਮਾਉਣਾ ਹੈ



ਸਤਿੰਦਰ ਸਰਤਾਜ ਦਾ ਨਵਾਂ ਗੀਤ 'ਪਰਵਾਹ ਨਾਂ ਕਰ' ਆਮ ਜ਼ਿੰਦਗੀ ਵਿੱਚ ਰਿਸ਼ਤਿਆਂ ਦੀ ਅਹਿਮੀਅਤ ਤੇ ਔਕੜਾਂ ਨੂੰ ਨਜਿੱਠਣ ਲਈ ਹੌਂਸਲਾ ਦੇਣ ਵਾਲਾ ਹੈ। ਜਜ਼ਬਿਆਂ ਨੂੰ ਜਿਊਂਦੇ ਰੱਖਣ, ਅਤੇ ਜ਼ਿੰਦਗੀ ਨੂੰ ਹੱਸ ਖੇਡ ਕੇ ਗੁਜ਼ਾਰਨ ਦਾ ਪੈਗ਼ਾਮ ਦਿੰਦਾ ਇਹ ਗੀਤ ਧੁਰ ਰੂਹਾਨੀਅਤ ਵਿਚ ਜਾ ਕੇ ਇਕ ਨਵੀਂ ਸੋਚ ਪੈਦਾ ਕਰਦਾ ਹੈ। ਕਿਹਾ ਜਾਂਦਾ ਹੈ ਕਿ ਸੰਗੀਤ ਕੁਦਰਤ ਦੀ ਅਣਮੁੱਲੀ ਦੇਣ ਹੈ, ਜੋ ਹਰ ਇੱਕ ਦੇ ਵੱਸ ਨਹੀਂ ਪੈਂਦੀ। ਇੱਥੇ ਅਸੀਂ ਆਖ ਸਕਦੇ ਹਾਂ ਕਿ ਸਤਿੰਦਰ ਸਰਤਾਜ ਉਹ ਬਾਕਮਾਲ ਸ਼ਾਇਰ ਹੈ ਜੋ ਸਮੇਂ ਦੀ ਨਜ਼ਾਕਤ ਸਮਝਦੇ ਹੋਏ ਹਰ ਇੱਕ ਦਾ ਦਰਦ ਮਹਿਸੂਸ ਕਰਦਾ ਹੈ, ਅਤੇ ਉਸ ਦਰਦ ਨੂੰ ਕਲਮਾਂ ਰਾਹੀਂ ਬਿਆਨ ਕਰ ਕੇ ਉਸ ਦਾ ਹੱਲ ਵੀ ਨਾਲ ਹੀ ਦੱਸ ਦਿੰਦਾ ਹੈ। ਕੁਦਰਤ ਦਾ ਬਖ਼ਸ਼ਿਆ ਇਹ ਅਣਮੋਲ ਇਲਮ ਸਰਤਾਜ ਦੀ ਝੋਲੀ ਵਿੱਚ ਹੀ ਪਿਆ ਹੈ। ਇਸ ਗੀਤ ਵਿੱਚ ਵੀ ਸਤਿੰਦਰ ਸਰਤਾਜ ਨੇ ਇਨਸਾਨ ਨੂੰ ਇੱਕ ਪੈਗ਼ਾਮ ਦਿੱਤਾ ਹੈ ਕਿ ਜੇਕਰ ਇਨਸਾਨ ਦੇ ਜੀਵਨ ਵਿਚ ਕੋਈ ਵੀ ਦੁੱਖ ਆਉਂਦਾ ਹੈ ਤਾਂ ਉਹ ਸਦਾ ਲਈ ਨਹੀਂ ਠਹਿਰਦਾ ਸਗੋਂ ਉਸ ਤੋਂ ਬਾਅਦ ਵੀ ਇਕ ਨਵਾਂ ਸਵੇਰਾ ਚੜਦਾ ਹੈ ਜੋ ਉਸ ਦੀ ਜ਼ਿੰਦਗੀ ਨੂੰ ਰੁਸ਼ਨਾ ਦਿੰਦਾ ਹੈ ,ਸੋ ਅਕਾਲ ਪੁਰਖ ਦਾ ਭਾਣਾ ਮੰਨ ਕੇ ਹਰ ਇਕ ਚੀਜ਼ ਨੂੰ ਖਿੜੇ ਮੱਥੇ ਸਹਾਰ ਲੈਣਾ ਚਾਹੀਦਾ ਹੈ। ਸਾਨੂੰ ਇਹ ਕਦੇ ਨਹੀਂ ਸੋਚਣਾ ਚਾਹੀਦਾ ਕਿ ਸਾਡਾ ਇਸ ਦੁਨੀਆ ਵਿਚ ਕੋਈ ਨਹੀਂ ਹੈ , ਜਿਸ ਨੇ ਵੀ ਸਾਨੂੰ ਇਸ ਧਰਤੀ ਉੱਤੇ ਭੇਜਿਆ ਹੈ ਉਸ ਨੇ ਸਾਨੂੰ ਰਿਜ਼ਕ ਦੇ ਨਾਲ ਸਾਡੇ ਰਿਸ਼ਤੇ ਵੀ ਬਣਾਏ ਹੋਏ ਹਨ।ਉਨਾਂ ਰਿਸ਼ਤਿਆਂ ਦੇ ਵਿੱਚ ਵੀ ਮੁਹੱਬਤੀ ਭਾਵਨਾਵਾਂ ਪੈਦਾ ਕੀਤੀਆਂ ਹੋਈਆਂ ਹਨ। ਜੇਕਰ ਜ਼ਿੰਦਗੀ ਨੂੰ ਡੂੰਘਾਈ ਨਾਲ ਵੇਖਿਆ ਜਾਵੇ ਤਾਂ ਇਸ ਧਰਤੀ ਉੱਤੇ ਹਰ ਇਕ ਇਨਸਾਨ ਦੇ ਆਪਣੇ ਜਜ਼ਬਾਤ ਹੁੰਦੇ ਹਨ ਤੇ ਉਹ ਉਨਾਂ ਜਜ਼ਬਾਤਾਂ ਵਿੱਚੋਂ ਵਹਿ ਕੇ ਦੁੱਖ ਸਹੇੜਦਾ ਹੈ। ਦੁੱਖ ਦੇਣ ਵਾਲੇ ਇਨਾਂ ਜਜ਼ਬਾਤਾਂ ਨੂੰ ਹੀ ਸਤਿੰਦਰ ਸਰਤਾਜ ਦਾ ਇਹ ਗੀਤ ਉਹ ਹੌਂਸਲਾ ਬਖ਼ਸ਼ਦਾ ਹੈ, ਜੋ ਚਹਿਰੇ ਉੱਤੇ ਮੁਸਕੁਰਾਹਟ ਲਿਆਂ ਦੇਂਦਾ ਹੈ। ਇਹ ਮੁਸ਼ਕਲ ਸਮੇਂ ਸਾਨੂੰ ਹਰ ਪਾਸਿਓਂ ਘੇਰਨ ਅਤੇ ਦ੍ਰਿੜਤਾ ਦੀ ਪਰਖ ਕਰਨ ਲਈ ਆਉਂਦੇ ਹਨ। ਇਹ ਸਿਰਫ ਸਾਡੀ ਬਹਾਦਰੀ ਦੀ ਪਰਖ਼ ਕਰਦੇ ਹਨ। ਇਕ ਗੱਲ ਹਮੇਸ਼ਾ ਯਾਦ ਰੱਖੋ ਕਿ ਤੁਹਾਡੇ ਨਾਲ ਔਖੇ ਸਮੇਂ ਜੋ ਵੀ ਖੜੇ ਹਨ, ਉਹ ਹੀ ਤੁਹਾਡੇ ਆਪਣੇ ਹਨ। ਸੋ ਵਕਤ ਦਾ ਕੰਮ ਇਨਸਾਨ ਨੂੰ ਘੇਰਾ ਪਾ ਕੇ ਅਜ਼ਮਾਉਣਾ ਹੈ। ਉਹ ਸਿਰਫ਼ ਤੇਰੇ ਹੀ ਰਹਿਣੇ ਨੇ ਤੂੰ ਇਸ ਗੱਲ ਦੀ ਚਿੰਤਾ ਛੱਡ ਦੇ ਕੀ ਉਹ ਤੈਨੂੰ ਛੱਡ ਜਾਣਗੇ। ਸੋ ਜ਼ਿੰਦਗੀ ਦਾ ਆਨੰਦ ਮਾਣਦੇ ਉਸ ਅਕਾਲ ਪੁਰਖ ਦਾ ਸ਼ੁਕਰਗੁਜ਼ਾਰ ਕਰਦੇ ਰਹੋ।

# ਜਾਰਜ ਫਲਾਇਡ ਦਾ ਪਰਿਵਾਰ ਰਾਸ਼ਟਰਪਤੀ, ਉਪ ਰਾਸ਼ਟਰਪਤੀ ਨੂੰ ਮਿਲਿਆ

## ਪੁਲਿਸ ਸੁਧਾਰਾਂ ਸਬੰਧੀ ਬਿੱਲ ਪਾਸ ਕਰਨ ਉਪਰ ਦਿੱਤਾ ਜੋਰ

**ਸੈਕਰਾਮੈਂਟੋ (ਹੁਸਨ ਲੜੋਆ ਬੰਗਾ):** ਮਿਨੀਆਪੋਲਿਸ ਪੁਲਿਸ ਹੱਥੋਂ ਮਾਰੇ ਗਏ ਸਿਆਹਫਿਆਮ ਵਿਅਕਤੀ ਜਾਰਜ ਫਲਾਇਡ ਦੀ ਮੌਤ ਹੋਇਆਂ ਨੂੰ ਇਕ ਵਰਾ ਪੂਰਾ ਹੋਣ ’ਤੇ ਉਸ ਦਾ ਪਰਿਵਾਰ ਰਾਸ਼ਟਰਪਤੀ ਜੋਅ ਬਾਈਡਨ, ਉਪ ਰਾਸ਼ਟਰਪਤੀ ਕਮਲਾ ਹੈਰਿਸ ਤੇ ਹੋਰ ਕਾਂਗਰਸ ਆਗੂਆਂ ਨੂੰ ਮਿਲਿਆ, ਜਿਸ ਦੌਰਾਨ ਪਰਿਵਾਰ ਨੇ ਪੁਲਿਸ ਸੁਧਾਰਾਂ ਬਾਰੇ ਬਿੱਲ ਪੇਸ਼ ਕਰਨ ਲਈ ਲਹਿਰ ਚਲਾਉਣ ਦਾ ਸੱਦਾ ਦਿੱਤਾ। ਪਰਿਵਾਰ ਨੇ ਕਿਹਾ ਕਿ ਲਾਅ ਇਨਫੋਰਸਮੈਂਟ ਅਧਿਕਾਰੀਆਂ ਨੂੰ ਕਾਨੂੰਨ ਦੁਆਰਾ ਵਧੇਰੇ ਜਿੰਮੇਵਾਰ ਤੇ ਜਵਾਬਦੇਹ ਬਣਾਇਆ ਜਾਵੇ। ਬਾਅਦ ਦੁਪਹਿਰ ਫਲਾਇਡ ਦਾ ਪਰਿਵਾਰ ਬਾਈਡਨ ਤੇ ਹੈਰਿਸ ਨਾਲ ਇਕ ਘੰਟੇ ਦੇ ਕਰੀਬ ਰਿਹਾ। ਪਰਿਵਾਰ ਵਿਚ ਫਲਾਈਡ ਦੀ 7 ਸਾਲਾ ਧੀ ਗਿਅਨਾ, ਉਸ ਦੀ ਪਤਨੀ ਰੌਕਸੀ ਵਾਸ਼ਿੰਗਟਨ, ਫਲਾਇਡ ਦੀ ਭੈਣ ਬ੍ਰਿਜੈਟ ਤੇ ਫਲਾਈਡ ਦੇ 3 ਭਰਾ ਤੇ ਭਤੀਜਾ ਸ਼ਾਮਿਲ ਸੀ। ਮੀਟਿੰਗ ਉਪਰੰਤ ਫਿਲੋਨਾਇਸ ਫਲਾਇਡ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਜੇਕਰ ਤੁਸੀਂ ਗਿਰਝ ਦੇ ਬਚਾਅ ਲਈ ਕਾਨੂੰਨ ਬਣਾਅ ਸਕਦੇ ਹੋ ਤਾਂ ਤੁਸੀਂ ਸਿਆਹਫਿਆਮ ਲੋਕਾਂ ਦੇ ਬਚਾਅ ਲਈ ਵੀ ਸੰਘੀ ਕਾਨੂੰਨ ਬਣਾ ਸਕਦੇ ਹੋ। ਉਨਾਂ ਨੇ ਕਾਂਗਰਸ ਨੂੰ ਪੁਲਿਸ ਸੁਧਾਰਾਂ ਬਾਰੇ ਕਾਨੂੰਨ ਪਾਸ ਕਰਨ ਲਈ ਕਿਹਾ। ਫਲਾਇਡ ਦੇ ਭਰਾ ਰੋਡਨੀ ਨੇ ਕਿਹਾ ਕਿ ਮੁਲਾਕਾਤ ਦੌਰਾਨ ਬਾਈਡਨ ਤੇ ਹੈਰਿਸ ਨੇ ਸ਼ੋਕ ਪ੍ਰਗਟਾਇਆ ਤੇ ਫਲਾਇਡ ਨੂੰ ਸ਼ਰਧਾਂਜਲੀ ਦਿੱਤੀ। ਉਨਾਂ ਨੇ ਸਾਨੂੰ ਪੁੱਛਿਆ ਕਿ ਅੱਜ ਕੱਲ ਕਿਸ ਤਰਾਂ ਚੱਲ ਰਿਹਾ ਹੈ। ਤੁਸੀਂ ਆਪਣਾ ਖਿਆਲ ਰਖ ਰਹੇ ਹੋ, ਇਹ ਵੀ ਪੁੱਛਿਆ ਕਿ ਤੁਸੀਂ ਕਿਸ ਤਰਾਂ ਮਹਿਸੂਸ ਕਰ ਰਹੇ ਹੋ। ਰੋਡਨੀ ਨੇ ਪਰਿਵਾਰ ਪ੍ਰਤੀ ਚਿੰਤਾ ਪ੍ਰਗਟਾਉਣ ਲਈ ਰਾਸ਼ਟਰਪਤੀ ਤੇ ਉਪ ਰਾਸ਼ਟਰਪਤੀ ਦਾ ਧੰਨਵਾਦ ਕੀਤਾ। ਉਪਰੰਤ ਬਾਈਡਨ ਨੇ ਇਕ ਬਿਆਨ ਵਿਚ ਕਿਹਾ ਕਿ ਫਲਾਇਡ ਦੇ ਪਰਿਵਾਰ ਨੇ ਲਾਮਿਸਾਲ ਹੌਂਸਲਾ ਵਿਖਾਇਆ ਹੈ, ਵਿਸ਼ੇਸ਼ ਤੌਰ ’ਤੇ ਉਸ ਦੀ ਨੰਨੀਂ ਬੱਚੀ ਗਿਅਨਾ ਨੇ ਜਿਸ ਨੂੰ ਮੈਂ ਅੱਜ ਦੁਬਾਰਾ ਫਿਰ ਮਿਲਿਆ ਹਾਂ। ਹੈਰਿਸ ਜਿਸ ਨੇ ਸੈਨੇਟ ਮੈਂਬਰ ਵਜੋਂ ਫਲਾਇਡ ਦੇ ਸਨਮਾਨ ਵਿੱਚ ਬਿੱਲ ਪੇਸ਼ ਕੀਤਾ ਸੀ, ਨੇ ਕਿਹਾ ਕਿ ‘ਕਾਂਗਰਸ ਨੂੰ ਬਿੱਲ ਉਪਰ ਤੇਜ਼ੀ ਨਾਲ ਕੰਮ ਕਰਨਾ ਚਾਹੀਦਾ ਹੈ। ਹਾਲਾਂਕਿ ਬਿੱਲ ਪਾਸ ਹੋਣ ਨਾਲ ਜਾਨਾਂ ਵਾਪਿਸ ਨਹੀਂ ਆ ਸਕਦੀਆਂ ਪ੍ਰੰਤੂ ਇਸ ਨਾਲ ਸਿਆਹਫਿਆਮ ਲੋਕਾਂ ਦੀ ਸੁਰੱਖਿਆ ਲਈ ਲੋੜੀਂਦੀ ਪ੍ਰਗਤੀ ਹੋਵੇਗੀ।’ ਉਨਾਂ ਕਿਹਾ ਕਿ ਸਾਨੂੰ ਹਰ ਹਾਲਤ ਵਿਚ ਨਸਲੀ ਅਨਿਆਂ ਨੂੰ ਖਤਮ ਕਰਨਾ ਪਵੇਗਾ। ਇਥੇ ਜ਼ਿਕਰਯੋਗ ਹੈ ਕਿ ਬਾਈਡਨ ਪਿਛਲੇ ਸਾਲ ਰਾਸ਼ਟਰਪਤੀ ਦੀ ਚੋਣ ਮੁਹਿੰਮ ਤੋਂ ਲੈ ਕੇ ਨਿਰੰਤਰ ਫਲਾਇਡ ਦੇ ਪਰਿਵਾਰ ਦੇ ਸੰਪਰਕ ਵਿਚ ਰਹੇ ਹਨ।



ਕੈਪਸ਼ਨ : ਜਾਰਜ ਫਲਾਇਡ ਦੇ ਪਰਿਵਾਰਕ ਮੈਂਬਰ ਵਾਈਟ ਹਾਊਸ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ

# ਡੈਲਸ ਸ਼ਹਿਰ ਵਿਚ ਭਾਰਤ ਵਿਚ ਕੋਵਿਡ ਪੀੜਤਾਂ ਦੀ ਮੱਦਦ ਲਈ 10 ਲੱਖ ਡਾਲਰ ਜੁਟਾਏ

**ਸੈਕਰਾਮੈਂਟੋ (ਹੁਸਨ ਲੜੋਆ ਬੰਗਾ):** ਭਾਰਤ ਵਿਚ ਖਤਰਨਾਕ ਹੋਈ ਕੋਰੋਨਾ ਮਹਾਂਮਾਰੀ ਦੇ ਮੱਦੇਨਜ਼ਰ ਵਿਸ਼ਵ ਭਰ ਵਿਚ ਰਹਿੰਦੇ ਭਾਰਤੀ ਚਿੰਤੁਤ ਹਨ ਤੇ ਉਹ ਹਰ ਸੰਭਵ ਤਰੀਕੇ ਨਾਲ ਕੋਵਿਡ ਪੀੜਤਾਂ ਦੀ ਮਦਦ ਕਰਨਾ ਚਹੁੰਦਾ ਹਨ। ਅਜਿਹਾ ਹੀ ਉਪਰਾਲਾ ਇੰਡੀਅਨ ਅਮਰੀਕਨ ਸੀ ਈ ਓ ਕੌਂਸਲ ਤੇ ਡਲਾਸ ਫਾਊਂਡੇਸ਼ਨ ਆਰਗੇਨਾਈਜੇਸ਼ਨ ਦੇ ਸਹਿਯੋਗ ਨਾਲ ਕੀਤਾ ਗਿਆ ਹੈ ਜਿਸ ਵਿਚ ਡਲਾਸ ਸ਼ਹਿਰ ਦੇ ਮੇਅਰ ਐਰਿਕ ਜੌਹਨਸਨ ਤੇ ਅਰੁਨ



ਅਗਰਵਾਲ ਚੇਅਰਮੈਨ ਇੰਡੀਅਨ ਅਮੈਰੀਕਨ ਸੀ ਈ ਓ ਕੌਂਸਲ ਨੇ ਅਹਿਮ ਭੂਮਿਕਾ ਨਿਭਾਈ ਤੇ ਕੋਵਿਡ ਪੀੜਤਾਂ ਦੀ ਮੱਦਦ ਲਈ 10 ਲੱਖ ਡਾਲਰ ਤੋਂ ਵੱਧ ਜੁਟਾਏ ਹਨ। ਅਗਰਵਾਲ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਉਨਾਂ ਨੇ ਇਸ ਮਦਦ ਲਈ ਰਾਜਸਥਾਨ ਦੇ ਜੈਪੁਰ ਸ਼ਹਿਰ ਦੀ ਚੋਣ ਕੀਤੀ ਹੈ ਜਿਸ ਦੀ ਅਬਾਦੀ 30 ਲੱਖ ਤੋਂ ਵਧ ਹੈ। ਇਸ ਸ਼ਹਿਰ ਵਿਚ ਮਨੁੱਖ ਦੇ ਬਚਾਅ ਲਈ ਲੋੜੀਂਦੇ ਰਖਿਆਤਮਕ ਸਾਜ ਸਮਾਨ ਦੀ ਸਪਲਾਈ ਕੀਤੀ ਜਾਵੇਗੀ। ਮੇਅਰ ਜੌਹਨਸਨ ਤੇ ਅਗਰਵਾਲ ਨੇ ਇਸ ਸਬੰਧੀ ਡਾ. ਰਘੂ ਸ਼ਰਮਾ ਕੈਬਨਿਟ ਮੰਤਰੀ ਸਿਹਤ ਤੇ ਪਰਿਵਾਰ ਭਲਾਈ ਰਾਜਸਥਾਨ ਨਾਲ ਵਰਚੂਅਲ ਮੀਟਿੰਗ ਵੀ ਕੀਤੀ ਹੈ ਤਾਂ ਜੋ ਲੋੜਵੰਦਾਂ ਤੱਕ ਮਦਦ ਪਹੁੰਚਾਈ ਜਾ ਸਕੇ।

# ਭਾਈ ਇੰਦਰਜੀਤ ਸਿੰਘ ਵਲੋਂ ਸੰਗਤਾਂ ਦੇ ਸਹਿਯੋਗ ਨਾਲ ਕੋਰੋਨਾ ਦੌਰਾਨ ਪੰਜਾਬ ’ਚ ਰਸਦ ਤੇ ਦਵਾਈਆਂ ਦੀ ਸੇਵਾ



**ਸੈਕਰਾਮੈਂਟੋ (ਹੁਸਨ ਲੜੋਆ ਬੰਗਾ) :** ਮਹਾਂਮਾਰੀ ਦੌਰਾਨ ਜਿਥੇ ਵੱਖ ਵੱਖ ਸੰਸਥਾਵਾਂ ਆਪਣੀ ਆਪਣੀ ਥਾਂ ਸੇਵਾ ਵਿੱਚ ਲੱਗੀਆਂ ਹੋਈਆਂ ਹਨ ਉਥੇ ਕੁਝ ਦਾਨੀ ਸੱਜਣ ਵੀ ਆਪਣੇ ਤੌਰ ’ਤੇ ਲੋਕ ਸੇਵਾ ਵਿੱਚ ਜੁੱਟੇ ਹੋਏ ਹਨ। ਇਸੇ ਤਰਾਂ ਹੀ ਅਮਰੀਕਾ ਕਾਰਟਰੇਟ ਤੋਂ ਭਾਈ ਇੰਦਰਜੀਤ ਸਿੰਘ ਨੇ ਅਮਰੀਕਾ, ਕੈਨੇਡਾ, ਇੰਗਲੈਂਡ, ਆਸਟ੍ਰੇਲੀਆ, ਨਿਊਜੀਲੈਂਡ ਤੇ ਯੂਰਪ ਦੀਆਂ ਸਿੱਖ ਸੰਗਤਾਂ ਦੀ ਮੱਦਦ ਨਾਲ ਪੰਜਾਬ ਵਿੱਚ ਸੁੱਕੀ ਰਸਦ, ਦਵਾਈਆਂ ਦੀ ਥਾਂ ਥਾਂ ਮੱਦਦ ਕੀਤੀ ਜਾ ਰਹੀ ਹੈ। ਭਾਈ ਇੰਦਰਜੀਤ ਸਿੰਘ ਨੇ ਸੇਵਾ ਲੈਣ ਤੇ ਸੇਵਾ ਦੇਣ ਦੀ ਸਿੱਖ ਸੰਗਤਾਂ ਨੂੰ ਅਪੀਲ ਕੀਤੀ ਹੈ ਜੋ ਇਸ ਮਹਾਂਮਾਰੀ ਵਿੱਚ ਲੋੜਵੰਦਾਂ ਤੱਕ ਦਸਵੰਦ ਪਹੁੰਚ ਸਕੇ। ਉਨਾਂ ਕਿਹਾ ਕਿ ਕੋਈ ਵੀ ਸੇਵਾ ਲੈਣ ਤੇ ਸੇਵਾ ਦੇਣ ਵਾਲਾ ਸਾਡੇ ਨਾਲ ਭਾਈ ਇੰਦਰਜੀਤ ਸਿੰਘ ਅਮਰੀਕਾ **203-919-3241**, ਭਾਈ ਸੁਖਵੀਰ ਸਿੰਘ ਪੰਜਾਬ **9463554488** ਅਤੇ ਭਾਈ ਸੁੱਚਾ ਸਿੰਘ ਪੰਜਾਬ **9770623872** ’ਤੇ ਸੰਪਰਕ ਕਰ ਸਕਦੇ ਹਨ। ਇਸ ਸੇਵਾ ਲਈ ਦਸਵੰਧ ਕੱਢਣ ਲਈ ਨਾਮਵਰ ਕੀਰਤਨੀਏ ਬੀਬੀ ਬਲਜੀਤ ਕੌਰ ਖਾਲਸਾ ਨੇ ਵੀ ਸੰਗਤਾਂ ਨੂੰ ਵੀ ਅਪੀਲ ਕੀਤੀ।

# ਕੋਵਿਡ ਵੈਕਸੀਨ ਲਵਾਉਣ ਤੋਂ ਬਾਅਦ ਦਿਲ ਦੀਆਂ ਸਮੱਸਿਆਵਾਂ ਆਉਣ ਦੇ ਮਾਮਲਿਆਂ ਦੀ ਸਿਹਤ ਅਧਿਕਾਰੀਆਂ ਵੱਲੋਂ ਜਾਂਚ

## ਨੌਜਵਾਨ ਬਾਲਗਾਂ ਤੇ ਨਬਾਲਗਾਂ ਵਿਚ ਆ ਰਹੀ ਹੈ ਸਮੱਸਿਆ

**ਸੈਕਰਾਮੈਂਟੋ (ਹੁਸਨ ਲੜੋਆ ਬੰਗਾ):** ਸੈਂਟਰ ਫਾਰ ਡਸੀਜ਼ ਕੰਟਰੋਲ ਐਂਡ ਪ੍ਰੀਵੈਨਸ਼ਨ (ਸੀ ਡੀ ਸੀ) ਨਾਲ ਜੁੜੇ ਇਕ ਵੈਕਸੀਨ ਸੇਫਟੀ ਗਰੁੱਪ ਨੇ ਕਿਹਾ ਹੈ ਕਿ ਕੁਝ ਨੌਜਵਾਨ ਬਾਲਗਾਂ ਤੇ ਨਬਾਲਗਾਂ ਦੇ ਦਿਲਾਂ ਵਿਚ ਕੋਵਿਡ-19 ਵੈਕਸੀਨ ਲਵਾਉਣ ਤੋਂ ਬਾਅਦ ਆਈਆਂ ਸਮੱਸਿਆਵਾਂ ਦੇ ਮਾਮਲਿਆਂ ਦੀ ਸਿਹਤ ਅਧਿਕਾਰੀ ਜਾਂਚ ਕਰ ਰਹੇ ਹਨ। ਇਸ ਸਬੰਧੀ ਹੋਈ ਮੀਟਿੰਗ ਵਿਚ ਵੈਕਸੀਨ ਸੇਫਟੀ ਗਰੁੱਪ ਨੇ ਸੀ ਡੀ ਸੀ ਦੀ ਸਲਾਹਕਾਰ ਕਮੇਟੀ ਨੂੰ ਦਿਲ ਦੀ ਸਥਿਤੀ ਜਿਸ ਨੂੰ ‘ਮਾਈਓਕਾਰਡਿਟਿਸ’ ਕਿਹਾ ਜਾਂਦਾ ਹੈ, ਸਬੰਧੀ ਰਿਪੋਰਟ ਸੌਂਪੀ। 12 ਸਾਲ ਤੇ ਇਸ ਤੋਂ ਵਧ ਉਮਰ ਦੇ ਨਬਾਲਗਾਂ ਨੂੰ ਫਾਈਜ਼ਰ ਦਾ ਟੀਕਾ ਲਾਉਣ ਦੀ ਪ੍ਰਵਾਨਗੀ ਦੇਣ ਦੇ ਕੁਝ ਹਫਤਿਆਂ ਬਾਅਦ ਦਿੱਲ ਵਿਚ ਸਮੱਸਿਆ ਪੈਦਾ ਹੋਣ ਦੀਆਂ ਰਿਪੋਰਟਾਂ ਮਿਲੀਆਂ ਹਨ। ਮੋਡਰਨਾ ਦੀ ਵੈਕਸੀਨ 18 ਸਾਲ ਤੇ ਇਸ ਤੋਂ ਵਧ ਉਮਰ ਦੇ ਵਿਅਕਤੀਆਂ ਨੂੰ ਲਾਈ ਜਾ ਰਹੀ ਹੈ। ਸੇਫਟੀ ਗਰੁੱਪ ਨੇ ਇਹ ਸਪੱਸ਼ਟ ਨਹੀਂ ਕੀਤਾ ਹੈ ਕਿ ਕਿਹੜੀ ਵੈਕਸੀਨ ਨਾਲ ਸਮੱਸਿਆ ਪੈਦਾ ਹੋਈ ਹੈ। ਸੇਫਟੀ ਗਰੁੱਪ ਨੇ ਕਿਹਾ ਹੈ ਕਿ ‘ਮਾਈਓਕਾਰਡਿਟਿਸ’ ਦੀਆਂ ਰਿਪੋਰਟਾਂ ਮੁਕਾਬਲਤਨ ਘੱਟ ਹਨ ਤੇ ਉਹ ਸੰਭਾਵੀ ਦਰ ਦੇ ਹੇਠਾਂ ਹਨ ਇਸ ਲਈ ਘਬਰਾਉਣ ਵਾਲੀ ਕੋਈ ਗੱਲ ਨਹੀਂ ਹੈ। ਮੇਓ ਕਲੀਨਿਕ ਅਨੁਸਾਰ ‘ਮਾਈਓਕਾਰਡਿਟਿਸ’ ਦਿਲ ਦੇ ਪਠਿਆਂ ਵਿਚ ਸੋਜਸ਼ ਦੀ ਤਰਾਂ ਹੁੰਦੀ ਹੈ ਜਿਸ ਨਾਲ ਦਿੱਲ ਦੀ ਪ੍ਰਣਾਲੀ ਪ੍ਰਭਾਵਿਤ ਹੋ ਸਕਦੀ ਹੈ ਤੇ ਦਿੱਲ ਦੀ ਖ਼ੂਨ ਪੰਪ ਕਰਨ ਦੀ ਸਮਰਥਾ ਘੱਟ ਸਕਦੀ ਹੈ। ਸਿਹਤ ਮਾਹਿਰਾਂ ਨੇ ਕਿਹਾ ਹੈ ਕਿ ਵੈਕਸੀਨ ਸੇਫਟੀ ਗਰੁੱਪ ਵੱਲੋਂ ਜਿਨਾਂ ਕੁਝ ਮਾਮਲਿਆਂ ਦੀ ਰਿਪੋਰਟ ਪੇਸ਼ ਕੀਤੀ ਗਈ ਹੈ ਹੋ ਸਕਦਾ ਹੈ ਕਿ ਉਨਾਂ ਮਾਮਲਿਆਂ ਵਿਚ ਪੈਦਾ ਹੋਈ ਸਮੱਸਿਆ ਦਾ ਸਬੰਧ ਵੈਕਸੀਨ ਨਾਲ ਨਾ ਹੋਵੇ। ਮਾਹਿਰਾਂ ਅਨੁਸਾਰ ਸੀਜਨਲ ਵਾਇਰਸ ਵੀ ਇਹ ਸਮੱਸਿਆ ਪੈਦਾ ਕਰ ਸਕਦੇ ਹਨ। ਫਿਲਹਾਲ ਇਸ ਸਬੰਧੀ ਮੁਕੰਮਲ ਜਾਂਚ ਉਪਰੰਤ ਹੀ ਸਥਿੱਤੀ ਸਾਫ ਹੋ ਸਕਦੀ ਹੈ। ਕੁਝ ਵੀ ਹੋਵੇ ਦਿੱਲ ਵਿਚ ਸਮੱਸਿਆ ਪੈਦਾ ਹੋਣ ਦੀਆਂ ਰਿਪੋਰਟਾਂ ਨੇ ਲੋਕਾਂ ਵਿਚ ਇਕ ਡਰ ਜਰੂਰ ਪੈਦਾ ਕਰ ਦਿੱਤਾ ਹੈ ਤੇ ਪਹਿਲਾਂ ਹੀ ਵੈਕਸੀਨ ਲਵਾਉਣ ਤੋਂ ਘਬਰਾ ਰਹੇ ਲੋਕਾਂ ਵਿਚ ਹੋਰ ਡਰ ਦੀ ਭਾਵਨਾ ਪੈਦਾ ਹੋ ਸਕਦੀ ਹੈ।

# ਬਠਿੰਡਾ ਕੋਵਿਡ ਕੇਅਰ ਸੈਂਟਰ ’ਚ ਖ਼ਾਲਸਾ ਏਡ ਨੇ ਭੇਜੇ ਆਕਸੀਜਨ ਦੇ 50 ਕੰਸਨਟ੍ਰੇਟਰ



**ਬਠਿੰਡਾ/ਏ.ਟੀ.ਨਿਊਜ਼ :** ਬਠਿੰਡਾ ਦੇ ਗੁਰਪ੍ਰੀਤ ਆਰਟਿਸਟ ਦੀ ਅਪੀਲ ’ਤੇ ਖ਼ਾਲਸਾ ਏਡ ਨੇ ਬਠਿੰਡਾ ਕੋਵਿਡ ਕੇਅਰ ਸੈਂਟਰ ’ਚ ਆਕਸੀਜਨ ਦੇ 50 ਕੰਸਨਟ੍ਰੇਟਰ ਭੇਜੇ ਗਏ। ਕੁਝ ਦਿਨ ਪਹਿਲਾਂ ਬਠਿੰਡਾ ਦੇ ਚਿਤਰਕਾਰ ਗੁਰਪ੍ਰੀਤ ਆਰਟਿਸਟ ਨੇ ਖ਼ਾਲਸਾ ਏਡ ਦੇ ਰਵੀ ਸਿੰਘ ਨੂੰ ਬਠਿੰਡਾ ’ਚ ਮਰ ਰਹੇ ਲੋਕਾਂ ਨੂੰ ਬਚਾਉਣ ਲਈ ਸਹਿਯੋਗ ਦੀ ਮੰਗ ਕੀਤੀ ਸੀ।

ਇਸ ’ਤੇ ਰਵੀ ਸਿੰਘ ਨੇ ਉਨਾਂ ਨੂੰ ਬਹੁਤ ਜਲਦ ਸਹਾਇਤਾ ਦੇਣ ਦਾ ਵਾਅਦਾ ਕੀਤਾ ਗਿਆ ਸੀ। ਬਠਿੰਡਾ ਦੇ ਗੁਰਪ੍ਰੀਤ ਆਰਟਿਸਟ ਨੂੰ ਖ਼ਾਲਸਾ ਏਡ ਦੇ ਪੰਜਾਬ ਇੰਚਾਰਜ ਅਮਰਪ੍ਰੀਤ ਸਿੰਘ ਦਾ ਫੋਨ ਆਇਆ ਤੇ ਉਨਾਂ ਦੱਸਿਆ ਕਿ ਖਾਲਸਾ ਏਡ ਨੇ ਬਠਿੰਡਾ ਦੇ ਲਈ 50 ਕੰਸਟਨਟ੍ਰੇਟਰ ਭੇਜੇ ਜਾ ਰਹੇ ਹਨ ।ਗੁਰਪ੍ਰੀਤ ਆਰਟਿਸਟ ਦੀ ਅਗਵਾਈ ਵਿਚ ਸਾਰੇ ਕੰਸਨਟ੍ਰੇਰ ਬਠਿੰਡਾ ਕੋਵਿਡ ਕੇਅਰ ਸੈਂਟਰ ਨੂੰ ਸਪੁਰਦ ਕਰ ਦਿੱਤੇ ਗਏ, ਜਿੱਥੇ ਸ਼ਹਿਰ ਦੀਆਂ 24 ਸੁਸਾਇਟੀਆਂ ਵੱਲੋਂ ਮਿਲ ਕੇ ਮਰੀਜ਼ਾਂ ਦਾ ਮੁਫ਼ਤ ਇਲਾਜ ਕੀਤਾ ਜਾ ਰਿਹਾ ਹੈ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Editor: Malkeet Singh Manager: Pardeep Singh Online Editor: Sukhwinder Singh Asst. Editor: Balwinderpal Singh, Sarbjeet Kaur Sarb Online Interview Host: Balraj Pannu

Designer: Balbir Singh Content Composer: Amritpal Singh US Distributor: Amritsar Times Inc Owner: Amritsar Times Pvt Ltd.

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.

All legal disputes must be handled in the courts of State of Punjab in India.

# ਅਮਰੀਕਾ ਨੇ ਕਿਹਾ, ਅਫ਼ਗਾਨਿਸਤਾਨ ਤੋਂ ਦੂਰ ਨਹੀਂ ਜਾ ਰਹੇ

## ਹਮਲੇ ਪ੍ਰਤੀ ਤਾਲਿਬਾਨ ਨੂੰ ਕੀਤਾ ਸਾਵਧਾਨ

**ਕਾਬੁਲ/ਏ.ਟੀ.ਨਿਊਜ਼ :** ਅਫ਼ਗਾਨਿਸਤਾਨ ਵਿਚ ਹਿੰਸਾ ਦੀ ਲਗਾਤਾਰ ਵੱਧ ਰਹੀਆਂ ਵਾਰਦਾਤਾਂ 'ਚ ਜਨਤਾ ਦੇ ਵੀ ਸ਼ਿਕਾਰ ਹੋਣ ਤੋਂ ਬਾਅਦ ਹੁਣ ਅਮਰੀਕਾ ਦਾ ਮਿਜਾਜ਼ ਸਖ਼ਤ ਹੋ ਗਿਆ ਹੈ। ਅਮਰੀਕੀ ਰੱਖਿਆ ਵਿਭਾਗ ਪੈਂਟਾਗਨ ਨੇ ਕਿਹਾ ਕਿ ਉਸ ਦੀ ਅਫ਼ਗਾਨਿਸਤਾਨ ਲਈ ਵਚਨਬੱਧਤਾ ਹੈ ਤੇ ਉਹ ਇਸ ਦੇਸ਼ ਤੋਂ ਦੂਰ ਨਹੀਂ ਜਾ ਰਹੇ। ਨਾਟੋ ਨੇ ਵੀ ਅਜਿਹਾ ਹੀ ਭਰੋਸਾ ਦਿੱਤਾ ਹੈ। ਪੈਂਟਾਗਨ ਦੇ ਬੁਲਾਰੇ ਜੌਨ ਕਿਰਬੀ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਅਸਿੱਧੇ ਰੂਪ ਨਾਲ ਤਾਲਿਬਾਨ ਤੇ ਹੋਰ ਅੱਤਵਾਦੀ ਜਥੇਬੰਦੀਆਂ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਅਫ਼ਗਾਨਿਸਤਾਨ ਵਿਚ ਫ਼ੌਜੀ ਮਿਸ਼ਨ ਖ਼ਤਮ ਹੋ ਗਿਆ ਹੈ, ਇਸ ਲਈ ਅਸੀਂ ਆਪਣੇ ਫ਼ੌਜੀ ਹਟਾ ਰਹੇ ਹਾਂ। ਇਸ ਦਾ ਇਹ ਬਿਲਕੁਲ ਮਤਲਬ ਨਹੀਂ ਹੈ ਕਿ ਅਸੀਂ ਇਸ ਖੇਤਰ 'ਚੋਂ ਜਾ ਰਹੇ ਹਾਂ। ਅਸੀਂ ਹਾਲੇ ਵੀ ਮੱਧ-ਪੂਰਬ ਖੇਤਰ ਵਿਚ ਮਜ਼ਬੂਤ ਸਥਿਤੀ 'ਚ ਮੌਜੂਦ ਹਾਂ। ਨਾਟੋ ਦੇ ਸਕੱਤਰ ਜਨਰਲ ਜੇਂਸ ਸਟੋਲਟੇਨਬਰਗ ਨੇ ਕਿਹਾ ਕਿ ਨਾਟੋ ਅਫ਼ਗਾਨਿਸਤਾਨ ਪ੍ਰਤੀ ਆਪਣੀ ਜ਼ਿੰਮੇਵਾਰੀ ਨਿਭਾਉਂਦਾ ਰਹੇਗਾ। ਉਸ ਦੀਆਂ ਸ਼ਾਂਤੀ ਦੀਆਂ ਕੋਸ਼ਿਸ਼ਾਂ ਵਿਚ ਯੋਗਦਾਨ ਜਾਰੀ ਰਹੇਗਾ। ਅਫ਼ਗਾਨਿਸਤਾਨ ਦੇ ਤਾਜ਼ਾ ਹਾਲਾਤ ਚਿੰਤਾਜਨਕ ਹਨ। ਰਾਸ਼ਟਰੀ ਸੁਰੱਖਿਆ ਡਾਇਰੈਕਟੋਰੇਟ ਮੁਤਾਬਕ ਤਾਲਿਬਾਨ ਨੇ ਇਸ ਸਾਲ 3500 ਤੋਂ ਜ਼ਿਆਦਾ ਹਮਲੇ ਕੀਤੇ ਹਨ। ਪਿਛਲੇ ਹਫ਼ਤਿਆਂ ਤੋਂ ਬਘਲਾਨ, ਹੇਲਮੰਦ, ਕੁੰਦੁਜ਼, ਕੰਧਾਰ ਤੇ ਲਘਮਨ ਸਮੇਤ ਕਈ ਸੂਬਿਆਂ ਵਿਚ ਜ਼ਬਰਦਸਤ ਸੰਘਰਸ਼ ਚੱਲ ਰਿਹਾ ਹੈ। ਇਧਰ ਅਮਰੀਕਾ ਦੇ ਪ੍ਰਮੁੱਖ ਕੂਟਨੀਤਕ ਜੈਫਰੀ ਡੇਲਾਰੇਂਟਿਸ ਨੇ ਵੀ ਸੰਯੁਕਤ ਰਾਸ਼ਟਰ 'ਚ ਕਿਹਾ ਕਿ ਤਾਲਿਬਾਨ ਨੂੰ ਨਾਗਰਿਕ ਇਲਾਕਿਆਂ ਵਿਚ ਹਮਲਿਆਂ ਨੂੰ ਤੁਰੰਤ ਰੋਕਣਾ ਚਾਹੀਦਾ ਹੈ। ਫਿਲਹਾਲ ਇਹ ਹਮਲੇ ਹਸਪਤਾਲ, ਸਕੂਲ, ਯੂਨੀਵਰਸਿਟੀਆਂ ਤੇ ਮਸਜਿਦਾਂ ਦੇ ਨੇੜੇ-ਤੇੜੇ ਹੋ ਰਹੇ ਹਨ। ਇਹ ਅੰਤਰਰਾਸ਼ਟਰੀ ਕਾਨੂੰਨਾਂ ਦੀ ਖੁੱਲੀ ਉਲੰਘਣਾ ਹੈ।

# ਓਹੀਓ ਬਾਰ 'ਚ ਹੋਈ ਗੋਲੀਬਾਰੀ 3 ਮੌਤਾਂ, 8 ਜ਼ਖ਼ਮੀ



**ਸੈਕਰਾਮੈਂਟੋ (ਹੁਸਨ ਲੜੋਆ ਬੰਗਾ):** ਓਹੀਓ ਦੀ ਇਕ ਬਾਰ ਵਿਚ ਹੋਈ ਗੋਲੀਬਾਰੀ ਵਿਚ ਘੱਟੋ ਘੱਟ 3 ਵਿਅਕਤੀ ਮਾਰੇ ਗਏ ਤੇ 8 ਹੋਰ ਜ਼ਖਮੀ ਹੋ ਗਏ। ਯੰਗਸਟਾਊਨ ਪੁਲਿਸ ਵਿਭਾਗ ਨੇ ਇਹ ਖੁਲਾਸਾ ਕਰਦਿਆਂ ਕਿਹਾ ਹੈ ਕਿ ਪੁਲਿਸ ਨੂੰ ਤਕਰੀਬਨ ਤੜਕਸਾਰ 2 ਵਜੇ ਟਾਰਚ ਕਲੱਬ ਬਾਰ ਐਂਡ ਗਰਿਲ ਵਿਚ ਗੋਲੀਬਾਰੀ ਹੋਣ ਦੀ ਸੂਚਨਾ ਮਿਲੀ ਸੀ। ਜ਼ਖ਼ਮੀਆਂ ਨੂੰ ਸੇਂਟ ਅਲਿਜਾਬੈਥ ਯੰਗਸਟਾਊਨ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ ਹੈ ਜਿਨਾਂ ਦੀ ਹਾਲਤ ਬਾਰੇ ਪੁਲਿਸ ਨੇ ਕੁਝ ਨਹੀਂ ਦਸਿਆ। ਪੁਲਿਸ ਅਧਿਕਾਰੀ ਲੈਫਟੀਨੈਂਟ ਫਰੈਂਕ ਰੁਦਰਫੋਰਡ ਨੇ ਕਿਹਾ ਹੈ ਕਿ ਅਧਿਕਾਰੀ ਸੰਭਾਵੀ ਚਸ਼ਮਦੀਦ ਗਵਾਹਾਂ ਤੋਂ ਜਾਣਕਾਰੀ ਲੈਣ ਦਾ ਯਤਨ ਕਰ ਰਹੀ ਹੈ। ਪੁਲਿਸ ਵੱਲੋਂ ਸ਼ੱਕੀ ਦੋਸ਼ੀਆਂ ਜਾਂ ਘਟਨਾ ਸਬੰਧੀ ਹੋਰ ਕੋਈ ਜਾਣਕਾਰੀ ਜਨਤਿਕ ਨਹੀਂ ਕੀਤੀ ਗਈ। ਕੇਵਲ ਏਨਾ ਹੀ ਕਿਹਾ ਹੈ ਕਿ ਜਾਂਚ ਚੱਲ ਰਹੀ ਹੈ।

**ਦੱਖਣੀ ਕੈਰੋਲੀਨਾ ਵਿਚ ਗੋਲੀਬਾਰੀ**

ਦੱਖਣੀ ਕੈਰੋਲੀਨਾ ਵਿਚ ਚੱਲ ਰਹੇ ਇਕ ਸੰਗੀਤ ਸੰਮੇਲਨ ਵਿਚ ਹੋਈ ਗੋਲੀਬਾਰੀ ਵਿਚ ਇਕ 14 ਸਾਲਾ ਲੜਕੀ ਦੀ ਮੌਤ ਹੋ ਗਈ ਤੇ 14 ਹੋਰ ਜ਼ਖ਼ਮੀ ਹੋ ਗਏ। ਉਤਰੀ ਚਾਰਲਸਟਨ ਪੁਲਿਸ ਡਿਪਟੀ ਚੀਫ ਸਕਾਟ ਡੈਕਰਡ ਨੇ ਦਸਿਆ ਕਿ ਜਦੋਂ ਮੌਕੇ ਉਪਰ ਪੁਲਿਸ ਪੁੱਜੀ ਤਾਂ ਬਹੁਤ ਸਾਰੇ ਲੋਕ ਗੋਲੀਆਂ ਵੱਜਣ ਕਾਰਨ ਜਖਮੀ ਹੋਏ ਮਿਲੇ ਜਿਨਾਂ ਨੂੰ ਸਥਾਨਕ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ ਹੈ। ਉਨਾਂ ਕਿਹਾ ਕਿ ਇਹ ਇਕ ਅਣਅਧਿਕਾਰਤ ਸੰਗੀਤ ਸੰਮੇਲਨ ਸੀ। ਪੁਲਿਸ ਮਾਮਲੇ ਦੀ ਜਾਂਚ ਕਰ ਰਹੀ ਹੈ।

## ਮਾਮਲਾ ਕੋਵਿਡ ਨਿਯਮਾਂ ਦੀ ਉਲੰਘਣਾ ਦਾ

# ਪੰਜਾਬ 'ਚ ਦੀਪ ਸਿੱਧੂ ਵਿਰੁੱਧ ਕੇਸ ਦਰਜ



**ਫ਼ਰੀਦਕੋਟ/ਏ.ਟੀ.ਨਿਊਜ਼ :** ਦਿੱਲੀ ਹਿੰਸਾ ਦੇ ਮੁਲਜ਼ਮ ਦੀਪ ਸਿੱਧੂ ਵਿਰੁੱਧ ਹੁਣ ਪੰਜਾਬ ਦੇ ਫ਼ਰੀਦਕੋਟ 'ਚ ਕੋਵਿਡ ਨਿਯਮਾਂ ਦੀ ਉਲੰਘਣਾ ਦਾ ਮਾਮਲਾ ਦਰਜ ਹੋ ਗਿਆ ਹੈ। ਇੱਕ ਦਿਨ ਪਹਿਲਾਂ ਸਿੱਧੂ ਨੇ ਜੈਤੋ ਦੇ ਪਿੰਡਾਂ ਵਿੱਚ ਕਿਸਾਨ ਅੰਦੋਲਨ ਲਈ ਮੀਟਿੰਗਾਂ ਕੀਤੀਆਂ ਸਨ। ਫ਼ਰੀਦਕੋਟ ਪੁਲਿਸ ਨੇ ਥਾਣਾ ਜੈਤੋ 'ਚ ਸਿੱਧੂ ਵਿਰੁੱਧ ਕੇਸ ਦਰਜ ਕੀਤਾ ਹੈ।

ਦਿੱਲੀ ਹਿੰਸਾ ਦੇ ਮੁਲਜ਼ਮ ਦੀਪ ਸਿੱਧੂ ਨੇ ਬੀਤੇ ਦਿਨੀ ਆਪਣੇ ਜੱਦੀ ਪਿੰਡ ਉਦੇਕਰਣ 'ਚ ਕਿਹਾ ਕਿ ਉਨਾਂ ਨੂੰ ਆਪਣੇ ਪਿੰਡ ਦੇ ਵਾਸੀਆਂ ਉੱਤੇ ਮਾਣ ਹੈ, ਜਿਨਾਂ ਨੇ ਸੰਕਟ ਦੇ ਸਮੇਂ ਉਨਾਂ ਦਾ ਪੂਰਾ ਸਾਥ ਦਿੱਤਾ। ਉਨਾਂ ਦਾ ਮੰਤਵ ਦੇਸ਼ ਦੇ ਤਿਰੰਗੇ ਝੰਡੇ ਨੂੰ ਨੁਕਸਾਨ ਪਹੁੰਚਾਉਣਾ ਨਹੀਂ ਸੀ। ਉਨਾਂ ਲਈ ਦੇਸ਼ ਸਭ ਤੋਂ ਪਹਿਲਾਂ ਹੈ। ਦੇਸ਼ ਤੋਂ ਹੀ ਅਸੀਂ ਲੋਕ ਹਾਂ। ਸਿੱਧੂ ਨੇ ਕਿਹਾ ਕਿ ਉਨਾਂ ਦਾ ਪਿੰਡ ਵਿੱਚ ਆਉਣ ਦਾ ਮੰਤਵ ਨਹੀਂ ਹੈ। ਉਹ ਤਾਂ ਬੱਸ ਕਿਸਾਨਾਂ ਨੂੰ ਅੰਦੋਲਨ ਲਈ ਉਤਸ਼ਾਹਿਤ ਕਰਨਾ ਚਾਹੁੰਦੇ ਹਨ। ਉਨਾਂ ਕਿਹਾ ਕਿ 26 ਜਨਵਰੀ ਤੋਂ ਪਹਿਲਾਂ ਜਿਵੇਂ ਕਿਸਾਨ ਅੰਦੋਲਨ 'ਚ ਜੋਸ਼ ਸੀ, ਹੁਣ ਅਜਿਹਾ ਨਹੀਂ ਹੈ। ਉਨਾਂ ਕਿਹਾ ਕਿ ਪਹਿਲਾਂ ਸਰਕਾਰ ਵੀ ਉਨਾਂ ਨਾਲ ਗੱਲ ਕਰਨ ਲਈ ਤਿਆਰ ਸੀ ਪਰ ਹੁਣ 26 ਜਨਵਰੀ ਦੀ ਘਟਨਾ ਤੋਂ ਬਾਅਦ ਅੰਦੋਲਨ ਨੂੰ ਸਹੀ ਰਣਨੀਤੀ ਨਹੀਂ ਮਿਲ ਰਹੀ, ਜਿਸ ਤੋਂ ਲੱਗਦਾ ਹੈ ਕਿ ਕਿਸਾਨ ਭਰਾ ਜਿੱਥੋਂ ਪਹਿਲਾਂ ਚੱਲੇ ਸਨ, ਹੁਣ ਵੀ ਉੱਥੇ ਹੀ ਹਨ। ਇਸ ਤੋਂ ਪਹਿਲਾਂ ਦੀਪ ਸਿੱਧੂ ਨੇ ਗੁਰਦੁਆਰਾ ਸਾਹਿਬ 'ਚ ਮੱਥਾ ਟੇਕਿਆ। ਪਿੰਡ ਦੇ ਲੋਕਾਂ ਨੇ ਉਨਾਂ ਨੂੰ ਸਿਰੋਪਾਓ ਬਖ਼ਸ਼ਿਸ਼ ਕਰ ਕੇ ਸਨਮਾਨਿਤ ਕੀਤਾ। ਦੀਪ ਸਿੱਧੂ ਨੇ ਪਿੰਡ ਉਦੇਕਰਣ ਤੋਂ ਇਲਾਵਾ ਪਿੰਡ ਚੌਤਰਾ, ਸੱਕਾਂਵਾਲੀ, ਕਬਰਵਾਲੀ ਤੇ ਪਿੰਡ ਬਧਾਈ ਦਾ ਵੀ ਦੌਰਾ ਕੀਤਾ। ਉਨਾਂ ਕਿਸਾਨਾਂ ਨੂੰ ਅੰਦੋਲਨ ਅੱਗੇ ਵਧਾਉਣ ਲਈ ਨਵੀਂ ਰਣਨੀਤੀ ਤਿਆਰ ਕਰਨ ਉੱਤੇ ਜ਼ੋਰ ਦਿੱਤਾ। ਕਿਸਾਨ ਟ੍ਰੈਕਟਰ ਪਰੇਡ ਦੌਰਾਨ 26 ਜਨਵਰੀ ਨੂੰ ਹੋਈ ਹਿੰਸਾ ਦੇ ਮੁਲਜ਼ਮ ਦੀਪ ਸਿੱਧੂ ਨੇ ਬੀਤੀ 8 ਅਪ੍ਰੈਲ ਨੂੰ ਪਿਛਲੀ ਸੁਣਵਾਈ ਦੌਰਾਨ ਖ਼ੁਦ ਨੂੰ ਨਿਰਦੋਸ਼ ਦੱਸਦਿਆਂ ਜ਼ਮਾਨਤ ਦੇਣ ਦੀ ਬੇਨਤੀ ਕੀਤੀ ਸੀ। ਸਿੱਧੂ ਨੇ ਕਿਹਾ ਕਿ ਉਨਾਂ ਨੂੰ ਫ਼ਰਜ਼ੀ ਤਰੀਕੇ ਨਾਲ ਇਸ ਮਾਮਲੇ 'ਚ ਫਸਾਇਆ ਜਾ ਰਿਹਾ ਹੈ। ਪਰ ਸਰਕਾਰੀ ਧਿਰ ਨੇ ਇਸ ਜ਼ਮਾਨਤ 'ਤੇ ਇਤਰਾਜ਼ ਪ੍ਰਗਟਾਉਂਦਿਆਂ ਉਨਾਂ ਨੂੰ ਮੁੱਖ ਦੋਸ਼ੀ ਕਰਾਰ ਦਿੱਤਾ ਸੀ।

## ਦੀਪ ਸਿੱਧੂ ਨੇ ਖੇਤੀ ਕਾਨੂੰਨਾਂ ਵਿਰੁੱਧ ਛੇੜੀ ਮੁਹਿੰਮ

**ਜੈਤੋ/ਏ.ਟੀ.ਨਿਊਜ਼:** ਦੀਪ ਸਿੱਧੂ ਨੇ ਜੈਤੋ ਅਤੇ ਆਸ-ਪਾਸ ਦੇ ਪਿੰਡਾਂ ਵਿੱਚ ਲੋਕਾਂ ਨੂੰ ਮਿਲ ਕੇ ਖੇਤੀ ਕਾਨੂੰਨ ਰੱਦ ਕਰਾਉਣ ਲਈ ਜਨਤਕ ਲਾਮਬੰਦੀ ਦਾ ਸੱਦਾ ਦਿੱਤਾ। ਚੋਣਾਂ ਲੜਨ ਤੋਂ ਇਨਕਾਰ ਦੌਰਾਨ ਉਨਾਂ ਵਿਚਾਲੇ ਗੁੰਜਾਇਸ਼ ਵੀ ਰੱਖੀ ਕਿ 'ਜੇ ਲੋਕ ਕਹਿਣਗੇ, ਉਸ 'ਤੇ ਫੁੱਲ ਚੜ੍ਹਾਵਾਂਗੇ।' ਸਿੱਧੂ ਨੇ ਦੋਸ਼ ਲਾਇਆ ਕਿ ਲਾਲ ਕਿਲੇ ਵਾਲੀ ਘਟਨਾ ਕੇਵਲ ਉਨਾਂ 'ਤੇ ਮੜ੍ਹੀ ਗਈ। ਉਨਾਂ ਕਿਹਾ ਕਿ 26 ਜਨਵਰੀ ਦੀ ਘਟਨਾ ਸੁੱਤੀ ਸਰਕਾਰ ਨੂੰ ਜਗਾਉਣ ਦਾ ਸੰਕੇਤਕ ਰੋਸ ਪ੍ਰਦਰਸ਼ਨ ਸੀ, ਜੋ ਇਤਿਹਾਸਕ ਬਣ ਗਿਆ। ਉਨਾਂ ਆਖਿਆ ਕਿ ਭਵਿੱਖ 'ਚ ਹਰ 26 ਜਨਵਰੀ ਨੂੰ ਲੋਕ ਉਸ ਘਟਨਾ ਦੀ ਗੱਲ ਕਰਨਗੇ। ਉਸ ਨੇ ਕਿਹਾ ਕਿ 26 ਜਨਵਰੀ ਨੂੰ ਜੋ ਇਤਿਹਾਸ ਰਚਿਆ ਗਿਆ, ਉਹ ਪ੍ਰਾਪਤੀ ਹੀ ਹੈ।

# ਅੰਤਰਰਾਸ਼ਟਰੀ ਹਾਕੀ ਸਟੇਡੀਅਮ ਦਾ ਨਾਮ ਬਲਬੀਰ ਸਿੰਘ ਸੀਨੀਅਰ ਦੇ ਨਾਂਅ 'ਤੇ ਹੋਵੇਗਾ



**ਚੰਡੀਗੜ/ਏ.ਟੀ.ਨਿਊਜ਼ :** ਉੱਘੇ ਹਾਕੀ ਖਿਡਾਰੀ ਪਦਮ ਸ੍ਰੀ ਬਲਬੀਰ ਸਿੰਘ ਸੀਨੀਅਰ ਦੀ ਬਰਸੀ 'ਤੇ 25 ਮਈ ਨੂੰ ਮੋਹਾਲੀ ਦੇ ਹਾਕੀ ਸਟੇਡੀਅਮ ਵਿਖੇ ਰਸਮੀ ਸ਼ਰਧਾਂਜਲੀ ਸਮਾਗਮ ਕਰਵਾ ਕੇ ਇਹ ਅੰਤਰਰਾਸ਼ਟਰੀ ਸਟੇਡੀਅਮ ਉਨਾਂ ਨੂੰ ਸਮਰਪਿਤ ਕੀਤਾ ਜਾਵੇਗਾ। ਖੇਡ ਵਿਭਾਗ ਦੇ ਬੁਲਾਰੇ ਅਨੁਸਾਰ ਪੰਜਾਬ ਦੇ ਖੇਡਾਂ, ਯੁਵਕ ਸੇਵਾਵਾਂ ਤੇ ਐਨਆਰਆਈ ਮਾਮਲਿਆਂ ਬਾਰੇ ਮੰਤਰੀ ਰਾਣਾ ਗੁਰਮੀਤ ਸਿੰਘ ਸੋਢੀ ਨੇ ਮੋਹਾਲੀ ਦੇ ਅੰਤਰਰਾਸ਼ਟਰੀ ਹਾਕੀ ਸਟੇਡੀਅਮ ਦਾ ਨਾਮ ਪਦਮਸ਼੍ਰੀ ਬਲਬੀਰ ਸਿੰਘ ਸੀਨੀਅਰ ਦੇ ਨਾਂ 'ਤੇ ਰੱਖਣ ਦੀ ਮਨਜ਼ੂਰੀ ਦੇ ਦਿੱਤੀ ਹੈ। ਬਲਬੀਰ ਸਿੰਘ ਸੀਨੀਅਰ 1971 ਦੀ ਵਿਸ਼ਵ ਕੱਪ ਜੇਤੂ ਭਾਰਤੀ ਹਾਕੀ ਟੀਮ ਦੇ ਮੈਨੇਜਰ ਤੇ ਮੁੱਖ ਕੋਚ ਸਨ। ਉਨਾਂ ਨੇ ਖੇਡ ਵਿਭਾਗ, ਪੰਜਾਬ ਦੇ ਡਾਇਰੈਕਟਰ ਵਜੋਂ ਸੇਵਾਵਾਂ ਨਿਭਾਈਆਂ ਤੇ ਨੌਜਵਾਨਾਂ ਨੂੰ ਖੇਡ ਜਗਤ ਵੱਲ ਉਤਸ਼ਾਹਿਤ ਕੀਤਾ।

# ਸਿੱਖ ਯੂਥ ਆਫ ਅਮਰੀਕਾ ਦੇ ਫਾਊਂਡਰ ਮੈਂਬਰ ਰਵੀ ਸ਼ੇਰਗਿੱਲ ਦਾ ਸ਼ਰਧਾਂਜਲੀ ਸਮਾਗਮ 30 ਮਈ ਨੂੰ



**ਫਰੀਮਾਂਟ/ਏ.ਟੀ.ਨਿਊਜ਼ :** ਰਵੀ ਸ਼ੇਰਗਿੱਲ ਜੋ ਕਿ 1984 ਦੇ ਦਰਬਾਰ ਸਾਹਿਬ ਹਮਲੇ ਤੋਂ ਬਾਅਦ ਸਿੱਖ ਯੂਥ ਆਫ ਅਮਰੀਕਾ ਦੇ ਸਰਗਰਮ ਮੈਂਬਰ ਰਹੇ ਸਨ ਦੀ 22 ਅਪ੍ਰੈਲ ਨੂੰ ਅਚਾਨਕ ਦਿੱਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ ਸੀ। ਜਥੇਬੰਦੀ ਨੇ ਉਨਾਂ ਵੱਲੋਂ ਕੀਤੀਆਂ ਪੰਥਕ ਸੇਵਾਵਾਂ ਅਤੇ ਉਨਾਂ ਦੀ ਯਾਦ ਵਿੱਚ ਗੁਰਦੁਆਰਾ ਸਾਹਿਬ ਫਰੀਮਾਂਟ ਵਿਖੇ 30 ਮਈ ਨੂੰ 12 ਤੋਂ 1 ਵਜੇ ਤੱਕ ਸ਼ਰਧਾਂਜਲੀ ਸਮਾਗਮ ਰੱਖਿਆ ਹੈ। ਸਿੱਖ ਯੂਥ ਆਫ ਅਮਰੀਕਾ ਦੇ ਪ੍ਰਧਾਨ ਭਾਈ ਗੁਰਿੰਦਰਜੀਤ ਸਿੰਘ ਵਲੋਂ ਸਾਰੇ ਮੈਂਬਰਾਂ ਅਤੇ ਪੰਥਕ ਜੱਥੇਬੰਦੀਆਂ ਨੂੰ ਸਮਾਗਮ ਵਿੱਚ ਸ਼ਾਮਿਲ ਹੋਣ ਲਈ ਬੇਨਤੀ ਕੀਤੀ ਜਾਂਦੀ ਹੈ। ਰਵੀ ਸ਼ੇਰਗਿੱਲ ਉਨਾਂ ਕੁੱਝ ਸੁਝਵਾਨ ਮੈਂਬਰਾਂ ਵਿੱਚੋਂ ਸੀ ਜਿਨਾਂ ਨੇ ਅਮਰੀਕਾ ਵਿੱਚ ਨੌਜਵਾਨਾਂ ਨੂੰ ਲਾਮਬੰਦ ਕੀਤਾ।

# ਕਤਲ ਕੇਸ 'ਚ ਭਲਵਾਨ ਸੁਸ਼ੀਲ ਗ੍ਰਿਫ਼ਤਾਰ

## ਮੁੰਡਕਾ ਇਲਾਕੇ 'ਚ ਅਜੈ ਨਾਲ ਕੀਤਾ ਕਾਬੂ



**ਨਵੀਂ ਦਿੱਲੀ/ਏ.ਟੀ.ਨਿਊਜ਼ :** ਦੋ ਵਾਰ ਦੇ ਓਲੰਪਿਕ ਤਗਮਾ ਜੇਤੂ ਪਹਿਲਵਾਨ ਸੁਸ਼ੀਲ ਕੁਮਾਰ ਨੂੰ ਦਿੱਲੀ ਪੁਲਿਸ ਨੇ ਛਤਰਸਾਲ ਸਟੇਡੀਅਮ 'ਚ ਹੋਏ ਝਗੜੇ ਦੇ ਕੇਸ ਵਿਚ ਗ੍ਰਿਫ਼ਤਾਰ ਕਰ ਲਿਆ। ਸੁਸ਼ੀਲ ਦੇ ਇਕ ਸਾਥੀ ਨੂੰ ਵੀ ਗ੍ਰਿਫ਼ਤਾਰ ਕੀਤਾ ਗਿਆ ਹੈ। ਜ਼ਿਕਰਯੋਗ ਹੈ ਕਿ ਇਸ ਝਗੜੇ ਵਿਚ ਇਕ ਪਹਿਲਵਾਨ ਦੀ ਮੌਤ ਹੋ ਗਈ ਸੀ। ਡੀਸੀਪੀ (ਸਪੈਸ਼ਲ ਸੈੱਲ) ਪੀ.ਐਸ. ਕੁਸ਼ਵਾਹ ਨੇ ਦੱਸਿਆ ਕਿ ਕੁਮਾਰ (38) ਤੇ ਉਸ ਦੇ ਸਾਥੀ ਅਜੈ ਉਰਫ਼ ਸੁਨੀਲ (48) ਨੂੰ ਦਿੱਲੀ ਦੇ ਮੁੰਡਕਾ ਤੋਂ ਗ੍ਰਿਫ਼ਤਾਰ ਕੀਤਾ ਗਿਆ ਹੈ। ਜ਼ਿਕਰਯੋਗ ਹੈ ਕਿ ਚਾਰ ਮਈ ਨੂੰ ਸਟੇਡੀਅਮ ਵਿਚ ਹੋਏ ਝਗੜੇ 'ਚ ਪਹਿਲਵਾਨ ਸਾਗਰ ਰਾਣਾ (23) ਦੀ ਮੌਤ ਹੋ ਗਈ ਸੀ। ਉਸ ਦੇ ਦੋ ਦੋਸਤ ਸੋਨੂੰ ਤੇ ਅਮਿਤ ਕੁਮਾਰ ਫੱਟੜ ਹੋ ਗਏ ਸਨ। ਸੁਸ਼ੀਲ ਕੁਮਾਰ ਤੇ ਹੋਰ ਪਹਿਲਵਾਨਾਂ 'ਤੇ ਇਨਾਂ ਦੀ ਕੁੱਟਮਾਰ ਦਾ ਦੋਸ਼ ਹੈ। ਦਿੱਲੀ ਪੁਲਿਸ ਨੇ ਇਸ ਮਾਮਲੇ ਵਿਚ ਸੁਸ਼ੀਲ ਬਾਰੇ ਜਾਣਕਾਰੀ ਦੇਣ 'ਤੇ ਇਕ ਲੱਖ ਰੁਪਏ ਦਾ ਇਨਾਮ ਵੀ ਰੱਖਿਆ ਸੀ ਜੋ ਕਿ ਘਟਨਾ ਤੋਂ ਬਾਅਦ ਫਰਾਰ ਸੀ। ਅਜੈ ਦੀ ਗ੍ਰਿਫ਼ਤਾਰੀ 'ਤੇ ਵੀ 50 ਹਜ਼ਾਰ ਰੁਪਏ ਦਾ ਇਨਾਮ ਰੱਖਿਆ ਗਿਆ ਸੀ। ਇਸ ਤੋਂ ਪਹਿਲਾਂ ਦਿੱਲੀ ਦੀ ਅਦਾਲਤ ਨੇ ਸੁਸ਼ੀਲ ਨੂੰ ਅਗਾਊਂ ਜ਼ਮਾਨਤ ਦੇਣ ਤੋਂ ਇਨਕਾਰ ਕਰ ਦਿੱਤਾ ਸੀ। ਉਸ ਦੇ ਅਤੇ ਛੇ ਹੋਰਾਂ ਖ਼ਿਲਾਫ਼ ਗੈਰ-ਜ਼ਮਾਨਤੀ ਵਾਰੰਟ ਜਾਰੀ ਕੀਤੇ ਗਏ ਸਨ। ਦਿੱਲੀ ਪੁਲਿਸ ਨੇ ਅਦਾਲਤ ਵਿਚ ਸੁਸ਼ੀਲ ਕੁਮਾਰ ਦੀ 12 ਦਿਨ ਦੀ ਹਿਰਾਸਤ ਮੰਗੀ। ਮੈਟਰੋਪੋਲਿਟਨ ਮੈਜਿਸਟਰੇਟ ਦਿਵਿਆ ਮਲਹੋਤਰਾ ਨੇ ਪੁਲਿਸ ਵੱਲੋਂ ਮੰਗੇ ਰਿਮਾਂਡ 'ਤੇ ਪਹਿਲਾਂ ਫ਼ੈਸਲਾ ਰਾਖਵਾਂ ਰੱਖਿਆ ਤੇ ਮਗਰੋਂ ਛੇ ਦਿਨ ਦੀ ਹਿਰਾਸਤ ਦੇ ਦਿੱਤੀ। ਕੁਮਾਰ ਨੂੰ ਅਦਾਲਤ ਵਿਚ ਪੇਸ਼ ਕੀਤਾ ਗਿਆ ਤੇ ਉਸ ਤੋਂ ਬਾਅਦ ਪੁਲਿਸ ਨੂੰ ਉਸ ਤੋਂ 30 ਮਿੰਟ ਤੱਕ ਪੁੱਛਗਿੱਛ ਦੀ ਮਨਜ਼ੂਰੀ ਦਿੱਤੀ ਗਈ। ਸੁਣਵਾਈ ਦੌਰਾਨ ਸਰਕਾਰੀ ਵਕੀਲ ਨੇ ਕਿਹਾ ਕਿ ਅਪਰਾਧ ਪਿਛਲਾ ਕਾਰਨ ਜਾਣਨ ਲਈ ਸੁਸ਼ੀਲ ਦੀ ਹਿਰਾਸਤ ਤੇ ਪੁੱਛਗਿੱਛ ਜ਼ਰੂਰੀ ਹੈ।

ਬਾਕੀ ਸਫ਼ਾ 30 'ਤੇ

# ਸ. ਬੂਟਾ ਸਿੰਘ ਖੜੌਦ ਦੇ ਪਿਤਾ ਦੀ ਅੰਤਿਮ ਅਰਦਾਸ 29 ਮਈ ਨੂੰ


ਬੂਟਾ ਸਿੰਘ ਖੜੌਦ ਨਾਲ

**ਨਿਊਜਰਸੀ/(ਰਾਜ ਗੋਗਨਾ):** ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਅਮਰੀਕਾ ਦੇ ਕਨਵੀਨਰ ਸ. ਬੂਟਾ ਸਿੰਘ ਖੜੌਦ ਦੇ ਪਿਤਾ ਜਥੇਦਾਰ ਰਘਵੀਰ ਸਿੰਘ ਖੜੌਦ ਜੋ ਮਿਤੀ 22 ਮਈ ਨੂੰ ਸਦੀਵੀ ਵਿਛੋੜਾ ਦੇ ਗਏ ਸਨ ਉਨਾਂ ਨਮਿੱਤ ਰੱਖੇ ਸਹਿਜ ਪਾਠ ਦਾ ਭੋਗ ਅਤੇ ਅੰਤਿਮ ਅਰਦਾਸ ਗੁਰੂਘਰ ਖਾਲਸਾ ਦਰਬਾਰ ਸਾਊਥ ਜਰਸੀ ਓਲਡ ਯੌਰਕ ਰੋਡ, ਬਰਲਿੰਗਟਨ (ਨਿਊਜਰਸੀ-8016) ਵਿਖੇ 29 ਮਈ ਨੂੰ ਹੋਵੇਗੀ। ਇਸ ਉਪਰੰਤ ਕਥਾ ਕੀਰਤਨ ਹੋਣਗੇ ਅਤੇ ਦੁਪਹਿਰ 2.00 ਵਜੇ ਅੰਤਿਮ ਅਰਦਾਸ ਹੋਵੇਗੀ। ਸ: ਬੂਟਾ ਸਿੰਘ ਖੜੌਦ ਨੇ ਸਮੂਹ ਭਾਈਚਾਰੇ ਨੂੰ ਅਰਦਾਸ ਵਿੱਚ ਸ਼ਾਮਿਲ ਹੋਣ ਲਈ ਬੇਨਤੀ ਕੀਤੀ। ਦੁੱਖ ਸਾਂਝਾ ਕਰਨ ਲਈ ਫ਼ੋਨ ਨੰ: 609-351-0321 'ਤੇ ਵੀ ਸੰਪਰਕ ਕਰ ਸਕਦੇ ਹੋ।

## ਮਾਮਲਾ ਡੇਰਾ ਪ੍ਰੇਮੀ ਦੀ ਹੱਤਿਆ ਦਾ

# ਮੋਗਾ ਨੇੜਿਓਂ ਦੋ ਖ਼ਾਲਿਸਤਾਨੀ ਅਸਲੇ ਸਮੇਤ ਫੜੇ

## ਇਕ ਦੀ ਭਾਲ ਜਾਰੀ, ਤਿੰਨ ਸਹਿ-ਸਾਜਿਸ਼ਕਰਤਾ ਕੈਨੇਡਾ 'ਚ : ਡੀ.ਜੀ.ਪੀ.

**ਚੰਡੀਗੜ੍ਹ/ਏ.ਟੀ.ਨਿਊਜ਼ :** ਪੰਜਾਬ ਪੁਲਿਸ ਵਲੋਂ ਦੋ ਖ਼ਾਲਿਸਤਾਨੀ ਕਾਰਕੁਨਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ, ਜੋ ਭਗਤਾ ਭਾਈਕਾ ਵਿਖੇ ਡੇਰਾ ਪ੍ਰੇਮੀ ਦੀ ਹੱਤਿਆ ਤੇ ਫਿਲੌਰ ਵਿਚ ਇਕ ਪੁਜਾਰੀ 'ਤੇ ਗੋਲੀਆਂ ਚਲਾਉਣ ਸਮੇਤ ਪਿਛਲੇ ਇਕ ਸਾਲ ਤੋਂ ਵੀ ਘੱਟ ਸਮੇਂ 'ਚ ਕਈ ਵਾਰਦਾਤਾਂ ਵਿਚ ਸ਼ਾਮਿਲ ਸਨ। ਇਹ ਦੋਵੇਂ ਕੈਨੇਡਾ ਆਧਾਰਿਤ ਖ਼ਾਲਿਸਤਾਨ ਟਾਈਗਰ ਫੋਰਸ ਦੇ ਮੁਖੀ ਹਰਦੀਪ ਸਿੰਘ ਨਿੱਜਰ ਦੇ ਦਿਸ਼ਾ-ਨਿਰਦੇਸ਼ਾਂ 'ਤੇ ਕੰਮ ਕਰ ਰਹੇ ਸਨ, ਜਿਸ ਦਾ ਨਾ ਖ਼ਾਲਿਸਤਾਨੀ ਸੰਚਾਲਕਾਂ ਦੀ ਸੂਚੀ ਵਿਚ ਪਾਇਆ ਗਿਆ ਸੀ, ਜਿਹੜੀ ਸੂਚੀ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੂੰ ਸਾਲ 2018 ਵਿਚ ਉਨਾਂ ਦੇ ਭਾਰਤ ਦੌਰੇ ਸਮੇਂ ਸੌਂਪੀ ਸੀ । ਲਵਪ੍ਰੀਤ ਸਿੰਘ ਉਰਫ਼ ਰਵੀ ਤੇ ਰਾਮ ਸਿੰਘ ਉਰਫ਼ ਸੋਨੂੰ ਨੂੰ ਬੀਤੇ ਦਿਨੀਂ ਰੇਲਵੇ ਕਰਾਸਿੰਗ ਮਹਿਣਾ, ਜ਼ਿਲਾ ਮੋਗਾ ਨੇੜੇ ਸੀਨੀਅਰ ਸੈਕੰਡਰੀ ਸਕੂਲ ਦੇ ਪਿਛਲੇ ਪਾਸੇ ਤੋਂ ਗ੍ਰਿਫ਼ਤਾਰ ਕਰਕੇ ਪੁਲਿਸ ਵਲੋਂ ਇਕ ਹੋਰ ਡੇਰਾ ਪ੍ਰੇਮੀ ਨੂੰ ਮਾਰਨ ਦੀ ਯੋਜਨਾ ਨੂੰ ਨਾਕਾਮ ਕਰ ਦਿੱਤਾ ਹੈ, ਜਿਸ ਨੂੰ ਇਹ ਦੋਵੇਂ ਪਾਵਨ ਸਰੂਪਾਂ ਦੇ ਬੇਅਦਬੀ ਮਾਮਲਿਆਂ ਸਬੰਧੀ ਬਦਲਾ ਲੈਣ ਲਈ ਨਿਸ਼ਾਨਾ ਬਣਾਉਣ ਵਾਲੇ ਸਨ ।ਗ੍ਰਿਫ਼ਤਾਰ ਕੀਤੇ ਵਿਅਕਤੀਆਂ ਕੋਲੋਂ ਤਿੰਨ .32 ਬੋਰ ਪਿਸਤੌਲਾਂ ਤੇ ਇਸ ਦੇ 38 ਕਾਰਤੂਸਾਂ, ਇਕ .315 ਬੋਰ ਪਿਸਤੌਲ ਤੇ ਇਸ ਦੇ 10 ਕਾਰਤੂਸਾਂ ਤੋਂ ਇਲਾਵਾ ਦੋ ਮੈਗਜੀਨ ਬਰਾਮਦ ਕੀਤੇ ਗਏ ਹਨ। ਡੀ.ਜੀ.ਪੀ. ਦਿਨਕਰ ਗੁਪਤਾ ਨੇ ਦੱਸਿਆ ਕਿ ਨਿੱਜਰ ਤੋਂ ਇਲਾਵਾ ਕੇ.ਟੀ.ਐਫ. ਦੇ ਤਿੰਨ ਹੋਰ ਮਾਸਟਰ ਮਾਈਂਡ ਹਨ, ਜਿਨਾਂ ਦੀ ਪਛਾਣ ਅਰਸ਼ਦੀਪ, ਰਮਨਦੀਪ ਤੇ ਚਰਨਜੀਤ ਉਰਫ਼ ਰਿੰਕੂ ਬੀਹਲਾ ਵਜੋਂ ਕੀਤੀ ਗਈ ਹੈ, ਇਹ ਸਰੀ ਕੈਨੇਡਾ ਵਿਚ ਛੁਪੇ ਹੋਏ



ਹਨ, ਜਦਕਿ ਕਮਲਜੀਤ ਸ਼ਰਮਾ ਹਾਲੇ ਫ਼ਰਾਰ ਹੈ । ਉਨਾਂ ਅੱਗੇ ਦੱਸਿਆ ਕਿ ਅਰਸ਼ਦੀਪ ਸਿੰਘ ਉਰਫ਼ ਅਰਸ਼ ਪਿੰਡ ਡੱਲਾ (ਮੋਗਾ) ਅਤੇ ਰਮਨਦੀਪ ਸਿੰਘ ਉਰਫ਼ ਰਮਨ ਜੱਜ ਫਿਰੋਜ਼ਪੁਰ ਕ੍ਰਮਵਾਰ 2019 ਅਤੇ 2017 ਵਿਚ ਕਾਨੂੰਨੀ ਤੌਰ 'ਤੇ ਕੈਨੇਡਾ ਗਏ ਸਨ, ਜਦਕਿ ਚਰਨਜੀਤ ਸਿੰਘ ਉਰਫ਼ ਰਿੰਕੂ ਵਾਸੀ ਪਿੰਡ ਬੀਹਲਾ, ਜ਼ਿਲਾ ਬਰਨਾਲਾ ਲਗਭਗ 2013-14 ਵਿਚ ਗੈਰ-ਕਾਨੂੰਨੀ ਤਰੀਕੇ ਨਾਲ ਕੈਨੇਡਾ ਗਿਆ ਸੀ । ਡੀ.ਜੀ.ਪੀ. ਨੇ ਦੱਸਿਆ ਕਿ ਮੁੱਢਲੀ ਜਾਂਚ, ਜਿਸ ਦੀ ਅਗਵਾਈ ਐਸ.ਐਸ.ਪੀ. ਮੋਗਾ ਹਰਮਨਬੀਰ ਸਿੰਘ ਗਿੱਲ ਨੇ ਕੀਤੀ ਸੀ, ਦੌਰਾਨ ਪਤਾ ਲੱਗਾ ਕਿ ਲਵਪ੍ਰੀਤ ਉਰਫ਼ ਰਵੀ ਤੇ ਕਮਲਜੀਤ ਸ਼ਰਮਾ ਉਰਫ਼ ਕਮਲ, ਅਰਸ਼ਦੀਪ ਨੂੰ ਜਾਣਦੇ ਸਨ, ਕਿਉਂਕਿ ਇਹ ਸਾਰੇ ਬਚਪਨ ਤੋਂ ਹੀ ਇਕੋ ਪਿੰਡ ਨਾਲ ਸਬੰਧਤ ਸਨ। ਰਾਮ ਸਿੰਘ ਉਰਫ਼ ਸੋਨੂੰ ਵਾਸੀ ਘੱਲ ਖੁਰਦ ਜੋ ਆਈ.ਟੀ.ਆਈ. ਮੋਗਾ ਦਾ ਵਿਦਿਆਰਥੀ ਸੀ, ਕਮਲ ਨੂੰ ਕਾਲਜ ਦੇ ਦਿਨਾਂ ਤੋਂ ਹੀ ਜਾਣਦਾ ਸੀ ।

ਅਰਸ਼ਦੀਪ ਨੇ ਇਨਾਂ ਸਾਰਿਆਂ ਨੂੰ ਪੈਸੇ ਦਿੱਤੇ ਸਨ, ਜੋ ਉਸ ਨੇ ਵੈਸਟਰਨ ਯੂਨੀਅਨ ਮਨੀ ਟ੍ਰਾਂਸਫਰ ਜ਼ਰੀਏ ਭੇਜੇ ਸਨ। ਪਿਛਲੇ ਸਾਲ 20 ਨਵੰਬਰ ਨੂੰ ਸੋਨੂੰ ਤੇ ਕਮਲ ਨੇ ਜ਼ਿਲਾ ਬਠਿੰਡਾ ਦੇ ਭਗਤਾ ਭਾਈਕਾ ਵਿਖੇ ਡੇਰਾ ਪ੍ਰੇਮੀ ਮਨੋਹਰ ਲਾਲ ਦੀ ਹੱਤਿਆ ਕੀਤੀ ਸੀ ।ਉਨਾਂ ਦੱਸਿਆ ਕਿ ਇਸ ਸਾਲ 31 ਜਨਵਰੀ ਨੂੰ ਫਿਲੌਰ (ਜਲੰਧਰ ਦਿਹਾਤੀ) ਦੇ ਪਿੰਡ ਭਰ ਸਿੰਘਪੁਰਾ ਵਿਚ ਇਕ ਪੁਜਾਰੀ ਕਮਲਦੀਪ ਸ਼ਰਮਾ 'ਤੇ ਗੋਲੀਬਾਰੀ ਵਿਚ ਵੀ ਸੋਨੂੰ ਅਤੇ ਕਮਲ ਸ਼ਾਮਲ ਸਨ। ਕਮਲ ਤੇ ਰਵੀ ਨੇ ਅਰਸ਼ਦੀਪ (ਜੋ ਉਸ ਸਮੇਂ ਭਾਰਤ ਆਇਆ ਸੀ) ਨਾਲ ਮਿਲ ਕੇ 27 ਜੂਨ, 2020 ਨੂੰ ਆਪਣੇ ਸਾਥੀ ਸੁੱਖਾ ਲੰਮਾ ਦੀ ਹੱਤਿਆ ਕਰ ਦਿੱਤੀ ਸੀ, ਜਦੋਂਕਿ ਇਸ ਤੋਂ ਪਹਿਲਾਂ 25 ਜੂਨ ਨੂੰ ਰਵੀ, ਕਮਲ ਤੇ ਸੁੱਖਾ ਨੇ ਜ਼ਿਲਾ ਲੁਧਿਆਣਾ (ਦਿਹਾਤੀ) ਦੇ ਪਿੰਡ ਲੰਮਾ ਜੱਟਪੁਰਾ ਵਿਖੇ ਮਾਨ ਦੀ ਰਿਹਾਇਸ਼ 'ਤੇ ਗੋਲੀਬਾਰੀ ਵੀ ਕੀਤੀ ਸੀ। ਉਨਾਂ ਦੱਸਿਆ ਕਿ ਕੁਝ ਦਿਨਾਂ ਬਾਅਦ 14 ਜੁਲਾਈ, 2020 ਨੂੰ ਰਵੀ ਤੇ ਕਮਲ ਨੇ ਮੋਗਾ ਸ਼ਹਿਰ ਦੇ ਸੁਪਰ ਸਾਈਨ ਕੱਪੜੇ ਦੇ ਸਟੋਰ ਦੇ ਮਾਲਕ ਤੇਜਿੰਦਰ ਉਰਫ਼ ਪਿੰਕਾ ਦੀ ਫਿਰੌਤੀ ਲਈ ਹੱਤਿਆ ਕਰ ਦਿੱਤੀ ਸੀ । ਉਨਾਂ ਦੱਸਿਆ ਕਿ ਇਸ ਸਾਲ 9 ਫਰਵਰੀ ਨੂੰ ਰਵੀ ਤੇ ਸੋਨੂੰ ਨੇ ਸ਼ਰਮਾ ਸਵੀਟਸ, ਮੋਗਾ ਦੇ ਮਾਲਕ ਨੂੰ ਵੀ ਮਾਰਨ ਦੀ ਕੋਸ਼ਿਸ਼ ਕੀਤੀ ਸੀ ।ਡੀ.ਜੀ.ਪੀ. ਨੇ ਕਿਹਾ ਕਿ ਮੁਲਜ਼ਮਾਂ ਦੇ ਹੋਰ ਸਬੰਧਾਂ ਤੇ ਪਹਿਲਾਂ ਕੀਤੇ ਹੋਰ ਅਪਰਾਧਾਂ ਦਾ ਪਤਾ ਲਗਾਉਣ ਸਬੰਧੀ ਜਾਂਚ ਜਾਰੀ ਹੈ, ਜਦੋਂਕਿ ਫ਼ਰਾਰ ਮੁਲਜ਼ਮ ਕਮਲ ਦੀ ਗ੍ਰਿਫ਼ਤਾਰੀ ਲਈ ਭਾਲ ਸ਼ੁਰੂ ਕਰ ਦਿੱਤੀ ਗਈ ਹੈ ।

## ਮਾਮਲਾ ਯੂ.ਕੇ. ਦੇ ਸਕੂਲ 'ਚ ਸਿੱਖ ਬੱਚੇ ਦੇ ਜਬਰੀ ਕੇਸ ਕੱਟਣ ਦਾ

### ਸ਼੍ਰੋਮਣੀ ਕਮੇਟੀ ਨੇ ਲਿਆ ਸਖ਼ਤ ਨੋਟਿਸ



**ਅੰਮ੍ਰਿਤਸਰ/ਏ.ਟੀ.ਨਿਊਜ਼:** ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਬੀਬੀ ਜਗੀਰ ਕੌਰ ਨੇ ਯੂ.ਕੇ. ਦੇ ਦੱਖਣੀ ਲੰਡਨ ਸਥਿਤ ਸਕੂਲ ਵਿਚ ਸਿੱਖ ਵਿਦਿਆਰਥੀ ਦੇ ਜਬਰੀ ਕੇਸ ਕੱਟਣ ਦੀ ਸਖ਼ਤ ਸ਼ਬਦਾਂ ਵਿਚ ਨਿਖੇਧੀ ਕੀਤੀ ਹੈ। ਉਨਾਂ ਕਿਹਾ ਕਿ ਇਹ ਬੇਹੱਦ ਮੰਦਭਾਗੀ ਗੱਲ ਹੈ ਕਿ ਬ੍ਰਿਟੇਨ ਵਿਚ ਸਿੱਖਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਵਾਲੀ ਨਸਲਵਾਦੀ ਘਟਨਾ ਨੂੰ ਇਕ ਸਕੂਲ 'ਚ ਅੰਜਾਮ ਦਿੱਤਾ ਗਿਆ ਹੈ। ਉਨਾਂ ਕਿਹਾ ਕਿ ਕੇਸ, ਸਿੱਖਾਂ ਦੀ ਪਛਾਣ ਦਾ ਅਹਿਮ ਹਿੱਸਾ ਹਨ ਤੇ ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਵੱਲੋਂ ਖਾਲਸਾ ਸਾਜਣ ਸਮੇਂ ਕੇਸਾਂ ਨੂੰ ਕਕਾਰਾਂ ਵਿਚ ਮਾਨਤਾ ਦਿੱਤੀ ਹੈ। ਪੂਰੀ ਦੁਨੀਆਂ ਅੰਦਰ ਸਿੱਖ ਸਰੂਪ ਬਾਰੇ ਭੁਲੇਖਾ ਨਹੀਂ ਹੋਣਾ ਚਾਹੀਦਾ। ਸਿੱਖਾਂ ਨੂੰ ਨਫ਼ਰਤੀ ਨਿਗਾ ਨਾਲ ਵੇਖਿਆ ਜਾਣਾ ਬੇਹੱਦ ਦੁੱਖਦਾਈ ਹੈ। ਤਾਜ਼ਾ ਘਟਨਾ ਵਿਚ ਯੂ.ਕੇ. ਦੇ ਸਕੂਲ ਅੰਦਰ ਸਿੱਖ ਬੱਚੇ ਦੇ ਜਬਰੀ ਕੇਸ ਕੱਟ ਕਰ ਕੇ ਵੱਡਾ ਗੁਨਾਹ ਕੀਤਾ ਗਿਆ ਹੈ, ਜਿਸ ਨੇ ਵੀ ਅਜਿਹਾ ਕੀਤਾ ਹੈ, ਉਸ ਨੂੰ ਸਖ਼ਤ ਸਜ਼ਾ ਦਿੱਤੀ ਜਾਣੀ ਚਾਹੀਦੀ ਹੈ।

ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਯੂ.ਕੇ. ਦੀਆਂ ਸਿੱਖ ਜਥੇਬੰਦੀਆਂ ਨੂੰ ਅਪੀਲ ਕੀਤੀ ਕਿ ਉਹ ਇਸ ਮਾਮਲੇ ਦੀ ਗੰਭੀਰਤਾ ਨਾਲ ਜਾਂਚ ਕਰਨ ਮਗਰੋਂ ਸਬੰਧਤ ਵਿਅਕਤੀ ਵਿਰੁੱਧ ਧਾਰਮਿਕ ਭਾਵਨਾਵਾਂ ਨਾਲ ਖਿਲਵਾੜ ਕਰਨ ਦੀ ਕਾਰਵਾਈ ਕਰਨ। ਉਨਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਵੀ ਕੇਂਦਰੀ ਵਿਦੇਸ਼ ਮੰਤਰੀ ਅਤੇ ਦਿੱਲੀ ਸਥਿਤ ਯੂ.ਕੇ. ਦੇ ਹਾਈ ਕਮਿਸ਼ਨਰ ਨੂੰ ਚਿੱਠੀ ਲਿਖੇਗੀ।

## ਅਰੁਨ ਵੈਂਕਟਾਰਮਨ ਵਿਦੇਸ਼ ਕਰਮਰਸ਼ੀਲ ਸਰਵਿਸ ਵਿਚ ਡਾਇਰੈਕਟਰ ਜਨਰਲ ਨਿਯੁਕਤ



**ਸੈਕਰਾਮੈਂਟੋ (ਹੁਸਨ ਲੜੋਆ ਬੰਗਾ):** ਰਾਸ਼ਟਰਪਤੀ ਜੋਅ ਬਾਈਡਨ ਨੇ ਭਾਰਤੀ ਮੂਲ ਦੇ ਅਮਰੀਕੀ ਅਰੁਨ ਵੈਂਕਟਾਰਮਨ ਨੂੰ ਯੂ ਐਸ ਫੌਰਨ ਕਮਰਸ਼ੀਅਲ ਸਰਵਿਸ ਵਿਚ ਡਾਇਰੈਕਟਰ ਜਨਰਲ ਤੇ ਕਾਮਰਸ ਵਿਭਾਗ ਵਿਚ ਗਲੋਬਲ ਮਾਰਕੀਟਸ ਲਈ ਸਹਾਇਕ ਸਕੱਤਰ ਵਜੋਂ ਨਿਯੁਕਤ ਕੀਤਾ ਹੈ। ਵੈਂਕਟਾਰਮਨ ਇਸ ਵੇਲੇ ਬਾਈਡਨ ਪ੍ਰਸ਼ਾਸਨ ਵਿਚ ਸਲਾਹਕਾਰ ਵਜੋਂ ਕੰਮ ਕਰ ਰਹੇ ਹਨ। ਉਹ ਕਾਮਰਸ ਸਕੱਤਰ ਨੂੰ ਵਪਾਰ ਤੇ ਹੋਰ ਅੰਤਰਰਾਸ਼ਟਰੀ ਆਰਥਿਕ ਮੁੱਦਿਆਂ ਉਪਰ ਸਲਾਹ ਦਿੰਦੇ ਹਨ। ਉਹ ਉਬਾਮਾ ਪ੍ਰਸ਼ਾਸਨ ਵਿਚ ਕਾਮਰਸ ਵਿਭਾਗ ਦੇ ਕੌਮਾਂਤਰੀ ਵਪਾਰ ਪ੍ਰਸ਼ਾਸਨ ਵਿਚ ਪਾਲਿਸੀ ਡਾਇਰੈਕਟਰ ਵਜੋਂ ਕੰਮ ਕਰ ਚੁੱਕੇ ਹਨ

A-ONE EXPRESS
ਸਾਨੂੰ ਤਜ਼ਰਬੇਕਾਰ ਡਰਾਇਵਰਾਂ ਅਤੇ ਉਨਰ ਉਪਰੇਟਰਾਂ ਦੀ ਲੋੜ ਹੈ
- ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
- ਕੈਲੀਫੋਰਨੀਆ ਤੋਂ ਮਿਡਵੈਸਟ, ਨੌਰਥ- ਈਸਟ, ਸਾਊਥ ਈਸਟ
- ਸੌਖੇ ਲੋਡ, ਚੰਗੇ ਪੈਸੇ ਅਤੇ ਤਨਖਾਹ ਸਮੇਂ ਸਿਰ
- 50% ਹੁੱਕ ਡ੍ਰੌਪ
- Excellent Payment
ਪਿਛਲੇ 20 ਸਾਲਾਂ ਤੋਂ ਲਗਾਤਾਰ ਕੰਮ ਕਰਨ ਦਾ ਤਜਰਬਾ



28421 S CHRISMAN RD, UNIT# 3, TRACY, CA
ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ
Toll Free: 888.725.7441, Office: 209.537.0975, Fax: 209.537.0375

# ਬੀਬੀ ਜਗੀਰ ਕੌਰ ਨੇ ਮੋਦੀ ਨੂੰ ਘੇਰਿਆ,

## ਕਿਹਾ ਕਿ ਕੇਂਦਰ ਸਰਕਾਰ ਸ਼੍ਰੋਮਣੀ ਕਮੇਟੀ ਨੂੰ ਨਹੀਂ ਮੰਗਵਾਉਣ ਦੇ ਰਹੀ ਅਮਰੀਕਾ ਤੋਂ ਕੋਰੋਨਾ ਵੈਕਸੀਨ'

**ਰੂਪਨਗਰ/ਏ.ਟੀ.ਨਿਊਜ਼ :** ਕੋਰੋਨਾ ਦੌਰਾਨ ਸ਼੍ਰੋਮਣੀ ਕਮੇਟੀ ਲੋਕਾਂ ਦੀ ਸੇਵਾ ਲਈ ਵੱਡਾ ਆਕਸੀਜਨ ਪਲਾਂਟ ਲਗਾਉਣ ਜਾ ਰਹੀ ਸੀ ਪਰ ਕੇਂਦਰ ਸਰਕਾਰ ਨੇ ਅੜਿੱਕਾ ਪਾ ਦਿੱਤਾ। ਇਨਾਂ ਸ਼ਬਦਾਂ ਦਾ ਪ੍ਰਗਟਾਵਾ ਸ਼੍ਰੋਮਣੀ ਕਮੇਟੀ ਦੀ ਪ੍ਰਧਾਨ ਬੀਬੀ ਜਗੀਰ ਕੌਰ ਨੇ ਕੀਤਾ। ਉਨਾਂ ਕਿਹਾ ਸ਼੍ਰੋਮਣੀ ਕਮੇਟੀ ਅਮਰੀਕਾ ਤੋਂ ਦਸ ਲੱਖ ਦੇ ਕਰੀਬ ਕੋਰੋਨਾ ਵੈਕਸੀਨ ਮੰਗਵਾ ਕੇ ਸੰਗਤਾਂ ਦੇ ਫਰੀ ਲਗਾਉਣਾ ਚਾਹੁੰਦੀ ਹੈ ਪਰ ਕੇਂਦਰ ਸਰਕਾਰ ਇਜਾਜ਼ਤ ਨਹੀਂ ਦੇ ਰਹੀ। ਉਨਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ 53 ਲੱਖ ਰੁਪਏ ਖ਼ਰਚ ਕੇ 5 ਹਜ਼ਾਰ ਕੋਰੋਨਾ ਵੈਕਸੀਨ ਦੇ ਟੀਕੇ ਮੰਗਵਾਏ ਹਨ, ਜੋ ਸੰਗਤਾਂ ਦੇ ਫਰੀ ਲਗਾਏ ਜਾ ਰਹੇ ਹਨ।



ਬੀਤੇ ਦਿਨੀਂ ਇਕ ਸਾਜ਼ਿਸ਼ ਦੇ ਤਹਿਤ ਗੁਰੂਘਰਾਂ ਦੇ ਵਿੱਚ ਅਰਦਾਸ ਤੋਂ ਇਕ ਦਿਨ ਬਾਅਦ ਹੀ ਸੌਦਾ ਸਾਧ ਰਾਮ ਰਹੀਮ ਨੂੰ ਦਿੱਤੀ ਪਰੋਲ ਉਤੇ ਕਈ ਤਰਾਂ ਦੇ ਸਵਾਲ ਉੱਠ ਰਹੇ ਹਨ। ਇਸ ਦੇ ਚਲਦੇ ਸ਼੍ਰੋਮਣੀ ਕਮੇਟੀ ਦੀ ਪ੍ਰਧਾਨ ਬੀਬੀ ਜਗੀਰ ਕੌਰ ਨੇ ਕਿਹਾ ਕਿ ਐਡੀ ਕਿਹੜੀ ਐਮਰਜੈਂਸੀ ਸੀ, ਜੋ ਸੌਦਾ ਸਾਧ ਨੂੰ ਪੈਰੋਲ ਦੇ ਕੇ ਬਾਹਰ ਕੱਢਿਆ ਗਿਆ। ਉਨਾਂ ਕਿਹਾ ਨਿਯਮਾਂ ਤੋਂ ਉਲਟ ਗੁਰੂ ਘਰਾਂ ਦੇ ਵਿੱਚ ਅਰਦਾਸ ਦੇ ਸ਼ਬਦਾਂ ਨੂੰ ਤੋੜ ਮਰੋੜ ਕੇ ਪੇਸ਼ ਕਰਨਾ ਬਹੁਤ ਹੀ ਗ਼ਲਤ ਨਿੰਦਣਯੋਗ ਹੈ। ਉਨਾਂ ਕਿਹਾ ਕਿ ਇਹ ਇਕ ਵੱਡੀ ਸਾਜ਼ਿਸ਼ ਰਚੀ ਗਈ।

# ਸਰਹੱਦੀ ਜ਼ਿਲਿਆਂ 'ਚ ਡਰੱਗਜ਼ ਦੀ ਰਫ਼ਤਾਰ ਹੋਈ ਤੇਜ਼

## ਪੰਜਾਬ ਨੂੰ ਨਸ਼ਾ ਮੁਕਤ ਕਰਨਾ ਹੁਣ ਸਿਆਸਤਦਾਨਾਂ ਦੇ ਵੱਸ ਦੀ ਗੱਲ ਨਹੀਂ

**ਅੰਮ੍ਰਿਤਸਰੋ/ਏ.ਟੀ.ਨਿਊਜ਼:** ਪੰਜਾਬ ਨੂੰ ਨਸ਼ਾ ਮੁਕਤ ਕਰਨ ਲਈ ਸਿਆਸਤਦਾਨਾਂ ਵਲੋਂ ਪਵਿੱਤਰ ਗੁਟਕਾ ਸਾਹਿਬ ਹੱਥ ਵਿਚ ਫੜ ਕੇ ਖਾਧੀਆਂ ਗਈਆਂ ਸਹੁੰਆਂ ਸਿਰਫ਼ ਇਕ ਰਾਜਨੀਤਕ ਸਟੰਟ ਹੀ ਬਣ ਕੇ ਰਹਿ ਗਈਆਂ ਹਨ । ਥੋੜਾ ਸਮਾਂ ਇਹ ਦਰਿਆ ਥੰਮਣ ਤੋਂ ਬਾਅਦ ਹੁਣ ਆਪਸੀ ਸਿਆਸੀ ਖਿੱਚੋਤਾਣ ਕਾਰਨ ਇਸ ਦੀ ਗਤੀ ਦੁਬਾਰਾ ਜੋਬਨ 'ਤੇ ਹੈ, ਇਸ ਲਈ ਪੰਜਾਬ ਨੂੰ ਨਸ਼ਾ ਮੁਕਤ ਕਰਨਾ ਹੁਣ ਸਿਆਸਤਦਾਨਾਂ ਦੇ ਵੱਸ ਦੀ ਗੱਲ ਨਹੀਂ ਜਾਪਦੀ । ਨਸ਼ੇ ਦੇ ਸੌਦਾਗਰ ਆਪਣੀ ਮਰਜ਼ੀ ਨਾਲ ਬੇਖ਼ੌਫ਼ ਹੋ ਕੇ ਨਸ਼ੇ ਦਾ ਕਾਰੋਬਾਰ ਕਰਦੇ ਹਨ ਅਤੇ ਉਹ ਆਪਣਾ ਨੈੱਟਵਰਕ ਇਕ ਛੋਟੇ ਜਿਹੇ ਪਿੰਡ ਮੁਹੱਲੇ ਦੀ ਗਲੀ ਤੋਂ ਲੈ ਕੇ ਦੇਸ਼ ਦੀ ਰਾਜਧਾਨੀ ਤੱਕ ਫੈਲਾ ਚੁੱਕੇ ਹਨ ਅਤੇ ਕਈ ਨੌਜਵਾਨਾਂ ਨੂੰ ਮੌਤ ਦੇ ਮੂੰਹ ਵਿਚ ਪਾ ਕੇ ਕਈ ਘਰਾਂ ਦੇ ਚਿਰਾਗ਼ ਬੁਝਾ ਚੁੱਕੇ ਹਨ। ਪੰਜਾਬ ਦੇ ਸਰਹੱਦੀ ਜ਼ਿਲਿਆਂ ਗੁਰਦਾਸਪੁਰ, ਅੰਮ੍ਰਿਤਸਰ, ਤਰਨਤਾਰਨ, ਫ਼ਿਰੋਜ਼ਪੁਰ ਵਿਚ ਭਾਰੀ ਮਾਤਰਾ 'ਚ ਹੈਰੋਇਨ ਰੂਪੀ ਜ਼ਹਿਰ ਨੌਜਵਾਨਾਂ ਦੇ ਅੰਦਰ ਜਾ ਰਿਹਾ ਹੈ। ਨਸ਼ੇ ਦੀ ਪੂਰਤੀ ਲਈ ਨਸ਼ੇੜੀ ਚੋਰੀਆਂ ਕਰਨ ਲਈ ਮਜਬੂਰ ਹੋ ਕੇ ਰਹਿ ਗਏ ਹਨ । ਇਹ ਨਸ਼ੇੜੀ ਨਸ਼ੇ ਦੇ ਤਸਕਰਾਂ ਦੇ ਗ਼ੁਲਾਮ ਹੋ ਕੇ ਉਨਾਂ ਦੇ ਇਸ਼ਾਰਿਆਂ 'ਤੇ ਨਸ਼ੇ ਦੀਆਂ ਖੇਪਾਂ ਨੂੰ ਵੱਖ-ਵੱਖ ਸ਼ਹਿਰਾਂ, ਕਸਬਿਆਂ ਤੱਕ ਪਹੁੰਚਾਉਣ ਲਈ ਕੰਮ ਕਰਦੇ ਹਨ । ਰੋਜ਼ਾਨਾ ਪੰਜਾਬ ਪੁਲਿਸ ਕਿਸੇ ਨਾ ਕਿਸੇ ਨੌਜਵਾਨ ਕੋਲੋਂ 5 ਗ੍ਰਾਮ, 10 ਗ੍ਰਾਮ, 15 ਗ੍ਰਾਮ, 20 ਗ੍ਰਾਮ ਤੱਕ ਹੈਰੋਇਨ ਆਮ ਫੜਦੀ ਸੁਣੀ ਹੈ ਪਰ ਇਹ ਹੈਰੋਇਨ ਦੋਸ਼ੀ ਕਿੱਥੋਂ ਲੈ ਕੇ ਆਇਆ ਹੈ, ਇਹ ਜਾਣਨ ਦੀ ਕੋਸ਼ਿਸ਼ ਕਦੇ ਨਹੀਂ ਕੀਤੀ । ਦੋਸ਼ੀ ਨੂੰ ਉਸੇ ਦਿਨ ਜੇਲ ਭੇਜ ਕੇ ਪੁਲਿਸ ਕਾਨੂੰਨ ਅੱਗੇ ਸੱਚੀ ਹੋ ਜਾਂਦੀ ਹੈ ਤੇ ਦੋਸ਼ੀ ਥੋੜੇ ਦਿਨਾਂ ਬਾਅਦ ਜ਼ਮਾਨਤ 'ਤੇ ਬਾਹਰ ਆ ਕੇ ਫਿਰ ਉਹੀ ਕੰਮ ਕਰਨ ਲੱਗ ਜਾਂਦਾ ਹੈ। ਜੇਕਰ ਪੰਜਾਬ ਸਰਕਾਰ, ਪੰਜਾਬ ਪੁਲਿਸ ਅਤੇ ਹੋਰ ਏਜੰਸੀਆਂ ਨਸ਼ੇ ਨੂੰ ਖ਼ਤਮ ਕਰਨ ਲਈ ਵਚਨਬੱਧ ਹਨ ਤਾਂ ਇਹ ਰੋਜ਼ਾਨਾ ਥੋੜੀ ਬਹੁਤ ਮਾਤਰਾ ਵਿਚ ਫੜੇ ਜਾਣ ਵਾਲੇ ਦੋਸ਼ੀਆਂ ਦਾ ਅਦਾਲਤ ਤੋਂ ਰਿਮਾਂਡ ਲੈ ਕੇ ਪਤਾ ਲਗਾਏ ਕਿ ਇਹ ਹੈਰੋਇਨ ਉਨਾਂ ਕੋਲ ਕਿੱਥੋਂ ਆਈ? ਨਸ਼ੇ ਦੇ ਇਸ ਨੈੱਟਵਰਕ ਨੂੰ ਤੋੜ ਕੇ ਪੰਜਾਬ ਦੀ ਨੌਜਵਾਨ ਪੀੜੀ ਨੂੰ ਅਤੇ ਪੰਜਾਬ ਦੇ ਡੁੱਬਦੇ ਭਵਿੱਖ ਨੂੰ ਡੁੱਬਣ ਤੋਂ ਬਚਾਇਆ ਜਾ ਸਕਦਾ ਹੈ ।

# ਪੰਥਕ ਸ਼ਖ਼ਸੀਅਤਾਂ ਵੱਲੋਂ ਸਾਬਕਾ ਜਥੇਦਾਰ ਵੇਦਾਂਤੀ ਨੂੰ ਸ਼ਰਧਾਂਜਲੀ

## ਪੰਥਕ ਸਨਮਾਨ ਲਈ ਸਿੰਘ ਸਾਹਿਬਾਨ ਦੀ ਇਕੱਤਰਤਾ 'ਚ ਲਵਾਂਗੇ ਫੈਸਲਾ : ਜਥੇਦਾਰ ਅਕਾਲ ਤਖਤ

**ਅੰਮ੍ਰਿਤਸਰ/ਏ.ਟੀ.ਨਿਊਜ਼ :** ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਜੋਗਿੰਦਰ ਸਿੰਘ ਵੇਦਾਂਤੀ ਨਮਿਤ ਅੰਤਿਮ ਅਰਦਾਸ ਸਮਾਗਮ ਗੁਰਦੁਆਰਾ ਸੰਗਰਾਣਾ ਸਾਹਿਬ ਵਿਖੇ ਹੋਇਆ, ਜਿਸ ਵਿਚ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਜਥਿਆਂ ਨੇ ਸੰਗਤ ਨੂੰ ਗੁਰਬਾਣੀ ਕੀਰਤਨ ਨਾਲ ਜੋੜਿਆ ਤੇ ਸਿੱਖ ਕੌਮ ਦੀਆਂ ਪ੍ਰਮੁੱਖ ਸ਼ਖ਼ਸੀਅਤਾਂ ਜਥੇਦਾਰ ਵੇਦਾਂਤੀ ਨੂੰ ਸ਼ਰਧਾਂਜਲੀ ਭੇਟ ਕੀਤੀ। ਅਰਦਾਸ ਸਮਾਗਮ ਮੌਕੇ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਹਰਪ੍ਰੀਤ ਸਿੰਘ ਨੇ ਜਥੇਦਾਰ ਜੋਗਿੰਦਰ ਸਿੰਘ ਵੇਦਾਂਤੀ ਨੂੰ ਅਕਾਲ ਤਖ਼ਤ ਸਾਹਿਬ ਵੱਲੋਂ ਪੰਥਕ ਸਨਮਾਨ ਦੇਣ ਲਈ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਵਿਚ ਵਿਚਾਰ ਕਰਨ ਦਾ ਪ੍ਰਗਟਾਵਾ ਕੀਤਾ, ਉਥੇ ਹੀ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਬੀਬੀ ਜਗੀਰ ਕੌਰ ਨੇ ਜਥੇਦਾਰ ਵੇਦਾਂਤੀ ਦੀ ਤਸਵੀਰ ਦਰਬਾਰ ਸਾਹਿਬ ਸਮੂਹ ਵਿਖੇ ਸਥਿਤ ਕੇਂਦਰੀ ਸਿੱਖ ਅਜਾਇਬ ਘਰ ਲਗਾਉਣ ਦਾ ਐਲਾਨ ਕੀਤਾ।

ਇਸ ਮੌਕੇ ਸ਼੍ਰੋਮਣੀ ਕਮੇਟੀ ਪ੍ਰਧਾਨ ਬੀਬੀ ਜਗੀਰ ਕੌਰ ਨੇ ਆਖਿਆ ਕਿ ਜਥੇਦਾਰ ਵੇਦਾਂਤੀ ਦੇ ਚਲਾਣੇ ਨਾਲ ਸਿੱਖ ਪੰਥ ਨੂੰ ਵੱਡਾ ਘਾਟਾ ਪਿਆ ਹੈ। ਉਨਾਂ ਕਿਹਾ ਕਿ ਜਥੇਦਾਰ ਵੇਦਾਂਤੀ ਨੇ ਹਮੇਸ਼ਾ ਹੀ ਪੰਥਕ ਰਵਾਇਤਾਂ ਅਤੇ ਗੁਰਮਤਿ ਸਿਧਾਂਤਾਂ ਅਨੁਸਾਰ ਜੀਵਨ ਜੀਵਿਆ ਅਤੇ ਉਨਾਂ ਵੱਲੋਂ ਬਤੌਰ ਜਥੇਦਾਰ ਲਏ ਗਏ ਕਈ ਵੱਡੇ ਫੈਸਲੇ ਹਮੇਸ਼ਾ ਕੌਮ ਦੀ ਅਗਵਾਈ ਕਰਦੇ ਰਹਿਣਗੇ। ਬੀਬੀ ਜਗੀਰ ਕੌਰ ਨੇ ਕਿਹਾ ਕਿ ਜਥੇਦਾਰ ਵੇਦਾਂਤੀ ਦੇ ਸਤਿਕਾਰ ਵਜੋਂ ਉਨਾਂ ਦੀ ਤਸਵੀਰ ਕੇਂਦਰੀ ਸਿੱਖ ਅਜਾਇਬ ਘਰ ਵਿਚ ਲਗਾਈ ਜਾਵੇਗੀ, ਤਾਂ ਜੋ ਆਉਣ ਵਾਲੀਆਂ ਪੀੜੀਆਂ ਨੂੰ ਪ੍ਰੇਰਣਾ ਮਿਲਦੀ ਰਹੇ।

ਇਸ ਮੌਕੇ ਹਰਿਮੰਦਰ ਸਾਹਿਬ ਦੇ ਵਧੀਕ ਮੁੱਖ ਗ੍ਰੰਥੀ ਜਗਤਾਰ ਸਿੰਘ, ਤਖ਼ਤ ਕੇਸਗੜ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ, ਤਖ਼ਤ ਪਟਨਾ ਸਾਹਿਬ ਦੇ ਜਥੇਦਾਰ ਰਣਜੀਤ ਸਿੰਘ ਗੌਹਰ-ਏ-ਮਸਕੀਨ, ਨਿਹੰਗ ਜਥੇਬੰਦੀਆਂ ਵੱਲੋਂ ਬਾਬਾ ਅਵਤਾਰ ਸਿੰਘ ਸੁਰਸਿੰਘ, ਨਿਰਮਲੇ ਸੰਪ੍ਰਦਾ ਵੱਲੋਂ ਬਾਬਾ ਤੇਜਾ ਸਿੰਘ, ਗੁਰਦੁਆਰਾ ਬੰਗਲਾ ਸਾਹਿਬ ਦੇ ਹੈੱਡ ਗ੍ਰੰਥੀ ਭਾਈ ਰਣਜੀਤ ਸਿੰਘ, ਦਮਦਮੀ ਟਕਸਾਲ ਜਥਾ ਭਿੰਡਰਾਂ ਸੰਗਰਾਵਾਂ ਦੇ ਮੁਖੀ ਗਿਆਨੀ ਰਾਮ ਸਿੰਘ ਨੇ ਵੀ ਜਥੇਦਾਰ ਵੇਦਾਂਤੀ ਨੂੰ ਸ਼ਰਧਾ ਤੇ ਸਤਿਕਾਰ ਭੇਟ ਕੀਤਾ।

ਇਸ ਦੌਰਾਨ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਬੀਬੀ ਜਗੀਰ ਕੌਰ ਨੇ ਜਥੇਦਾਰ ਵੇਦਾਂਤੀ ਦੀ ਧਰਮਪਤਨੀ ਬੀਬੀ ਹਰਭਜਨ ਕੌਰ ਨੂੰ 10 ਲੱਖ ਰੁਪਏ ਦਾ ਚੈੱਕ ਸਤਿਕਾਰ ਵਜੋਂ ਭੇਟ ਕੀਤਾ, ਜਿਸ ਨੂੰ ਪ੍ਰਵਾਨ ਕਰਨ ਮਗਰੋਂ ਜਥੇਦਾਰ ਵੇਦਾਂਤੀ ਦੇ ਪਰਿਵਾਰਕ ਮੈਂਬਰਾਂ ਨੇ ਇਹ ਰਾਸ਼ੀ ਕੋਵਿਡ-19 ਦੌਰਾਨ ਸ਼੍ਰੋਮਣੀ ਕਮੇਟੀ ਵੱਲੋਂ ਨਿਭਾਈਆਂ ਜਾ ਰਹੀਆਂ ਸੇਵਾਵਾਂ ਲਈ ਭੇਟ ਕਰਨ ਦਾ ਐਲਾਨ ਕੀਤਾ।

ਸ਼ਰਧਾਂਜਲੀ ਸਮਾਗਮ ਦੌਰਾਨ ਜਥੇਦਾਰ ਵੇਦਾਂਤੀ ਦੀ ਧਰਮਪਤਨੀ ਬੀਬੀ ਹਰਭਜਨ ਕੌਰ, ਬੇਟੀ ਬੀਬੀ ਅਮਨਦੀਪ ਕੌਰ, ਜਵਾਈ ਭਾਈ ਜਰਨੈਲ ਸਿੰਘ ਅਤੇ ਪਰਿਵਾਰਕ ਮੈਂਬਰ ਭਾਈ ਜਗਬੀਰ ਸਿੰਘ ਨੂੰ ਅਕਾਲ ਤਖ਼ਤ ਸਾਹਿਬ, ਸ਼੍ਰੋਮਣੀ ਕਮੇਟੀ, ਵੱਖ-ਵੱਖ ਤਖ਼ਤਾਂ ਅਤੇ ਸਿੱਖ ਜਥੇਬੰਦੀਆਂ ਤੇ ਸੰਪ੍ਰਦਾਵਾਂ ਵੱਲੋਂ ਸਿਰੋਪਾਓ ਤੇ ਦਸਤਾਰਾਂ ਭੇਟ ਕੀਤੀਆਂ ਗਈਆਂ।


When tired of all treatments for any disease at any age TRY
HOMEOPATHIC
EXPERIENCED CONSULTANT PHYSICIAN SINCE 1973
ਹੋਰ ਇਲਾਜਾਂ ਤੋਂ ਥੱਕ ਗਏ ਹੋ ਤਾਂ ਹੋਮੀਉਪੈਥੀ ਅਜਮਾਉ
WE SELL HOMEOPATHY MEDICINES
ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਸੇ, ਵਜਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜੋਰੀ ਦਾ ਪੱਕਾ ਇਲਾਜ



GURDIP SINGH SANDHU
DHMS-Gold Medalist, BAMS,MDEH, INDIA
Ex Principal Homeopathic medical colleges in India,
Prof., Chief Medical Officer,
Ex Member NCH and CA Homeomedical Society
Working under act SB 577 state of CA
American Red Cross
Cell Phone: 408 687 1899
Office: 925 999 8278
7021 village park way Dublin ca 94568
Email: homeomedicine@yahoo.com
ਡਾ ਸੰਧੂ ਦੇ ਲਾਈਵ ਸਿਹਤ ਵਿਗਿਆਨ ਦੇ ਪ੍ਰੋਗਰਾਮ ਸੁਨਣ ਲਈ ਜੱਸ ਪੰਜਾਬੀ ਟੀ ਵੀ ਤੇ ਰੇਡੀਓ SabRang ਰੋਜ਼ਾਨਾ ਸੁਣੋ
(Download Sub Rang Radio station application)



Homeopathicvibes
We treat Acute and chronic diseases like Asthma, Allergies, Mood swings, Migraine, Anxiety, Depression, Insomnia, Bed wetting, Acne, Diabetes, Arthritis, PMS, Acidity, Indigestion, Hot flashes, Blood Pressure, Kidney stones, Neuralgic pains, Skin disorders, especially non specific headaches and many more....



Now we have two locations :
940, E. El Camino Real, Sunnyvale, CA 94087
Office : (408) 737-7100 Fax: (408) 737-7102
39039 Paseo Padre Pkwy Suite #209 (upstairs) Fremont CA 94538
www.homeopathicvibes.com
We sell and ship homeopathic remedies through out North America.
ਸਮੂਹ ਸਰਪ੍ਰਸਤਾਂ ਅਤੇ ਸਹਿਯੋਗੀਆਂ ਦਾ ਬਹੁਤ ਬਹੁਤ ਧੰਨਵਾਦ
Harminder Singh Gill D.H.M.S;B.C.I.H
(Ex Homeopathic Medical officer Punjab Govt.)



CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ
- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ



ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਇਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ
ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ
Call, Banga (916) 427-4321, Fax (916) 258-0441
Email : sacramento99@yahoo.co, website: capitalservices.us



Allstate You're in good hands.
ALL STATE INSURANCE
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD SUITE #221, HAYWARD, CA 94544

# ਭਾਰਤ ’ਚ ਕੋਰੋਨਾ ਕਰਕੇ ਹੋਣ ਵਾਲੀਆਂ ਮੌਤਾਂ ਦਾ ਅੰਕੜਾ 3 ਲੱਖ ਟੱਪਿਆ

## ਯੂ.ਪੀ. ਵਿੱਚ ਹਰ ਰੋਜ਼ ਕੋਰੋਨਾ ਨਾਲ ਲਗਭਗ 10 ਹਜ਼ਾਰ ਮੌਤਾਂ ਹੋ ਰਹੀਆਂ ਹਨ

**ਨਵੀਂ ਦਿੱਲੀ :ਏ.ਟੀ.ਨਿਊਜ਼ :** ਦੇਸ਼ ਵਿਚ ਪਿਛਲੇ 24 ਘੰਟਿਆਂ ਦੌਰਾਨ ਕੋਰੋਨਾ ਦੀ ਲਾਗ ਦੇ 2.22 ਲੱਖ ਨਵੇਂ ਕੇਸਾਂ ਨਾਲ ਕੁਲ ਕੇਸਾਂ ਦੀ ਗਿਣਤੀ 2,67,52,44 ਹੋ ਗਈ ਹੈ ਜਦੋਂਕਿ ਇਸੇ ਅਰਸੇ ਦੌਰਾਨ 4454 ਹੋਰ ਵਿਅਕਤੀਆਂ ਦੀ ਕੋਰੋਨਾ ਕਰਕੇ ਮੌਤ ਹੋ ਗਈ। ਕੋਰੋਨਾ ਕਰ ਕੇ ਮੌਤ ਦੇ ਮੂੰਹ ਪੈਣ ਵਾਲਿਆਂ ਦੀ ਕੁੱਲ ਗਿਣਤੀ 3,03,720 ਦੇ ਅੰਕੜੇ ਨੂੰ ਅੱਪੜ ਗਈ ਹੈ।

ਸੁਪਰੀਮ ਕੋਰਟ ਨੇ ਕੋਰੋਨਾ ਵਾਇਰਸ ਕਰਕੇ ਮੌਤ ਦੇ ਮੂੰਹ ਪਏ ਲੋਕਾਂ ਦੇ ਵਾਰਸਾਂ ਨੂੰ 4 ਲੱਖ ਰੁਪਏ ਦਾ ਮੁਆਵਜ਼ਾ ਦਿੱਤੇ ਜਾਣ ਦੀ ਮੰਗ ਕਰਦੀ ਪਟੀਸ਼ਨ ’ਤੇ ਕੇਂਦਰ ਤੋਂ ਜੁਆਬ ਮੰਗ ਲਿਆ ਹੈ। ਜਸਟਿਸ ਅਸ਼ੋਕ ਭੂਸ਼ਨ ਤੇ ਐੱਮ.ਆਰ.ਸ਼ਾਹ ਦੀ ਸ਼ਮੂਲੀਅਤ ਵਾਲੇ ਵੈਕੇਸ਼ਨ ਬੈਂਚ ਨੇ ਇਸ ਦੇ ਨਾਲ ਹੀ ਕੇਂਦਰ ਸਰਕਾਰ ਨੂੰ ਕੋਵਿਡ-19 ਪੀੜਤਾਂ ਲਈ ਮੌਤ ਦਾ ਸਰਟੀਫਿਕੇਟ ਜਾਰੀ ਕੀਤੇ ਜਾਣ ਸਬੰਧੀ ਆਈਸੀਐੱਮਆਰ ਵੱਲੋਂ ਜਾਰੀ ਦਿਸ਼ਾ ਨਿਰਦੇਸ਼ਾਂ ਨੂੰ ਉਸ ਅੱਗੇ ਰੱਖਣ ਦੀ ਵੀ ਹਦਾਇਤ ਕੀਤੀ ਹੈ। ਬੈਂਚ ਨੇ ਕਿਹਾ ਕਿ ਅਜਿਹੇ ਦਸਤਾਵੇਜ਼ ਜਾਰੀ ਕਰਨ ਲਈ ਕੋਈ ਇਕਸਾਰ ਪਾਲਿਸੀ ਹੋਣੀ ਚਾਹੀਦੀ ਹੈ। ਸਿਖਰਲੀ ਅਦਾਲਤ ਨੇ ਉਪਰੋਕਤ ਟਿੱਪਣੀਆਂ ਦੋ ਵੱਖੋ ਵੱਖਰੀਆਂ ਪਟੀਸ਼ਨਾਂ ’ਤੇ ਸੁਣਵਾਈ ਕਰਦਿਆਂ ਕੀਤੀਆਂ ਹਨ। ਬੈਂਚ ਨੇ ਕਿਹਾ ਕਿ ਜਦੋਂ ਤੱਕ ਮੌਤ ਸਰਟੀਫਿਕੇਟ ਜਾਰੀ ਕਰਨ ਬਾਰੇ ਇਕਸਾਰ ਨੀਤੀ ਨਹੀਂ ਬਣਦੀ, ਪੀੜਤ ਮੁਆਵਜ਼ਾ ਸਕੀਮ ਤਹਿਤ ਆਪਣੇ ਦਾਅਵੇ ਪੇਸ਼ ਨਹੀਂ ਕਰ ਸਕਦੇ। ਕੇਸ ਦੀ ਅਗਲੀ ਸੁਣਵਾਈ ਹੁਣ 11 ਜੂਨ ਨੂੰ ਹੋਵੇਗੀ। ਇਸ ਸਮੇਂ ਮੋਦੀ ਸਰਕਾਰ ਵੱਲੋਂ ਬੇਸ਼ੱਕ ਅੰਕੜਿਆਂ ਦੀ ਖੇਡ ਵਿੱਚ ਇਹ ਦਿਖਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਭਾਰਤ ਵਿੱਚ ਕੋਰੋਨਾ ਦੀ ਦੂਜੀ ਲਹਿਰ ਕਮਜ਼ੋਰ ਪੈਣੀ ਸ਼ੁਰੂ ਹੋ ਗਈ ਹੈ, ਪਰ ਸ਼ਮਸ਼ਾਨਾਂ ਵਿੱਚੋਂ ਉਠਦੀਆਂ ਲਪਟਾਂ ਇਸ ’ਤੇ ਭਰੋਸਾ ਕਰਨ ਲਈ ਤਿਆਰ ਨਹੀਂ। ਯੂ.ਪੀ. ਦੇ ਪਿੰਡ-ਪਿੰਡ ’ਚੋਂ ਕੋਰੋਨਾ ਮਹਾਂਮਾਰੀ ਨਾਲ ਹੋ ਰਹੀਆਂ ਮੌਤਾਂ ਦੀਆਂ ਖ਼ਬਰਾਂ ਦਿਲ ਦਹਿਲਾ ਦੇਣ ਵਾਲੀਆਂ ਹਨ। ਲੱਕੜਾਂ ਦਾ ਸੰਕਟ ਖੜਾ ਹੋ ਜਾਣ ਕਾਰਨ ਲੋਕ ਹੁਣ ਆਪਣੇ ਪਿਆਰਿਆਂ ਦੀਆਂ ਲਾਸ਼ਾਂ ਨੂੰ ਦਫ਼ਨਾਉਣ ਲਈ ਮਜਬੂਰ ਹੋ ਚੁੱਕੇ ਹਨ। ਇੱਕ ਅੰਦਾਜ਼ੇ ਮੁਤਾਬਕ ਯੂ.ਪੀ. ਵਿੱਚ ਹਰ ਰੋਜ਼ ਕੋਰੋਨਾ ਨਾਲ ਲਗਭਗ 10 ਹਜ਼ਾਰ ਮੌਤਾਂ ਹੋ ਰਹੀਆਂ ਹਨ।

ਭਾਜਪਾਈ ਹਾਕਮਾਂ ਨੂੰ ਇਸ ਗੱਲ ਦਾ ਕੋਈ ਫਿਕਰ ਨਹੀਂ ਕਿ ਲਾਚਾਰ ਲੋਕਾਂ ਨਾਲ ਕੀ ਬੀਤ ਰਹੀ ਹੈ, ਉਨਾਂ ਨੂੰ ਤਾਂ



ਇਸ ਗੱਲ ਦਾ ਗਮ ਸਤਾ ਰਿਹਾ ਹੈ ਕਿ ਹਰ ਖੇਤਰ ਵਿੱਚ ਨਾਮੁਮਕਿਨ ਨੂੰ ਮੁਮਕਿਨ ਕਰ ਦੇਣ ਵਾਲੇ ਸ਼ਹਿਨਸ਼ਾਹ ਦਾ ਪ੍ਰਤਾਪ ਤੇ ਨਫ਼ਰਤ ਦੇ ਸੌਦਾਗਰਾਂ ਦੀ ਸੋਚ ਵੀ ਹਿੰਦੂਆਂ ਦੀਆਂ ਕਬਰਾਂ ਵਿੱਚ ਦਫ਼ਨ ਹੋ ਰਹੀ ਹੈ। ਕੱਟੜਪੰਥੀ ਹਾਕਮਾਂ ਲਈ ਉਹ ਪਲ ਬਹੁਤ ਤਕਲੀਫ਼ ਦਿੰਦੇ ਹਨ, ਜਦੋਂ ਕੋਈ ਮੁਸਲਿਮ ਨੌਜਵਾਨ ਰੋਜ਼ਾ ਤੋੜ ਕੇ ਹਿੰਦੂ ਦੀ ਜਾਨ ਬਚਾਉਣ ਲਈ ਆਪਣਾ ਪਲਾਜ਼ਮਾ ਦਾਨ ਕਰਦਾ ਹੈ। ਉਨਾਂ ਲਈ ਇਹ ਸਹਿਣ ਕਰਨਾ ਬੜਾ ਔਖਾ ਹੈ ਕਿ ਆਪਣਿਆਂ ਵੱਲੋਂ ਮੂੰਹ ਮੋੜ ਲੈਣ ਬਾਅਦ 4 ਮੁਸਲਿਮ ਨੌਜਵਾਨ ਅਰਥੀ ਨੂੰ ਮੋਢਾ ਦੇ ਕੇ ਹਿੰਦੂ ਰਹੁ ਰੀਤਾਂ ਨਾਲ ਕਿਸੇ ਹਿੰਦੂ ਦਾ ਸਸਕਾਰ ਕਰਨ। ਇਸ ਸਮੇਂ ਕੋਰੋਨਾ ਦਾ ਕਹਿਰ ਧਰਮ ਨਾਲ ਕੋਈ ਭੇਦਭਾਵ ਨਹੀਂ ਕਰ ਰਿਹਾ, ਹਿੰਦੂ-ਮੁਸਲਿਮ ਸਭ ਦੀਆਂ ਜਾਨਾਂ ਲੈ ਰਿਹਾ ਹੈ। ਇਸ ਔਖੀ ਘੜੀ ਮੌਤ ਨਾਲ ਲੜਨ ਲਈ ਸਭ ਤਬਕੇ ਇੱਕ-ਦੂਜੇ ਦੀ ਬਾਂਹ ਫੜ ਰਹੇ ਹਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਜਨਤਾ ਨਾਲ ਸਿੱਧੇ ਸੰਵਾਦ ਰਾਹੀਂ ਜਿਹੜੀ ਲੋਕਪ੍ਰਿਅਤਾ ਹਾਸਲ ਕੀਤੀ ਸੀ, ਉਹ ਹੁਣ ਖੇਰੂੰ-ਖੇਰੂੰ ਹੋ ਰਹੀ ਹੈ। ਲੋਕ ਆਪਣੇ ’ਤੇ ਆਈ ਆਫ਼ਤ ਲਈ ਸਿੱਧੇ ਤੌਰ ਉੱਤੇ ਮੋਦੀ ਨੂੰ ਜ਼ਿੰਮੇਵਾਰ ਸਮਝਦੇ ਹਨ।

ਇਸ ਸਬੰਧੀ ਭਾਜਪਾ ਬੁਲਾਰੇ ਸੰਬਿਤ ਪਾਤਰਾ ਨੇ ਕਾਂਗਰਸ ਵੱਲੋਂ ਤਿਆਰ ਇੱਕ ਦਸਤਾਵੇਜ਼ ਦਾ ਹਵਾਲਾ ਦਿੰਦਿਆਂ ਇਥੋਂ ਤੱਕ ਕਹਿ ਦਿੱਤਾ ਕਿ ਇਸ ਰਾਹੀਂ ਮੋਦੀ ਦੀ ਛਵੀ ਵਿਗਾੜ ਕੇ ਭਾਰਤ ਨੂੰ ਬਦਨਾਮ ਕੀਤਾ ਜਾ ਰਿਹਾ ਹੈ।

ਇਸ ਦੇ ਨਾਲ ਹੀ ਦੂਜੀ ਪਾਲ ਦੇ ਭਾਜਪਾ ਆਗੂ ਲੋਕਾਂ ਨੂੰ ਅੰਧ-ਵਿਸ਼ਵਾਸਾਂ ਦੇ ਮਾਇਆ ਜਾਲ ਵਿੱਚ ਜਕੜੇ ਰੱਖਣ ਲਈ ਮਹਾਂਮਾਰੀ ਦਾ ਸਹਾਰਾ ਲੈ ਰਹੇ ਹਨ। ਲੋਨੀ ਤੋਂ ਭਾਜਪਾ ਵਿਧਾਇਕ ਨੰਦ ਕਿਸ਼ੋਰ ਗੁੱਜਰ ਨੇ ਦਾਅਵਾ ਕੀਤਾ ਹੈ ਕਿ ਕੋਰੋਨਾ ਉਸ ਦੇ ਹਲਕੇ ਵਿੱਚ ਨਹੀਂ ਵੜ ਸਕੇਗਾ, ਕਿਉਂਕਿ ਉਸ ਦੇ ਹਲਕੇ ਵਿੱਚ ਗਾਵਾਂ ਦੀ ਸੰਖਿਆ ਬਹੁਤ ਜ਼ਿਆਦਾ ਹੈ। ਅਸਾਮ ਦੇ ਭਾਜਪਾ ਵਿਧਾਇਕ ਸੁਮਨ ਹਰੀਪ੍ਰਿਆ ਨੇ ਵਿਧਾਨ ਸਭਾ ਵਿੱਚ ਕਿਹਾ ਕਿ ਗਾਂ ਦਾ ਗੋਹਾ ਕਾਫ਼ੀ ਫਾਇਦੇਮੰਦ ਹੁੰਦਾ ਹੈ। ਗਾਂ ਦੇ ਗੋਹੇ ਤੇ ਮੂਤਰ ਨਾਲ ਕੋਰੋਨਾ ਠੀਕ ਹੋ ਸਕਦਾ ਹੈ। ਉਤਰਾਖੰਡ ਦੇ ਭਾਜਪਾ ਵਿਧਾਇਕ ਸੰਜੇ ਗੁਪਤਾ ਨੇ ਦਾਅਵਾ ਕੀਤਾ ਕਿ ਹਵਨ ਯੱਗ, ਗਾਂ ਦੇ ਗੋਹੇ ਤੇ ਮੂਤਰ ਦੀ ਵਰਤੋਂ ਨਾਲ ਕੋਰੋਨਾ ਦਾ ਇਲਾਜ ਕਰਨਾ ਚਾਹੀਦਾ ਹੈ। ਭਾਜਪਾ ਦੇ ਕੌਮੀ ਸਕੱਤਰ ਕੈਲਾਸ਼ ਵਿਜੈਵਰਗੀਆ ਨੇ ਕਿਹਾ ਸੀ ਕਿ ਕੋਰੋਨਾ ਸਾਡਾ ਕੁਝ ਨਹੀਂ ਵਿਗਾੜ ਸਕਦਾ ਕਿਉਂਕਿ ਉਨਾਂ ਨੇ ਹਨੂੰਮਾਨ ਦਾ ਨਾਂ ਕੋਰੋਨਾ ਪਿਛਾੜ ਹਨੂੰਮਾਨ ਰੱਖ ਦਿੱਤਾ ਹੈ। ਉਨਾਂ ਇਹ ਵੀ ਕਿਹਾ ਕਿ ਭਾਰਤ ਵਿੱਚ ਕੋਰੋਨਾ ਦਾ ਕੋਈ ਅਸਰ ਨਹੀਂ ਹੋ ਸਕਦਾ ਕਿਉਂਕਿ ਇਥੇ 33 ਕਰੋੜ ਦੇਵੀ ਦੇਵਤੇ ਰਹਿੰਦੇ ਹਨ। ਯੂ.ਪੀ. ਦੇ ਭਾਜਪਾ ਵਿਧਾਇਕ ਸੁਰਿੰਦਰ ਸਿੰਘ ਤੇ ਭਾਜਪਾ ਸਾਂਸਦ ਪ੍ਰਗਿਆ ਠਾਕੁਰ ਨੇ ਦਾਅਵਾ ਕੀਤਾ ਹੈ ਕਿ ਉਹ ਰੋਜ਼ਾਨਾ ਗਾਂ ਦੇ ਮੂਤਰ ਦਾ ਸੇਵਨ ਕਰਦੇ ਹਨ, ਇਸ ਲਈ ਉਨਾਂ ਨੂੰ ਕੋਰੋਨਾ ਨਹੀਂ ਹੋ ਸਕਦਾ। ਇਨਾਂ ਸਭ ਬਿਆਨਾਂ ਦਾ ਅਸਰ ਇਹ ਹੋਇਆ ਕਿ ਥਾਂ-ਥਾਂ ਲੋਕ ਮੌਤ ਦੇ ਡਰੋਂ ਗੋਹੇ ਦਾ ਲੇਪ ਕਰਕੇ ਨਹਾ ਰਹੇ ਹਨ, ਗਾਂ ਦਾ ਮੂਤਰ ਪੀ ਰਹੇ ਹਨ ਤੇ ਝਾੜ-ਫੂਕ ਰਾਹੀਂ ਕੋਰੋਨਾ ਭਜਾਉਣ ਦੇ ਗੈਰ-ਵਿਗਿਆਨਕ ਢੰਗ ਅਪਣਾ ਰਹੇ ਹਨ।

ਅੰਮ੍ਰਿਤਸਰ ਟਾਈਮਜ ਅਨੁਸਾਰ ਭਾਜਪਾ ਵਾਲੇ ਇਹੋ ਤਾਂ ਚਾਹੁੰਦੇ ਹਨ ਕਿ ਲੋਕ ਅੰਧ ਵਿਸ਼ਵਾਸਾਂ ਵਿੱਚ ਜਕੜੇ ਰਹਿਣ ਤੇ ਮੋਦੀ ਨੂੰ ਰੱਬ ਸਮਝ ਕੇ ਉਸ ਨੂੰ ਵੋਟਾਂ ਪਾਉਂਦੇ ਰਹਿਣ। ਭਾਜਪਾ ਆਗੂਆਂ ਨੂੰ ਇਹ ਪੁੱਛਣਾ ਬਣਦਾ ਹੈ ਕਿ ਜੇਕਰ ਗਾਂ ਦੇ ਗੋਹੇ ਤੇ ਮੂਤਰ ਨਾਲ ਹੀ ਕੋਰੋਨਾ ਭਜਾਇਆ ਜਾ ਸਕਦਾ ਹੈ ਤਾਂ ਫਿਰ ਪ੍ਰਧਾਨ ਮੰਤਰੀ ਤੇ ਦੂਜੇ ਮੰਤਰੀਆਂ ਨੇ ਕੋਰੋਨਾ ਵੈਕਸੀਨ ਕਿਉਂ ਲਵਾਈ ਸੀ। ਪਿਛਲੇ ਦਿਨਾਂ ਵਿਚ ਆਰਐੱਸਐੱਸ ਦੀ ਦਿੱਲੀ ਕਾਰਜਕਾਰਨੀ ਦੇ ਇਕ ਮੈਂਬਰ ਨੇ ਕਿਹਾ ਸੀ ਕਿ ਭਾਜਪਾ ਗਾਇਬ ਹੈ ਅਤੇ ਇਸ ਨੂੰ ਭੰਗ ਕਰ ਦੇਣਾ ਚਾਹੀਦਾ ਹੈ। ਲੋਕ ਮਰ ਰਹੇ ਹਨ, ਪਾਰਟੀ ਦਾ ਨਾਮੋ-ਨਿਸ਼ਾਨ ਨਹੀਂ ਹੈ।

# ਭਾਰਤ ਹੁਣ ਪੀਲੀ ਫ਼ੰਗਸ ਦੀ ਲਪੇਟ ਵਿਚ

## ਕਾਲੀ ਤੇ ਚਿੱਟੀ ਫੰਗਸ ਤੋਂ ਵੱਧ ਖ਼ਤਰਨਾਕ ਪੀਲੀ ਫੰਗਸ

**ਨਵੀਂ ਦਿੱਲੀ/ਏ.ਟੀ.ਨਿਊਜ਼ :** ਇੱਕ ਪਾਸੇ ਤਾਂ ਕੋਰੋਨਾ ਵਾਇਰਸ ਮਹਾਂਮਾਰੀ ਨੇ ਸਮੁੱਚੇ ਭਾਰਤ ਵਾਸੀਆਂ ਨੂੰ ਪ੍ਰੇਸ਼ਾਨ ਕੀਤਾ ਹੋਇਆ ਹੈ ਤੇ ਉੱਪਰੋਂ ‘ਬਲੈਕ ਫ਼ੰਗਸ’ (ਕਾਲੀ ਉੱਲੀ) ਅਤੇ ‘ਵਾਈਟ ਫ਼ੰਗਸ’ (ਚਿੱਟੀ ਉੱਲੀ) ਜਿਹੇ ਰੋਗਾਂ ਨੇ ਇਸ ਪ੍ਰੇਸ਼ਾਨੀ ਵਿੱਚ ਵਾਧਾ ਕੀਤਾ ਹੋਇਆ ਹੈ। ਉੱਤੋਂ ਹੁਣ ਭਾਰਤ ਦੇ ਉੱਤਰ ਪ੍ਰਦੇਸ਼ ਸੂਬੇ ਦੇ ਸਹਿਰ ਗ਼ਾਜ਼ੀਆਬਾਦ ਵਿੱਚ ‘ਯੈਲੋ ਫ਼ੰਗਸ’ ਦਾ ਪਹਿਲਾ ਮਾਮਲਾ ਸਾਹਮਣੇ ਆ ਗਿਆ ਹੈ।



ਮਾਹਿਰਾਂ ਵੱਲੋਂ ਇਹ ਦਾਅਵਾ ਕੀਤਾ ਜਾ ਰਿਹਾ ਹੈ ਕਿ ਇਹ ‘ਯੈਲੋ ਫ਼ੰਗਸ’ ਤਾਂ ਬਾਕੀ ਦੀਆਂ ਦੋ ਕਿਸਮ ਦੀਆਂ ਫ਼ੰਗਸਜ਼ ਤੋਂ ਵੀ ਵੱਧ ਖ਼ਤਰਨਾਕ ਹੈ। ਪੀਲੀ ਫ਼ੰਗਸ ਦਾ ਜਿਹੜਾ ਪਹਿਲਾ ਮਾਮਲਾ ਸਾਹਮਣੇ ਆਇਆ ਹੈ, ਉਸ ਦਾ ਇਲਾਜ ਹੁਣ ਗ਼ਾਜ਼ੀਆਬਾਦ ਦੇ ਇੱਕ ਹਸਪਤਾਲ ’ਚ ਚੱਲ ਰਿਹਾ ਹੈ।

**ਇਹ ਹਨ ਪੀਲੀ ਫ਼ੰਗਸ ਦੇ ਲੱਛਣ**

‘ਯੈਲੋ ਫ਼ੰਗਸ’ ਤੋਂ ਪੀੜਤ ਹੋਣ ਨਾਲ ਸਰੀਰ ਵਿੱਚ ਸੁਸਤੀ ਆ ਜਾਂਦੀ ਹੈ, ਭੁੱਖ ਘੱਟ ਲੱਗਦੀ ਹੈ ਜਾਂ ਬਿਲਕੁਲ ਵੀ ਨਹੀਂ ਲੱਗਦੀ ਤੇ ਵਜ਼ਨ ਘਟਣ ਲੱਗਦਾ ਹੈ। ਗੰਭੀਰ ਮਾਮਲਿਆਂ ਵਿੱਚ ਸਰੀਰ ਦੇ ਹਿੱਸਿਆਂ ਵਿੱਚੋਂ ਪੀਕ ਨਿਕਲਣ ਲੱਗਦੀ ਹੈ ਤੇ ਖੁੱਲ੍ਹੇ ਜ਼ਖ਼ਮ ਠੀਕ ਹੋਣ ਵਿਚ ਕਾਫ਼ੀ ਦੇਰੀ ਲੱਗਦੀ ਹੈ, ਮਰੀਜ਼ ਕੁਪੋਸ਼ਣ ਦਾ ਸ਼ਿਕਾਰ ਹੁੰਦਾ ਜਾਪਦਾ ਹੈ ਤੇ ਕਿਸੇ ਅੰਗ ਦੇ ਫ਼ੇਲ ਹੋਣ ਦਾ ਖ਼ਤਰਾ ਬਣਿਆ ਰਹਿੰਦਾ ਹੈ। ਅੱਖਾਂ ਅੰਦਰ ਨੂੰ ਧਸ ਜਾਂਦੀਆਂ ਹਨ।

‘ਯੈਲੋ ਫ਼ੰਗਸ’ ਇੱਕ ਬਹੁਤ ਘਾਤਕ ਬੀਮਾਰੀ ਹੈ, ਜੋ ਸਰੀਰ ਦੇ ਅੰਦਰ ਹੀ ਅੰਦਰ ਸ਼ੁਰੂ ਹੋ ਜਾਂਦੀ ਹੈ। ਇਸ ਦਾ ਇਲਾਜ ਤੁਰੰਤ ਕਰਵਾਉਣਾ ਚਾਹੀਦਾ ਹੈ।

**‘ਪੀਲੀ ਫ਼ੰਗਸ’ ਹੋਣ ਦੇ ਕਾਰਨ**

ਮੁੱਖ ਤੌਰ ਉੱਤੇ ਸਰੀਰ ਦੀ ਸਫ਼ਾਈ ਨਾ ਰੱਖਣ ਕਾਰਨ ਇਹ ‘ਪੀਲੀ ਉੱਲੀ’ ਰੋਗ ਲੱਗ ਜਾਂਦਾ ਹੈ। ਇਸ ਲਈ ਆਪਣੇ ਘਰ ਦੇ ਆਲੇ-ਦੁਆਲੇ ਤੱਕ ਨੂੰ ਵੀ ਸਾਫ਼ ਰੱਖਣ ਦੀ ਲੋੜ ਹੁੰਦੀ ਹੈ। ਪੁਰਾਣੇ ਭੋਜਨ ਤੇ ਮਲ-ਮੂਤਰ ਨੂੰ ਆਪਣੇ ਘਰ ਦੇ ਬਾਹਰੋਂ ਤੇ ਅੰਦਰੋਂ ਛੇਤੀ ਤੋਂ ਛੇਤੀ ਸਾਫ਼ ਕਰਨਾ ਚਾਹੀਦਾ ਹੈ। ਗੰਦੀਆਂ ਥਾਵਾਂ ਉੱਤੇ ਬੈਕਟੀਰੀਆ ਤੇ ਉੱਲੀ ਦੇ ਪ੍ਰਫ਼ੁੱਲਤ ਹੋਣ ਨਾਲ ਇਹ ਰੋਗ ਵਧਦਾ ਚਲਾ ਜਾਂਦਾ ਹੈ।

ਜਿਹੜੇ ਘਰਾਂ ਅੰਦਰ ਸਿੱਲ ਰਹਿੰਦੀ ਹੈ, ਉੱਥੇ ਵੀ ਬੈਕਟੀਰੀਆ ਤੇ ਉੱਲੀ ਪਣਪਦੀਆਂ ਹਨ। ਇਸ ਲਈ ਘਰ ਅੰਦਰ ਨਮੀ ਦਾ ਪੱਧਰ 30 ਤੋਂ 40% ਤੱਕ ਰਹਿਣਾ ਚਾਹੀਦਾ ਹੈ। ਇਸ ਤੋਂ ਵੱਧ ਸਿੱਲ ਬੀਮਾਰੀਆਂ ਦਾ ਕਾਰਨ ਬਣਦੀ ਹੈ।’

ਅੰਮ੍ਰਿਤਸਰ ਟਾਈਮਜ ਦਾ ਮੰਨਣਾ ਕਿ ਭਾਰਤ ਵਿਚ ਕੋਰੋਨਾ ਬਹੁਤ ਖਤਰਨਾਕ ਹੈ। ਕੋਰੋਨਾ ਕਾਰਨ ਫੰਗਸ ਬੁਰੀ ਤਰਾਂ ਫੈਲ ਰਹੀ ਹੈ।ਇਸ ਕਾਰਨ ਮੌਤਾਂ ਦੀ ਦਰ ਵਧ ਰਹੀ ਹੈ। ਲੋਕ ਅੰਨੇ ਹੋ ਰਹੇ ਹਨ ਤੇ ਸਰੀਰ ਗਲ਼ ਰਹੇ ਹਨ।



# ਕਿਸਾਨ ਅੰਦੋਲਨ ਦੇ ਛੇ ਮਹੀਨੇ ਪੂਰੇ

## ✪ ਮੋਦੀ ਦੇ ਫੂਕੇ ਪੁਤਲੇ ✪ ਕਾਲੇ ਕਾਨੂੰਨਾਂ ਖ਼ਿਲਾਫ਼ ਕਿਸਾਨਾਂ ਨੇ ਲਹਿਰਾਏ ਕਾਲੇ ਝੰਡੇ ✪ ਪੰਜਾਬ ਅਤੇ ਹਰਿਆਣਾ 'ਚ 'ਕਾਲੇ ਦਿਨ' ਨੂੰ ਭਰਵਾਂ ਹੁੰਗਾਰਾ ✪ ਮੋਦੀ ਸਰਕਾਰ ਟੁੱਟ ਰਹੀ ਹੈ, ਅੰਦੋਲਨ ਵੱਧ ਰਿਹਾ ਹੈ: ਚੜੂਨੀ

**ਪ੍ਰਗਟ ਸਿੰਘ ਜੰਡਿਆਲਾ ਗੁਰੂ**

ਦਿੱਲੀ ਦੀਆਂ ਬਰੂਹਾਂ 'ਤੇ ਕਿਸਾਨਾਂ ਵੱਲੋਂ ਕੇਂਦਰੀ ਖੇਤੀ ਕਾਨੂੰਨਾਂ ਖ਼ਿਲਾਫ਼ ਕੀਤੇ ਜਾ ਰਹੇ ਅੰਦੋਲਨ ਨੂੰ ਛੇ ਮਹੀਨੇ ਪੂਰੇ ਹੋਣ 'ਤੇ ਭਾਰਤ ਵਿਚ ਕਾਲਾ ਦਿਵਸ ਮਨਾਇਆ ਗਿਆ। ਸਿੰਘੂ, ਟਿਕਰੀ ਅਤੇ ਗਾਜ਼ੀਪੁਰ ਦੇ ਮੋਰਚਿਆਂ ਸਮੇਤ ਹੋਰ ਥਾਵਾਂ 'ਤੇ ਕਿਸਾਨਾਂ ਨੇ ਮੋਦੀ ਸਰਕਾਰ ਦੇ ਪੁਤਲੇ ਫੂਕੇ, ਕਾਲੇ ਝੰਡੇ ਲਹਿਰਾਏ, ਕਾਲੇ ਲਿਬਾਸ ਪਹਿਨੇ ਅਤੇ ਮਾਰਚ ਕੱਢ ਕੇ ਖੇਤੀ ਕਾਨੂੰਨ ਰੱਦ ਕਰਨ ਤੇ ਹੋਰ ਮੰਗਾਂ ਮੰਨੇ ਜਾਣ ਤੱਕ ਅੰਦੋਲਨ ਮਘਾਈ ਰੱਖਣ ਦਾ ਇਰਾਦਾ ਪ੍ਰਗਟਾਇਆ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠਲੀ ਕੇਂਦਰ ਦੀ ਐਨਡੀਏ ਸਰਕਾਰ ਦੇ ਸੱਤਾ ਵਿੱਚ 7 ਸਾਲ ਪੂਰੇ ਹੋਣ 'ਤੇ ਸੰਯੁਕਤ ਕਿਸਾਨ ਮੋਰਚੇ ਵੱਲੋਂ 26 ਮਈ ਨੂੰ ਕਾਲਾ ਦਿਵਸ ਕੌਮੀ ਪੱਧਰ 'ਤੇ ਮਨਾਉਣ ਦਾ ਸੱਦਾ ਦਿੱਤਾ ਸੀ ਜਿਸ ਨੂੰ ਭਰਵਾਂ ਹੁੰਗਾਰਾ ਮਿਲਿਆ। ਪੰਜਾਬ, ਹਰਿਆਣਾ, ਉੱਤਰ ਪ੍ਰਦੇਸ਼, ਉੱਤਰਾਖੰਡ, ਰਾਜਸਥਾਨ, ਪੱਛਮੀ ਬੰਗਾਲ, ਮਹਾਰਾਸ਼ਟਰ, ਤਾਮਿਲਨਾਡੂ ਅਤੇ ਹੋਰ ਸੂਬਿਆਂ ਵਿੱਚ ਕਿਸਾਨਾਂ ਨੇ ਖੇਤੀ ਕਾਨੂੰਨਾਂ ਖ਼ਿਲਾਫ਼ ਨਾਰਾਜ਼ਗੀ ਜ਼ਾਹਿਰ ਕਰਨ ਲਈ ਆਪਣੇ ਘਰਾਂ 'ਤੇ ਕਾਲੇ ਝੰਡੇ ਲਾਏ। ਕਈ ਥਾਵਾਂ 'ਤੇ ਮੋਦੀ ਸਰਕਾਰ ਦੀਆਂ ਅਰਥੀਆਂ ਅਤੇ ਪੁਤਲੇ ਫੂਕ ਕੇ ਮੁਜ਼ਾਹਰੇ ਵੀ ਕੀਤੇ ਗਏ। ਪਲਵਲ ਅਤੇ ਰਾਜਸਥਾਨ ਦੇ ਸ਼ਾਹਜਹਾਂਪੁਰ ਦੇ ਮੋਰਚਿਆਂ 'ਤੇ ਵੀ ਕਿਸਾਨਾਂ ਨੇ ਕਾਲੇ ਝੰਡੇ ਲਹਿਰਾ ਕੇ ਮੋਦੀ ਸਰਕਾਰ ਖ਼ਿਲਾਫ਼ ਰੋਸ ਜ਼ਾਹਿਰ ਕੀਤਾ। ਮੋਰਚਿਆਂ 'ਤੇ ਕਿਸਾਨਾਂ ਨੇ ਮਹਾਤਮਾ ਬੁੱਧ ਦੀਆਂ ਤਸਵੀਰਾਂ 'ਤੇ ਫੁੱਲ ਭੇਟ ਕਰਕੇ ਬੁੱਧ ਪੂਰਨਿਮਾ ਮਨਾਈ ਅਤੇ ਸ਼ਾਂਤੀ ਨੂੰ ਇਸ ਅੰਦੋਲਨ ਦਾ ਸਭ ਤੋਂ ਅਹਿਮ ਪੱਖ ਕਰਾਰ ਦਿੱਤਾ। ਦਿੱਲੀ ਚੱਲੋ ਅੰਦੋਲਨ ਦੇ 6 ਮਹੀਨੇ ਪੂਰੇ ਹੋਣ 'ਤੇ ਕਾਲਾ ਦਿਵਸ ਮਨਾਉਣ ਲਈ ਵੱਖ-ਵੱਖ ਕੇਂਦਰੀ ਟਰੇਡ ਯੂਨੀਅਨਾਂ, ਮਜ਼ਦੂਰ ਜਥੇਬੰਦੀਆਂ, ਵਿਦਿਆਰਥੀ ਵਰਗ, ਮਹਿਲਾ ਜਥੇਬੰਦੀਆਂ ਅਤੇ ਕਰਮਚਾਰੀ ਯੂਨੀਅਨਾਂ ਨੇ ਹਮਾਇਤ ਦਿੱਤੀ ਸੀ। ਸੰਯੁਕਤ ਕਿਸਾਨ ਮੋਰਚੇ 'ਚ ਸ਼ਾਮਲ ਕਿਸਾਨ ਜਥੇਬੰਦੀਆਂ ਦੇ ਆਗੂਆਂ ਨੇ ਦੱਸਿਆ ਕਿ ਪੰਜਾਬ ਦੇ 80 ਫ਼ੀਸਦੀ ਤੋਂ ਵੱਧ ਪਿੰਡਾਂ ਅਤੇ ਸ਼ਹਿਰਾਂ 'ਚ ਕਾਲੇ ਚੋਲਿਆਂ, ਕਾਲੀਆਂ ਪੱਗਾਂ, ਕਾਲੀਆਂ ਚੁੰਨੀਆਂ ਤੇ ਕਾਲੀਆਂ ਪੱਟੀਆਂ ਨਾਲ ਸ਼ਮੂਲੀਅਤ ਕਰਦਿਆਂ ਲੋਕਾਂ ਨੇ ਵੱਖ ਵੱਖਰੇ ਢੰਗਾਂ ਨਾਲ ਵਿਰੋਧ ਪ੍ਰਦਰਸ਼ਨ ਕੀਤੇ ਹਨ। ਉਨ੍ਹਾਂ ਕਿਹਾ ਕਿ ਮੋਦੀ ਸਰਕਾਰ ਖ਼ਿਲਾਫ਼ ਅਰਥੀ ਫੂਕ ਮੁਜ਼ਾਹਰਿਆਂ, ਰੋਸ ਮਾਰਚਾਂ, ਟਰੈਕਟਰ ਮਾਰਚਾਂ, ਖੇਤੀ ਤੇ ਕਿਰਤ ਕਾਨੂੰਨਾਂ ਦੀਆਂ ਕਾਪੀਆਂ ਫੂਕਦਿਆਂ ਅਤੇ ਘਰਾਂ 'ਤੇ ਕਾਲੇ ਝੰਡੇ ਲਹਿਰਾਉਂਦਿਆਂ ਹਰ ਵਰਗ ਨੇ ਇਹ ਦਰਸਾ ਦਿੱਤਾ ਹੈ ਕਿ ਕੇਂਦਰ ਸਰਕਾਰ ਨੂੰ ਖੇਤੀ ਕਾਨੂੰਨ, ਬਿਜਲੀ ਸੋਧ ਬਿੱਲ-2020 ਤੇ ਪਰਾਲੀ ਆਰਡੀਨੈਂਸ ਰੱਦ ਕਰਨੇ ਹੀ ਪੈਣਗੇ।

ਪੰਜਾਬ ਦੀਆਂ 32 ਕਿਸਾਨ ਜਥੇਬੰਦੀਆਂ ਦੇ ਪੱਕੇ ਧਰਨਿਆਂ ਦੇ 238ਵੇਂ ਦਿਨ ਸੈਂਕੜਿਆਂ ਦੀ ਗਿਣਤੀ 'ਚ ਕਿਸਾਨਾਂ ਅਤੇ ਮਜ਼ਦੂਰਾਂ ਨੇ ਸ਼ਮੂਲੀਅਤ ਕੀਤੀ। ਧਰਨਿਆਂ 'ਚ ਲੋਕ ਪੱਖੀ ਨਾਟਕਾਂ ਤੇ ਗੀਤ-ਸੰਗੀਤ ਦੀਆਂ ਪੇਸ਼ਕਾਰੀਆਂ ਵੀ ਦਿੱਤੀਆਂ ਗਈਆਂ। ਸੂਬੇ ਦੇ ਟੋਲ ਪਲਾਜ਼ਿਆਂ, ਰਿਲਾਇੰਸ ਪੰਪਾਂ, ਕਾਰਪੋਰੇਟ ਮਾਲਜ਼, ਰੇਲਵੇ ਪਾਰਕਾਂ, ਅਡਾਨੀਆਂ ਦੀ ਖੁਸ਼ਕ ਬੰਦਰਗਾਹ ਅਤੇ ਭਾਜਪਾ ਆਗੂਆਂ ਦੇ ਘਰਾਂ ਸਾਹਮਣੇ ਜਾਰੀ ਧਰਨਿਆਂ ਨੂੰ ਸੰਬੋਧਨ ਕਰਦਿਆਂ ਆਗੂਆਂ ਨੇ ਕਿਹਾ ਕਿ 450 ਦੇ ਕਰੀਬ ਕਿਸਾਨਾਂ ਦੀਆਂ ਸ਼ਹਾਦਤਾਂ ਹੋ ਚੁੱਕੀਆਂ ਹਨ, ਪਰ ਹਾਲੇ ਵੀ ਕੇਂਦਰ ਸਰਕਾਰ ਨੇ ਜ਼ਿਦ ਫੜੀ ਹੋਈ ਹੈ, ਜੋ ਸਾਬਤ ਕਰਦਾ ਹੈ ਕਿ ਸਰਕਾਰ ਨੂੰ ਕਿਸਾਨਾਂ ਨਾਲੋਂ ਕਾਰਪੋਰੇਟ ਘਰਾਣਿਆਂ ਦੇ ਹਿੱਤ ਜ਼ਿਆਦਾ ਪਿਆਰੇ ਹਨ।

ਭਾਰਤੀ ਕਿਸਾਨ ਯੂਨੀਅਨ ਏਕਤਾ (ਡਕੌਂਦਾ), ਕੁੱਲ ਹਿੰਦ ਕਿਸਾਨ ਸਭਾ ਪੰਜਾਬ, ਕਿਰਤੀ ਕਿਸਾਨ ਯੂਨੀਅਨ, ਪੰਜਾਬ ਕਿਸਾਨ ਯੂਨੀਅਨ, ਕੁੱਲ ਹਿੰਦ ਕਿਸਾਨ ਸਭਾ ਪੰਜਾਬ, ਕਿਸਾਨ ਸੰਘਰਸ਼ ਕਮੇਟੀ ਪੰਜਾਬ, ਆਜ਼ਾਦ ਕਿਸਾਨ ਸੰਘਰਸ਼ ਕਮੇਟੀ ਪੰਜਾਬ, ਜੈ ਕਿਸਾਨ ਅੰਦੋਲਨ ਪੰਜਾਬ, ਕਿਸਾਨ ਸੰਘਰਸ਼ ਕਮੇਟੀ ਪੰਜਾਬ, ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ, ਭਾਰਤੀ ਕਿਸਾਨ ਯੂਨੀਅਨ ਕ੍ਰਾਂਤੀਕਾਰੀ, ਭਾਰਤੀ ਕਿਸਾਨ ਯੂਨੀਅਨ ਸਿੱਧੂਪੁਰ, ਭਾਰਤੀ ਕਿਸਾਨ ਯੂਨੀਅਨ ਕਾਦੀਆਂ, ਭਾਰਤੀ ਕਿਸਾਨ ਯੂਨੀਅਨ ਰਾਜੇਵਾਲ, ਭਾਰਤੀ ਕਿਸਾਨ ਯੂਨੀਅਨ ਲੱਖੋਵਾਲ, ਭਾਰਤੀ ਕਿਸਾਨ ਯੂਨੀਅਨ ਦੋਆਬਾ, ਭਾਰਤੀ ਕਿਸਾਨ ਯੂਨੀਅਨ ਮਾਨਸਾ, ਮਾਝਾ ਕਿਸਾਨ ਕਮੇਟੀ, ਇੰਡੀਅਨ ਫਾਰਮਰਜ਼ ਐਸੋਸੀਏਸ਼ਨ ਭਾਰਤ, ਭਾਰਤੀ ਕਿਸਾਨ ਮੰਚ, ਲੋਕ ਭਲਾਈ ਇਨਸਾਫ ਵੈੱਲਫੇਅਰ ਸੁਸਾਇਟੀ, ਦੋਆਬਾ ਕਿਸਾਨ ਕਮੇਟੀ, ਦੋਆਬਾ ਕਿਸਾਨ ਸੰਘਰਸ਼ ਕਮੇਟੀ, ਗੰਨਾ ਸੰਘਰਸ਼ ਕਮੇਟੀ, ਦਸੂਹਾ, ਆਜ਼ਾਦ ਕਿਸਾਨ ਕਮੇਟੀ ਦੁਆਬਾ, ਕਿਸਾਨ ਬਚਾਓ ਮੋਰਚਾ, ਆਜ਼ਾਦ ਕਿਸਾਨ ਕਮੇਟੀ, ਦੁਆਬਾ ਅਤੇ ਕੁੱਲ ਹਿੰਦ ਕਿਸਾਨ ਫੈਡਰੇਸ਼ਨ ਦੇ ਆਗੂਆਂ ਨੇ ਕਿਹਾ ਕਿ ਮੋਦੀ ਹਕੂਮਤ ਨੇ ਨਿੱਜੀਕਰਨ, ਉਦਾਰੀਕਰਨ, ਸੰਸਾਰੀਕਰਨ ਦੀ ਨੀਤੀ 'ਤੇ ਚਲਦਿਆਂ ਖੇਤੀ ਸੱਭਿਆਚਾਰ ਨੂੰ ਉਜਾੜਨ ਲਈ ਤਿੰਨ ਖੇਤੀ ਬਿੱਲ ਲਿਆਂਦੇ ਹਨ। ਇਸ ਦੇ ਨਾਲ ਹੀ ਜਨਤਕ ਖੇਤਰ ਦੇ ਅਦਾਰਿਆਂ, ਬੈਂਕਾਂ, ਬੀਮਾ, ਰੇਲਵੇ, ਜਹਾਜ਼ਰਾਨੀ, ਰੇਲਵੇ, ਕੋਲਾ ਖਾਣਾਂ, ਬਿਜਲੀ ਬੋਰਡ, ਸੜਕਾਂ, ਸਿਹਤ, ਸਿੱਖਿਆ, ਟਰਾਂਸਪੋਰਟ ਆਦਿ ਨੂੰ ਦੇਸੀ-ਵਿਦੇਸ਼ੀ ਬਹੁਕੌਮੀ ਕੰਪਨੀਆਂ ਦੇ ਹਵਾਲੇ ਕੀਤਾ ਜਾ ਰਿਹਾ ਹੈ।



**ਕਿਰਤੀ ਕਿਸਾਨ ਯੂਨੀਅਨ ਵੱਲੋਂ ਪੰਜਾਬ ਭਰ 'ਚ ਟਰੈਕਟਰ ਮਾਰਚ**

ਕਿਸਾਨੀ ਸੰਘਰਸ਼ ਦੇ ਛੇ ਮਹੀਨੇ ਪੂਰੇ ਹੋਣ 'ਤੇ ਕਿਰਤੀ ਕਿਸਾਨ ਯੂਨੀਅਨ ਵੱਲੋਂ ਪੂਰੇ ਪੰਜਾਬ ਵਿੱਚ ਟਰੈਕਟਰ ਮਾਰਚ ਕੀਤੇ ਗਏ। ਇਸ ਦੌਰਾਨ ਕਿਸਾਨਾਂ ਨੇ ਸਾਦਿਕ, ਜੈਤੋ, ਕੋਟਕਪੂਰਾ, ਮੋਗਾ, ਬਾਘਾਪੁਰਾਣਾ, ਧਰਮਕੋਟ, ਅਜਨਾਲਾ, ਨਵਾਂਸ਼ਹਿਰ, ਬਹਿਰਾਮ, ਗੁਰਦਾਸਪੁਰ, ਸਮਾਣਾ, ਪਾਤੜਾਂ, ਕਪੂਰਥਲਾ, ਮੁਕਤਸਰ ਸਾਹਿਬ, ਗਿੱਦੜਬਾਹਾ, ਮਜੀਠਾ ਅਤੇ ਅਜਨਾਲਾ ਸਮੇਤ ਦੋ ਦਰਜਨ ਇਲਾਕਿਆਂ 'ਚ ਮਾਰਚ ਕਰ ਕੇ ਕੇਂਦਰ ਸਰਕਾਰ ਖ਼ਿਲਾਫ਼ ਨਾਅਰੇਬਾਜ਼ੀ ਕੀਤੀ। ਇਹ ਅੰਦੋਲਨ ਹੋਰ ਕਿੰਨਾ ਲੰਬਾ ਚੱਲੇਗਾ, ਫਿਲਹਾਲ ਕੁਝ ਵੀ ਕਹਿਣਾ ਔਖਾ ਹੈ ਕਿਉਂਕਿ ਦੋਵੇਂ ਹੀ ਧਿਰਾਂ (ਕਿਸਾਨ ਅਤੇ ਕੇਂਦਰ ਸਰਕਾਰ) ਆਪੋ ਆਪਣੀ ਜ਼ਿੱਦ 'ਤੇ ਅੜੀਆਂ ਹੋਈਆਂ ਹਨ। ਕੋਈ ਵੀ ਇਕ ਕਦਮ ਪਿੱਛੇ ਹਟਣ ਨੂੰ ਤਿਆਰ ਨਹੀਂ। ਕਿਸਾਨਾਂ ਨੂੰ ਨਵੇਂ ਖੇਤੀ ਕਾਨੂੰਨਾਂ ਨੂੰ ਰੱਦ ਕਰਨ ਤੋਂ ਘੱਟ ਕੁਝ ਮਨਜ਼ੂਰ ਨਹੀਂ ਅਤੇ ਕੇਂਦਰ ਇਨ੍ਹਾਂ ਕਾਨੂੰਨਾਂ ਨੂੰ ਹਰ ਹਾਲ ਵਿਚ ਲਾਗੂ ਕਰਨਾ ਚਾਹੁੰਦਾ ਹੈ। ਹਾਲਾਂਕਿ ਹਾਲ ਦੇ ਘਟਨਾਕ੍ਰਮ ਨਾਲ ਵੀ ਤਣਾਅ ਬਣੇ ਰਹਿਣ ਦੇ ਹੀ ਸੰਕੇਤ ਮਿਲਦੇ ਹਨ। ਕਿਸਾਨਾਂ ਨੇ ਪ੍ਰਧਾਨ ਮੰਤਰੀ ਨੂੰ ਗੱਲਬਾਤ ਮੁੜ ਆਰੰਭ ਕਰਨ ਲਈ ਪੱਤਰ ਲਿਖਿਆ, ਜਿਸ 'ਤੇ ਕੇਂਦਰ ਨੇ ਸ਼ਰਤਾਂ ਸੁਣਾ ਦਿੱਤੀਆਂ ਜਿਨ੍ਹਾਂ ਨੂੰ ਮੰਨਣ ਤੋਂ ਕਿਸਾਨਾਂ ਨੇ ਇਨਕਾਰ ਕਰ ਦਿੱਤਾ।

ਪਰ ਜ਼ਮੀਨੀ ਹਕੀਕਤ ਇਹ ਹੈ ਕਿ ਕਿਸਾਨ ਅੰਦੋਲਨ ਹੁਣ ਨਿਰਣਾਇਕ ਪੜਾਅ 'ਤੇ ਪੁੱਜ ਗਿਆ ਹੈ ਅਤੇ ਇਸ ਦੇ ਨਤੀਜੇ ਸ਼ਾਇਦ ਅਨੁਮਾਨ ਤੋਂ ਪਹਿਲਾਂ ਹੀ ਸਾਹਮਣੇ ਆ ਜਾਣ। ਜ਼ਿਕਰਯੋਗ ਹੈ ਕਿ 21 ਮਈ, 2021 ਨੂੰ ਸੰਯੁਕਤ ਕਿਸਾਨ ਮੋਰਚੇ ਨੇ 'ਤੁਰੰਤ ਦਖ਼ਲਅੰਦਾਜ਼ੀ' ਦਾ ਸੱਦਾ ਦਿੰਦਿਆਂ ਪ੍ਰਧਾਨ ਮੰਤਰੀ ਨੂੰ ਈ-ਮੇਲ ਲਿਖੀ ਕਿ 'ਵਿਸ਼ਵ ਦੇ ਸਭ ਤੋਂ ਵੱਡੇ ਲੋਕਤੰਤਰ ਦੀ ਸਰਕਾਰ ਦਾ ਮੁਖੀ ਹੋਣ ਦੇ ਨਾਤੇ ਕਿਸਾਨਾਂ ਨਾਲ ਗੰਭੀਰ ਅਤੇ ਇਮਾਨਦਾਰੀ ਨਾਲ ਗੱਲਬਾਤ ਆਰੰਭ ਕਰਨ ਦਾ ਫਰਜ਼ ਉਨ੍ਹਾਂ ਦਾ ਹੈ।' ਕਿਸਾਨਾਂ ਨੇ ਪੱਤਰ ਵਿਚ ਇਹ ਵੀ ਲਿਖਿਆ ਹੈ ਕਿ, 'ਅਸੀਂ ਆਪਣੀਆਂ ਮੁੱਖ ਮੰਗਾਂ 'ਤੇ ਮਜ਼ਬੂਤੀ ਨਾਲ ਕਾਇਮ ਹਾਂ, ਤਿੰਨਾਂ ਲੋਕ ਵਿਰੋਧੀ ਕਾਨੂੰਨਾਂ ਨੂੰ ਰੱਦ ਕੀਤਾ ਜਾਵੇ, ਹਰ ਕਿਸਾਨ ਨੂੰ ਘੱਟੋ-ਘੱਟ ਸਮਰਥਨ ਮੁੱਲ ਦੀ ਕਾਨੂੰਨੀ ਗਾਰੰਟੀ ਦਿੱਤੀ ਜਾਵੇ ਅਤੇ ਕਿਸਾਨਾਂ ਨੂੰ ਪ੍ਰਸਤਾਵਿਤ ਬਿਜਲੀ ਬਿੱਲ ਦੇ ਮਾੜੇ ਪ੍ਰਭਾਵਾਂ ਤੋਂ ਸੁਰੱਖਿਅਤ ਕੀਤਾ ਜਾਵੇ।'

ਕਿਸਾਨ ਇਸ ਪੱਤਰ 'ਤੇ 25 ਮਈ 2021 ਤੱਕ ਕੇਂਦਰ ਦਾ 'ਹਾਂ ਪੱਖੀ ਪ੍ਰਤੀਕਰਮ' ਚਾਹੁੰਦੇ ਸਨ ਅਤੇ ਅਜਿਹਾ ਨਾ ਹੋਣ 'ਤੇ ਇਹ ਆਪਣੇ ਅੰਦੋਲਨ ਨੂੰ ਹੋਰ ਤੀਬਰ ਕਰਨਗੇ, ਜਿਸ ਵਿਚ 26 ਮਈ, 2021 ਨੂੰ 'ਕਾਲਾ ਦਿਵਸ' ਮਨਾਉਣਾ ਵੀ ਸ਼ਾਮਿਲ ਸੀ। ਇਹ ਅੰਦੋਲਨ ਇਸ ਸਦੀ ਵਿਚ ਏਨੀ ਲਗਾਤਾਰਤਾ ਅਤੇ ਜੋਸ਼ ਨਾਲ ਲੜਿਆ ਗਿਆ ਪਹਿਲਾ ਸੰਘਰਸ਼ ਹੈ। ਪੰਜਾਬ ਤੋਂ ਸ਼ੁਰੂ ਹੋ ਕੇ ਪਹਿਲਾਂ ਇਹ ਅੰਦੋਲਨ ਹਰਿਆਣਾ, ਪੱਛਮੀ ਉੱਤਰ ਪ੍ਰਦੇਸ਼, ਰਾਜਸਥਾਨ ਤੇ ਉਤਰਾਖੰਡ ਵਿਚ ਫੈਲਿਆ ਅਤੇ ਬਾਅਦ ਵਿਚ ਹੋਰ ਸੂਬਿਆਂ ਵਿਚ। ਇਸ ਬੀਤੇ ਹਫਤੇ ਕੇਰਲ ਤੋਂ ਹਿਮਾਚਲ ਪ੍ਰਦੇਸ਼ ਅਤੇ ਪੰਜਾਬ ਤੋਂ ਪੱਛਮੀ ਬੰਗਾਲ ਤਕ ਹਰ ਸੂਬੇ ਵਿਚ ਇਸ ਅੰਦੋਲਨ ਦੀ ਗੂੰਜ ਸੁਣਾਈ ਦਿੱਤੀ। ਪੰਜਾਬ ਅਤੇ ਹਰਿਆਣਾ ਵਿਚ ਬਹੁਤ ਥਾਵਾਂ 'ਤੇ ਜਲੂਸ ਕੱਢੇ ਗਏ ਅਤੇ ਸੱਤਾਧਾਰੀ ਆਗੂਆਂ ਦੇ ਪੁਤਲੇ ਸਾੜੇ ਗਏ। ਹਰਿਆਣਾ ਵਿਚ ਅੰਦੋਲਨ ਭਾਵੇਂ ਬਾਅਦ ਵਿਚ ਸ਼ੁਰੂ ਹੋਇਆ ਪਰ ਹੁਣ ਇਸ ਨੇ ਕਿਸਾਨਾਂ ਦੀ ਆਤਮਾ ਨੂੰ ਨੂੜ ਲਿਆ ਹੈ। ਹਰਿਆਣਾ ਦੇ ਮੁੱਖ ਮੰਤਰੀ ਅਤੇ ਭਾਜਪਾ ਦੇ ਆਗੂਆਂ ਦੇ ਸਮਾਗਮਾਂ ਦੌਰਾਨ ਹੋਏ ਵਿਰੋਧ ਦੀ ਨੁਹਾਰ ਵੱਖਰੀ ਹੈ; ਉਸ ਵਿਚ ਅੰਤਾਂ ਦੀ ਉਤੇਜਨਾ ਤੇ ਗੁੱਸਾ ਦਿਖਾਈ ਦਿੰਦਾ ਹੈ। ਇਸ ਕਾਰਨ ਹਰਿਆਣਾ ਵਿਚ ਭਾਜਪਾ ਅਤੇ ਜੇਜੇਪੀ ਦੇ ਆਗੂਆਂ ਦਾ ਸ਼ਹਿਰਾਂ, ਪਿੰਡਾਂ ਤੇ ਕਸਬਿਆਂ ਵਿਚ ਜਾਣਾ ਮੁਸ਼ਕਲ ਹੋ ਰਿਹਾ ਹੈ।

ਧਿਆਨ ਰਹੇ ਕਿ ਇਹ ਪੱਤਰ ਕਿਸਾਨਾਂ ਅਤੇ ਕੇਂਦਰ ਦੀ ਜੋ ਆਖਰੀ ਗੱਲਬਾਤ 22 ਜਨਵਰੀ, 2021 ਨੂੰ ਹੋਈ ਸੀ, ਉਸ ਤੋਂ ਠੀਕ ਚਾਰ ਮਹੀਨੇ ਬਾਅਦ ਲਿਖਿਆ ਗਿਆ ਹੈ। ਸਾਰੀਆਂ 11 ਪੜਾਵਾਂ ਦੀਆਂ ਗੱਲਬਾਤਾਂ ਵਿਚ ਜਮੂਦ ਬਣਿਆ ਰਿਹਾ ਸੀ। ਕਿਉਂਕਿ ਕੇਂਦਰ ਨਾ ਤਾਂ ਖੇਤੀ ਕਾਨੂੰਨਾਂ ਨੂੰ ਰੱਦ ਕਰਨ ਲਈ ਤਿਆਰ ਸੀ ਅਤੇ ਨਾ ਹੀ ਘੱਟੋ-ਘੱਟ ਸਮਰਥਨ ਮੁੱਲ ਦੀ ਗਾਰੰਟੀ ਦੇਣ ਲਈ ਤਿਆਰ ਸੀ। ਕੇਂਦਰ ਨੇ ਨਵੇਂ ਖੇਤੀ ਕਾਨੂੰਨਾਂ ਵਿਚ ਸਿਰਫ ਮਾਮੂਲੀ ਸੋਧਾਂ ਦਾ ਪ੍ਰਸਤਾਵ ਰੱਖਿਆ, ਜੋ ਕਿਸਾਨਾਂ ਨੂੰ ਮਨਜ਼ੂਰ ਨਹੀਂ ਸੀ। ਬਹਰਹਾਲ, ਹੁਣ ਵੀ ਕੇਂਦਰ ਨੇ ਇਹ ਸ਼ਰਤ ਰੱਖੀ ਹੈ ਕਿ ਜਦੋਂ ਤੱਕ ਕਿਸਾਨ ਤਿੰਨ ਖੇਤੀ ਕਾਨੂੰਨਾਂ ਨੂੰ 18 ਮਹੀਨੇ ਤੱਕ ਲਾਗੂ ਨਾ ਕਰਨ ਦੀ ਸਰਕਾਰੀ ਤਜਵੀਜ਼ ਨੂੰ ਨਹੀਂ ਮੰਨਣਗੇ ਜਾਂ ਕਾਨੂੰਨਾਂ ਨੂੰ ਰੱਦ ਕਰਨ ਤੋਂ ਵੱਖਰੀ ਕੋਈ ਬਦਲਵੀਂ ਤਜਵੀਜ਼ ਪੇਸ਼ ਨਹੀਂ ਕਰਨਗੇ ਉਦੋਂ ਤੱਕ ਉਨ੍ਹਾਂ ਨਾਲ ਕੋਈ ਗੱਲ ਨਹੀਂ ਕੀਤੀ ਜਾਵੇਗੀ। ਸਰਕਾਰ ਦੇ ਰੁਖ਼ ਨੂੰ ਸਪੱਸ਼ਟ ਕਰਦਿਆਂ ਖੇਤੀ ਮੰਤਰੀ ਨਰਿੰਦਰ ਸਿੰਘ ਤੋਮਰ ਨੇ ਕਿਹਾ ਹੈ ਕਿ 'ਕਿਸਾਨਾਂ ਨੇ ਹੁਣ ਤੱਕ ਕੋਈ ਬਦਲ ਨਹੀਂ ਦਿੱਤਾ ਹੈ। ਜੇਕਰ ਉਹ ਬਦਲ ਦੇਣਗੇ ਤਾਂ ਅਸੀਂ ਗੱਲ ਕਰਾਂਗੇ।'

ਤਿੰਨਾਂ ਨਵੇਂ ਖੇਤੀ ਕਾਨੂੰਨਾਂ ਦਾ ਵਿਰੋਧ ਕਿਸਾਨਾਂ ਨੇ ਉਸੇ ਸਮੇਂ ਸ਼ੁਰੂ ਕਰ ਦਿੱਤਾ ਸੀ ਜਦੋਂ ਦੇਸ਼ ਪੱਧਰੀ ਤਾਲਾਬੰਦੀ ਦੌਰਾਨ 5 ਜੂਨ, 2020 ਨੂੰ ਇਹ ਪਹਿਲਾਂ ਆਰਡੀਨੈਂਸਾਂ ਦੇ ਰੂਪ ਵਿਚ ਲਿਆਂਦੇ ਗਏ ਸਨ। ਉਦੋਂ ਤੋਂ ਕੇਂਦਰ ਦੀ ਇਹ ਕੋਸ਼ਿਸ਼ ਰਹੀ ਹੈ ਕਿ ਨਾ ਚਾਹੁੰਦੇ ਹੋਏ ਵੀ ਕਿਸਾਨ ਇਨ੍ਹਾਂ ਨੂੰ ਸਵੀਕਾਰ ਕਰ ਲੈਣ। ਕਿਸਾਨਾਂ ਦੇ ਅੰਦੋਲਨ ਅਤੇ ਮਨੋਬਲ ਨੂੰ ਤੋੜਨ ਲਈ ਸਰਕਾਰ ਨੇ ਹਰ ਸੰਭਵ ਤਰੀਕਾ ਅਪਣਾਇਆ ਜਿਵੇਂ ਲਾਠੀਚਾਰਜ, ਜਲ ਤੋਪ, ਅੱਥਰੂ ਗੈਸ, ਐਫ.ਆਈ.ਆਰਜ਼, ਮੁਕੱਦਮੇ, ਜੇਲਾਂ, ਬੈਰੀਕੇਡ, ਸੜਕਾਂ 'ਤੇ ਕਿੱਲਾਂ ਠੋਕਣਾ ਅਤੇ ਕੰਡਿਆਲੀਆਂ ਤਾਰਾਂ ਲਗਾਉਣਾ, ਸਮਾਨਾਂਤਰ 'ਕਿਸਾਨ ਸੰਮੇਲਨ' ਕਰਵਾਉਣੇ, ਨਵੇਂ 'ਕਿਸਾਨ ਸੰਗਠਨ' ਖੜ੍ਹੇ ਕਰਕੇ ਉਨ੍ਹਾਂ ਤੋਂ ਸਰਕਾਰ ਦਾ ਸਮਰਥਨ ਕਰਵਾਉਣਾ, ਸੁਪਰੀਮ ਕੋਰਟ ਦੀ ਸ਼ਰਨ (ਜਿਸ ਨੇ ਚਾਰ ਮੈਂਬਰਾਂ ਦੀ ਕਮੇਟੀ ਦਾ ਗਠਨ ਕੀਤਾ, ਉਸ ਨੇ ਕੀ ਕੀਤਾ, ਪਤਾ ਨਹੀਂ), ਸਮਾਂ ਖਿੱਚਣ ਲਈ ਹਰ ਵਾਰਤਾ 'ਤੇ ਵਾਰਤਾ ਦੀ ਨਵੀਂ ਤਰੀਕ ਦੇਣਾ, ਰਾਹ ਖਾਲੀ ਕਰਨ ਦੇ

ਬਾਕੀ ਸਫ਼ਾ 30 'ਤੇ

## ਸਰਕਾਰ ਟੁੱਟ ਰਹੀ ਹੈ, ਅੰਦੋਲਨ ਵੱਧ ਰਿਹਾ ਹੈ: ਚੜੂਨੀ



ਤਿੰਨ ਖੇਤੀ ਕਾਨੂੰਨਾਂ ਦੀ ਵਾਪਸੀ ਲਈ ਚੱਲ ਰਹੇ ਅੰਦੋਲਨ ਦੇ 6 ਮਹੀਨੇ ਪੂਰੇ ਹੋਣ 'ਤੇ ਸ਼ੰਭੂ ਟੋਲ ਪਲਾਜ਼ਾ 'ਤੇ ਧਰਨੇ 'ਤੇ ਬੈਠੇ ਸੈਂਕੜੇ ਕਿਸਾਨਾਂ ਨੇ ਭਾਰਤੀ ਕਿਸਾਨ ਯੂਨੀਅਨ ਦੇ ਬੈਨਰ ਹੇਠ ਪ੍ਰਧਾਨ ਮੰਤਰੀ ਮੋਦੀ ਦਾ ਪੁਤਲਾ ਫੂਕਿਆ ਤੇ ਸਰਕਾਰ ਖ਼ਿਲਾਫ਼ ਨਾਅਰੇਬਾਜ਼ੀ ਕੀਤੀ। ਕਿਸਾਨਾਂ ਦਾ ਹੌਸਲਾ ਵਧਾਉਣ ਲਈ ਬੀਕੇਯੂ ਦੇ ਪ੍ਰਦੇਸ਼ ਪ੍ਰਧਾਨ ਗੁਰਨਾਮ ਸਿੰਘ ਚੜੂਨੀ ਸ਼ੰਭੂ ਟੋਲ ਪਲਾਜ਼ਾ 'ਤੇ ਪੁੱਜੇ।

ਇਸ ਮੌਕੇ ਚੜੂਨੀ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਨਾਲ ਗੱਲਬਾਤ ਹੋਵੇ ਜਾਂ ਨਾ ਹੋਵੇ ਅੰਦੋਲਨ ਉਦੋਂ ਤੱਕ ਚੱਲੇਗਾ, ਜਦੋਂ ਤੱਕ ਉਹ ਜਿੱਤ ਨਹੀਂ ਜਾਂਦੇ। ਉਨ੍ਹਾਂ ਆਖਿਆ ਕਿ ਸਰਕਾਰ ਸੋਚ ਰਹੀ ਸੀ ਕਿ ਜੇ ਕਿਸਾਨ ਲੰਮੇ ਸਮੇਂ ਤੱਕ ਬੈਠਣਗੇ ਤਾਂ ਅੰਦੋਲਨ ਟੁੱਟ ਜਾਵੇਗਾ ਜਦਕਿ ਅੰਦੋਲਨ ਵਧ ਰਿਹਾ ਹੈ ਅਤੇ ਸਰਕਾਰ ਟੁੱਟ ਰਹੀ ਹੈ, ਕਮਜ਼ੋਰ ਪੈ ਰਹੀ ਹੈ। ਉਨ੍ਹਾਂ ਦਾ ਅੰਦੋਲਨ ਪੂਰੇ ਦੇਸ਼ ਵਿੱਚ ਫੈਲ ਗਿਆ ਹੈ। ਉਨ੍ਹਾਂ ਆਖਿਆ ਕਿ ਕਿਸਾਨ ਦੇਸ਼ ਬਚਾਉਣ ਦੀ ਗੱਲ ਕਰ ਰਹੇ ਹਨ ਜਦਕਿ ਸਰਕਾਰ ਇਸ ਨੂੰ ਵੇਚਣ ਦੀ ਗੱਲ ਕਰ ਰਹੀ ਹੈ। ਉਨ੍ਹਾਂ ਆਖਿਆ, 'ਸਰਕਾਰ ਜਦੋਂ ਤੱਕ ਅੰਦੋਲਨ ਚਲਵਾਉਣਾ ਚਾਹੁੰਦੀ ਹੈ, ਉਸ ਦੀ ਮਰਜ਼ੀ। ਅਸੀਂ ਤਾਂ ਅੱਜ ਵੀ ਖ਼ਤਮ ਕਰਨ ਨੂੰ ਤਿਆਰ ਹਾਂ, ਸਰਕਾਰ ਸਾਡੀ ਮੰਗ ਮੰਨ ਲਵੇ।' ਬੀਕੇਯੂ ਦੇ ਜ਼ਿਲਾ ਮੀਤ ਪ੍ਰਧਾਨ ਗੁਲਾਬ ਸਿੰਘ ਦੇ ਪਿੰਡ ਮਾਣਕਪੁਰ ਵਿੱਚ ਪ੍ਰਧਾਨ ਮੰਤਰੀ ਦਾ ਪੁਤਲਾ ਫੂਕਿਆ ਗਿਆ ਅਤੇ ਕਾਲੇ ਝੰਡੇ ਲਹਿਰਾਏ ਗਏ। ਪੁਤਲੇ ਨੂੰ ਅੱਗ ਪਿੰਡ ਦੀਆਂ ਧੀਆਂ ਨੇ ਲਾਈ।

ਸਿੰਘੂ, ਟਿਕਰੀ ਅਤੇ ਗਾਜ਼ੀਪੁਰ ਦੇ ਬਾਰਡਰਾਂ ਤੋਂ ਆਗੂਆਂ ਨੇ ਕਿਸਾਨਾਂ ਨੂੰ ਹੋਰ ਲੰਬੀ ਲੜਾਈ ਦੀ ਤਿਆਰੀ ਵਿੱਢਣ ਦਾ ਹੋਕਾ ਦਿੱਤਾ। ਸਿੰਘੂ ਬਾਰਡਰ 'ਤੇ ਕਜ਼ਾਰੀਆ ਟਾਈਲਸ ਦੇ ਸ਼ੋਅਰੂਮ ਨੇੜੇ ਮੋਦੀ ਸਰਕਾਰ ਦਾ ਪੁਤਲਾ ਫੂਕਿਆ ਗਿਆ ਅਤੇ ਮੰਚ ਤੱਕ ਮਾਰਚ ਕੱਢਿਆ ਗਿਆ। ਟਿਕਰੀ ਬਾਰਡਰ ਤੋਂ ਕਿਸਾਨਾਂ ਨੇ ਹਰਿਆਣਾ ਦੇ ਪਿੰਡਾਂ ਵਿੱਚ ਕਾਲੇ ਝੰਡੇ ਮੋਟਰ ਸਾਈਕਲਾਂ 'ਤੇ ਟੰਗ ਕੇ ਮਾਰਚ ਕੱਢਿਆ ਅਤੇ ਟੈਂਟਾਂ ਉਪਰ ਵੀ ਕਾਲੇ ਝੰਡੇ ਲਹਿਰਾਏ। ਭਾਰਤੀ ਕਿਸਾਨ ਯੂਨੀਅਨ ਉਗਰਾਹਾਂ ਦੇ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਨੇ ਕਿਹਾ ਕਿ 7 ਸਾਲਾਂ ਤੋਂ ਰਾਜ ਚਲਾ ਰਹੀ ਮੋਦੀ ਸਰਕਾਰ ਨੇ ਕਾਲੇ ਕਾਨੂੰਨ ਲਿਆ ਕੇ ਖੇਤੀ ਖੇਤਰ ਨੂੰ ਕਾਰਪੋਰੇਟਾਂ ਦੀ ਝੋਲੀ 'ਚ ਪਾਉਣ ਦਾ ਮਨਸੂਬਾ ਬਣਾਇਆ ਹੈ ਜਿਸ ਨੂੰ ਪੂਰਾ ਨਹੀਂ ਹੋਣ ਦਿੱਤਾ ਜਾਵੇਗਾ।

# ਪੰਜਾਬ ਨੂੰ ਸਰਬਪੱਖੀ ਵਿਕਾਸ ਮਾਡਲ ਅਤੇ ਮਜ਼ਬੂਤ ਅਗਵਾਈ ਦੀ ਲੋੜ



ਹਰਸਿਮਰਨ ਸਿੰਘ

2017 ਵਿਚ ਕਾਂਗਰਸ ਪਾਰਟੀ ਅਤੇ ਇਸ ਦੇ ਮੁੱਖ ਮੰਤਰੀ ਦੇ ਅਹੁਦੇ ਦੇ ਉਮੀਦਵਾਰ ਕੈਪਟਨ ਅਮਰਿੰਦਰ ਸਿੰਘ ਸਿੱਖਾਂ ਸਮੇਤ ਸਾਰੇ ਪੰਜਾਬੀਆਂ ਨਾਲ ਕੁਝ ਵਿਸ਼ੇਸ਼ ਵਾਅਦੇ ਕਰਕੇ ਭਾਰੀ ਉਮੀਦਾਂ ਨਾਲ ਸੱਤਾ ਵਿਚ ਆਏ ਸਨ। ਪ੍ਰਕਾਸ਼ ਸਿੰਘ ਬਾਦਲ ਦੇ ਕਾਰਜਕਾਲ ਵਿਚ ਗੁਰੂ ਗ੍ਰੰਥ ਸਾਹਿਬ ਦੀ ਹੋਈ ਬੇਅਦਬੀ ਦੇ ਦੋਸ਼ੀਆਂ ਅਤੇ ਦੋ ਸਿੱਖਾਂ ਦੇ ਕਾਤਲਾਂ ਨੂੰ ਫੜਨ, ਪੰਜਾਬ ਵਿਚੋਂ ਨਸ਼ਿਆਂ ਦਾ ਖ਼ਾਤਮਾ ਕਰਨ, ਨੌਜਵਾਨਾਂ ਨੂੰ ਰੁਜ਼ਗਾਰ ਦੇਣ, ਮਹਿੰਗਾਈ ਦੂਰ ਕਰਨ ਅਤੇ ਹੋਰ ਸਹੂਲਤਾਂ ਆਦਿ ਦੇ ਵਾਅਦੇ ਕੀਤੇ ਗਏ ਸਨ। ਉਸ ਸਮੇਂ ਜਦੋਂ ਕਿ ਨਵੀਂ ਉੱਠੀ ਤੀਜੀ ਧਿਰ ਆਪ ਪਾਰਟੀ ਦਾ ਸੱਤਾ ਵਿਚ ਆਉਣਾ ਯਕੀਨੀ ਬਣ ਗਿਆ ਸੀ, ਤਾਂ ਸ: ਬਾਦਲ ਦੇ ਸ਼ਾਸਨ ਵਿਰੁੱਧ ਉਠੇ ਰੋਸ ਦਾ ਲਾਭ ਕਾਂਗਰਸ ਪਾਰਟੀ ਨੂੰ ਮਿਲ ਗਿਆ ਸੀ। ਕਾਂਗਰਸ ਸਰਕਾਰ ਨੇ ਬੇਅਦਬੀ ਕਾਂਡ ਦੀ ਜਾਂਚ ਕਰਵਾਉਣ ਲਈ ਕੁੰਵਰ ਵਿਜੇ ਪ੍ਰਤਾਪ ਸਿੰਘ ਦੀ ਅਗਵਾਈ ਹੇਠ ਇਕ ਟੀਮ ਬਣਾਈ ਸੀ ਜਿਸ ਨੇ ਆਪਣੀ ਰਿਪੋਰਟ ਵਿਚ ਸ਼ੱਕ ਦੀ ਸੂਈ ਬਾਦਲਾਂ ਵੱਲ ਉਠਾਈ ਸੀ। ਪਰ ਹਾਈ ਕੋਰਟ ਵਲੋਂ ਇਸ ਰਿਪੋਰਟ ਨੂੰ ਰੱਦ ਕਰਨ ਨਾਲ ਜਿਥੇ ਅਕਾਲੀ ਆਗੂ ਆਪਣੇ ਨਿਰਦੋਸ਼ ਹੋਣ ਦਾ ਦਾਅਵਾ ਕਰ ਰਹੇ ਹਨ, ਉਥੇ ਸਰਕਾਰ ਰੱਖਿਆਤਮਿਕ ਹੋ ਗਈ ਹੈ। ਜਿਸ ਢੰਗ ਨਾਲ ਕੁੰਵਰ ਵਿਜੇ ਪ੍ਰਤਾਪ ਸਿੰਘ ਨੇ ਇਸ ਮੁੱਦੇ ਉੱਤੇ ਅਸਤੀਫ਼ਾ ਦੇ ਦਿੱਤਾ ਤੇ ਇਹ ਮੁੱਦਾ 2017 ਵਾਂਗ ਇਕ ਵਾਰ ਫਿਰ ਭਾਵੁਕਤਾ ਪ੍ਰਾਪਤ ਕਰਦਾ ਜਾ ਰਿਹਾ ਹੈ, ਉਸ ਨਾਲ ਕਾਂਗਰਸੀ ਆਗੂਆਂ ਵਿਚ ਬੇਚੈਨੀ ਅਤੇ ਫੁੱਟ ਦੀ ਸਥਿਤੀ ਪੈਦਾ ਹੋ ਰਹੀ ਹੈ। ਉਹ ਮਹਿਸੂਸ ਕਰਦੇ ਹਨ ਕਿ ਉਹ ਦੋਸ਼ੀਆਂ ਨੂੰ ਸਜ਼ਾ ਨਾ ਦੁਆ ਸਕਣ ਦੀ ਨਮੋਸ਼ੀ ਕਾਰਨ ਪੰਜਾਬ ਵਾਸੀਆਂ, ਵਿਸ਼ੇਸ਼ ਕਰਕੇ ਸਿੱਖਾਂ ਦਾ ਕਿਵੇਂ ਸਾਹਮਣਾ ਕਰਨਗੇ ? ਇਸ ਹਾਲਾਤ ਵਿਚ ਜੇਕਰ ਇਹ ਮੁੱਦਾ 2017 ਵਾਂਗ ਇਕ ਵਾਰ ਫਿਰ ਕੇਂਦਰ ਵਿਚ ਆ ਜਾਂਦਾ ਹੈ ਤਾਂ ਕਾਂਗਰਸ ਪਾਰਟੀ ਦਾ ਸੱਤਾ ਵਿਚ ਆਉਣ ਦਾ ਦਾਅਵਾ ਕਮਜ਼ੋਰ ਪੈਂਦਾ ਜਾਏਗਾ। ਅਜਿਹੇ ਹਾਲਾਤ ਵਿਚ ਕੀ ਪੰਜਾਬ ਕਾਂਗਰਸ ਦੀ ਨਵੀਂ ਲੀਡਰਸ਼ਿਪ ਸਾਹਮਣੇ ਆਏਗੀ ?

ਦੂਸਰਾ, ਕਿਸਾਨੀ ਮੰਗਾਂ ਅਤੇ ਮੋਰਚੇ ਨੂੰ ਭਾਵੇਂ ਕੈਪਟਨ ਸਰਕਾਰ ਨੇ ਹਮਾਇਤ ਦਿੱਤੀ ਸੀ ਪਰ ਮੋਰਚੇ ਦੇ ਲਟਕ ਜਾਣ ਅਤੇ ਕਿਸਾਨ ਆਗੂਆਂ ਦੇ ਅਸਪੱਸ਼ਟ ਦ੍ਰਿਸ਼ਟੀਕੋਣ ਕਾਰਨ ਕਾਂਗਰਸ ਨੂੰ ਇਸ ਦਾ ਰਾਜਨੀਤਕ ਲਾਭ ਮਿਲਣਾ ਵੀ ਸ਼ੱਕੀ ਹੋ ਗਿਆ ਹੈ। ਪੰਜਾਬ ਵਿਚ ਨਸ਼ੇ ਖ਼ਤਮ ਕਰਨ, ਮਹਿੰਗਾਈ ਦੂਰ ਕਰਨ ਅਤੇ ਬੇਰੁਜ਼ਗਾਰੀ ਅਤੇ ਭ੍ਰਿਸ਼ਟਾਚਾਰ ਖ਼ਤਮ ਕਰਨ ਦੇ ਮਾਮਲੇ ਵਿਚ ਵੀ ਸਥਿਤੀ ਉਤਸ਼ਾਹਜਨਕ ਨਹੀਂ ਹੈ। ਕੋਵਿਡ-19 ਦੇ ਵਧਦੇ ਪ੍ਰਕੋਪ ਨਾਲ ਕਾਂਗਰਸ ਸਰਕਾਰ ਕਿਵੇਂ ਨਜਿੱਠੇਗੀ ਅਤੇ ਕੈਪਟਨ ਅਮਰਿੰਦਰ ਸਿੰਘ ਆਪਣੀ ਪਾਰਟੀ ਦੇ ਅੰਦਰਲੇ ਵਿਰੋਧ ਦਾ ਸਾਹਮਣਾ ਕਰਦਿਆਂ ਕਿਵੇਂ ਪੰਜਾਬ ਵਾਸੀਆਂ ਲਈ ਕੋਈ ਸਾਕਾਰਾਤਮਿਕ ਏਜੰਡਾ ਜਾਂ ਨਵਾਂ ਵਿਕਾਸ ਮਾਡਲ ਲੈ ਕੇ ਆਉਣਗੇ, ਜਿਸ ਨਾਲ ਉਹ ਸਾਰੇ ਵਰਗਾਂ ਦਾ ਸਮਰਥਨ ਪ੍ਰਾਪਤ ਕਰ ਸਕਣ, ਇਹ ਕੁਝ ਵੱਡੇ ਸਵਾਲ ਹਨ।

ਸ਼੍ਰੋਮਣੀ ਅਕਾਲੀ ਦਲ ਦਾ ਪੰਜਾਬ ਵਿਚ ਸੱਤਾਧਾਰੀ ਹੋਣ ਦਾ ਹੱਕ ਅਥਵਾ ਦਾਅਵਾ 1966-67 ਵਿਚ ਬਣ ਗਿਆ ਸੀ, ਜਿਸ ਨੇ 2017 ਤੱਕ ਕੁੱਲ ਮਿਲਾ ਕੇ 23-24 ਸਾਲ ਇਥੇ ਰਾਜ ਕੀਤਾ ਹੈ। ਅਕਾਲੀ ਦਲ ਨੇ ਸਿੱਖ ਪੰਥ ਦੇ ਰਾਜਸੀ ਸੁਪਨਿਆਂ, ਰੀਝਾਂ ਅਤੇ ਅਭਿਲਾਸ਼ਾਵਾਂ ਆਦਿ ਨੂੰ ਸੱਤਾ ਦੇ ਵੱਡੇ ਮਾਧਿਅਮ ਰਾਹੀਂ ਪੂਰਿਆਂ ਕਰਨ ਦਾ ਵਚਨ ਨਿਭਾਉਣਾ ਸੀ। ਇਸ ਨੇ ਪੰਜਾਬ ਨੂੰ ਪੂਰਨ ਕਰਵਾਉਣ ਲਈ ਜਿਥੇ ਜੱਦੋ ਜਹਿਦ ਕਰਨੀ ਸੀ, ਉਥੇ ਇਸ ਨੇ ਸਿੱਖ ਵਿਚਾਰਧਾਰਾ ਦੀਆਂ ਅੰਤਰ-ਦ੍ਰਿਸ਼ਟੀਆਂ ਅਨੁਸਾਰ ਕਲਿਆਣਕਾਰੀ ਰਾਜ ਮਾਡਲ ਰਾਹੀਂ ਅਤੇ ਲੋਕਾਂ ਨੂੰ ਆਦਰਸ਼ਕ ਸ਼ਾਸਨ-ਪ੍ਰਸ਼ਾਸਨ ਆਦਿ ਦੇਣ ਦਾ ਵਿਕਾਸ ਮਾਡਲ ਵਿਕਸਿਤ ਕਰਨਾ ਸੀ। ਸ੍ਰੀ ਅਨੰਦਪੁਰ ਸਾਹਿਬ ਦੇ ਮਤੇ ਰਾਹੀਂ ਇਸ ਸਬੰਧੀ ਸ਼ੁਰੂਆਤ ਕੀਤੀ ਗਈ ਸੀ ਪਰ ਇਹ ਮਤਾ ਖ਼ੁਦ ਅਕਾਲੀਆਂ ਵਲੋਂ ਹੀ ਵਿਸਾਰ ਦਿੱਤਾ। 2022 ਵਿਚ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਹੇਠ ਅਕਾਲੀ ਦਲ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਕਥਿਤ ਦੋਸ਼ਾਂ ਕਾਰਨ ਅਤੇ ਕਿਸਾਨੀ ਮੁੱਦਿਆਂ ’ਤੇ ਸਿੱਖਾਂ ਅਤੇ ਪੰਜਾਬੀਆਂ ਦੇ ਗੁੱਸੇ ਦਾ ਫਿਰ ਸ਼ਿਕਾਰ ਹੋ ਸਕਦਾ ਹੈ। ਅਜਿਹੀਆਂ ਘੁੰਮਣਘੇਰੀਆਂ ਵਿਚ ਉਲਝਿਆ ਇਹ ਦਲ ਪੰਜਾਬ ਵਾਸੀਆਂ ਨੂੰ ਕੋਈ ਸਪੱਸ਼ਟ ਵਿਕਾਸ ਮਾਡਲ ਜਾਂ ਸੱਤਾ ਵੱਲ ਜਾਂਦੇ ਰਾਹ ਦਾ ਕਾਰਗਰ ਏਜੰਡਾ ਨਹੀਂ ਦੇ ਪਾ ਰਿਹਾ। ਜਦੋਂ ਤੱਕ ਇਹ ਦਲ ਸਿੱਖ ਰਾਜਨੀਤੀ, ਸਿੱਖ ਸੰਸਥਾਵਾਂ ਅਤੇ ਸੱਤਾ ਦੀ ਸੰਸਥਾ ਨੂੰ ਨਵੇਂ ਸਿਰਿਉਂ ਸ਼ਕਤੀਸ਼ਾਲੀ ਕਰਨ ਲਈ ਕੋਈ ਨਵਾਂ ਪੰਜਾਬ-ਪੰਥਪ੍ਰਸਤ ਪ੍ਰੋਗਰਾਮ ਨਹੀਂ ਤਿਆਰ ਨਹੀਂ ਕਰਦਾ, ਉਦੋਂ ਤੱਕ ਇਸ ਨੂੰ ਸਿੱਖਾਂ ਅਤੇ ਹੋਰ ਪੰਜਾਬ ਵਾਸੀਆਂ ਦਾ ਵਿਸ਼ਵਾਸ ਜਿੱਤਣ ਵਿਚ ਔਖ ਆਏਗੀ। ਇਹ ਦਲ ਭਾਜਪਾ ਨਾਲੋਂ ਟੁੱਟੇ ਸਾਥ ਕਾਰਨ ਪੈਦਾ ਹੋਏ ਪਾੜੇ ਨੂੰ ਭਰਨ ਲਈ ਬਸਪਾ ਨਾਲ ਵੀ ਚੋਣ ਸਮਝੌਤਾ ਕਰ ਸਕਦਾ ਹੈ।

ਪੰਜਾਬ ਦੀ ਦੋ-ਧਿਰੀ ਰਾਜਨੀਤੀ ਅਤੇ ਚੋਣਾਂ ਵਿਚ ਤੀਜੀ ਧਿਰ ਦੀ ਪੈਦਾ ਹੋਈ ਲੋੜ ਅਤੇ ਥਾਂ ਨੂੰ 2014 ਵਿਚ ਆਮ ਆਦਮੀ ਪਾਰਟੀ ਨੇ ਜਿਵੇਂ ਵੀ ਭਰਿਆ ਉਸ ਦਾ ਇਕ ਵੱਡਾ ਨਤੀਜਾ ਇਸ ਪਾਰਟੀ ਦਾ 2017 ਵਿਚ ਪੰਜਾਬ ਸੱਤਾ ਦੀ ਇਕ ਦਾਅਵੇਦਾਰ ਧਿਰ ਦੇ ਰੂਪ ਵਿਚ ਨਿਕਲਿਆ। ਪਰ ਇਸ ਪਾਰਟੀ ਦੀ ਬਜਾਏ ਪੰਜਾਬੀਆਂ ਨੇ ਕੈਪਟਨ ਅਮਰਿੰਦਰ ਸਿੰਘ ਨੂੰ ਤਰਜੀਹ ਦਿੱਤੀ। ਇਸ ਪਾਰਟੀ ਨੇ ਅਕਾਲੀ ਦਲ ਨੂੰ ਪਛਾੜ ਕੇ ਵਿਰੋਧੀ ਧਿਰ ਦਾ ਅਧਿਕਾਰਤ ਦਰਜਾ ਤਾਂ ਪ੍ਰਾਪਤ ਕਰ ਲਿਆ ਸੀ ਪਰ ਇਸ ਵਿਚ ਪਈ ਫੁੱਟ ਅਤੇ ਹੋਰ ਕਾਰਨਾਂ ਕਰਕੇ ਪੰਜਾਬੀਆਂ ਵਲੋਂ ਇਸ ਤੀਜੀ ਧਿਰ ਵਿੱਚ ਜਤਾਏ ਗਏ ਵਿਸ਼ਵਾਸ ਨੂੰ ਵੱਡੀ ਸੱਟ ਲਗੀ ਹੈ।

ਅਕਾਲੀ ਦਲ ਵਿਚੋਂ ਬਾਹਰ ਆਏ ਸ. ਸੁਖਦੇਵ ਸਿੰਘ ਢੀਂਡਸਾ, ਸ. ਰਣਜੀਤ ਸਿੰਘ ਬ੍ਰਹਮਪੁਰਾ ਅਤੇ ਹੋਰ ਆਗੂ ਆਪਣੇ ਆਪ ਨੂੰ ਪੰਜਾਬ ਦੀ ਰਾਜਨੀਤੀ ਅਤੇ ਸੱਤਾ ਦੀ ਚੌਥੀ ਧਿਰ ਸਮਝਦੇ ਹਨ। 1985 ਤੋਂ ਸਾਰੀਆਂ ਸੰਘਰਸ਼ਸ਼ੀਲ ਧਿਰਾਂ ਵੋਟ ਰਾਜਨੀਤੀ ਵਿਚ ਅਸਫਲ ਹੁੰਦੀਆਂ ਆ ਰਹੀਆਂ ਹਨ, ਪਰ ਆਪਣੀ ਪੰਥਕ-ਜਜ਼ਬਾਤੀ ਅਪੀਲ ਦੇ ਆਧਾਰ ’ਤੇ ਇਹ ਖਿੰਡਤ ਗਰੁੱਪ ਕਿਸੇ ਇਕ ਪਾਰਟੀ ਨੂੰ ਜਿਤਾਉਣ ਅਤੇ ਦੂਸਰੀ ਨੂੰ ਹਰਾਉਣ ਦੀ ਸਮਰੱਥਾ ਜ਼ਰੂਰ ਰੱਖਦੇ ਹਨ। ਇਹ ਧਿਰਾਂ 2022 ਦੀਆਂ ਚੋਣਾਂ ਵਿਚ ਆਪਣੀ ਅਜਿਹੀ ਭੂਮਿਕਾ ਜ਼ਰੂਰ ਨਿਭਾਉਣਗੀਆਂ। ਇਸ ਹਾਲਾਤ ਵਿਚ ਸਰਕਾਰਾਂ ਅਤੇ ਬਾਦਲ ਅਕਾਲੀ ਦਲ ਵਿਰੁੱਧ ਲੜਦੇ ਆ ਰਹੇ ਅਕਾਲੀ ਦਲ, ਲੋਕ ਇਨਸਾਫ਼ ਪਾਰਟੀ, ਸੁਖਪਾਲ ਸਿੰਘ ਖਹਿਰਾ, ਭਾਈ ਰਣਜੀਤ ਸਿੰਘ, ਦਲ ਖਾਲਸਾ, ਖੱਬੇ-ਪੱਖੀ ਧਿਰਾਂ, ਬਸਪਾ ਅਤੇ ਕੁਝ ਕਿਸਾਨ ਆਗੂ ਅਤੇ ਨੌਜਵਾਨ ਸ਼ਕਤੀ 2022 ਦੀਆਂ ਚੋਣਾਂ ਲਈ ਸੰਗਠਿਤ ਹੋ ਕੇ ਜੇਕਰ ਕੋਈ ਗੱਠਜੋੜ ਬਣਾ ਕੇ ਆਮ ਆਦਮੀ ਪਾਰਟੀ ਨਾਲ ਕੋਈ ਚੋਣ ਸਮਝੌਤਾ ਕਰਦੇ ਹਨ ਤਾਂ ਕਾਂਗਰਸ ਅਤੇ ਅਕਾਲੀ ਦਲ ਤੋਂ ਹਟਵੀਂ ਅਜਿਹੀ ਸੰਜੀਦਾ ਤੀਜੀ ਧਿਰ ਪੰਜਾਬ ਵਾਸੀਆਂ ਦਾ ਵਿਸ਼ਵਾਸ ਪ੍ਰਾਪਤ ਕਰ ਸਕਦੀ ਹੈ, ਪਰ ਇਹ ਇਕ ਔਖਾ ਚੁਣੌਤੀ ਭਰਪੂਰ ਕਾਰਜ ਹੈ। ਪੰਜਾਬ ਤੋਂ ਭਾਰਤ ਤੱਕ ਵਿਰੋਧ ਦਾ ਸਾਹਮਣਾ ਕਰ ਰਹੀ ਭਾਜਪਾ ਪੰਜਾਬ ਵਿਚ ਕਿਹੋ ਜਿਹੀ ਚੋਣ ਰਣਨੀਤੀ ਬਣਾਏਗੀ, ਇਹ ਵੇਖਣਾ ਵੀ ਦਿਲਚਸਪ ਹੋਏਗਾ। ਕਿਸਾਨਾਂ ਦੀਆਂ ਵੱਖ-ਵੱਖ ਜਥੇਬੰਦੀਆਂ ਕਿਹੜੀ ਪਾਰਟੀ ਜਾਂ ਧਿਰ ਪਿੱਛੇ ਆਪਣਾ ਵਜ਼ਨ ਸੁੱਟਣਗੀਆਂ ਜਾਂ ਉਹ ਖ਼ੁਦ ਚੋਣ ਲੜਨਗੀਆਂ, ਇਨਾਂ ਫ਼ੈਸਲਿਆਂ ਉੱਤੇ ਵੀ 2022 ਚੋਣਾਂ ਦੇ ਨਤੀਜੇ ਨਿਰਭਰ ਕਰਨਗੇ।

ਪਰ ਜੋ ਧਿਰ ਸਰਬਪੱਖੀ ਵਿਕਾਸ ਮਾਡਲ, ਵਿਸ਼ੇਸ਼ ਕਰਕੇ ਕਿਸਾਨੀ ਅਤੇ ਖੇਤੀ ਸਮੱਸਿਆਵਾਂ ਦਾ ਹੱਲ ਕਰਨ ਲਈ ਮਜ਼ਬੂਤ ਲੀਡਰਸ਼ਿਪ ਦੀ ਅਗਵਾਈ ਹੇਠ ਇਕ ਨਵਾਂ ਵਿਕਾਸ ਮਾਡਲ ਲੈ ਕੇ ਆਏਗੀ ਅਤੇ ਪੰਜਾਬੀਆਂ ਵਿਚ ਆਪਣੀ ਵਿਸ਼ਵਾਸ ਯੋਗਤਾ ਸਥਾਪਤ ਕਰੇਗੀ, ਉਹ ਹੀ ਪੰਜਾਬ ਦੀ ਸੱਤਾ ਉੱਤੇ ਕਾਬਜ਼ ਹੋ ਸਕੇਗੀ। ਸਪੱਸ਼ਟ ਹੈ ਕਿ ਰਾਜਨੀਤਕ ਵਿਚਾਰਧਾਰਕ ਆਧਾਰ ਅਤੇ ਵੱਡੀ ਭਵਿੱਖ-ਦ੍ਰਿਸ਼ਟੀ ਤੋਂ ਬਿਨਾਂ ਕੋਈ ਵਿਕਾਸ ਅਤੇ ਸ਼ਾਸਕੀ-ਪ੍ਰਸ਼ਾਸਕੀ ਮਾਡਲ ਨਹੀਂ ਸਿਰਜਿਆ ਜਾ ਸਕਦਾ।

HOTHI FREIGHTLINES
HOTHI FREIGHTLINES
ਸਾਨੂੰ ਓਨਰ ਅਪਰੇਟਰ ਅਤੇ ਡਰਾਈਵਰਾਂ ਦੀ ਲੋੜ ਹੈ।
• California to Michigan, New Jersey Florida & Texas • Dedicated Load (ਪੱਕੇ ਲੋਡ)


ਹੋਰ ਜਾਣਕਾਰੀ ਲਈ ਸੰਪਰਕ ਕਰੋ ਜੀ
ਗੁਰਜੀਤ ਸਿੰਘ ਹੋਠੀ (408) 332-9355
248 South Hillview Dr Milpitas CA 95035

# 26 ਨਵੰਬਰ ਤੋਂ 26 ਮਈ ਤੱਕ ਕਿਸਾਨੀ ਅੰਦੋਲਨ



**ਬਘੇਲ ਸਿੰਘ ਧਾਲੀਵਾਲ**
99142-58142

ਅੰਦੋਲਨ ਦੀ ਸ਼ੁਰੂਆਤ ਭਾਵੇਂ ਕਿਸਾਨ ਜਥੇਬੰਦੀਆਂ ਨੇ ਦਿੱਲੀ ਜਾਣ ਤੋਂ ਕਾਫੀ ਸਮਾਂ ਪਹਿਲਾਂ ਕਰ ਦਿੱਤੀ ਸੀ। ਪੰਜਾਬ ਦੀਆਂ ਰੇਲਵੇ ਲਾਇਨਾਂ, ਟੋਲ ਪਲਾਜਿਆਂ, ਸ਼ੌਪਿੰਗ ਮਾਲਾਂ, ਪੈਟਰੋਲ ਪੰਪਾਂ ਵੱਖ-ਵੱਖ ਥਾਵਾਂ ’ਤੇ ਧਰਨੇ ਲਾ ਕੇ ਕਿਸਾਨਾਂ ਨੇ ਸਰਮਾਏਦਾਰ ਜਮਾਤ ਨੂੰ ਇਹ ਸੁਨੇਹਾ ਦੇਣ ਦੀ ਕੋਸ਼ਿਸ਼ ਕੀਤੀ ਸੀ ਕਿ ਪੰਜਾਬ ਦੇ ਕਿਸਾਨਾਂ ਦੀਆਂ ਜਮੀਨਾਂ ਖੋਹਣ ਦਾ ਤੁਹਾਡਾ ਸੁਪਨਾ ਐਨਾ ਜਲਦੀ ਪੂਰਾ ਹੋਣ ਵਾਲਾ ਨਹੀਂ, ਬਲਕਿ ਸਾਡੀ ਰੋਜੀ ਰੋਟੀ ਖੋਹਣ ਵੱਲ ਵੱਧਦੇ ਤੁਹਾਡੇ ਕਦਮਾਂ ਦੀ ਦੜਦੜਾਹਟ ਨੇ ਸਾਨੂੰ ਗੂੜੀ ਨੀਂਦ ਵਿਚੋਂ ਜਗਾਉਣ ਦਾ ਕੰਮ ਕੀਤਾ ਹੈ।ਪੰਜਾਬ ਦੀ ਜਰਖੇਜ ਧਰਤੀ ਨੂੰ ਕਾਰਖਾਨਿਆਂ ਵਿਚ ਬਦਲਣ ਦੀ ਤੁਹਾਡੀ ਮੁਨਾਫਾਖੋਰ ਯੋਜਨਾ ਨੇ ਸਾਨੂੰ ਇਹ ਸੋਚਣ ਲਈ ਮਜਬੂਰ ਕਰ ਦਿੱਤਾ ਹੈ ਕਿ ਤੁਹਾਡੇ ਪੰਜਾਬ ਸਮੇਤ ਪੂਰੇ ਭਾਰਤ ਅੰਦਰ ਚੱਲ ਰਹੇ ਕਾਰੋਬਾਰ ਸਾਡੇ ਲਈ ਸਹੂਲਤ ਨਹੀਂ, ਬਲਕਿ ਸਮੁੱਚੇ ਵਰਗਾਂ ਦੇ ਲੋਕਾਂ ਦੀਆਂ ਨਸਲਾਂ ਦੀ ਬਰਬਾਦੀ ਦਾ ਮੁੱਢ ਸਾਬਤ ਹੋਣ ਵਾਲੀਆਂ ਹਨ, ਜਿਨਾਂ ਨੂੰ ਪੰਜਾਬ ਦੇ ਲੋਕਾਂ ਨੇ ਸਮਝਿਆ ਹੀ ਨਹੀਂ ਸੀ। ਜਦੋਂ ਪਿਛਲੇ ਸਾਲ 2020 ਵਿਚ ਭਾਰਤ ਦੀ ਸਰਮਾਏਦਾਰ ਪੱਖੀ ਸਰਕਾਰ ਨੇ ਤਿੰਨ ਕਾਲੇ ਖੇਤੀ ਕਾਨੂੰਨ ਪਾਸ ਕੀਤੇ, ਤਾਂ ਜਾ ਕੇ ਲੋਕਾਂ ਦੀ ਜਾਗ ਖੁੱਲੀ ਕਿ ਕਿਸ ਤਰਾਂ ਮੁੱਠੀ ਭਰ ਕਾਰਪੋਰੇਟ ਜਗਤ ਭਾਰਤ ਦੇ 140 ਕਰੋੜ ਲੋਕਾਂ ਨੂੰ ਆਪਣੀ ਕਠਪੁਤਲੀ ਬਣਾਉਣਾ ਚਾਹੁੰਦਾ ਹੈ। ਇਹ ਸਿਹਰਾ ਪੰਜਾਬ ਦੇ ਅਣਖੀ ਲੋਕਾਂ ਸਿਰ ਜਾਂਦਾ ਹੈ, ਜਿਹੜੇ ਪਹਿਲਾਂ ਆਪ ਜਾਗੇ ਅਤੇ ਫਿਰ ਪੂਰੇ ਦੇਸ਼ ਨੂੰ ਜਗਾਇਆ। ਭਾਰਤ ਸਰਕਾਰ ਦੀ ਇਸ ਬਦਨੀਤੀ ਦੇ ਖਿਲਾਫ ਉੱਠੇ ਰੋਹ ਦਾ ਹੀ ਕਮਾਲ ਸੀ ਕਿ ਹਮੇਸ਼ਾ ਬੁੱਢੇ ਠੇਰਿਆਂ ਤੇ ਅਨਪੜ ਕਿਸਾਨਾਂ ਦੀਆਂ ਸਮਝੀਆਂ ਜਾਣ ਵਾਲੀਆਂ ਕਿਸਾਨ ਜਥੇਬੰਦੀਆਂ ਦੇ ਇਕੱਠਾਂ ਵਿੱਚ ਪੰਜਾਬ ਦਾ ਗੱਭਰੂ ਵੀ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕਰਦਾ ਦੇਖਿਆ ਗਿਆ। ਬਿਨਾਂ ਸ਼ੱਕ ਗੱਭਰੂਆਂ ਦੀ ਸ਼ਮੂਲੀਅਤ ਨੇ ਇਸ ਕਿਸਾਨੀ ਘੋਲ ਨੂੰ ਦੇਸ਼ ਦੇ ਲੋਕਾਂ ਦੀ ਵੱਡੀ ਲਹਿਰ ਬਣਾਉਣ ਵਿੱਚ ਸੋਨੇ ਤੇ ਸੁਹਾਗੇ ਵਾਲਾ ਕੰਮ ਕੀਤਾ। ਕਿਸਾਨ ਜਥੇਬੰਦੀਆਂ ਨੇ ਨੌਜਵਾਨੀ ਦੇ ਹੌਂਸਲੇ ਅਤੇ ਸਮਰਪਣ ਦੀ ਭਾਵਨਾ ਨੂੰ ਦੇਖਦਿਆਂ ਹੀ ਦਿੱਲੀ ਜਾਣ ਦਾ ਹੋਕਾ ਦੇ ਦਿੱਤਾ। ਇਹ ਵੀ ਝੂਠ ਨਹੀਂ ਕਿ ਕਿਸਾਨ ਜਥੇਬੰਦੀਆਂ ਦੇ ਆਗੂਆਂ ਨੇ ਦਿੱਲੀ ਵੱਲ ਕੂਚ ਕਰਨ ਦਾ ਨਾਹਰਾ ਦਿੱਤਾ ਸੀ, ਜਿਸ ’ਤੇ ਪਹਿਰਾ ਦਿੰਦਿਆਂ ਹੀ ਪੰਜਾਬੀ ਨੌਜਵਾਨਾਂ ਨੇ ਇਸ ਫੈਸਲੇ ਨੂੰ ਅਮਲੀ ਰੂਪ ਵਿਚ ਸਮਝਿਆ ਤੇ ਲਾਗੂ ਕੀਤਾ। ਇਸ ਤੋਂ ਪਹਿਲਾਂ ਏਥੇ ਇਹ ਸਮਝਣਾ ਵੀ ਬੇਹੱਦ ਜ਼ਰੂਰੀ ਹੋਵੇਗਾ ਕਿ ਦਿੱਲੀ ਜਾਣ ਦੇ ਹੋਕੇ ਤੋਂ ਬਾਅਦ ਇੱਕਦਮ ਹੀ ਪੰਜਾਬ ਦੀ ਜੁਆਨੀ ਵਿਚ ਐਨਾ ਜੋਸ਼ ਕਿੱਥੋਂ ਆ ਗਿਆ ਕਿ ਉਹ ਦਿੱਲੀ ਜਾਣ ਲਈ ਕਾਹਲੇ ਪੈ ਗਏ। ਪਹਿਲੀ ਗੱਲ ਤਾਂ ਇਹ ਹੈ ਕਿ ਦਿੱਲੀ ਵੱਲ ਕੂਚ ਕਰਨਾ ਸ਼ਬਦ ਹੀ ਆਪਣੇ ਆਪ ਵਿੱਚ ਇੱਕ ਵਿਦਰੋਹ ਦਾ ਹੋਕਾ ਹੈ, ਜਿਸ ਨੇ ਪੰਜਾਬ ਦੀ ਜੁਆਨੀ ਨੂੰ ਜਜ਼ਬਾਤਾਂ ਨਾਲ ਲਬਰੇਜ ਕਰ ਦਿੱਤਾ। ਇਸ ਹੋਕੇ ਤੋਂ ਬਾਅਦ ਹੀ ਪੰਜਾਬੀਆਂ ਅੰਦਰ ਉਨਾਂ ਦੇ ਸ਼ਾਨਾਮੱਤੇ ਵਿਰਸੇ ਨੇ ਅੰਗੜਾਈ ਭਰੀ। ਇਹ ਅੰਗੜਾਈ ਕੋਈ ਮਾਰਕਸ, ਲੈਨਿਨ ਜਾਂ ਮਾਓ ਦੇ ਕਿਤਾਬੀ ਗਿਆਨ ਵਿਚੋਂ ਨਹੀਂ ਪਣਪੀ, ਬਲਕਿ ਉੱਨੀਵੀਂ ਸਦੀ ਦੇ ਮਹਾਨ ਸਿੱਖ ਜਰਨੈਲਾਂ ਬਾਬਾ ਬਘੇਲ ਸਿੰਘ ਹੋਰਾਂ ਦੇ ਸਿਰਜੇ ਹਕੀਕੀ ਇਤਿਹਾਸ ਦੇ ਕੁਦਰਤੀ ਗਿਆਨ ਵਿਚੋਂ ਰਚੀ ਗਈ।ਅਜਿਹਾ ਗਿਆਨ ਜਿਹੜਾ ਕਿਸੇ ਲਹੂ ਲਿਬੜੀ ਤਲਵਾਰ ਵਿਚ ਜਨਮੀ ਕੌਮ ਦੀ ਰਗ ਰਗ ਵਿੱਚ ਸਮੋਇਆ ਹੁੰਦਾ ਹੈ, ਇਸ ਲਈ ਅਜਿਹੀ ਅੰਗੜਾਈ ਜਾਗਦੀਆਂ ਕੌਮਾਂ ਅਕਸਰ ਹੀ ਭਰਦੀਆਂ ਹਨ ਅਤੇ ਜਦੋਂ ਅਜਿਹੀ ਅੰਗੜਾਈ ਭਰਦੀਆਂ ਹਨ ਤਾਂ ਉਨਾਂ ਦੀ ਇਹ ਅੰਗੜਾਈ ਮੀਲ ਪੱਥਰ ਸਾਬਤ ਹੋ ਨਿਬੜਦੀ ਹੈ। ਇਸ ਵਰਤਾਰੇ ਨੂੰ ਕੁਦਰਤੀ ਕਹਿਣਾ ਜਾਂ ਅਕਾਲ ਪੁਰਖ ਦੀ



ਕਲਾ ਵਰਤਣ ਵਰਗਾ ਨਾਮ ਦੇਣਾ ਇਸ ਲਈ ਵਾਜਬ ਹੈ, ਕਿਉਂਕਿ ਸਿੱਖ ਇੱਕ ਅਜਿਹੀ ਕੌਮ ਹੈ ਜਿਹੜੀ ਪੈਦਾ ਹੀ ਗੁਰੂ ਦੇ ਕੌਤਕ ਵਿਚੋਂ ਹੋਈ ਹੈ। 1699 ਦੀ ਵਿਸਾਖੀ ਨੂੰ ਜਿਹੜਾ ਦੁਨੀਆਂ ਦੇ ਇਤਿਹਾਸ ਵਿੱਚ ਪਹਿਲਾ ਰਾਜਸੀ ਇਨਕਲਾਬ ਆਇਆ, ਜਿਸ ਨੇ ਲੋਕਤੰਤਰ ਪ੍ਰਣਾਲੀ ਦੀ ਨੀਂਹ ਰੱਖੀ, ਉਹ ਵੀ ਇੱਕ ਕੌਤਿਕ ਸੀ, ਰਜ਼ਾ ਸੀ ਓਸ ਅਕਾਲ ਪੁਰਖ ਦੀ, ਇੱਕ ਕਲਾ ਵਰਤੀ ਸੀ ਅਨੰਦਪੁਰ ਦੀ ਧਰਤੀ ਤੇ, ਜਿਸ ਵਿਚੋਂ ਖਾਲਸਾ ਕੌਮ ਪਰਗਟ ਹੋਈ ਸੀ।‘ਸਾਹਿਬੇ ਕਮਾਲ’ ਦੀ ਕਿਰਪਾਨ ਵਿਚੋਂ ਪਰਗਟ ਹੋਈ ਕੌਮ ਨੇ ਤਖਤਾਂ ਨੂੰ ਅਜਿਹੇ ਵਖਤ ਪਾਏ ਕਿ ਹਰ ਪਾਸੇ ਖਾਲਸੇ ਦਾ ਬੋਲਬਾਲਾ ਹੋ ਗਿਆ। ਜਿਹੜੇ ਲੋਕ ਅੱਜ ਗੁਰੂ ਦੀ ਕਲਾ ਵਰਤਣ ਵਰਗੇ ਸ਼ਬਦਾਂ ਤੇ ਤਨਜਾਂ ਕਸਦੇ ਹਨ, ਸ਼ਾਇਦ ਉਨਾਂ ਨੇ ਸਿੱਖ ਇਤਿਹਾਸ ਨੂੰ ਜਾਂ ਤਾਂ ਪੜਿਆ ਹੀ ਨਹੀਂ ਜਾਂ ਫਿਰ ਲੈਨਿਨ, ਮਾਓ ਅਤੇ ਭਗਵੀਂ ਐਨਕ ਨਾਲ ਪੜਿਆ ਹੈ, ਕਿਉਂਕਿ ਜੇਕਰ ਸਹੀ ਨਜ਼ਰੀਏ ਨਾਲ ਜਾਣਿਆ ਹੁੰਦਾ, ਕਦੇ ਵੀ ਉਨਾਂ ਨੂੰ ਗੁਰੂ ਦੀ ਕਲਾ ਤੇ ਸੰਦੇਹ ਨਹੀਂ ਸੀ ਹੋ ਸਕਦਾ। ਇੱਥੇ ਸੁਆਲ ਪੈਦਾ ਹੁੰਦਾ ਹੈ ਕਿ ਜਿਹੜੇ ਨਿਤਾਣੇ, ਦੱਬੇ ਕੁਚਲੇ ਸੂਦਰ ਲੋਕ ਸਿੰਘ ਸਿਰਦਾਰ ਸਜ ਕੇ ਸ਼ਾਹੀ ਤਖਤਾਂ ਨਾਲ ਟੱਕਰ ਲੈਣ ਦੇ ਸਮਰੱਥ ਹੋ ਗਏ ਤੇ ਜਿਨਾਂ ਨੇ ਸੈਂਕੜੇ ਸਾਲਾਂ ਦੇ ਸਥਾਪਤ ਰਾਜ ਪ੍ਰਬੰਧ ਨੂੰ ਖਦੇੜ ਕੇ ਰੱਖ ਦਿੱਤਾ, ਕੀ ਉਹ ਵਰਤਾਰਾ ਗੁਰੂ ਦੇ ਕੌਤਕ ਤੋਂ ਬਗੈਰ ਸੰਭਵ ਹੋ ਸਕਦਾ ਸੀ ? ਇੱਕ ਪਾਸੇ ਸੈਂਕੜੇ ਸਾਲਾਂ ਦਾ ਸਥਾਪਤ ਰਾਜ ਪ੍ਰਬੰਧ ਅਤੇ ਦੂਸਰੇ ਪਾਸੇ ਸੈਂਕੜੇ ਸਾਲਾਂ ਦੀ ਹਕੂਮਤੀ ਗੁਲਾਮੀ ਅਤੇ ਜਾਤੀ ਵੰਡ ਦੇ ਸਤਾਏ ਉਹ ਮੁੱਠੀ ਭਰ ਲੋਕ, ਜਿਨਾਂ ਦਾ ਜੀਵਨ ਪੱਧਰ ਪਸ਼ੂਆਂ ਤੋਂ ਵੀ ਮਾੜਾ ਹੋਵੇ, ਜੇਕਰ ਉਹ ਲੋਕ ਅਜਿਹੇ ਪ੍ਰਬੰਧ ਨੂੰ ਖਦੇੜ ਦੇਣ ਤਾਂ ਇਹ ਮੰਨਣਾ ਹੋਵੇਗਾ ਕਿ ਇਹ ਗੁਰੂ ਦੀ ਲਹੂ ਲਿਬੜੀ ਕਿਰਪਾਨ ਨੇ ਕੌਤਕ ਵਰਤਾਇਆ ਹੈ, ਭਾਵ ਗੁਰੂ ਦੀ ਕਲਾ ਹੀ ਵਰਤੀ ਹੈ।ਦਿੱਲੀ ਜਾਣ ਤੋਂ ਪਹਿਲਾਂ ਇਹ ਗੱਲ ਚੰਗੀ ਤਰਾਂ ਸਮਝਣੀ ਪਵੇਗੀ ਕਿ 26 ਨਵੰਬਰ 2020 ਤੋਂ ਪਹਿਲਾਂ ਜੋ ਜਨੂੰਨ ਪੰਜਾਬ ਦੇ ਕਿਸਾਨਾਂ ਵਿਚ ਦੇਖਿਆ ਗਿਆ, ਉਹ ਖੱਬੇਪੱਖੀ ਸੋਚ ਦਾ ਜਜ਼ਬਾ ਨਹੀਂ ਬਲਕਿ ਉੱਪਰ ਦੱਸੇ ਇਤਿਹਾਸ ਵਿਚੋਂ ਭਰੀ ਗਈ ਅੰਗੜਾਈ ਦੀ ਵਜਾ ਕਰਕੇ ਹੀ ਸੰਭਵ ਹੋ ਸਕਿਆ। ਇੱਥੇ ਇਹ ਕਹਿਣ ਵਿੱਚ ਵੀ ਕੋਈ ਗੁਰੇਜ਼ ਨਹੀਂ ਕਿ ਤੰਬਾਕੂ ਵਿਚ ਧੁਆਂਖੀ ਅਤੇ ਸ਼ਰਾਬ ਵਿਚ ਡੁੱਬੀ ਸੋਚ ਕਦੇ ਵੀ ਇਤਿਹਾਸ ਸਿਰਜਣ ਦੇ ਸਮਰੱਥ ਨਹੀਂ ਹੋ ਸਕਦੀ, ਇਸ ਲਈ ਇਹ ਸਵੀਕਾਰ ਕਰਨਾ ਹੀ ਪਵੇਗਾ ਕਿ ਦਿੱਲੀ ਵੱਲ ਕੂਚ ਦਾ ਨਾਹਰਾ ਭਾਵੇਂ ਕਿਸਾਨ ਜਥੇਬੰਦੀਆਂ ਨੇ ਦਿੱਤਾ, ਪਰ ਉਹਦੇ ਅੰਦਰਲੀ ਵਿਦਰੋਹੀ ਭਾਵਨਾ ਨੂੰ ਕਿਸਾਨ ਜਥੇਬੰਦੀਆਂ ਦੇ ਆਗੂਆਂ ਨੇ ਨਹੀਂ ਬਲਕਿ ਨੌਜਵਾਨੀ ਅਤੇ ਅਨਪੜ੍ਹ ਕਿਸਾਨੀ ਨੇ ਸਿੱਖੀ ਵਿਰਸੇ ਵਿਚੋਂ ਮਿਲੀ ਰੋਸ਼ਨੀ ਦੇ ਨਾਲ ਅਮਲ ਵਿਚ ਲਿਆਂਦਾ। 26 ਨਵੰਬਰ ਨੂੰ ਜਦੋਂ ਕਿਸਾਨਾਂ ਨੇ ਦਿੱਲੀ ਵੱਲ ਚਾਲੇ ਪਾਏ ਤਾਂ ਉਦੋਂ ਤੱਕ ਵੀ ਜਥੇਬੰਦੀਆਂ ਨੂੰ ਇਹ ਇਲਮ ਨਹੀਂ ਸੀ ਕਿ ਅੱਗੇ ਕੀ ਕਲਾ ਵਰਤਣ ਵਾਲੀ ਹੈ, ਬਲਕਿ ਉਨਾਂ ਵਿਚੋਂ ਬਹੁਤ ਸਾਰੇ

## ਛੇ ਮਹੀਨੇ ਦਾ ਲੇਖਾ ਜੋਖਾ

ਆਗੂਆਂ ਦਾ ਦੱਬਵੀਂ ਅਵਾਜ ਵਿੱਚ ਇਹ ਕਹਿਣਾ ਹੈ ਕਿ ਸਾਡਾ ਪ੍ਰੋਗਰਾਮ ਜਿੱਥੇ ਸਰਕਾਰ ਰੋਕ ਲਵੇਗੀ, ਉੱਥੇ ਹੀ ਧਰਨਾ ਲਾਉਣ ਦਾ ਸੀ, ਸਾਨੂੰ ਇਹ ਬਿਲਕੁਲ ਵੀ ਉਮੀਦ ਨਹੀਂ ਸੀ ਕਿ ਅਸੀਂ ਇੱਕ ਦਿਨ ਦਿੱਲੀ ਪਹੁੰਚ ਕੇ ਇਤਿਹਾਸਕ ਅੰਦੋਲਨ ਸਿਰਜਣ ਵਾਲੇ ਲੋਕਾਂ ਵਿਚੋਂ ਗਿਣੇ ਜਾਵਾਂਗੇ। ਇਹੋ ਕਾਰਨ ਸੀ ਕਿ 26 ਜਨਵਰੀ ਨੂੰ ਰੋਸ ਮਾਰਚ ਦੇ ਸੱਦੇ ਤੋਂ ਬਾਅਦ ਜਿਸ ਤਰਾਂ ਕਿਸਾਨੀ ਅੰਦੋਲਨ ਦੀ ਸਟੇਜ ਤੋਂ ਕਿਸਾਨਾਂ ਨੂੰ ਉਤਸ਼ਾਹਤ ਅਤੇ ਉਕਸਾਉਣ ਵਾਲੇ ਬਿਆਨ ਆਉਂਦੇ ਰਹੇ, ਉਨਾਂ ਨੇ ਪੰਜਾਬੀ ਨੌਜਵਾਨਾਂ ਅੰਦਰ ਬਲ ਰਹੀ ਦਿੱਲੀ ਖਿਲਾਫ ਰੋਹ ਦੀ ਚਿੰਗਾੜੀ ਨੂੰ ਹੋਰ ਭੜਕਾਉਣ ਦਾ ਕੰਮ ਕੀਤਾ। ਭਾਵੇਂ ਕਿਸਾਨੀ ਅੰਦੋਲਨ ਦੇ ਡਰੇ ਹੋਏ ਨੇਤਾ ਹਾਲਾਤਾਂ ਨੂੰ ਭਾਂਪ ਗਏ ਸਨ, ਇਸ ਕਰਕੇ ਹੀ ਉਨਾਂ ਨੇ ਰੋਸ ਮਾਰਚ ਨੂੰ ਕਿਸਾਨ ਟਰੈਕਟਰ ਪ੍ਰੇਡ ਦਾ ਨਾਮ ਦਿੱਤਾ ਅਤੇ ਬਾਅਦ ਵਿੱਚ ਇਹ ਕਿਸਾਨ ਪ੍ਰੇਡ, ਕਿਸਾਨ ਗਣਤੰਤਰ ਪ੍ਰੇਡ ਬਣ ਗਈ, ਪ੍ਰੰਤੂ ਇਸ ਦੇ ਬਾਵਜੂਦ ਵੀ ਉਹ ਆਪਣੀ ਹੀ ਲਾਈ ਹੋਈ ਚਿੰਗਾੜੀ ਨੂੰ ਭਾਂਬੜ ਬਣਨ ਤੋਂ ਰੋਕ ਨਾ ਸਕੇ, ਇਸ ਦਾ ਕਾਰਨ ਇਹ ਸੀ ਕਿ ਕਿਸਾਨ ਆਗੂਆਂ ਨੇ ਨਾ ਹੀ ਕਦੇ ਐਨੇ ਵੱਡੇ ਅੰਦੋਲਨ ਦੀ ਅਗਵਾਈ ਕੀਤੀ ਸੀ ਅਤੇ ਨਾ ਹੀ ਉਹ ਇਸ ਆਸ ਨਾਲ ਆਏ ਹੀ ਸਨ। ਕਿਸਾਨ ਨੇਤਾਵਾਂ ਦੀ ਮਾਨਸਿਕ ਕਮਜੋਰੀ ਨੂੰ ਕੇਂਦਰ ਦੀ ਹਕੂਮਤ ਸਮਝ ਚੁੱਕੀ ਸੀ, ਇਸ ਲਈ ਹੀ ਕੇਂਦਰ ਸਰਕਾਰ ਨੇ 26 ਜਨਵਰੀ ਵਾਲੇ ਦਿਨ ਦੇ ਰੋਸ ਮਾਰਚ ਨੂੰ ਜਾਣਬੁੱਝ ਕੇ ਵਿਸਫੋਟਕ ਬਣਾਇਆ। ਕੇਂਦਰ ਨੇ ਭਾਰਤੀ ਮੀਡੀਏ ਦੀ ਮਦਦ ਨਾਲ ਹਾਲਾਤ ਇਸ ਕਦਰ ਅਣਸੁਖਾਵੇਂ ਬਣਾ ਕੇ ਪੇਸ਼ ਕਰ ਦਿੱਤੇ ਕਿ ਹਰ ਪਾਸੇ ਲਾਲ ਕਿਲੇ ’ਤੇ ਜਾਣ ਵਾਲੇ ਕਿਸਾਨਾਂ ਮਜਦੂਰਾਂ, ਨੌਜਵਾਨਾਂ ਨੂੰ ਪਾਣੀ ਪੀ ਪੀ ਕੋਸਿਆ ਜਾਣ ਲੱਗਾ।ਇਹ ਹਾਲਾਤ ਕੇਂਦਰ ਸਰਕਾਰ ਲਈ ਉਦੋਂ ਹੋਰ ਵੀ ਸੁਖਾਵੇਂ ਹੋ ਗਏ ਜਦੋਂ ਭਾਰਤੀ ਮੀਡੀਏ ਦੇ ਨਾਲ ਹੀ ਕਿਸਾਨੀ ਅੰਦੋਲਨ ਦੇ ਨੇਤਾ ਵੀ ਆਪਣੇ ਨੌਜਵਾਨਾਂ ਦੇ ਖਿਲਾਫ ਹੋ ਗਏ।ਉਨਾਂ ਨੇ ਵੀ ਭਾਰਤੀ ਮੀਡੀਏ ਦੀ ਬੋਲੀ ਬੋਲ ਕੇ ਕੇਂਦਰ ਦਾ ਉਹ ਪੱਖ ਮਜਬੂਤ ਕਰ ਦਿੱਤਾ, ਜਿਸ ਦੇ ਜਰੀਏ ਕੇਂਦਰ ਨੇ ਅੰਦੋਲਨ ਨੂੰ ਨਿਰ ਉਤਸ਼ਾਹਤ ਕਰਨਾ ਸੀ। ਸੋ ਜਦੋਂ ਕੇਂਦਰ ਨੂੰ ਇਹ ਯਕੀਨ ਪੱਕਾ ਹੋ ਗਿਆ ਕਿ ਕਿਸਾਨ ਆਗੂ ਅਸਲੋਂ ਹੀ ਥਿੜਕ ਚੁੱਕੇ ਹਨ, ਤਾਂ ਉਨਾਂ ਨੇ ਨੌਜਵਾਨਾਂ ਨੂੰ ਨਿਸ਼ਾਨਾ ਬਣਾਉਣਾ ਸ਼ੁਰੂ ਕੀਤਾ, ਜਿਸ ਵਿੱਚ ਸੈਂਕੜੇ ਕਿਸਾਨਾਂ ’ਤੇ ਝੂਠੇ ਪਰਚੇ ਦਰਜ ਕਰਕੇ ਜੇਲੀਂ ਸੁੱਟੇ ਗਏ। ਬਹੁਤ ਸਾਰਿਆਂ ਦੇ ਸਿਰਾਂ ’ਤੇ ਇਨਾਮ ਵੀ ਰੱਖੇ ਗਏ ਤਾਂ ਕਿ ਲੋਕਾਂ ਵਿੱਚ ਦਹਿਸ਼ਤ ਦਾ ਮਹੌਲ ਸਿਰਜਿਆ ਜਾ ਸਕੇ, ਜਿਸ ਵਿੱਚ ਕੇਂਦਰ ਸਰਕਾਰ ਸਫਲ ਵੀ ਰਹੀ। ਇਸ ਤੋਂ ਅਗਲਾ ਕਾਫੀ ਸਮਾਂ ਕਿਸਾਨੀ ਅੰਦੋਲਨ ਲਈ ਸਾਜਗਾਰ ਨਾ ਰਿਹਾ। ਇਸ ਦੌਰਾਨ ਪੰਜਾਬ ਅੰਦਰ ਨੌਜਵਾਨ ਜਿੱਥੇ ਦੋ ਵੱਡੀਆਂ ਰੈਲੀਆਂ ਮਹਿਰਾਜ (ਬਠਿੰਡਾ) ਅਤੇ ਮਸਤੂਆਣਾ ਸਾਹਿਬ (ਸੰਗਰੂਰ) ਕਰਨ ਵਿੱਚ ਕਾਮਯਾਬ ਰਹੇ, ਉੱਥੇ ਆਪਣਾ ਸੁਨੇਹਾ ਸੰਯੁਕਤ ਕਿਸਾਨ ਮੋਰਚੇ ਦੇ ਆਗੂਆਂ ਤੱਕ ਪਹੁੰਚਾਉਣ ਵਿੱਚ ਸਫਲ ਵੀ ਰਹੇ। ਇਨਾਂ ਰੈਲੀਆਂ ਵਿੱਚ ਹੋਏ ਇਕੱਠਾਂ ਤੋਂ ਬਾਅਦ 32 ਜਥੇਬੰਦੀਆਂ ਦੇ ਬਹੁਤ ਸਾਰੇ ਆਗੂ ਇਸ ਮੱਤ ਨਾਲ ਸਹਿਮਤ ਹੋ ਗਏ ਕਿ ਨੌਜਵਾਨਾਂ ਨੂੰ ਨਾਲ ਲੈ ਕੇ ਚੱਲਣਾ ਚਾਹੀਦਾ ਹੈ, ਪਰ ਫਿਰ ਵੀ ਉਹ ਸੋਚ ਦੇ ਆਗੂ ਜਿਹੜੇ ਸਿੱਖ ਵਿਚਾਰਧਾਰਾ ਨਾਲ ਮੁੱਢੋਂ ਹੀ ਖਾਰ ਖਾਂਦੇ ਹਨ, ਨਹੀਂ ਸਨ ਚਾਹੁੰਦੇ ਕਿ ਮੋਰਚੇ ਦੇ ਵਿੱਚ ਉਹ ਸਿੱਖ ਸੋਚ ਵਾਲੇ ਨੌਜਵਾਨ ਸ਼ਾਮਲ ਹੋਣ ਜਿਨਾਂ ਦਾ ਬੌਧਿਕ ਪੱਧਰ ਕਿਸਾਨ ਆਗੂਆਂ ਤੋਂ ਉੱਪਰ ਹੈ, ਇਸ ਲਈ ਇਹ ਕਦੇ ਵੀ ਸਹਿਮਤੀ ਨਾ ਬਣ ਸਕੀ ਕਿ ਦੀਪ ਸਿੱਧੂ ਸਮੇਤ ਸਾਰੇ ਨੌਜਵਾਨਾਂ ਨੂੰ ਨਾਲ ਲੈ ਕੇ ਚੱਲਿਆ ਜਾਵੇ। ਲੱਖੇ ਨੂੰ ਨਾਲ ਲੈ ਕੇ ਚੱਲਣ ਪਿੱਛੇ ਨੌਜਵਾਨਾਂ ਨੂੰ ਵੰਡ ਕੇ ਰੱਖਣ ਦੀ ਜੋ ਮਨਸ਼ਾ ਸੀ, ਉਹ ਕਿਸਾਨ ਆਗੂ ਰੁਲਦੂ ਮਾਨਸਾ ਨੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਸਪੱਸ਼ਟ ਕਰ ਦਿੱਤੀ ਹੋਈ ਹੈ। 26 ਜਨਵਰੀ ਤੋਂ ਦੋ ਮਹੀਨੇ ਬਾਅਦ 26 ਮਾਰਚ ਨੂੰ ਦਿੱਤੇ ਗਏ ਭਾਰਤ ਬੰਦ ਦੇ ਸੱਦੇ ਨੇ ਵੀ ਕਿਸਾਨੀ ਅੰਦੋਲਨ ਨੂੰ ਤਕੜਾ ਕਰਨ ਦੀ ਬਜਾਏ ਹੋਰ ਕਮਜੋਰ ਕੀਤਾ। ਬਹੁਤ ਸਾਰੇ ਉਹ ਲੋਕ ਜਿਨਾਂ ਦੇ ਬੰਦ ਦੌਰਾਨ ਕਿਸਾਨਾਂ ਵੱਲੋਂ ਕੰਮ ਰੋਕੇ ਗਏ, ਉਨਾਂ ਨੇ ਰੋਸ ਵਜੋਂ ਕਿਸਾਨੀ ਅੰਦੋਲਨ ਤੋਂ ਦੂਰੀ ਬਣਾ ਲਈ, ਨਤੀਜੇ ਵਜੋਂ ਕਿਸਾਨੀ ਅੰਦੋਲਨ ਆਪਣੀ ਪਹਿਲੀ ਪੁਜੀਸ਼ਨ ਤੋਂ ਹੋਰ ਪਿੱਛੇ ਖਿਸਕ ਗਿਆ। ਉਸ ਤੋਂ ਠੀਕ ਦੋ ਮਹੀਨੇ ਬਾਅਦ 26 ਮਈ ਦਾ ਦਿਨ ਵੀ ਆ ਗਿਆ ਹੈ, ਜਿਸ ਦਿਨ ਅੰਦੋਲਨ ਨੇ ਅਪਣੇ ਛੇ ਮਹੀਨੇ ਵੀ ਪੂਰੇ ਕਰ ਲੈਣੇ ਹਨ, 26 ਮਈ ਦੇ ਦਿਨ ਨੂੰ ਭਾਵੇਂ ਕਿਸਾਨ ਜਥੇਬੰਦੀਆਂ ਨੇ ਕਾਲਾ ਦਿਨ ਮਨਾਉਣ ਦਾ ਸੱਦਾ ਦਿੱਤਾ ਹੈ, ਪ੍ਰੰਤੂ ਇਸ ਦਿਨ ਤੇ ਇਹ ਵੀ ਜਰੂਰੀ ਬਣਦਾ ਹੈ ਕਿ ਕਿਸਾਨ ਆਗੂ ਛੇ ਮਹੀਨੇ ਪੂਰੇ ਹੋਣ ਤੇ ਅੰਦੋਲਨ ਦਾ ਲੇਖਾ ਜੋਖਾ ਵੀ ਕਰਦੇ। ਉਨਾਂ ਨੂੰ 26 ਮਈ ਦਾ ਦਿਨ ਆਪਣੀਆਂ ਗਲਤੀਆਂ ਸੁਧਾਰਨ ਵਜੋਂ ਮਨਾਉਣਾ ਚਾਹੀਦਾ ਹੈ ਅਤੇ ਨਾਲ ਹੀ ਖੁੱਲੇ ਦਿਲ ਅਤੇ ਇਮਾਨਦਾਰੀ ਨਾਲ ਇਹ ਸਵੀਕਾਰਨਾ ਚਾਹੀਦਾ ਹੈ ਕਿ ਅੰਦੋਲਨ ਦੀ ਕਾਮਯਾਬੀ ਸਿੱਖ ਸਪਿਰਟ ਤੋਂ ਬਗੈਰ ਸੰਭਵ ਨਹੀਂ। ਇਹ ਵੀ ਜਨਤਕ ਤੌਰ ’ਤੇ ਮੰਨਣਾ ਹੋਵੇਗਾ ਕਿ 26 ਜਨਵਰੀ ਨੂੰ ਲਾਲ ਕਿਲੇ ’ਤੇ ਝੁਲਾਏ ਗਏ ਕਿਸਾਨੀ ਅਤੇ ਕੇਸਰੀ ਨਿਸ਼ਾਨ ਸਾਹਿਬ ਨੌਜਵਾਨਾਂ ਦੀ ਭੁੱਲ ਨਹੀਂ ਬਲਕਿ ਉਨਾਂ ਦੇ ਵਿਰਸੇ ਵਿਚੋਂ ਮਿਲੀ ਜਜ਼ਬਾਤਾਂ ਦੀ ਗੁੜਤੀ ਅਤੇ ਰੋਸ ਦੇ ਪ੍ਰਤੀਕ ਵਜੋਂ ਕੀਤਾ ਗਿਆ ਪ੍ਰਦਰਸ਼ਨ ਸਮਝਣਾ ਚਾਹੀਦਾ ਹੈ, ਜਿਸ ਨੂੰ ਕਿਸਾਨ ਆਗੂ ਸਵੀਕਾਰ ਕਰਦੇ ਹਨ ਅਤੇ ਨਾਲ ਹੀ ਆਪਣੇ ਨੌਜਵਾਨਾਂ ਨੂੰ ਭਵਿੱਖ ਦੇ ਵਾਰਸ ਸਮਝਦੇ ਹੋਏ ਅਪੀਲ ਕਰਦੇ ਹਨ **ਬਾਕੀ ਸਫ਼ਾ 30 ’ਤੇ**

# ਕਿਸਾਨ ਯੂਨੀਅਨਾਂ ਨੂੰ ਪਿੰਡਾਂ ’ਚੋਂ ਮਿਲ ਰਿਹਾ ਧੜਾਧੜ ਫੰਡ

## ਹੁਣ ਤੱਕ ਖਰਚ ਹੋਏ 25 ਕਰੋੜ ਰੁਪਏ

**ਚੰਡੀਗੜ/ਏ.ਟੀ.ਨਿਊਜ਼ :** ਕਿਸਾਨ ਅੰਦੋਲਨ ਨੇ ਪੰਜਾਬ ਦਾ ਮਾਹੌਲ ਨੂੰ ਕਾਫੀ ਬਦਲਿਆ ਹੈ। ਪੰਜਾਬ ਦੇ ਕਿਸਾਨ ਅਕਸਰ ਧਾਰਮਿਕ ਸੰਸਥਵਾਂ ਨੂੰ ਖੁੱਲ ਕੇ ਦਾਨ ਦਿੰਦੇ ਹਨ ਪਰ ਇਸ ਹੁਣ ਉਹ ਕਿਸਾਨ ਅੰਦੋਲਨ ਲਈ ਮੋਟਾ ਫੰਡ ਦੇ ਰਹੇ ਹਨ। ਫ਼ਸਲਾਂ ਦੀ ਵਾਢੀ ਤੇ ਹਾੜੀ ਦੀ ਫ਼ਸਲ ਵੇਚਣ ਤੋਂ ਬਾਅਦ ਪੰਜਾਬ ਦੇ ਮਾਲਵਾ ਖ਼ਿੱਤੇ ਦੇ ਕਿਸਾਨ ਹੁਣ ਖੁੱਲ ਕੇ ਰਕਮਾਂ ਦਾਨ ਕਰ ਰਹੇ ਹਨ। ਇਕੱਲੇ ਮਾਨਸਾ ਜ਼ਿਲੇ ’ਚ ਉਨਾਂ ‘ਭਾਰਤੀ ਕਿਸਾਨ ਯੂਨੀਅਨ (ਏਕਤਾ ਉਗਰਾਹਾਂ)’ ਨੂੰ 50 ਲੱਖ ਰੁਪਏ ਕੀਤੇ ਹਨ।

ਭਾਰਤੀ ਕਿਸਾਨ ਯੂਨੀਅਨ (ਏਕਤਾ ਉਗਰਾਹਾਂ) ਦੇ ਜ਼ਿਲਾ ਪ੍ਰਧਾਨ ਰਾਮ ਸਿੰਘ ਭੈਣੀਬਾਘਾ ਨੇ ਦਾਅਵਾ ਕੀਤਾ ਕਿ ਉਨਾਂ ਦੀ ਯੂਨੀਅਨ ਨੇ ਪਿਛਲੇ 11 ਮਹੀਨਿਆਂ ਦੌਰਾਨ, ਜਦ ਤੋਂ ਅੰਦੋਲਨ ਸ਼ੁਰੂ ਹੋਇਆ ਹੈ, 25 ਕਰੋੜ ਰੁਪਏ ਖ਼ਰਚ ਕਰ ਦਿੱਤੇ ਹਨ। ਉਨਾਂ ਦੱਸਿਆ ਕਿ ਉਨਾਂ ਦੀ ਯੂਨੀਅਨ ਹਰੇਕ ਛੇ ਮਹੀਨਿਆਂ ਬਾਅਦ ਫ਼ੰਡ ਇਕੱਠੇ ਕਰਦੀ ਹੈ ਤੇ ਇਸ ਵਾਰ ਪਹਿਲਾਂ ਦੇ ਮੁਕਾਬਲੇ ਕਿਤੇ ਜ਼ਿਆਦਾ ਧਨ ਇਕੱਠਾ ਹੋਇਆ ਹੈ। ਇਸ ਵਾਰ ‘ਮੇਰੇ ਆਪਣੇ ਪਿੰਡ ਭੈਣੀਬਾਘਾ ਤੋਂ ਹੀ 11 ਲੱਖ ਰੁਪਏ ਇਕੱਠੇ ਹੋਏ ਹਨ। ਇੰਝ ਹੀ ਪਿੰਡ ਬੱਛੂਆਣਾ ਦੇ ਨਿਵਾਸੀਆਂ ਨੇ 12 ਲੱਖ ਰੁਪਏ ਇਕੱਠੇ ਕਰ ਕੇ ਦਿੱਤੇ ਹਨ।’ ਉਨਾਂ ਪੂਰੇ ਵੇਰਵੇ ਦਿੰਦਿਆਂ ਦੱਸਿਆ ਕਿ ਕਿਸ਼ਨਗੜ ਪਿੰਡ ਤੋਂ 7 ਲੱਖ ਰੁਪਏ, ਪਿੰਡ ਜੋਗਾ ਤੋਂ 6.5 ਲੱਖ ਰੁਪਏ, ਬਹਾਦਰਪੁਰ ਪਿੰਡ ਤੋਂ 6 ਲੱਖ ਰੁਪਏ, ਅਕਲੀਆ ਪਿੰਡ ਤੋਂ 6 ਲੱਖ ਰੁਪਏ, ਵੇਰਾਹੇ ਪਿੰਡ ਤੋਂ 5.5 ਲੱਖ ਰੁਪਏ, ਰਾੜ ਪਿੰਡ ਤੋਂ 4.5 ਲੱਖ ਰੁਪਏ, ਜਵਾਹਰਕੇ ਪਿੰਡ ਤੋਂ 4 ਲੱਖ ਰੁਪਏ ਤੇ ਫ਼ਰਵਾਹੀ ਪਿੰਡ ਤੋਂ 3 ਲੱਖ ਰੁਪਏ ਇਕੱਠੇ ਹੋਏ ਹਨ।

ਕਿਸਾਨ ਆਗੂ ਨੇ ਦੱਸਿਆ ਕਿ ਹੋਰਨਾਂ ਪਿੰਡਾਂ ਦੇ ਕਿਸਾਨਾਂ ਨੇ ਵੀ ਯੂਨੀਅਨ ਨੂੰ ਰਕਮਾਂ ਇਕੱਠੀਆਂ ਕਰ ਕੇ ਦਿੱਤੀਆਂ ਹਨ। ਉਹ ਯੂਨੀਅਨ ਦੀ ਲੋੜ ਮੁਤਾਬਕ ਵੀ ਧਨ ਦੀ ਮਦਦ ਕਰਨ ਲਈ ਤਿਆਰ ਹਨ। ਜਿਹੜੇ ਪਰਿਵਾਰ ਧਨ ਦਾ ਯੋਗਦਾਨ ਨਹੀਂ ਪਾ ਸਕਦੇ, ਉਨਾਂ ਕਿਸਾਨ ਅੰਦੋਲਨ ਨੂੰ ਸਫ਼ਲ ਬਣਾਉਣ ਲਈ ਕਣਕ ਦਿੱਤੀ ਹੈ। ਸਥਾਨਕ ਕਿਸਾਨ ਸਿਰਫ਼ ਅੰਦੋਲਨ ਅਧੀਨ ਦਿੱਲੀ ਦੇ ਮੋਰਚੇ ਨੂੰ ਸਫ਼ਲ ਹੁੰਦਾ ਤੱਕਣਾ ਚਾਹੁੰਦੇ ਹਨ। ਯੂਨੀਅਨ ਕੋਲ ਆਮ ਤੌਰ ’ਤੇ ਹਰੇਕ ਛੇ ਮਹੀਨਿਆਂ ਬਾਅਦ ਕਣਕ, ਝੋਨਾ ਤੇ ਧਨ ਇਕੱਠਾ ਹੁੰਦਾ ਹੈ। ਫਿਰ ਉਸ ਅਨਾਜ ਨੂੰ ਵੇਚ ਕੇ ਧਨ ਯੂਨੀਅਨ ਦੇ ਬੈਂਕ ਖਾਤੇ ਵਿੱਚ ਜਮਾ ਕਰਵਾਇਆ ਜਾਂਦਾ ਹੈ। ਇਸ ਦੇ ਨਾਲ ਹੀ ਕਿਸਾਨਾਂ ਨੇ ਭਾਰਤੀ ਕਿਸਾਨ ਯੂਨੀਅਨ (ਏਕਤਾ ਡਕੌਂਦਾ), ਪੰਜਾਬ ਕਿਸਾਨ ਯੂਨੀਅਨ, ਭਾਰਤੀ ਕਿਸਾਨ ਯੂਨੀਅਨ (ਲੱਖੋਵਾਲ), ਭਾਰਤੀ ਕਿਸਾਨ ਯੂਨੀਅਨ (ਕਾਦੀਆਂ), ਭਾਰਤੀ ਕਿਸਾਨ ਯੂਨੀਅਨ (ਸਿੱਧੂਪੁਰ), ਭਾਰਤੀ ਕਿਸਾਨ ਯੂਨੀਅਨ (ਰਾਜੇਵਾਲ), ਭਾਰਤੀ ਕਿਸਾਨ ਯੂਨੀਅਨ (ਮਾਨਸਾ) ਤੇ ਹੋਰਨਾਂ ਯੂਨੀਅਨਾਂ ਨੂੰ ਐਤਕੀਂ ਰੱਜ ਕੇ ਰਕਮਾਂ ਦਾਨ ਕੀਤੀਆਂ ਹਨ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
Quomantry AMRITSAR TIMES

28 ਮਈ 2021 ਤੋਂ 03 ਜੂਨ 2021

# ਪੂਰਨ ਪੁਰਖ ਨਹੀ ਡੋਲਾਨੇ।।

ਪਹਿਲੇ ਗੁਰੂ ਨਾਨਕ ਜੀ ਤੋਂ ਦਸਵੇਂ ਗੁਰੂ ਨਾਨਕ ਜੀ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚੋਂ ਮਨੁੱਖ ਨੂੰ ਜੋ ਵਿਰਾਸਤ ਮਿਲ ਰਹੀ ਹੈ, ਜੋ ਆਤਮਿਕ ਸੇਧ ਮਿਲ ਰਹੀ ਹੈ ਉਹ ਸਾਂਝੀਵਾਲਤਾ, ਬਰਾਬਰੀ ਅਤੇ ਸਰਬੱਤ ਦੇ ਭਲੇ ਦੀ ਹੈ। ਜਦੋਂ ਸਿੱਖ ਗੁਰੂ ਨੂੰ ਮਹਿਸੂਸ ਕਰਦਾ ਹੈ ਤਾਂ ਉਹਦਾ ਮੂੰਹ ਆਪਣੀ ਵਿਰਾਸਤ ਵੱਲ ਨੂੰ ਹੋ ਜਾਂਦਾ ਹੈ, ਉਹ ਸਭ ਦੁਨਿਆਵੀ ਤਾਕਤਾਂ ਦੇ ਭੈਅ ਤੋਂ ਕੋਹਾਂ ਦੂਰ ਲੰਘ ਜਾਂਦਾ ਹੈ, ਉਹ ਸੁਰਤ ਦੇ ਗਿਆਨ ਵਿੱਚ ਵਿਚਰਦਾ ਹੋਇਆ ਸਭ ਦੁਨਿਆਵੀ ਪੜਾਈਆਂ ਪਿੱਛੇ ਛੱਡ ਜਾਂਦਾ ਹੈ, ਉਹਦੇ ਲਈ ਸਭ ਯੱਕ ਤੱਕ ਮਿੱਟੀ ਹੋ ਜਾਂਦੇ ਹਨ, ਦੁਨਿਆਵੀ ਸ਼ੋਹਰਤਾਂ ਦੇ ਢੇਰ ਉਹਦਾ ਆਪਾ ਡੋਲਣ ਤੋਂ ਪਹਿਲੀ ਸੱਟੇ ਹੀ ਨਾਕਾਮਯਾਬ ਹੋ ਜਾਂਦੇ ਹਨ, ਸਿਵਾਏ ਆਪਣੇ ਗੁਰੂ ਦੀ ਗੋਦ ਦੇ ਉਹ ਨੂੰ ਆਪਣੀ ਵਿਰਾਸਤ ਦੇ ਤੁੱਲ ਕੋਈ ਵੀ ਸ਼ੈਅ ਨਹੀਂ ਪ੍ਰਤੀਤ ਹੁੰਦੀ। ਉਹ ਫਿਰ ਪੂਰਨ ਪੁਰਖ ਵਜੋਂ ਵਿਚਰਦਾ ਹੋਇਆ ਇਕ ਅਡੋਲ ਸੋਚ ਹੋ ਜਾਂਦਾ ਹੈ ਜੋ 'ਹਮ ਰਾਖਤ ਪਾਤਸ਼ਾਹੀ ਦਾਵਾ' ਅਤੇ 'ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ' ਨੂੰ ਇਕੋ ਵੇਲੇ ਇਕੋ ਬਰਾਬਰ ਜਿਉਂ ਰਿਹਾ ਹੁੰਦਾ ਹੈ। ਉਹ ਭੈਅ ਨਾ ਦੇਣ ਵਾਲੀ ਅਤੇ ਨਾ ਮੰਨਣ ਵਾਲੀ ਅਵਸਥਾ ਵਿੱਚ ਗੁਰੂ ਦੇ ਪਿਆਰ ਵਿਚ ਭਿੱਜਿਆ ਸ਼ਹੀਦੀਆਂ ਵੱਲ ਨੂੰ ਕਦਮ ਵਧਾ ਰਿਹਾ ਹੁੰਦਾ ਹੈ। ਯੁਗਾਂ ਯੁਗਾਂ ਤੱਕ ਉਹਦੀਆਂ ਪੈੜਾਂ ਨੇ ਪਤਾ ਨਹੀਂ ਕਿੰਨੀਆਂ ਹੀ ਹੋਰ ਪੈੜਾਂ ਨੂੰ ਸੱਚੇ ਘਰ ਵੱਲ ਨੂੰ ਲਿਜਾਣਾ ਹੁੰਦਾ ਹੈ। ਇਹ ਪੂਰਨ ਪੁਰਖ ਸਮੇਂ ਸਮੇਂ ਉੱਤੇ ਆਪਣੀ ਜ਼ਿੰਮੇਵਾਰੀ ਨਿਭਾਉਣ ਆਉਂਦੇ ਹਨ ਅਤੇ ਅਕਾਲ ਪੁਰਖ ਦੇ ਭਾਣੇ ਵਿੱਚ ਇਹ ਸਫਰ ਤੈਅ ਕਰਕੇ ਮੋਈਆਂ ਕੌਮਾਂ ਨੂੰ ਨਵੀਆਂ ਜਿੰਦਗੀਆਂ ਦੇ ਕੇ ਪਾਤਸ਼ਾਹ ਦੀ ਗੋਦ ਵਿੱਚ ਚਲੇ ਜਾਂਦੇ ਹਨ। ਪੰਜਾਬ ਦੀ ਧਰਤ ਨੂੰ ਅਜਿਹੇ ਪੁਰਖ ਬਹੁਤਾਤ ਵਿੱਚ ਨਸੀਬ ਹੋਏ ਹਨ ਜਿਨਾਂ ਨੇ ਗੁਰੂ ਸਾਹਿਬ ਤੋਂ ਹੁਣ ਤੱਕ ਸਰਬੱਤ ਦੇ ਭਲੇ ਦੀ ਵਿਰਾਸਤ ਨੂੰ ਸਾਂਭਿਆ ਅਤੇ ਅਗਾਂਹ ਸਭ ਨੂੰ ਆਪਣੇ ਕਿਰਦਾਰਾਂ ਦੀ ਲਿਸ਼ਕੋਰ 'ਚੋਂ ਇਸ ਕਾਰਜ ਲਈ ਆਪਾ ਵਾਰ ਦੇਣ ਦਾ ਚਾਨਣ ਵੰਡ ਰਹੇ ਹਨ।

20ਵੀਂ ਸਦੀ ਦੇ ਅਖੀਰ ਵਿੱਚ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲੇ, ਭਾਈ ਅਮਰੀਕ ਸਿੰਘ, ਬਾਬਾ ਠਾਰਾ ਸਿੰਘ, ਜਨਰਲ ਸੁਬੇਗ ਸਿੰਘ, ਭਾਈ ਸੁਰਿੰਦਰ ਸਿੰਘ ਸੋਢੀ ਅਤੇ ਹੋਰ ਅਜਿਹੀਆਂ ਕਿੰਨੀਆਂ ਹੀ ਸਖਸ਼ੀਅਤਾਂ ਸਾਡੇ ਸਾਹਮਣੇ ਹਨ ਜਿਨਾਂ ਦੀਆਂ ਪੈੜਾਂ ਉੱਤੇ ਪੈਰ ਧਰ ਕੇ ਸਿੱਖ ਜਵਾਨੀ ਆਪਣੇ ਸਵੈਮਾਨ ਲਈ ਸਭ ਕੁਝ ਕੁਰਬਾਨ ਕਰ ਗਈ। ਤਕਰੀਬਨ 10 ਸਾਲ ਇਹ ਪੁਰਖ ਇਸ ਧਰਤ 'ਤੇ ਪਾਤਿਸ਼ਾਹੀ ਮਹਿਕਾਂ ਖਿਲਾਰਦੇ ਰਹੇ, ਪਾਤਿਸ਼ਾਹ ਦੀ ਸਰਕਾਰ ਇਸ ਸੁਨਹਿਰੀ ਦੌਰ ਵਿੱਚ ਜੋ ਆਪਣੇ ਕਿਰਦਾਰਾਂ ਦੀ ਲਿਸ਼ਕੋਰ ਪਾ ਗਈ ਉਹਨੇ ਰਹਿੰਦੀ ਦੁਨੀਆਂ ਤੱਕ 'ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥' ਦਾ ਸੁਨੇਹਾ ਦਿੰਦੇ ਰਹਿਣਾ ਹੈ। ਜਦੋਂ ਇਹ ਪੁਰਖ ਇਸ ਪੈਂਡੇ 'ਤੇ ਹੁੰਦੇ ਹੋਏ ਲੁਕਾਈ ਨੂੰ ਸੱਚੇ ਪਾਤਿਸ਼ਾਹ ਦੇ ਦਰਸਾਏ ਮਾਰਗ ਉੱਤੇ ਚੱਲਣ ਦੀ ਸੇਧ ਦੇ ਰਹੇ ਹੁੰਦੇ ਹਨ ਉਦੋਂ ਦੁਨਿਆਵੀ ਤਖ਼ਤਾਂ ਉੱਤੇ ਬਿਰਾਜਮਾਨ ਝੂਠੇ ਫਰੇਬੀ ਤੇ ਜ਼ਾਲਮ ਰਾਜੇ ਆਪਣਾ ਪਾਜ ਉਦੜਦਾ ਵੇਖ ਕੇ ਹਰ ਤਰਾਂ ਦਾ ਹੀਲਾ ਵਸੀਲਾ ਕਰਦੇ ਹਨ। ਇਨਾਂ ਮਰਜੀਵੜਿਆਂ ਸਾਹਮਣੇ ਉਹ ਸਭ ਰਾਹ ਖੁੱਲੇ ਹੁੰਦੇ ਹਨ, ਜੋ ਦੁਨਿਆਵੀ ਤਲ ਉੱਤੇ ਵਿਚਰ ਰਹੇ ਮਨੁੱਖ ਦੀਆਂ ਇਛਾਵਾਂ/ਸੁਪਨੇ ਹੁੰਦੇ ਹਨ। ਇਥੋਂ ਤੱਕ ਕਿ ਦੁਨਿਆਵੀ ਰਾਜਾ ਆਪਣੀ ਥਾਂ ਵੀ ਇਨਾਂ ਨੂੰ ਪੇਸ਼ਕਸ਼ ਵਿੱਚ ਰੱਖ ਦਿੰਦਾ ਹੈ ਪਰ ਇਹ ਸਭ ਤਾਂ ਇਨਾਂ ਮਰਜੀਵੜਿਆਂ ਲਈ ਮਿੱਟੀ ਹੁੰਦਾ ਹੈ। ਦੁਨਿਆਵੀ ਲੋਕਾਂ ਨੂੰ ਇਹ ਸਭ ਭੁਲੇਖੇ ਪੈਣੇ ਕਿ ਇਹ ਕਿਸੇ ਲਾਲਚ ਵਿੱਚ ਡੋਲ ਜਾਣਗੇ ਇਕ ਆਮ ਵਰਤਾਰਾ ਹੈ।

ਇਹ ਭੁਲੇਖੇ 1984 ਵਿੱਚ ਹਿੰਦੁਸਤਾਨ ਦੀ ਫਰੇਬੀ ਸੋਚ ਨੂੰ ਵੀ ਬਥੇਰੇ ਸਨ, ਉਨਾਂ ਵੱਲੋਂ ਜੁਝਾਰੂ ਸਿੰਘਾਂ ਅੱਗੇ ਵੀ ਸਾਰੇ ਰਾਹ ਖੁੱਲੇ ਹੀ ਸਨ। ਦੌਲਤ, ਸ਼ੌਹਰਤ, ਵਜ਼ੀਰੀਆਂ ਅਤੇ ਹੋਰ ਹਰ ਤਰਾਂ ਦੇ ਲਾਲਚ, ਭੁਲੇਖੇ ਦੀ ਪੰਡ ਸਿਰ ਤੇ ਚੁੱਕ ਕੇ ਦੁਨਿਆਵੀ ਮਾਪ ਤੋਲ ਕਰਦੇ ਹੋਏ ਚੜਦੀ ਕਲਾ ਦੇ ਬੂਹੇ 'ਤੇ ਜਾਂਦੇ ਰਹੇ ਅਤੇ ਅਡੋਲ ਸੋਚ ਮੂਹਰੇ ਨਕਾਰਾ ਹੋ ਕੇ ਵਾਪਸ ਪਰਤਦੇ ਰਹੇ। ਉਹ ਤਾਂ ਹਰ ਪਲ ਸ਼ਬਦ ਦਾ ਨਿੱਘ ਮਾਣ ਰਹੇ ਸਨ, ਉਨਾਂ ਦੀ ਸੁਰਤ ਪਦਾਰਥੀ ਮਿੱਟੀ ਨੂੰ ਸਿਰਫ ਪਹਿਚਾਣਦੀ ਹੀ ਨਹੀਂ ਸੀ ਬਲਕਿ ਬਿਨਾਂ ਕਿਸੇ ਦੋ-ਚਿੱਤੀ ਦੇ ਪੂਰੀ ਜੁਅੱਰਤ ਨਾਲ ਆਪਣੇ ਨਿਸ਼ਾਨੇ ਵਿਚਲੇ ਕਿਸੇ ਵੀ ਸਮਝੌਤੇ ਨੂੰ ਉਨੀਂ ਪੈਰੀਂ ਵਾਪਸ ਮੋੜ ਦਿੰਦੀ ਸੀ। ਇਹ ਉਹ ਮਨ ਸਨ ਜਿਹੜੇ ਸਤਿਗੁਰੂ ਨੂੰ ਵਿਕ ਚੁੱਕੇ ਸਨ, ਇਨਾਂ ਸੇਵਕਾਂ ਦੇ ਕਾਰਜਾਂ ਨੂੰ ਰਾਸ ਹੋਣੋਂ ਕੋਈ ਵੀ ਦੁਨਿਆਵੀ ਤਾਕਤ ਰੋਕ ਨਹੀਂ ਸੀ ਸਕਦੀ। ਇਸ ਨੂੰ ਐਵੇਂ ਸੋਚਣਾ ਕਿ – ਜੇ ਉਹ ਐਵੇਂ ਕਰ ਦਿੰਦੇ ਤਾਂ ਆਹ ਹੋ ਜਾਂਦਾ, ਜੇ ਐਵੇਂ ਨਾ ਕਰਦੇ ਤਾਂ ਆਹ ਨਾ ਹੁੰਦਾ ਆਦਿ ਸਭ ਮਨੁੱਖੀ ਬੁੱਧੀ ਦੀਆਂ ਫੋਕੀਆਂ ਗੱਲਾਂ ਹਨ, ਇਹ ਅਟੱਲ ਸੱਚਾਈ ਸੀ ਜੋ ਠੀਕ ਇਸੇ ਤਰਾਂ ਹੀ ਵਾਪਰਨੀ ਸੀ। ਦੁਨਿਆਵੀ ਲਾਲਚਾਂ ਤੋਂ ਬਾਅਦ ਮਨੁੱਖ ਨੂੰ ਮੌਤ ਦਾ ਡਰ ਦੇ ਕੇ ਡੁਲਾਇਆ ਜਾ ਸਕਦਾ ਹੁੰਦਾ ਹੈ, ਹਿੰਦੁਸਤਾਨ ਦੀ ਫਰੇਬੀ ਸੋਚ ਨੇ ਇਹ ਕੰਮ ਵੀ ਪੂਰੇ ਜ਼ੋਰ ਨਾਲ ਕੀਤਾ। ਗਿਣਤੀ ਦੇ ਸਿੰਘਾਂ ਲਈ ਵੱਡੀ ਗਿਣਤੀ ਵਿਚ ਫੌਜ, ਤੋਪਾਂ, ਆਧੁਨਿਕ ਹਥਿਆਰ ਅਤੇ ਹਰ ਤਰਾਂ ਦੇ ਤਸੀਹੇ ਜੂਨ 84 ਤੋਂ ਬਾਅਦ ਤੱਕ ਦਿੰਦੇ ਰਹੇ ਪਰ ਸਿੰਘਾਂ ਦੇ ਮਨੋਬਲ ਨੂੰ ਰੱਤੀ ਭਰ ਵੀ ਹਿਲਾ ਨਾ ਸਕੇ। ਕਿੰਨੇ ਚਾਅ ਨਾਲ ਤੋਪਾਂ ਮੂਹਰੇ ਹਿੱਕ ਡਾਹੁੰਦੇ ਰਹੇ, ਇਹ ਵੇਖ ਕੇ ਤਨਖਾਹਾਂ ਲਈ ਲੜਨ ਵਾਲੀ ਫੌਜ ਦੇ ਪੈਰੋਂ ਜ਼ਮੀਨ ਨਿਕਲ ਜਾਂਦੀ ਸੀ। ਇਤਿਹਾਸਿਕ ਪੁਰਖਾਂ ਨੇ ਆਪਣੇ ਪਿਓ ਦਾਦੇ ਦੇ ਖਜ਼ਾਨੇ ਦੇ ਦਰਸ਼ਨ ਕੁਲ ਦੁਨੀਆਂ ਨੂੰ ਬੜੀ ਨੇੜਿਓਂ ਕਰਵਾ ਦਿੱਤੇ ਸਨ।

ਪਰ ਹੁਣ ਅਸੀਂ ਆਪਣੀ ਰਵਾਇਤ ਉੱਤੇ ਆਪਣੀ ਜ਼ਿੱਦ ਭਾਰੀ ਪਾ ਲਈ ਹੈ। ਸਾਡੀ ਸੇਵਾ, ਸਾਡਾ ਸਿਮਰਨ, ਸਾਡਾ ਅਕੀਦਾ ਅਤੇ ਸਾਡਾ ਆਪਣਾ ਆਪ ਉਹ ਨਹੀਂ ਰਿਹਾ ਜੋ ਪਾਤਿਸ਼ਾਹ ਦੇ ਦੱਸੇ ਰਾਹ ਉੱਤੇ ਤੁਰਨ ਲਈ ਲੋੜੀਂਦਾ ਹੈ। ਇਸ ਘਰ ਵਿਚ ਰੀਸ ਨਹੀਂ ਚੱਲ ਸਕਦੀ, ਇਸ ਘਰ ਵਿਚ ਪਿਆਰ, ਸ਼ਰਧਾ ਸਮਰਪਣ ਅਤੇ ਅਰਦਾਸ ਹੀ ਚੱਲੇਗੀ। ਅਸੀਂ ਜਦੋਂ ਫਿਰ ਦੁਬਾਰਾ ਗੁਰੂ ਨੂੰ ਉਸ ਸ਼ਿੱਦਤ ਅਤੇ ਡੂੰਘਾਈ 'ਚੋਂ ਮਹਿਸੂਸ ਕਰਾਂਗੇ ਉਦੋਂ ਦੁਨਿਆਵੀ ਮਾਪ ਤੋਲ ਪਿੱਛੇ ਛੱਡ ਕੇ ਸਰਬੱਤ ਦੇ ਭਲੇ ਲਈ ਬਿਨਾਂ ਕਿਸੇ ਭੈਅ ਤੋਂ ਆਪਣਾ ਆਪ ਕੁਰਬਾਨ ਕਰਾਂਗੇ ਅਤੇ ਪੰਜਵੇਂ ਪਾਤਸ਼ਾਹ ਦੇ ਬਚਨਾਂ ਨੂੰ ਜੀਵਾਂਗੇ, 'ਪੂਰਨ ਪੁਰਖ ਨਹੀ ਡੋਲਾਨੇ ।।'

# ਝੂਠ ਦੇ ਚਿਮਟੇ ਨਾਲ ਮਹਾਂਮਾਰੀ ਦਾ ਇਲਾਜ

**ਐਡਵੋਕੇਟ ਗੁਰਮੀਤ ਸਿੰਘ ਸ਼ੁਗਲੀ**

ਲਗਦਾ ਹੈ ਅਸੀਂ ਉਸ ਦੇਸ਼ ਦੇ ਵਸਨੀਕ ਬਣਦੇ ਜਾ ਰਹੇ ਹਾਂ, ਜਿਸ ਦੇਸ਼ ਵਿੱਚ ਬਿਮਾਰੀ ਦਾ ਇਲਾਜ ਡਾਕਟਰਾਂ, ਨਰਸਾਂ, ਦਵਾਈਆਂ, ਟੀਕਿਆਂ, ਵੈਕਸੀਨਾਂ ਅਤੇ ਹਸਪਤਾਲਾਂ ਦੀ ਬਜਾਏ ਝੂਠ ਨਾਲ ਕੀਤਾ ਜਾ ਰਿਹਾ ਹੈ। ਝੂਠ ਵੱਧ ਤੋਂ ਵੱਧ ਫੈਲਾਅ ਕੇ ਜਨਤਾ ਦਾ ਭਰੋਸਾ ਜਿੱਤਣ ਦੀ ਕੋਸ਼ਿਸ਼ ਹੋ ਰਹੀ ਹੈ। ਇਹ ਝੂਠ ਮੌਜੂਦਾ ਸੈਂਟਰ ਦੀ ਸਰਕਾਰ ਦੀਆਂ ਏਜੰਸੀਆਂ ਰਾਹੀਂ, ਗੋਦੀ ਮੀਡੀਆ ਅਤੇ ਪ੍ਰਿੰਟ ਮੀਡੀਆ ਰਾਹੀਂ ਫੈਲਾਇਆ ਜਾ ਰਿਹਾ ਹੈ। ਇਸ ਵਿੱਚ ਸੌ ਫੀਸਦੀ ਅੰਧ ਭਗਤਾਂ ਦਾ ਵੀ ਰੋਲ ਹੈ, ਜੋ ਹਰ ਚੰਗੀ ਗੱਲ ਸਰਕਾਰ ਦੇ ਖਾਤੇ ਅਤੇ ਮਾੜੀ ਗੱਲ ਵਿਰੋਧੀਆਂ ਦੇ ਖਾਤੇ ਵਿੱਚ ਪਾਉਣ ਲਈ ਦਿਨ-ਰਾਤ ਇੱਕ ਕਰ ਰਹੇ ਹਨ।

ਅੱਜ ਤਕ ਸਾਡੀ ਮੁੱਖ ਦੋਸ਼ੀ, ਕਰੋਨਾ ਬਿਮਾਰੀ ਹੀ ਸੀ, ਪਰ ਅਚਾਨਕ ਇਸ ਬਿਮਾਰੀ ਵਿੱਚੋਂ ਨਿਕਲੀ ਨਵੀਂ ਬਿਮਾਰੀ ਜਿਹੜੀ ਬਲੈਕ ਫੰਗਸ ਦੇ ਨਾਮ ਨਾਲ ਜਾਣੀ ਜਾਂਦੀ ਹੈ, ਵੀ ਵਧ ਰਹੀ ਹੈ। ਇਸ ਨਵੀਂ ਬਿਮਾਰੀ ਦੇ ਹਾਲ ਦੀ ਘੜੀ ਅਸੀਂ ਹੀ ਚੈਂਪੀਅਨ ਹਾਂ, ਜਿਸ ਨੂੰ ਸਰਕਾਰ ਇੱਕ ਵੱਡੀ ਮਹਾਂਮਾਰੀ ਘੋਸ਼ਿਤ ਕਰਨ ਜਾ ਰਹੀ ਹੈ। ਕਈ ਸੂਬਿਆਂ ਨੇ ਇਸ ਸੰਬੰਧ ਵਿੱਚ ਪਹਿਲ ਵੀ ਕਰ ਦਿੱਤੀ ਹੈ। ਫੂਡ ਅਤੇ ਡਰੱਗ ਡਿਪਾਰਟਮੈਂਟ ਨੇ ਸ਼ੱਕ ਜ਼ਾਹਿਰ ਕੀਤਾ ਹੈ ਕਿ ਇਸ ਬਿਮਾਰੀ ਦੇ ਬਾਕੀ ਕਾਰਨਾਂ ਤੋਂ ਇਲਾਵਾ ਕਿਤੇ ਦੂਸ਼ਿਤ ਆਕਸੀਜਨ ਅਤੇ ਪਾਣੀ ਤਾਂ ਨਹੀਂ। ਮੌਜੂਦਾ ਨਿਕੰਮੀ ਸਰਕਾਰ ਦੀਆਂ ਨਿਕੰਮੀਆਂ ਪਾਲਸੀਆਂ ਕਰਕੇ ਸਭ ਕੁਝ ਦੂਸ਼ਿਤ ਹੋ ਰਿਹਾ ਹੈ। ਇਸ ਬੀਮਾਰੀ ਨਾਲ ਲੜਨ ਲਈ ਵੀ ਸਰਕਾਰ ਪਾਸ ਨਾ ਦਵਾਈਆਂ, ਨਾ ਹੀ ਟੀਕਿਆਂ ਦਾ ਕੋਈ ਯੋਗ ਪ੍ਰਬੰਧ ਹੈ। ਸਰਕਾਰ 'ਵਿਹੜੇ ਆਈ ਜੰਜ, ਬਿੰਨੋ ਕੁੜੀ ਦੇ ਕੰਨ' ਵਾਲੀ ਪਾਲਿਸੀ 'ਤੇ ਚੱਲ ਰਹੀ ਹੈ।

ਲਗਭਗ ਸਭ ਸਰਕਾਰਾਂ ਆਪਣੀਆਂ ਕਮਜ਼ੋਰੀਆਂ ਲੁਕੋਣ ਲਈ ਘੱਟ ਗਿਣਤੀ-ਮਿਣਤੀ ਦੇ ਅੰਕੜਿਆਂ ਦਾ ਸਹਾਰਾ ਲੈ ਰਹੀਆਂ ਹਨ। ਉਹ ਘੱਟ ਕਰੋਨਾ ਟੈਸਟ ਕਰਕੇ ਘੱਟ ਬਿਮਾਰੀ ਦੱਸ ਰਹੀਆਂ ਹਨ। ਮਰਨ ਵਾਲਿਆਂ ਨੂੰ ਕੋਰੋਨਾ ਗਿਣਤੀ ਵਿੱਚ ਘੱਟ ਦਿਖਾ ਕੇ ਆਪਣੀ ਪਿੱਠ ਥਾਪੜਣ ਦੀ ਕੋਸ਼ਿਸ਼ ਕਰ ਰਹੀਆਂ ਹਨ। ਮੌਤਾਂ ਨੂੰ ਵੱਖ-ਵੱਖ ਕੈਟਾਗਰੀਆਂ ਵਿੱਚ ਰੱਖ ਕੇ ਕਰੋਨਾ ਨੂੰ ਘੱਟ ਦਿਖਾ ਰਹੇ ਹਨ। ਇਸ ਸੰਬੰਧ ਵਿੱਚ ਦੂਰ ਕੀ ਜਾਣਾ, ਤੁਸੀਂ ਯੂ ਪੀ ਸਰਕਾਰ ਦੀ ਹੀ ਉਦਾਹਰਣ ਲਓ, ਜੋ ਅੱਜ-ਕੱਲ ਚਰਚਾ ਦਾ ਵਿਸ਼ਾ ਹੈ। ਜਿਸ ਬਾਰੇ ਯੂਪੀ ਦੀ ਹਾਈ ਕੋਰਟ ਨੇ, ਸਿਸਟਮ ਬਾਰੇ ਆਖਿਆ ਹੈ ਕਿ 'ਸਭ ਰਾਮ ਭਰੋਸੇ ਚੱਲ ਰਿਹਾ ਹੈ' ਜਿਸ 'ਤੇ ਯੂ ਪੀ ਸਰਕਾਰ ਨੇ ਸੁਪਰੀਮ ਕੋਰਟ ਦਾ ਬੂਹਾ ਵੀ ਖੜਕਾਇਆ ਹੈ। ਸਭ ਜਾਣਦੇ ਹਨ ਕਿ ਆਪਣੀ ਲੋਕਪ੍ਰਿਅਤਾ ਦਾ ਗਰਾਫ਼ ਦਿਖਾਲਣ ਵਾਸਤੇ ਯੂ ਪੀ ਦੇ ਅੜੀਅਲ ਮੁੱਖ ਮੰਤਰੀ ਨੇ, ਯੂ ਪੀ ਵਿੱਚ ਵੱਖ-ਵੱਖ ਪਾਰਟੀਆਂ ਵੱਲੋਂ ਚੋਣਾਂ ਨਾ ਕਰਾਉਣ ਦੀਆਂ ਬੇਨਤੀਆਂ ਨੂੰ ਦਰ-ਕਿਨਾਰ ਕਰਦਿਆਂ ਚੋਣਾਂ ਕਰਾਈਆਂ, ਜਿਸਦੇ ਰਿਜਲਟ ਦੋ ਮਈ ਨੂੰ ਘੋਸ਼ਿਤ ਕੀਤੇ ਗਏ। ਜਿਸ ਵਿੱਚ ਹੰਕਾਰੀ ਨੇਤਾ ਨੂੰ ਆਪਣੀ ਉਮੀਦ ਤੋਂ ਕਿਤੇ ਘੱਟ ਸਫ਼ਲਤਾ ਮਿਲੀ। ਦਾਅ 'ਤੇ ਲਾਈ ਆਪਣੀ ਲੋਕਪ੍ਰਿਅਤਾ ਕਿਤੇ ਦਿਖਾਈ ਨਹੀਂ ਦਿੱਤੀ। ਉੱਥੇ ਹੋਈਆਂ ਚੋਣਾਂ ਵਿੱਚ ਭਾਗ ਲੈਣ ਵਾਲੇ ਸਰਕਾਰੀ ਮੁਲਾਜ਼ਮ, ਜਿਨਾਂ ਦੇ ਕੰਮ ਕਰਨ ਨਾਲ ਇਹ ਚੋਣਾਂ ਹੋ ਸਕੀਆਂ, ਉਨਾਂ ਵਿੱਚੋਂ ਬਹੁਤੇ ਐਜੂਕੇਸ਼ਨ ਡਿਪਾਰਟਮੈਂਟ ਨਾਲ ਸੰਬੰਧ ਰੱਖਦੇ ਹਨ। ਉਨਾਂ ਵਿੱਚੋਂ ਕੁਝ ਚੋਣ ਦੌਰਾਨ ਅਤੇ ਬਹੁਤੇ ਚੋਣਾਂ ਤੋਂ ਬਾਅਦ ਆਪਣੇ ਪਰਿਵਾਰ ਅਤੇ ਇਸ ਸੰਸਾਰ ਨੂੰ ਅਲਵਿਦਾ ਆਖ ਗਏ। ਇਨਾਂ ਮਰਨ ਵਾਲਿਆਂ ਵਿੱਚੋਂ ਬਹੁਤਿਆਂ ਦੀ ਔਸਤਨ ਉਮਰ 45 ਸਾਲ ਸੀ। ਉਨਾਂ ਮਰਨ ਵਾਲਿਆਂ ਵਿੱਚ ਬੱਚਿਆਂ ਦੀਆਂ ਮਾਵਾਂ, ਬਾਪ, ਭਰਾ, ਪੁੱਤ, ਭਤੀਜੇ ਆਦਿ ਸਨ। ਉਹ ਸਭ ਨੌਕਰੀ ਵਿੱਚ ਹੋਣ ਕਾਰਨ ਘੱਟ ਉਮਰ ਦੇ ਸਨ। ਜਿਸ ਕਰਕੇ ਬੱਚੇ ਛੋਟੇ ਹੋਣ ਕਾਰਨ ਅਨਾਥ ਹੋ ਗਏ। ਮੁਲਾਜ਼ਮਾਂ ਦੀ ਯੂਨੀਅਨ ਮੁਤਾਬਕ ਅਜਿਹੇ ਯੋਧਿਆਂ ਦੀ ਕੁਲ ਗਿਣਤੀ 1621 ਬਣਦੀ ਹੈ, ਜਦਕਿ ਸਰਕਾਰੀ ਰਿਕਾਰਡ ਮੁਤਾਬਕ ਸਿਰਫ਼ (ਤਿੰਨ) ਬਣਦੀ ਹੈ। ਇਹ ਤੁਸੀਂ ਆਪ ਦੇਖ ਲਵੋ ਕਿ ਸਰਕਾਰੀ ਅਤੇ ਗੈਰ-ਸਰਕਾਰੀ ਅੰਕੜਿਆਂ ਵਿੱਚ ਕਿੰਨਾ ਫ਼ਰਕ ਹੈ। ਅਗਰ ਇਹ ਅੰਕੜੇ ਸੱਚ ਹਨ (ਜਿਨਾਂ ਦੀ ਜਾਂਚ ਕੀਤੀ ਜਾ ਸਕਦੀ ਹੈ) ਤਾਂ ਝੂਠ ਦੀ ਉਚਾਈ ਦਾ ਅੰਦਾਜ਼ਾ ਤੁਸੀਂ ਆਪ ਲਗਾ ਸਕਦੇ ਹੋ। ਇਸ ਸੂਬੇ ਦਾ ਮੁਖੀ ਉਹ ਵਿਅਕਤੀ ਹੈ, ਜਿਜੜਾ ਗ੍ਰਹਿਸਤ ਤਿਆਗ ਕੇ ਸੱਚ ਦੀ ਖੋਜ ਵਿੱਚ ਜੰਗਲਾਂ ਨੂੰ ਜਾਂਦਾ-ਜਾਂਦਾ ਸਿਆਸਤ ਦੇ ਝੂਟੇ ਲੈਣ ਲਈ ਮਜਬੂਰ ਹੋ ਗਿਆ। ਹੁਣ ਕੋਈ ਗ੍ਰਹਿਸਤੀ ਤਾਂ ਕੁਰਸੀ ਦਾ ਤਿਆਗ ਕਰ ਸਕਦਾ ਹੈ, ਪਰ ਯੋਗੀ ਤੋਂ ਭੋਗੀ ਬਣਿਆ ਵਿਅਕਤੀ ਅਜਿਹਾ ਨਹੀਂ ਕਰ ਸਕਦਾ।

ਯੂ ਪੀ ਵਿੱਚ ਉਪਰੋਕਤ ਮੌਤਾਂ ਦੀ ਗਿਣਤੀ ਕਾਫ਼ੀ ਘਟ ਸਕਦੀ ਸੀ, ਅਗਰ ਉੱਥੇ ਦਾ ਸਿਹਤ ਸਿਸਟਮ ਮਜ਼ਬੂਤ ਬਣਾਇਆ ਹੁੰਦਾ। ਦਰਅਸਲ ਉੱਥੇ ਦਾ ਸਿਹਤ ਸਿਸਟਮ ਸਰਕਾਰੀ ਮੁਲਾਜ਼ਮਾਂ ਦੇ ਮਰਨ ਤੋਂ ਪਹਿਲਾਂ ਹੀ ਮਰ ਚੁੱਕਾ ਸੀ। ਸਰਕਾਰ ਅਤੇ ਉਸਦਾ ਸਰਕਾਰੀ ਅਮਲਾ ਇਸ ਕਰਕੇ ਵੀ ਥੋਕ ਵਿੱਚ ਝੂਠ ਬੋਲ ਰਿਹਾ ਹੈ, ਕਿਉਂਕਿ ਮਰਨ ਵਾਲਿਆਂ ਦੇ ਪੀੜਤ ਪਰਿਵਾਰਾਂ ਨੇ ਕਾਨੂੰਨੀ ਤੌਰ 'ਤੇ ਮੁਆਵਜ਼ਾ ਮੰਗਣਾ ਸ਼ੁਰੂ ਕਰ ਦਿੱਤਾ ਹੈ, ਜੋ ਉਨਾਂ ਦਾ ਹੱਕ ਬਣਦਾ ਹੈ। ਪੰਚਾਇਤੀ ਚੋਣਾਂ ਵਿੱਚ ਡਿਊਟੀ ਦੇਣ ਵਾਲੇ, ਬੀਮਾਰੀ ਦੇ ਸ਼ਿਕਾਰ ਕਈ ਮੁਲਾਜ਼ਮ ਅੱਜ ਵੀ ਆਪਣੇ ਇਲਾਜ ਲਈ ਦਰ-ਦਰ ਭਟਕ ਰਹੇ ਹਨ। ਡਿਊਟੀ ਦੌਰਾਨ ਜਿਨਾਂ ਦੀਆਂ ਬਿਮਾਰੀ ਕਾਰਨ ਮੌਤਾਂ ਵੀ ਹੋਈਆਂ, ਉਨਾਂ ਦੇ ਮੌਤ ਦੇ ਸਰਟੀਫਿਕੇਟਾਂ ਵਿੱਚ ਕੋਰੋਨਾ ਕਾਰਨ ਨਹੀਂ ਲਿਖਿਆ ਗਿਆ। ਚੋਣਾਂ ਦੌਰਾਨ ਪੁਲਿਸ ਮੁਲਾਜ਼ਮ ਜੋ ਮਰੇ, ਪਤਾ ਨਹੀਂ ਇਹ ਕਿਸ ਕਾਰਨ ਡਰੇ ਕਿ ਆਪਣੀ ਅਵਾਜ਼ ਨਹੀਂ ਉਠਾ ਸਕੇ। ਸ਼ਾਇਦ ਇਸ ਕਰਕੇ ਨਾ ਉਠਾਈ ਹੋਵੇ, ਕਿਉਂਕਿ ਯੋਗੀ ਰਾਜ ਵਿੱਚ ਸੱਚ ਬੋਲਣ ਵਾਲਿਆਂ ਖ਼ਿਲਾਫ਼ ਪਰਚੇ ਹੋ ਰਹੇ ਹਨ।

ਇਹ ਸੱਚ ਹੈ ਕਿ ਯੂ.ਪੀ. ਦਾ ਯੋਗੀ ਕਾਫ਼ੀ ਪੜਿਆ-ਲਿਖਿਆ ਯੋਗੀ ਹੈ। ਅਮਲ ਵਿੱਚ ਓਨਾ ਸਿਆਣਾ ਨਹੀਂ ਲੱਗਦਾ। ਜੇਕਰ ਉਸ ਨੇ ਸ਼ੁਕਰਾਤ ਦੀਆਂ ਇਹ ਲਾਈਨਾਂ ਪੜੀਆਂ ਹੁੰਦੀਆਂ ਤੇ ਉਸ ਉੱਤੇ ਅਮਲ ਕੀਤਾ ਹੁੰਦਾ ਤਾਂ ਉਸ ਦਾ ਹੰਕਾਰ ਅਜੋਕੀ ਉਚਾਈ 'ਤੇ ਨਾ ਪਹੁੰਚਿਆ ਹੁੰਦਾ। ਸ਼ੁਕਰਾਤ ਨੇ ਕਿਹਾ ਸੀ, 'ਆਪਣੀ ਗਲਤੀ ਮੰਨਣ ਅਤੇ ਗੁਨਾਹ ਛੱਡਣ ਵਿੱਚ ਕਦੇ ਦੇਰੀ ਨਾ ਕਰੋ, ਕਿਉਂਕਿ ਸਫ਼ਰ ਜਿੰਨਾ ਲੰਬਾ ਕਰੋਗੇ, ਵਾਪਸੀ ਓਨੀ ਹੀ ਮੁਸ਼ਕਲ ਹੋਵੇਗੀ।' ਪਰ ਅਜਿਹਾ ਉਹ ਕਰ ਨਹੀਂ ਸਕਿਆ ਅਤੇ ਨਾ ਹੀ ਉਹ ਕਰ ਸਕੇਗਾ, ਕਿਉਂਕਿ ਇਸ ਪਿੱਛੇ ਉਸ ਗੰਗਾ ਪੁੱਤਰ ਦਾ ਹੱਥ ਹੈ, ਜੋ ਸਮੁੰਦਰ ਅਤੇ ਦਰਿਆਵਾਂ ਦੇ ਕੰਢਿਆਂ ਤੋਂ ਚਾਰ-ਚੁਫੇਰੇ ਕੈਮਰੇ ਲਗਾ ਕੇ ਪਲਾਸਟਿਕ ਦੀਆਂ ਖਾਲੀ ਬੋਤਲਾਂ ਨੂੰ ਇਕੱਠਾ ਕਰਨ ਦਾ ਡਰਾਮਾ ਕਰਦਾ ਹੈ, ਪਰ ਅਸਲੀਅਤ ਵਿੱਚ ਉਸਦੀ ਗੰਗਾ ਮਾਂ ਦੇ ਕਿਨਾਰਿਆਂ 'ਤੇ ਅਣਗਿਣਤ ਕਰੋਨਾ ਕਾਰਨ ਲਾਸ਼ਾਂ ਪਈਆਂ ਉਸ ਨੂੰ ਦਿਖਾਈ ਨਹੀਂ ਦਿੰਦੀਆਂ। ਜੋ ਸਭ ਕੁਝ ਦੇਖਣ ਤੋਂ ਬਾਅਦ ਅੱਖਾਂ ਬੰਦ ਕਰਕੇ ਖਾਮੋਸ਼ ਹੋ ਜਾਂਦਾ ਹੈ। ਜੇ ਗੰਗਾ ਪੁੱਤਰ ਦਾ ਅਜਿਹਾ ਹਾਲ ਹੈ ਤਾਂ ਉਸ ਦੇ ਚੇਲਿਆਂ ਬਾਰੇ ਤੁਸੀਂ ਆਪ ਅੰਦਾਜ਼ਾ ਲਾ ਲਵੋ।

ਦੇਸ਼ ਵਾਸੀਆਂ ਨੂੰ ਜਿੱਥੇ ਮੌਜੂਦਾ ਬਿਮਾਰੀਆਂ ਅਤੇ ਇਸਦੇ ਇਲਾਜ ਦੀਆਂ ਘਾਟਾਂ ਨੇ ਚਿੰਤਾ ਵਿੱਚ ਡੁਬੋਇਆ ਹੋਇਆ ਹੈ, ਉੱਥੇ ਸਰਕਾਰੀ ਝੂਠ ਅਤੇ ਅੰਧਭਗਤਾਂ ਦੇ ਝੂਠ ਨੇ ਹਿਲਾ ਕੇ ਰੱਖ ਦਿੱਤਾ ਹੈ। ਜਿਸ ਯੂ.ਪੀ. ਵਿੱਚ ਫਰਿੱਜ ਵਿੱਚ ਪਿਆ ਬੱਕਰੇ ਦਾ ਮੀਟ ਅੰਧ ਭਗਤਾਂ ਨੂੰ ਗਊ ਦਾ ਮੀਟ ਦਿਸ ਪੈਂਦਾ ਹੈ, ਉਨਾਂ ਨੂੰ ਅੱਜ ਸ਼ਰੇਆਮ ਪਈਆਂ ਗੰਗਾ ਕਿਨਾਰੇ ਲਾਸ਼ਾਂ, ਬਾਵਜੂਦ ਇੱਲਾਂ, ਕਾਵਾਂ ਅਤੇ ਕੁੱਤਿਆਂ ਵੱਲੋਂ ਇਸਦੀ ਨਿਸ਼ਾਨਦੇਹੀ ਕਰਨ ਦੇ ਨਹੀਂ ਦਿਸ ਰਹੀਆਂ। ਠੀਕ ਇਸੇ ਤਰਾਂ ਜਦ ਭਾਰਤ ਗਵਾਂਢੀ ਦੇਸ਼ ਖ਼ਿਲਾਫ਼ ਸਰਜੀਕਲ ਸਟਰਾਈਕ ਕਰਦਾ ਹੈ ਤਾਂ ਬੰਬ ਸੁੱਟਣ ਤੋਂ ਬਾਅਦ ਝੱਟ ਮੌਤਾਂ ਦੀ ਗਿਣਤੀ ਦੱਸ ਦਿੰਦਾ ਹੈ। ਅੱਜ ਉਹ ਗੋਦੀ ਮੀਡੀਆ ਮੌਤਾਂ ਸਬੰਧੀ ਮੂਰਛਤ ਕਿਉਂ ਹੋਇਆ ਪਿਆ ਹੈ ? ਕੁਲ ਹੋਈਆਂ ਮੌਤਾਂ ਦਾ ਸੱਚ ਸਾਹਮਣੇ ਕਿਉਂ ਨਹੀਂ ਆ ਰਿਹਾ ? ਸ਼ਾਇਦ ਮੌਜੂਦਾ ਸਰਕਾਰ ਅਜਿਹਾ ਝੂਠ ਬੋਲ ਕੇ, 'ਸਭ ਅੱਛਾ ਹੈ' ਦਾ ਭਰਮ ਪਾਲਣਾ ਚਾਹੁੰਦੀ ਹੈ। ਅਜਿਹੀ ਹਾਲਤ ਵਿੱਚ ਜਨਤਾ ਦੀ ਵੱਧ ਤੋਂ ਵੱਧ ਸ਼ਮੂਲੀਅਤ ਹੀ ਸਰਕਾਰ ਨੂੰ ਸਮਝਾ ਅਤੇ ਹਰਾ ਸਕਦੀ ਹੈ। ਸ਼ਮੂਲੀਅਤ ਲਈ ਫਰੰਟ ਭਾਵੇਂ ਕੋਈ ਵੀ ਹੋਵੇ, 'ਸਾਨੂੰ ਕੀ ?' ਦੀ ਪਾਲਿਸੀ ਤਿਆਗ ਕੇ 'ਸਾਨੂੰ ਕਿਉਂ ਨਹੀਂ ?' ਦੀ ਨੀਤੀ ਅਪਨਾਉਣੀ ਪਵੇਗੀ। ਹੁਣ ਤੱਕ ਅਸੀਂ ਆਪਣਾ ਬਹੁਤ ਕੁਝ ਗਵਾ ਚੁੱਕੇ ਹਾਂ, ਹੋਰ ਨਾ ਗਵਾਚੇ, ਇਸ ਲਈ ਸਾਨੂੰ ਪੰਛੀਆਂ ਦੇ ਝੁੰਡ ਵਾਂਗ ਇਕੱਠੇ ਉੱਠਣਾ ਹੋਵੇਗਾ। ਉਹ ਵੀ ਬਿਨਾਂ ਕਿਸੇ ਭੇਦ-ਭਾਵ ਦੇ, ਅੱਜ ਦੇ ਦਿਨਾਂ ਵਿੱਚ ਦੇਸ਼ ਹਿਤ ਲਈ ਲੜਨ ਵਾਲੀਆਂ ਸਿਆਸੀ ਪਾਰਟੀਆਂ ਦੇ ਕਾਰਕੁਨ ਕਰੋੜਾਂ ਵਿੱਚ ਹੋਣਗੇ, ਸਿਹਤ ਕਰਮਚਾਰੀ 60 ਲੱਖ ਦੇ ਲਗਭਗ ਹਨ, 20 ਲੱਖ ਦੇ ਲਗਭਗ ਫੌਜੀ ਜਵਾਨ ਹਨ। ਜੇਕਰ ਸਭ ਸਾਫ਼ ਨੀਤੀ ਨਾਲ ਇਕੱਠੇ ਹੋ ਜਾਣ ਤਾਂ ਕਿਸੇ ਵੀ ਮਹਾਂਮਾਰੀ ਤੇ ਆਫ਼ਤ ਖਿਲਾਫ ਲੜ ਕੇ ਬੜੀ ਅਸਾਨੀ ਨਾਲ ਉਸ ਦਾ ਲੱਕ ਤੋੜਿਆ ਜਾ ਸਕਦਾ ਹੈ। ਵਰਨਾ ਉਦੋਂ ਤਕ ਮੌਜੂਦਾ ਸਰਕਾਰ ਸਭ ਬਿਮਾਰੀਆਂ ਦਾ ਇਲਾਜ ਝੂਠ ਦੇ ਚਿਮਟੇ ਨਾਲ ਹੀ ਕਰਦੀ ਰਹੇਗੀ।

# ਸੈਂਟ੍ਰਲ ਵਿਸਟਾ ਪ੍ਰੋਜੈਕਟ ਤਹਿਤ ਬਣੇਗਾ ਪੀਐਮ ਮੋਦੀ ਦਾ ਨਵਾਂ ਆਲੀਸ਼ਾਨ ਮਹੱਲ

## ✪ ਰਾਹੁਲ ਗਾਂਧੀ ਨੇ ਇਸ ਨੂੰ 'ਅਪਰਾਧਿਕ ਬਰਬਾਦੀ' ਦਸਦਿਆਂ ਕਿਹਾ ਕਿ ਮੋਦੀ ਪਹਿਲਾਂ ਮਹਾਂਮਾਰੀ ਨਾਲ ਨਜਿੱਠੇ

## ✪ ਪੂਰੇ ਪ੍ਰੋਜੈਕਟ ਦੀ ਲਾਗਤ ਤਕਰੀਬਨ 20 ਹਜ਼ਾਰ ਕਰੋੜ ਰੁਪਏ ਦੱਸੀ ਜਾ ਰਹੀ ਏ

**ਨਵੀਂ ਦਿੱਲੀ/ਏ.ਟੀ.ਨਿਊਜ਼ :** ਦਿੱਲੀ ਦਾ ਰਾਜਪਥ ਕਈ ਗੱਲਾਂ ਕਰਕੇ ਖਾਸ ਹੈ। ਇੰਡੀਆ ਗੇਟ ਤੋਂ ਰਾਸ਼ਟਰਪਤੀ ਭਵਨ ਤੱਕ ਜਾਣ ਵਾਲੀ ਇਸ ਸੜਕ ਦੇ ਦੋਵਾਂ ਪਾਸਿਆਂ ਵੱਲ ਬਗ਼ੀਚੇ ਹਨ, ਜਿੱਥੇ ਹਜ਼ਾਰਾਂ ਹੀ ਲੋਕ ਠੰਡ ਦੇ ਮੌਸਮ ਵਿਚ ਧੁੱਪ ਸੇਕਣ ਜਾਂ ਫਿਰ ਗਰਮੀਆਂ ਦੇ ਵਿਚ ਸੈਰ ਕਰਨ ਆਉਂਦੇ ਹਨ। ਪਰ ਹੁਣ ਤਿੰਨ ਕਿਲੋਮੀਟਰ ਲੰਬੀ ਇਸ ਸੜਕ ਦੇ ਚਾਰੇ ਪਾਸੇ ਮਿੱਟੀ ਹੀ ਮਿੱਟੀ ਵਿਖਾਈ ਦੇ ਰਹੀ ਹੈ। ਹਰ ਪਾਸੇ ਮਿੱਟੀ ਦੇ ਢੇਰ, ਟੋਏ ਅਤੇ ਇਸ ਪਾਸੇ ਨਾ ਆਉਣ ਲਈ ਲੱਗੇ ਸਾਈਨ ਬੋਰਡ ਆਮ ਹੀ ਦਿਖ ਰਹੇ ਹਨ। ਇਸ ਦੇ ਨਾਲ ਹੀ ਸੀਵਰੇਜ ਦੀਆਂ ਪਾਈਪਾਂ ਅਤੇ ਫੁੱਟਪਾਥ ਦੀ ਮੁਰੰਮਤ ਕਰਦੇ ਪੀਲੀ ਵਰਦੀ ਵਾਲੇ ਮਜ਼ਦੂਰ ਵਿਖਾਈ ਦੇਣਗੇ।

ਇਹ ਸਭ ਸਰਕਾਰ ਦੇ ਸੈਂਟ੍ਰਲ ਵਿਸਟਾ ਪ੍ਰੋਜੈਕਟ ਦੇ ਤਹਿਤ ਹੋ ਰਿਹਾ ਹੈ। ਇਸ ਪ੍ਰੋਜੈਕਟ ਦੇ ਤਹਿਤ ਨਵਾਂ ਸੰਸਦ ਭਵਨ, ਪ੍ਰਧਾਨ ਮੰਤਰੀ ਤੇ ਰਾਸ਼ਟਰਪਤੀ ਲਈ ਨਵੀਂ ਰਿਹਾਇਸ਼ ਅਤੇ ਹੋਰ ਕਈ ਨਵੇਂ ਦਫ਼ਤਰਾਂ ਦੀ ਇਮਾਰਤ ਦੀ ਉਸਾਰੀ ਕੀਤੀ ਜਾਵੇਗੀ।

ਇਸ ਪੂਰੇ ਪ੍ਰੋਜੈਕਟ ਦੀ ਲਾਗਤ ਤਕਰੀਬਨ 20 ਹਜ਼ਾਰ ਕਰੋੜ ਰੁਪਏ ਦੱਸੀ ਜਾ ਰਹੀ ਹੈ।

ਸਤੰਬਰ 2019 ਵਿਚ ਇਸ ਪ੍ਰੋਜੈਕਟ ਦਾ ਐਲਾਨ ਕੀਤਾ ਗਿਆ ਸੀ। ਉਦੋਂ ਤੋਂ ਹੀ ਅਲੋਚਕਾਂ ਦਾ ਕਹਿਣਾ ਹੈ ਕਿ ਇੰਨੀ ਵੱਡੀ ਰਾਸ਼ੀ ਦੀ ਵਰਤੋਂ ਲੋਕਾਂ ਦੀ ਭਲਾਈ ਨਾਲ ਜੁੜੇ ਹੋਰ ਕੰਮਾਂ ਲਈ ਕੀਤੀ ਜਾ ਸਕਦੀ ਸੀ। ਸਰਕਾਰ ਦਾ ਕਹਿਣਾ ਹੈ ਕਿ ਸੈਂਟਰਲ ਵਿਸਟਾ ਪ੍ਰੋਜੈਕਟ ਅਰਥਚਾਰੇ ਨੂੰ ਬਹੁਤ ਲਾਭ ਪਹੁੰਚਾਏਗਾ।

ਸ਼ਹਿਰੀ ਵਿਕਾਸ ਮੰਤਰੀ ਹਰਦੀਪ ਸਿੰਘ ਪੁਰੀ ਅਨੁਸਾਰ ਇਸ ਪ੍ਰੋਜੈਕਟ ਨਾਲ 'ਸਿੱਧੇ ਅਤੇ ਅਸਿੱਧੇ ਤੌਰ 'ਤੇ ਲੋਕਾਂ ਨੂੰ ਵੱਡੇ ਪੱਧਰ' 'ਤੇ ਰੁਜ਼ਗਾਰ ਹਾਸਲ ਹੋਵੇਗਾ ਤੇ ਇਹ ਭਾਰਤ ਦੇ ਲੋਕਾਂ ਲਈ 'ਮਾਣ' ਵਾਲੀ ਗੱਲ ਹੋਵੇਗੀ। ਇੱਕ ਪਾਸੇ ਭਾਰਤ ਕੋਵਿਡ-19 ਮਹਾਂਮਾਰੀ ਦੀ ਦੂਜੀ ਲਹਿਰ ਨਾਲ ਨਜਿੱਠ ਰਿਹਾ ਹੈ ਅਤੇ ਦੂਜੇ ਪਾਸੇ ਇਸ ਪ੍ਰੋਜੈਕਟ 'ਤੇ ਕੰਮ ਲਗਾਤਾਰ ਜਾਰੀ ਹੈ। ਜਿਸ ਕਰਕੇ ਲੋਕਾਂ ਵਿਚ ਰੋਸ ਵੇਖਣ ਨੂੰ ਮਿਲ ਰਿਹਾ ਹੈ। ਵਿਰੋਧੀ ਧਿਰ ਦੇ ਆਗੂ ਰਾਹੁਲ ਗਾਂਧੀ ਨੇ ਤਾਂ ਇਸ ਨੂੰ 'ਅਪਰਾਧਿਕ ਬਰਬਾਦੀ' ਦੱਸਦਿਆਂ ਮੋਦੀ ਨੂੰ ਪਹਿਲਾਂ ਮਹਾਂਮਾਰੀ ਨਾਲ ਨਜਿੱਠਣ ਦੀ ਅਪੀਲ ਕੀਤੀ ਹੈ।

ਇੱਕ ਖੁੱਲੇ ਪੱਤਰ ਵਿਚ ਕਈ ਬੁੱਧੀਜੀਵੀਆਂ ਨੇ ਪ੍ਰੋਜੈਕਟ 'ਤੇ ਖਰਚ ਕੀਤੀ ਜਾ ਰਹੀ ਵੱਡੀ ਰਕਮ ਦੀ ਆਲੋਚਨਾ ਕਰਦਿਆਂ ਲਿਖਿਆ ਹੈ, 'ਇਸ ਦੀ ਵਰਤੋਂ ਕਈ ਜਾਨਾਂ ਬਚਾਉਣ ਲਈ ਕੀਤੀ ਜਾ ਸਕਦੀ ਸੀ।'



ਇਸ ਨਵੀਂ ਪੀਐਮ ਰਿਹਾਇਸ਼ ਨੂੰ ਮੁਕੰਮਲ ਕਰਨ ਦਾ ਟੀਚਾ ਦਸੰਬਰ 2022 ਤੱਕ ਦਾ ਹੈ।

ਇਤਿਹਾਸਕਾਰ ਨਾਰਾਇਣੀ ਗੁਪਤਾ ਨੇ ਦੱਸਿਆ, 'ਇਹ ਪੂਰੀ ਤਰਾਂ ਨਾਲ ਸਥਿਤੀ ਤੋਂ ਭੱਜਣਾ ਹੈ, ਉਹ ਵੀ ਉਸ ਸਮੇਂ ਜਦੋਂ ਮਹਾਮਾਰੀ ਦੇ ਕਾਰਨ ਕਈ ਲੋਕਾਂ ਦੀਆਂ ਜਾਨਾਂ ਜਾ ਰਹੀਆਂ ਹੋਣ, ਸ਼ਮਸ਼ਾਨ ਅਤੇ ਕਬਰਸਤਾਨ ਵਿਚ ਜਗਾ ਹੀ ਨਾ ਹੋਵੇ। ਅਜਿਹੇ ਵਿਚ ਕਹਿ ਸਕਦੇ ਹਾਂ ਕਿ ਸਰਕਾਰ ਹਵਾ 'ਚ ਮਹਿਲ ਬਣਾ ਰਹੀ ਹੈ।'

ਮੌਜੂਦਾ ਸਮੇਂ ਕਿੱਥੇ ਰਹਿ ਰਹੇ ਹਨ ਪ੍ਰਧਾਨ ਮੰਤਰੀ ?

ਮੋਦੀ ਅਜੇ ਵੀ ਇੱਕ ਆਲੀਸ਼ਾਨ ਕੰਪਲੈਕਸ ਵਿਚ ਰਹਿੰਦੇ ਹਨ, ਜੋ ਕਿ ਲੋਕ ਕਲਿਆਣ ਮਾਰਗ 'ਤੇ 12 ਏਕੜ ਵਿਚ ਫੈਲਿਆ ਹੋਇਆ ਹੈ। ਪੰਜ ਬੰਗਲਿਆਂ ਵਾਲੀ ਇਹ ਇਮਾਰਤ ਰਾਸ਼ਟਰਪਤੀ ਭਵਨ ਤੋਂ ਲਗਭਗ ਤਿੰਨ ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ।

ਇਸ ਇਮਾਰਤ ਵਿਚ ਪੀਐਮ ਦੀ ਆਪਣੀ ਰਿਹਾਇਸ਼ ਤੋਂ ਇਲਾਵਾ, ਮਹਿਮਾਨਾਂ ਦੇ ਰਹਿਣ ਲਈ ਵੀ ਇੱਕ ਜਗਾ ਹੈ, ਦਫ਼ਤਰ ਹਨ, ਮੀਟਿੰਗ ਲਈ ਕਮਰਾ ਹੈ, ਇੱਕ ਥੀਏਟਰ ਹੈ ਅਤੇ ਨਾਲ ਹੀ ਇੱਕ ਹੈਲੀਪੈਡ ਵੀ ਮੌਜੂਦ ਹੈ। ਕੁਝ ਸਾਲ ਪਹਿਲਾਂ ਇਸ ਘਰ ਤੋਂ ਸਫ਼ਦਰਜੰਗ ਹਵਾਈ ਅੱਡੇ ਤੱਕ ਇੱਕ ਸੁਰੰਗ ਦਾ ਨਿਰਮਾਣ ਵੀ ਕੀਤਾ ਗਿਆ ਸੀ।

ਦਿੱਲੀ ਦੇ ਇੱਕ ਆਰਕੀਟੈਕਟ ਗੌਤਮ ਭਾਟੀਆ ਦਾ ਕਹਿਣਾ ਹੈ, 'ਭਾਰਤ ਵਿਚ ਪ੍ਰਧਾਨ ਮੰਤਰੀ ਦੇ ਨਾਂ 'ਤੇ ਇੱਕ ਪੂਰੀ ਸੜਕ ਹੈ। ਉੱਥੇ ਹੀ ਬ੍ਰਿਟੇਨ ਵਿਚ 10 ਡਾਊਨਿੰਗ ਸਟ੍ਰੀਟ, ਜੋ ਕਿ ਬ੍ਰਿਟਿਸ਼ ਪ੍ਰਧਾਨ ਮੰਤਰੀ ਦੀ ਰਿਹਾਇਸ਼ ਹੈ, ਸਿਰਫ ਇੱਕ ਦਰਵਾਜ਼ੇ 'ਤੇ ਲਿਖਿਆ ਨੰਬਰ ਹੀ ਹੈ।' ਇਸ ਜਾਇਦਾਦ ਦੀ ਚੋਣ ਸਾਲ 1984 ਵਿਚ ਰਾਜੀਵ ਗਾਂਧੀ ਨੇ ਕੀਤੀ ਸੀ। ਇਹ ਇੱਕ ਅਸਥਾਈ ਰਿਹਾਇਸ਼ ਹੋਣੀ ਸੀ ਪਰ ਉਸ ਤੋਂ ਬਾਅਦ ਸਾਰੇ ਪ੍ਰਧਾਨ ਮੰਤਰੀ ਇਸੇ ਘਰ ਵਿਚ ਰਹਿਣ ਲੱਗ ਪਏ ਸਨ।

ਪਿਛਲੇ ਕੁਝ ਸਮੇਂ ਵਿਚ ਲੋਕਾਂ ਨੂੰ ਮੋਦੀ ਦੇ ਘਰ ਦੀ ਝਲਕ ਹਾਸਲ ਹੋਈ ਹੈ। ਉਨਾਂ ਨੇ ਇੱਕ ਵੀਡੀਓ ਸਾਂਝਾ ਕੀਤਾ ਹੈ, ਜਿਸ ਵਿਚ ਉਹ ਇੱਕ ਮੋਰ ਨੂੰ ਦਾਣਾ ਖਵਾ ਰਹੇ ਹਨ ।

ਮੋਦੀ ਦਾ ਨਵਾਂ ਘਰ

ਇਹ ਨਵਾਂ ਘਰ ਦਿੱਲੀ ਦੇ ਪਾਵਰ ਗਲਿਆਰੇ ਵਿਚ ਹੋਵੇਗਾ, ਜਿਸ ਦੇ ਇੱਕ ਸਿਰੇ 'ਤੇ ਰਾਸ਼ਟਰਪਤੀ ਭਵਨ ਅਤੇ ਦੂਜੇ ਪਾਸੇ ਸੁਪਰੀਮ ਕੋਰਟ ਹੋਵੇਗਾ। ਪੀਐਮ ਰਿਹਾਇਸ਼ ਦੇ ਨਾਲ ਹੀ ਸੰਸਦ ਭਵਨ ਹੋਵੇਗਾ। ਸਰਕਾਰੀ ਦਸਤਾਵੇਜ਼ਾਂ ਅਨੁਸਾਰ 15 ਏਕੜ ਵਿਚ ਫੈਲੇ ਇਸ ਕੰਪਲੈਕਸ 'ਚ ਚਾਰ ਮੰਜ਼ਿਲਾ ਇਮਾਰਤਾਂ ਹੋਣਗੀਆਂ। ਇਹ ਕੰਪਲੈਕਸ ਰਾਸ਼ਟਰਪਤੀ ਭਵਨ ਅਤੇ ਸਾਊਥ ਬਲਾਕ ਦੇ ਵਿਚਕਾਰ ਹੋਵੇਗਾ, ਜਿੱਥੇ ਪੀਐਮ ਅਤੇ ਰੱਖਿਆ ਮੰਤਰਾਲੇ ਦੇ ਦਫ਼ਤਰ ਹਨ।

ਇੱਕ ਆਰਕੀਟੈਕਟ ਅਨੁਜ ਸ਼੍ਰੀਵਾਸਤਵ ਦਾ ਕਹਿਣਾ ਹੈ, 'ਇਸ ਬਾਰੇ ਜਨਤਾ ਵਿਚਾਲੇ ਕੋਈ ਗੱਲ ਨਹੀਂ ਕੀਤੀ ਗਈ ਹੈ। ਇਸ ਨਾਲ ਜੁੜੀਆਂ ਜਾਣਕਾਰੀਆਂ ਆਉਂਦੀਆਂ ਰਹਿੰਦੀਆਂ ਹਨ, ਪਰ ਕੁਝ ਵੀ ਅਜੇ ਸਪੱਸ਼ਟ ਨਹੀਂ ਹੈ।'

ਮਾਧਵ ਰਮਨ ਦਾ ਕਹਿਣਾ ਹੈ, 'ਇੰਨੀ ਵੱਡੀ ਇਮਾਰਤ ਦਾ ਸਾਊਥ ਬਲਾਕ ਦੇ ਨਜ਼ਦੀਕ ਹੋਣਾ, ਜੋ ਕਿ ਇੱਕ ਸੁਰੱਖਿਅਤ ਇਮਾਰਤ ਹੈ ਅਤੇ ਪ੍ਰਸਿੱਧ ਬ੍ਰਿਟਿਸ਼ ਆਰਕੀਟੈਕਟ ਐਡਵਰਡ ਲੂਟੀਅੰਸ ਅਤੇ ਹਰਬਰਟ ਬੇਕਰ ਵੱਲੋਂ ਬਣਾਈ ਗਈ ਸੀ, ਇੱਕ ਵੱਡੀ ਚਿੰਤਾ ਦਾ ਵਿਸ਼ਾ ਹੈ।'

'ਭਾਰਤ ਦੇ ਪੁਰਾਤੱਤਵ ਵਿਭਾਗ ਦੇ ਨਿਯਮਾਂ ਅਨੁਸਾਰ ਕਿਸੇ ਵੀ ਵਿਰਾਸਤੀ ਇਮਾਰਤ ਤੋਂ ਕਿਸੇ ਦੂਜੀ ਇਮਾਰਤ ਦੀ ਦੂਰੀ 300 ਮੀਟਰ ਹੋਣੀ ਚਾਹੀਦੀ ਹੈ। ਪਰ ਪੀਐਮ ਦੀ ਰਿਹਾਇਸ਼ ਮਹਿਜ਼ 30 ਮੀਟਰ ਦੀ ਦੂਰੀ 'ਤੇ ਹੈ। ਉਸ ਜ਼ਮੀਨ 'ਤੇ ਕਈ ਦਰੱਖਤ ਲੱਗੇ ਹੋਏ ਹਨ, ਉਨਾਂ ਦਾ ਕੀ ਹੋਵੇਗਾ ?'

ਅਧਿਕਾਰੀਆਂ ਦਾ ਕਹਿਣਾ ਹੈ ਕਿ ਪੀਐਮ ਦੀ ਰਿਹਾਇਸ਼ 'ਸਹੀ ਜਗਾ' 'ਤੇ ਨਹੀਂ ਹੈ,

ਬਾਕੀ ਸਫ਼ਾ 30 'ਤੇ

# ਪ੍ਰਧਾਨ ਮੰਤਰੀ ਮੋਦੀ ਦੀ ਮਕਬੂਲੀਅਤ ਘਟੀ

## ✪ ਬੀ.ਬੀ.ਸੀ. 'ਤੇ ਪ੍ਰਸਾਰਿਤ ਰਿਪੋਰਟ ਅਨੁਸਾਰ ✪ ਵਧੇਰੇ ਮੌਤਾਂ ਸਮੇਂ ਸਿਰ ਸਹੀ ਇਲਾਜ ਨਾ ਹੋਣ ਕਾਰਨ ਹੋਈਆਂ ✪ ਕਾਰਗੁਜ਼ਾਰੀ 65 ਫ਼ੀਸਦੀ ਤੋਂ ਡਿਗ ਕੇ 37 ਫ਼ੀਸਦੀ 'ਤੇ ਆਈ



ਪ੍ਰੋਫੈਸਰ ਕੁਲਬੀਰ ਸਿੰਘ

ਬੀਤੇ ਸਾਲਾਂ ਦੌਰਾਨ ਜਦੋਂ ਵੀ ਵਿਸ਼ਵ ਦੀਆਂ ਸਿਆਸੀ ਸ਼ਖ਼ਸੀਅਤਾਂ ਦੀ ਦਰਜਾਬੰਦੀ ਹੁੰਦੀ ਜਾਂ ਭਾਰਤ ਪੱਧਰ 'ਤੇ ਰਾਜਨੀਤਕ ਨੇਤਾਵਾਂ ਦੀ ਸ਼ੁਹਰਤ ਮਾਪੀ ਜਾਂਦੀ ਤਾਂ ਭਾਰਤੀ ਮੀਡੀਆ ਦਾ ਇਕ ਹਿੱਸਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਸਬੰਧਿਤ ਇਸ ਖ਼ਬਰ ਨੂੰ ਬਹੁਤ ਉਛਾਲਦਾ। ਤਾਜ਼ਾ ਸਰਵੇਖਣ ਅਨੁਸਾਰ ਪ੍ਰਧਾਨ ਮੰਤਰੀ ਦੀ ਮਕਬੂਲੀਅਤ ਅਤੇ ਕਾਰਗੁਜ਼ਾਰੀ 65 ਫ਼ੀਸਦੀ ਤੋਂ ਡਿਗ ਕੇ 37 ਫ਼ੀਸਦੀ 'ਤੇ ਆ ਗਈ ਹੈ। ਪ੍ਰੰਤੂ ਮੀਡੀਆ ਦਾ ਉਹੀ ਹਿੱਸਾ ਹੁਣ ਖ਼ਾਮੋਸ਼ ਹੈ।

ਸਾਖ਼ ਡਿਗਣ ਪਿੱਛੇ ਸਮੇਂ ਸਮੇਂ ਲਏ ਗਏ ਫ਼ੈਸਲਿਆਂ ਦੀ ਭੂਮਿਕਾ ਵੀ ਹੋ ਸਕਦੀ ਹੈ ਪ੍ਰੰਤੂ ਤਾਜ਼ਾ ਸਰਵੇਖਣ ਕੋਰੋਨਾ ਸੰਕਟ ਨਾਲ ਨਜਿੱਠਣ ਸਮੇਂ ਕੀਤੀਆਂ ਕੁਤਾਹੀਆਂ ਤੇ ਅਣਗਹਿਲੀਆਂ ਦੇ ਪ੍ਰਸੰਗ ਵਿਚ ਕੀਤਾ ਗਿਆ ਹੈ। ਇਹ ਸਰਵੇਖਣ ਅਮਰੀਕੀ ਡੇਟਾ ਇੰਟੈਲੀਜੈਂਸ ਕੰਪਨੀ 'ਮੌਰਨਿੰਗ ਕੰਸਲਟ' ਅਤੇ ਭਾਰਤੀ ਪੋਲਿੰਗ ਏਜੰਸੀ 'ਸੀ-ਵੋਟਰ' ਦੁਆਰਾ ਕੀਤਾ ਗਿਆ ਹੈ। ਦੇਸ਼ ਵਿਚ ਸਿਹਤ ਵਿਵਸਥਾ ਚਰਮਰਾ ਗਈ ਹੈ। ਗੰਭੀਰ ਮਰੀਜ਼ਾਂ ਲਈ ਹਸਪਤਾਲਾਂ ਵਿਚ ਬੈੱਡ ਨਹੀਂ ਹਨ। ਆਕਸੀਜਨ ਨਹੀਂ ਮਿਲ ਰਹੀ। ਵੈਕਸੀਨ ਉਪਲਬਧ ਨਹੀਂ ਹੈ। ਦੂਸਰੀ ਵੈਕਸੀਨ ਦਾ ਸਮਾਂ ਵਾਰ-ਵਾਰ ਵਧਾਇਆ ਜਾ ਰਿਹਾ ਹੈ। ਭਾਰਤੀ ਸਿਹਤ ਸੇਵਾਵਾਂ ਦੀ ਤਰਸਯੋਗ ਹਾਲਤ ਦੁਨੀਆ ਦੇਖ ਰਹੀ ਹੈ।

ਭਾਰਤ ਦੀ ਵੈਕਸੀਨ ਨੀਤੀ ਸਪੱਸ਼ਟ ਨਹੀਂ ਹੈ। ਕੋਰੋਨਾ ਦੀ ਪਹਿਲੀ ਲਹਿਰ ਉਪਰੰਤ ਘੋਸ਼ਣਾ ਕਰ ਦਿੱਤੀ ਗਈ ਕਿ ਅਸੀਂ ਕੋਰੋਨਾ 'ਤੇ ਜਿੱਤ ਹਾਸਲ ਕਰ ਲਈ ਹੈ। ਨਤੀਜੇ ਵਜੋਂ ਜਨਵਰੀ, ਫਰਵਰੀ, ਮਾਰਚ ਮਹੀਨਿਆਂ ਵਿਚ 70 ਤੋਂ ਵੱਧ ਦੇਸ਼ਾਂ ਨੂੰ 5.84 ਕਰੋੜ ਵੈਕਸੀਨ ਵੇਚੀ ਗਈ ਜਾਂ ਮੁਫ਼ਤ ਮੁਹੱਈਆ ਕੀਤੀ ਗਈ। ਇਹ ਜਾਣਕਾਰੀ 16 ਮਾਰਚ, 2021 ਨੂੰ ਜੂਨੀਅਰ ਹੈਲਥ ਮਨਿਸਟਰ ਅਸ਼ਵਨੀ ਕੁਮਾਰ ਦੂੱਬੇ ਨੇ ਰਾਜ ਸਭਾ ਵਿਚ ਦਿੱਤੀ। ਐਨ ਇਸੇ ਸਮੇਂ ਵੱਖ-ਵੱਖ ਰਾਜਾਂ ਵਿਚ ਕੋਰੋਨਾ ਪੀੜਤ ਲੋਕਾਂ ਦੀ ਗਿਣਤੀ ਤੇਜ਼ੀ ਨਾਲ ਵੱਧ ਰਹੀ ਸੀ। ਮਾਹਿਰ ਸੁਝਾਅ ਦੇ ਰਹੇ ਸਨ, ਚੇਤਾਵਨੀਆਂ ਦੇ ਰਹੇ ਸਨ ਪ੍ਰੰਤੂ ਨਾ ਸਿਹਤ ਮਹਿਕਮੇ ਨੇ ਅਤੇ ਨਾ ਪ੍ਰਧਾਨ ਮੰਤਰੀ ਨੇ ਉਨਾਂ 'ਤੇ ਕੋਈ ਗ਼ੌਰ ਕੀਤੀ।

ਬੀ.ਬੀ.ਸੀ. 'ਤੇ ਪ੍ਰਸਾਰਿਤ ਹੋਈ ਰਿਪੋਰਟ ਵਿਚ ਕਿਹਾ ਗਿਆ ਕਿ ਵਧੇਰੇ ਮੌਤਾਂ ਸਮੇਂ ਸਿਰ ਸਹੀ ਇਲਾਜ ਨਾ ਹੋਣ ਕਾਰਨ ਹੋ ਰਹੀਆਂ ਹਨ। ਸਰਕਾਰੀ ਅੰਕੜਿਆਂ ਅਤੇ ਮੌਤਾਂ ਦੀ ਅਸਲ ਗਿਣਤੀ ਵਿਚਾਲੇ ਵੱਡਾ ਅੰਤਰ ਹੈ। ਹਸਪਤਾਲ ਕੁਝ ਲੋਕਾਂ ਦੀ ਪਹੁੰਚ ਤੋਂ ਬਾਹਰ ਹਨ। ਕਿਧਰੇ ਵੈਂਟੀਲੇਟਰ ਦੀ ਅਣਹੋਂਦ ਹੈ, ਕਿਧਰੇ ਵੈਂਟੀਲੇਟਰ ਚਲਾਉਣ ਵਾਲੇ ਮਾਹਿਰ ਡਾਕਟਰ ਨਹੀਂ ਹਨ। ਵਿਸ਼ਵ ਪੱਧਰ 'ਤੇ ਸਿਹਤ ਸੇਵਾਵਾਂ ਪੱਖੋਂ ਭਾਰਤ 145ਵੇਂ ਨੰਬਰ 'ਤੇ ਹੈ। ਛੋਟੇ-ਛੋਟੇ ਗ਼ਰੀਬ ਮੁਲਕਾਂ ਵਿਚ ਇਸ ਤੋਂ ਬਿਹਤਰ ਸਿਹਤ ਸੇਵਾਵਾਂ ਮੁਹੱਈਆ ਕੀਤੀਆਂ ਜਾ ਰਹੀਆਂ ਹਨ।

ਵੈਕਸੀਨ ਲਗਾਉਣ ਲਈ ਕੋਈ ਫਾਰਮੂਲਾ ਨਹੀਂ ਅਪਣਾਇਆ ਜਾ ਰਿਹਾ। ਜਦੋਂ ਕੋਵੀਸ਼ੀਲਡ ਸਬੰਧੀ ਆਕਸਫੋਰਡ ਯੂਨੀਵਰਸਿਟੀ ਨੇ ਕਿਹਾ ਕਿ 3 ਮਹੀਨੇ ਬਾਅਦ ਦੂਸਰਾ ਟੀਕਾ ਲਗਵਾਉਣ ਨਾਲ ਬਿਹਤਰ ਨਤੀਜੇ ਪ੍ਰਾਪਤ ਕੀਤੇ ਜਾ ਸਕਦੇ ਹਨ ਤਾਂ ਭਾਰਤ ਸਰਕਾਰ ਨੇ 28 ਦਿਨ ਤੋਂ ਵਧਾ ਕੇ 4-6 ਹਫ਼ਤੇ ਕਰਦਿਆਂ ਕਿਹਾ, 'ਅਸੀਂ ਜਨਤਾ ਨੂੰ ਇਕ ਟੀਕੇ ਦੇ ਭਰੋਸੇ ਤਿੰਨ ਮਹੀਨੇ ਤੱਕ ਅਸੁਰੱਖਿਅਤ ਨਹੀਂ ਛੱਡ ਸਕਦੇ। ਹੁਣ ਜਦ ਭਾਰਤ ਕੋਲ ਵੈਕਸੀਨ ਦੀ ਵੱਡੀ ਘਾਟ ਹੈ ਤਾਂ ਦੂਸਰੀ ਡੋਜ਼ ਲਈ ਸਮਾਂ ਕਦੇ 84 ਦਿਨ, ਕਦੇ 6 ਮਹੀਨੇ ਕੀਤਾ ਜਾ ਰਿਹਾ ਹੈ।

ਮਾਹਿਰ ਵਾਰ-ਵਾਰ ਕਹਿ ਰਹੇ ਹਨ ਕਿ ਕੇਂਦਰ ਸਰਕਾਰ ਨੇ ਬਹੁਤ ਸਮਾਂ ਬਰਬਾਦ ਕਰ ਦਿੱਤਾ ਹੈ। ਹੁਣ ਲੋੜ ਤਟਫਟ ਫ਼ੈਸਲੇ ਲੈਣ ਦੀ ਹੈ। ਕਾਰਵਾਈ ਕਰਨ ਦੀ ਹੈ। ਸਾਬਕਾ ਕੇਂਦਰੀ ਸਿਹਤ ਸਕੱਤਰ ਸੁਜਾਤਾ ਰਾਵ ਦਾ ਕਹਿਣਾ ਹੈ ਕਿ ਵੱਧ ਤੋਂ ਵੱਧ ਕੰਪਨੀਆਂ ਨੂੰ ਵੈਕਸੀਨ ਬਣਾਉਣ ਦਾ ਲਾਇਸੈਂਸ ਦਿੱਤਾ ਜਾਵੇ ਅਤੇ ਥੋਕ ਵਿਚ ਟੀਕਾ ਖ਼ਰੀਦਣ ਦੇ ਆਰਡਰ ਦਿੱਤੇ ਜਾਣ। ਦੇਸ਼ ਵਿਚ 16 ਕੰਪਨੀਆਂ ਅਜਿਹੀਆਂ ਹਨ ਜਿਹੜੀਆਂ ਹਰੇਕ ਮਹੀਨੇ 25 ਕਰੋੜ ਵੈਕਸੀਨ ਬਣਾ ਸਕਦੀਆਂ ਹਨ। ਮਾਹਿਰ ਮੰਨਦੇ ਹਨ ਕਿ ਜੇ ਸਰਕਾਰ ਚਾਹੇ ਤਾਂ ਲਾਇਸੈਂਸ ਇਕ ਦਿਨ ਵਿਚ ਦਿੱਤਾ ਜਾ ਸਕਦਾ ਹੈ ਅਤੇ ਵੈਕਸੀਨ ਦਾ ਮਸਲਾ ਕੁਝ ਮਹੀਨਿਆਂ ਵਿਚ ਹੱਲ ਹੋ ਸਕਦਾ ਹੈ। ਇਹੀ ਰਾਏ ਨਾਰਾਇਣ ਹੈਲਥ ਦੇ ਚੇਅਰਮੈਨ ਡਾਕਟਰ ਦੇਵੀ ਸ਼ੈਟੀ ਅਤੇ ਐਸੋਸੀਏਸ਼ਨ ਆਫ਼ ਹੈਲਥ ਕੇਅਰ ਪ੍ਰੋਵਾਈਡਰਜ਼ ਦੇ ਮਹਾਂਨਿਰਦੇਸ਼ਕ ਡਾਕਟਰ ਗਿਰਧਰ ਦੀ ਹੈ।

ਮਾਰਚ ਮਹੀਨੇ ਕੇਂਦਰ ਸਰਕਾਰ ਦੇ ਮੰਤਰੀ ਮਾਣ ਨਾਲ ਕਹਿ ਰਹੇ ਸਨ ਕਿ ਅਸੀਂ 150 ਦੇਸ਼ਾਂ ਦੀ ਮਦਦ ਕੀਤੀ ਹੈ ਪਰ ਅੱਜ ਦਾ ਕਰੂਰ ਸੱਚ ਵੇਖਦਿਆਂ ਕਿਹਾ ਜਾ ਸਕਦਾ ਹੈ ਕਿ ਆਪਣੇ ਦੇਸ਼ ਵਾਸੀਆਂ ਨੂੰ ਰੱਬ ਆਸਰੇ ਛੱਡ ਦਿੱਤਾ ਗਿਆ ਹੈ। ਦੇਸ਼ ਦੀ ਜਨਤਾ ਹਸਪਤਾਲਾਂ ਲਈ, ਆਕਸੀਜਨ ਲਈ, ਸਿਹਤ ਸਹੂਲਤਾਂ ਲਈ ਤਰਸ ਰਹੀ ਹੈ। ਪ੍ਰੰਤੂ ਦੇਸ਼ ਵਾਸੀਆਂ ਨੇ ਹਸਪਤਾਲਾਂ ਲਈ, ਸਿਹਤ ਸੇਵਾਵਾਂ ਲਈ, ਸਕੂਲਾਂ, ਕਾਲਜਾਂ ਲਈ ਵੋਟਾਂ ਕਦ ਪਾਈਆਂ ਹਨ। ਵੋਟਾਂ ਤਾਂ ਮੰਦਰ-ਮਸਜਿਦ ਲਈ, ਹਿੰਦੂ-ਮੁਸਲਮਾਨ ਲਈ ਪਾਈਆਂ ਜਾਂਦੀਆਂ ਹਨ। ਚੀਨ, ਰੂਸ, ਅਮਰੀਕਾ, ਇੰਗਲੈਂਡ ਜਿਹੇ ਦੇਸ਼ ਵੀ ਦੂਸਰੇ ਦੇਸ਼ਾਂ ਨੂੰ ਵੈਕਸੀਨ ਭੇਜ ਰਹੇ ਹਨ ਪਰ ਉਦੋਂ ਜਦੋਂ ਉਨਾਂ ਨੇ ਆਪਣੇ ਮੁਲਕ ਦੇ ਹਾਲਾਤ ਕਾਬੂ ਕਰ ਲਏ ਹਨ।

ਸੋਸ਼ਲ ਮੀਡੀਆ 'ਤੇ ਇਕ ਵੀਡੀਓ ਵਾਇਰਲ ਹੋ ਰਹੀ ਹੈ। ਉਸ ਵਿਚ ਕਿਹਾ ਗਿਆ ਹੈ ਕਿ ਦੋ ਪ੍ਰਸਥਿਤੀਆਂ ਵਿਚ ਕਿਸੇ ਮੁਲਕ ਦਾ ਚਰਿੱਤਰ ਉੱਘੜ ਕੇ ਸਾਹਮਣੇ ਆਉਂਦਾ ਹੈ। ਇਕ ਉਦੋਂ ਜਦੋਂ ਬਹੁਤ ਪੈਸਾ, ਬਹੁਤ ਦੌਲਤ ਹੋ ਜਾਵੇ ਅਤੇ ਦੂਸਰਾ ਉਦੋਂ ਜਦੋਂ ਬਹੁਤ ਵੱਡੇ ਸੰਕਟ ਵਿਚ ਘਿਰ ਜਾਵੇ।

ਵੀਡੀਓ ਵਿਚ ਅੱਗੇ ਕਿਹਾ ਗਿਆ ਹੈ ਕਿ ਭਾਰਤ ਵਿਚ ਇਸ ਸੰਕਟ ਸਮੇਂ ਹਰ ਜਗਾ ਬੇਈਮਾਨੀ, ਕਾਲਾ ਬਾਜ਼ਾਰੀ, ਚਰਿੱਤਰਹੀਣਤਾ, ਸਰਕਾਰੀ ਅਸੰਵੇਦਨਸ਼ੀਲਤਾ ਨਜ਼ਰ ਆ ਰਹੀ ਹੈ। ਚੰਦ ਲੋਕ ਹਨ ਜਿਹੜੇ ਇਮਾਨਦਾਰੀ ਤੇ ਸੇਵਾ ਭਾਵਨਾ ਨਾਲ ਜ਼ਿੰਮੇਵਾਰੀ ਨਿਭਾਅ ਰਹੇ ਹਨ। ਬਹੁ-ਗਿਣਤੀ ਲੋਕ ਪੈਸੇ ਲਈ ਕੁਝ ਵੀ ਕਰ ਸਕਦੇ ਹਨ। ਕਿੰਨੇ ਵੀ ਗਿਰ ਸਕਦੇ ਹਨ। ਨੇਤਾ ਅਸੰਵੇਦਨਸ਼ੀਲ ਤਾਂ ਸਨ ਪਰ ਇਸ ਹੱਦ ਤੱਕ ਹੋ ਸਕਦੇ ਹਨ ਕਦੇ ਸੋਚਿਆ ਨਹੀਂ ਸੀ। ਭਾਰਤ ਵਿਚ ਇਸ ਵੇਲੇ ਝੂਠ, ਅਡੰਬਰ, ਪਖੰਡ ਬੇਈਮਾਨੀ, ਰਾਜਨੀਤਕ, ਨਾਕਾਬਲੀਅਤ ਚਰਮਸੀਮਾ 'ਤੇ ਹੈ।

ਸਿਹਤ ਐਮਰਜੈਂਸੀ ਵੇਲੇ ਜਿਹੜਾ ਮੁਲਕ ਆਪਣੇ ਬੱਚਿਆਂ, ਬਜ਼ੁਰਗਾਂ ਨੂੰ ਹਸਪਤਾਲ, ਬੈੱਡ, ਆਕਸੀਜਨ, ਇਲਾਜ ਤੇ ਹੋਰ ਸਿਹਤ ਸਹੂਲਤਾਂ ਮੁਹੱਈਆ ਨਹੀਂ ਕਰ ਸਕਦਾ ਉਸ ਤੋਂ ਹੋਰ ਕੀ ਉਮੀਦ ਕੀਤੀ ਜਾ ਸਕਦੀ ਹੈ ? ਵੀਡੀਓ ਖ਼ਤਮ ਕਰਨ ਤੋਂ ਪਹਿਲਾਂ ਮਨ ਦੀ ਵੇਦਨਾ ਇਨਾਂ ਸ਼ਬਦਾਂ ਵਿਚ ਵਿਅਕਤ ਕੀਤੀ ਗਈ ਹੈ, 'ਮੇਰਾ ਦੇਸ਼ ਬੇਸ਼ਰਮੀ, ਬੇਹਯਾ, ਬੇਹੂਦਗੀ, ਚਰਿੱਤਹੀਣਤਾ, ਅਸੰਵੇਦਨਸ਼ੀਲਤਾ ਦੀਆਂ ਸਾਰੀਆਂ ਹੱਦਾਂ ਪਾਰ ਕਰ ਗਿਆ ਹੈ। ਪਾਣੀ ਵਿਚ ਲਾਸ਼ਾਂ ਤੈਰ ਰਹੀਆਂ ਹਨ। ਮੌਤਾਂ ਦੀ ਗਿਣਤੀ ਛੁਪਾਈ ਜਾ ਰਹੀ ਹੈ। ਇਸ ਤੋਂ ਵੱਡੀ ਸ਼ਰਮ ਦੀ ਗੱਲ ਹੋਰ ਕੀ ਹੋ ਸਕਦੀ ਹੈ ?

# ਭਾਰਤ-ਪਾਕਿਸਤਾਨ ਵਪਾਰ ਸਬੰਧਾਂ ਵਿਚ ਸੁਧਾਰ ਹੋਵੇ

## ਜੇ ਭਾਰਤ, ਪਾਕਿ ਰਾਹੀਂ ਅਫ਼ਗਾਨਿਸਤਾਨ, ਈਰਾਨ ਤੇ ਮੱਧ ਏਸ਼ੀਆ ਨਾਲ ਸੜਕੀ ਵਪਾਰ ਕਰਦਾ ਹੈ ਤਾਂ ਦੋਵਾਂ ਦੇਸ਼ਾਂ ਨੂੰ ਮਿਲ ਸਕਦਾ ਏ ਲਾਭ



**ਐਸ ਐਸ ਛੀਨਾ**

ਕੁਝ ਹਫ਼ਤੇ ਪਹਿਲਾਂ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸ੍ਰੀ ਇਮਰਾਨ ਖਾਨ ਨੇ ਭਾਰਤ ਤੋਂ ਖੰਡ ਦੀ ਦਰਾਮਦ ਕਰਨ ਨੂੰ ਮਨਜ਼ੂਰੀ ਦੇਣ ਤੋਂ ਨਾਂਹ ਕਰ ਦਿੱਤੀ ਸੀ, ਜਿਸ ਦਾ ਪ੍ਰਭਾਵ ਪ੍ਰਧਾਨ ਮੰਤਰੀ, ਉਸ ਦੇ ਮੰਤਰੀਆਂ ਜਾਂ ਉਥੋਂ ਦੇ ਅਮੀਰ ਵਿਅਕਤੀਆਂ 'ਤੇ ਤਾਂ ਬਿਲਕੁਲ ਨਹੀਂ ਪਿਆ ਪਰ ਉਸ ਨਾਲ ਉਥੋਂ ਦੀ ਆਮ ਜਨਤਾ ਬਹੁਤ ਬੁਰੀ ਤਰਾਂ ਪ੍ਰਭਾਵਿਤ ਹੋਈ, ਕਿਉਂਕਿ ਖੰਡ ਹਰ ਘਰ ਵਿਚ ਵਰਤਣ ਵਾਲੀ ਜ਼ਰੂਰੀ ਵਸਤੂ ਹੈ, ਜਿਹੜੀ ਉਸ ਦੇਸ਼ ਵਿਚ 100 ਰੁਪਏ ਪ੍ਰਤੀ ਕਿੱਲੋ ਤੋਂ ਵੱਧ ਕੀਮਤ 'ਤੇ ਵਿਕ ਰਹੀ ਹੈ ਅਤੇ ਜੇ ਉਹ ਭਾਰਤ ਤੋਂ ਦਰਾਮਦ ਕੀਤੀ ਜਾਂਦੀ ਤਾਂ ਉਹ ਉਸ ਨੂੰ ਦੁਨੀਆ ਦੇ ਹੋਰ ਦੇਸ਼ਾਂ ਦੀ ਦਰਾਮਦ ਦੇ ਮੁਕਾਬਲੇ ਸਸਤੀ ਪੈਣੀ ਸੀ। ਇਸ ਤਰਾਂ ਹੀ ਹੋਰ ਬਹੁਤ ਸਾਰੀਆਂ ਵਸਤੂਆਂ ਹਨ, ਜਿਨਾਂ ਦਾ ਵਪਾਰ ਇਨਾਂ ਦੋਵਾਂ ਦੇਸ਼ਾਂ ਦੇ ਵਿਕਾਸ ਅਤੇ ਆਮ ਜਨਤਾ ਲਈ ਵੱਡੀ ਰਾਹਤ ਹੋ ਸਕਦਾ ਹੈ ਪਰ ਪਿਛਲੇ 70 ਸਾਲਾਂ ਵਿਚ ਦੋਵਾਂ ਦੇਸ਼ਾਂ ਵਿਚ ਅੰਤਰਰਾਸ਼ਟਰੀ ਵਪਾਰ ਬਹੁਤ ਹੇਠਲੀ ਪੱਧਰ 'ਤੇ ਹੀ ਰਿਹਾ ਹੈ ਅਤੇ ਕਈ ਵਾਰ ਬਿਲਕੁਲ ਹੀ ਬੰਦ ਵੀ ਹੁੰਦਾ ਰਿਹਾ ਹੈ ਅਤੇ ਇਸ ਵਿਚ ਵੱਡੇ ਉਤਰਾਅ-ਚੜ੍ਹਾਅ ਆਉਂਦੇ ਰਹੇ ਹਨ।

1948-1949 ਤੱਕ ਪਾਕਿਸਤਾਨ ਨਾਲ ਭਾਰਤ ਦਾ ਵਪਾਰ ਕੁੱਲ ਵਪਾਰ ਦਾ 70 ਫ਼ੀਸਦੀ ਸੀ, ਜਦੋਂ ਕਿ ਭਾਰਤ ਵੀ ਆਪਣੀ ਦਰਾਮਦ ਵਿਚੋਂ 63 ਫ਼ੀਸਦੀ ਦਰਾਮਦ ਇਕੱਲੇ ਪਾਕਿਸਤਾਨ ਤੋਂ ਕਰਦਾ ਸੀ। ਇਹ ਉਸ ਭਾਰਤ ਪਾਕਿਸਤਾਨ ਦੀ ਵੰਡ ਦੇ ਸ਼ੁਰੂ ਦੇ ਸਮੇਂ ਵਿਚ ਇਸ ਕਰਕੇ ਸੀ ਕਿ ਦੋਵਾਂ ਦੇਸ਼ਾਂ ਦੀ ਭੂਗੋਲਿਕ ਨੇੜਤਾ, ਸੱਭਿਆਚਾਰ, ਇਤਿਹਾਸ, ਪਿਛੋਕੜ ਆਦਿ ਇਕ ਹੋਣ ਕਰਕੇ ਪਹਿਲਾਂ ਤੋਂ ਹੀ ਇਹ ਵਪਾਰ ਚੱਲ ਰਿਹਾ ਸੀ। ਪਰ 1949 ਤੋਂ ਬਾਅਦ ਇਕਦਮ ਇਸ ਵਿਚ ਵੱਡੀ ਕਮੀ ਆ ਗਈ। ਪਰ ਫਿਰ ਵੀ 1948 ਤੋਂ 1960 ਤੱਕ ਭਾਰਤ-ਪਾਕਿਸਤਾਨ ਵਿਚਕਾਰ 11 ਵਪਾਰਕ ਸਮਝੌਤੇ ਹੋਏ, ਜਿਨਾਂ ਦਾ ਇਕ ਹੀ ਉਦੇਸ਼ ਦੋਵਾਂ ਦੇਸ਼ਾਂ ਵਿਚ ਵਪਾਰ ਵਧਾਉਣਾ ਸੀ, ਕਿਉਂਕਿ ਇਹ ਗੱਲ ਸਾਬਤ ਹੋਈ ਹੈ ਕਿ ਵਪਾਰ ਵਿਕਾਸ ਦਾ ਇੰਜਣ ਹੈ ਅਤੇ ਜਿੰਨੀ ਆਸਾਨੀ ਨਾਲ ਇਨਾਂ ਦੋ ਦੇਸ਼ਾਂ ਵਿਚ ਵਪਾਰ ਹੋ ਸਕਦਾ ਹੈ, ਓਨਾ ਕਿਸੇ ਵੀ ਹੋਰ ਦੇਸ਼ ਨਾਲ ਨਹੀਂ ਹੋ ਸਕਦਾ, ਪਰ ਫਿਰ ਵੀ 1958 ਤੱਕ ਇਹ ਦੁਵੱਲਾ ਵਪਾਰ ਜਿਹੜਾ 1948-49 ਵਿਚ 184.06 ਕਰੋੜ ਰੁਪਏ ਦਾ ਸੀ, ਉਹ ਘਟ ਕੇ ਸਿਰਫ 10.53 ਕਰੋੜ ਰੁਪਏ ਦਾ ਰਹਿ ਗਿਆ।

1965 ਦੀ ਭਾਰਤ-ਪਾਕਿਸਤਾਨ ਜੰਗ ਤੋਂ ਬਾਅਦ ਇਹ ਵਪਾਰ ਬਿਲਕੁਲ ਖ਼ਤਮ ਹੋ ਗਿਆ ਅਤੇ ਫਿਰ ਦਸੰਬਰ 1974 ਵਿਚ ਸਮਝੌਤੇ ਤੋਂ ਬਾਅਦ 1976 ਵਿਚ ਫਿਰ ਸ਼ੁਰੂ ਹੋਇਆ। ਭਾਵੇਂ ਕਿ 1986 ਵਿਚ ਭਾਰਤ ਅਤੇ ਪਾਕਿਸਤਾਨ ਦੱਖਣੀ ਏਸ਼ੀਆ ਦੀ 7 ਮੈਂਬਰਾਂ ਵਾਲੀ 'ਸਾਰਕ' ਸੰਸਥਾ ਦੇ ਮੈਂਬਰ ਸਨ, ਜਿਸ ਦਾ ਮੁੱਖ ਉਦੇਸ਼ ਵਪਾਰ ਵਿਚ ਵਾਧਾ ਕਰਨਾ ਸੀ ਪਰ ਭਾਰਤ-ਪਾਕਿਸਤਾਨ ਦਾ ਵਪਾਰ ਬਿਲਕੁਲ ਨਾ ਵਧ ਸਕਿਆ। ਇਸ 'ਸਾਰਕ' ਸੰਸਥਾ ਨੂੰ ਯੂਰਪੀ ਯੂਨੀਅਨ ਦੀ ਤਰਜ਼ 'ਤੇ ਬਣਾਇਆ ਗਿਆ ਸੀ। ਯੂਰਪੀ ਯੂਨੀਅਨ ਦੇ 27 ਮੈਂਬਰਾਂ ਦੀ ਸਭਾ ਵਿਚ ਆਪਸੀ ਵਪਾਰ ਨੂੰ ਆਸਾਨ ਬਣਾਉਣ ਲਈ ਕਈ ਉਹ ਕੰਮ ਕੀਤੇ ਗਏ, ਜਿਨਾਂ ਨਾਲ ਕਈ ਦੇਸ਼ਾਂ ਵਿਚ 70 ਫ਼ੀਸਦੀ ਵਪਾਰ ਉਨਾਂ ਦੇ ਮੈਂਬਰ ਦੇਸ਼ਾਂ ਨਾਲ ਹੈ। ਉਸ ਕੌਂਸਲ ਵਲੋਂ ਸਾਰੇ ਮੈਂਬਰ ਦੇਸ਼ਾਂ ਵਿਚ ਇਕ ਕਰੰਸੀ ਯੂਰੋ, ਚਲਦੀ ਹੈ, ਜੋ ਅੰਤਰਰਾਸ਼ਟਰੀ ਕਰੰਸੀ ਵਿਚ ਪੌਂਡ ਅਤੇ ਡਾਲਰ ਤੋਂ ਬਾਅਦ ਤੀਸਰੀ ਮੁੱਲਵਾਨ ਕਰੰਸੀ ਹੈ। ਸਾਰੇ ਯੂਰਪੀ ਦੇਸ਼ਾਂ ਵਿਚ ਇਕ ਟੈਕਸ ਪ੍ਰਣਾਲੀ ਹੈ। ਇਕ ਵਾਰ ਟੈਕਸ ਦੇ ਕੇ ਦੂਜੀ ਵਾਰ ਟੈਕਸ ਦੇਣ ਦੀ ਲੋੜ ਨਹੀਂ। ਯੂਰਪੀ ਦੇਸ਼ਾਂ ਵਿਚ ਵੀਜ਼ਾ ਮੁਕਤ ਵਪਾਰ ਹੈ, ਇਥੋਂ ਤੱਕ ਕਿ ਬਾਹਰਲੇ ਸੈਲਾਨੀਆਂ ਕੋਲ ਜੇ ਯੂਰਪੀ ਯੂਨੀਅਨ ਦੇ ਦੇਸ਼ਾਂ ਦਾ ਵੀਜ਼ਾ ਹੋਵੇ ਤਾਂ ਉਨਾਂ ਨੂੰ ਵੱਖ-ਵੱਖ ਦੇਸ਼ਾਂ ਦਾ ਵੀਜ਼ਾ ਨਹੀਂ ਲੈਣਾ ਪੈਂਦਾ। ਉਸ ਤਰਜ਼ 'ਤੇ ਸਾਰਕ ਸੰਸਥਾ ਸਥਾਪਤ ਕੀਤੀ ਗਈ ਸੀ ਅਤੇ ਇਸ ਸਾਰਕ ਸੰਸਥਾ ਵਿਚ ਖੇਤਰ ਅਤੇ ਵਸੋਂ ਦੇ ਪੱਖ ਤੋਂ 92 ਫ਼ੀਸਦੀ ਹਿੱਸਾ ਸਿਰਫ ਭਾਰਤ-ਪਾਕਿਸਤਾਨ ਦਾ ਸੀ। ਦੋਵੇਂ ਦੇਸ਼ ਇਸ ਤੋਂ ਵੱਡਾ ਲਾਭ ਕਮਾ ਸਕਦੇ ਸਨ ਪਰ ਰਾਜਨੀਤਕ ਕਾਰਨਾਂ ਕਰਕੇ ਇਹ ਨਾ ਹੋ ਸਕਿਆ।






ਅੰਤਰਰਾਸ਼ਟਰੀ ਪੱਧਰ 'ਤੇ ਕਈ ਦੇਸ਼ਾਂ ਵਿਚ ਰਾਜਨੀਤਕ ਮਤਭੇਦ ਤਾਂ ਹਨ ਪਰ ਉਹ ਉਨਾਂ ਦੇ ਆਰਥਿਕ ਸਬੰਧਾਂ ਜਾਂ ਵਪਾਰ ਨੂੰ ਪ੍ਰਭਾਵਿਤ ਨਹੀਂ ਕਰਦੇ। ਇਸ ਦੀ ਇਕ ਵੱਡੀ ਮਿਸਾਲ ਚੀਨ-ਅਮਰੀਕਾ ਦੀ ਹੈ। ਜਿਨਾਂ ਦੇ ਰਾਜਨੀਤਕ ਮਤਭੇਦ ਕਈ ਦਹਾਕਿਆਂ ਤੋਂ ਚੱਲ ਰਹੇ ਹਨ ਪਰ ਫਿਰ ਵੀ ਅਮਰੀਕਾ ਅਤੇ ਚੀਨ ਦਾ ਵਪਾਰ ਏਨਾ ਜ਼ਿਆਦਾ ਹੈ, ਦੋਵੇਂ ਦੇਸ਼ ਇਕ-ਦੂਜੇ ਦੇਸ਼ ਤੋਂ ਏਨੀ ਜ਼ਿਆਦਾ ਮਾਤਰਾ ਵਿਚ ਦਰਾਮਦ-ਬਰਾਮਦ ਕਰ ਰਹੇ ਹਨ ਜਿੰਨੀ ਉਨਾਂ ਦੀ ਹੋਰ ਕਿਸੇ ਵੀ ਦੇਸ਼ ਤੋਂ ਨਹੀਂ ਹੁੰਦੀ। ਸਾਰਕ ਵਿਚ ਸ਼ਾਮਿਲ ਦੇਸ਼ਾਂ ਲਈ ਬਣਾਏ ਗਏ ਨਿਯਮਾਂ ਵਿਚ ਇਕ ਇਹ ਸੀ ਕਿ ਹਰ ਸਾਰਕ ਦੇਸ਼ ਦੂਜੇ ਦੇਸ਼ ਨੂੰ ਵਪਾਰ ਲਈ ਬਹੁਤ ਤਰਜੀਹੀ ਦੇਸ਼ (ਐਮ.ਐਫ.ਐਨ.) ਦਾ ਦਰਜਾ ਦੇਵੇ। ਭਾਰਤ ਨੇ ਤਾਂ ਪਾਕਿਸਤਾਨ ਨੂੰ ਇਹ ਦਰਜਾ 1996 ਵਿਚ ਹੀ ਦੇ ਦਿੱਤਾ ਸੀ, ਕਿਉਂਕਿ 1995 ਵਿਚ ਇਸ ਸਬੰਧੀ ਦੱਖਣੀ ਏਸ਼ੀਆ ਤਰਜੀਹ ਵਪਾਰਕ ਪ੍ਰਬੰਧ ਦਾ ਸਮਝੌਤਾ ਹੋਇਆ ਸੀ ਪਰ ਪਾਕਿਸਤਾਨ ਨੇ ਭਾਰਤ ਨੂੰ ਅਜਿਹਾ ਦਰਜਾ ਨਹੀਂ ਦਿੱਤਾ। ਪੁਲਵਾਮਾ ਦੇ 2019 ਦੇ ਹਮਲੇ ਤੋਂ ਬਾਅਦ ਭਾਰਤ ਨੇ ਵੀ ਐਮ.ਐਫ.ਐਨ. ਦਾ ਦਰਜਾ ਵਾਪਸ ਲੈ ਲਿਆ ਅਤੇ ਕਸਟਮ 200 ਫ਼ੀਸਦੀ ਵਧਾ ਦਿੱਤਾ।

2018 ਵਿਚ ਵਿਸ਼ਵ ਬੈਂਕ ਨੇ ਆਪਣੀ ਇਕ ਰਿਪੋਰਟ ਵਿਚ ਇਹ ਗੱਲ ਕਹੀ ਸੀ ਕਿ ਭਾਰਤ-ਪਾਕਿਸਤਾਨ ਵਿਚਕਾਰ 3700 ਕਰੋੜ ਅਮਰੀਕੀ ਡਾਲਰ ਦੇ ਵਪਾਰ ਦੀ ਸਮਰੱਥਾ ਬਣ ਸਕਦੀ ਹੈ, ਜਦੋਂ ਕਿ ਅੱਜਕਲ ਸਿਰਫ 200 ਅਮਰੀਕੀ ਡਾਲਰ ਦਾ ਵਪਾਰ ਹੈ। ਪਰ ਇਕ ਅੰਦਾਜ਼ੇ ਅਨੁਸਾਰ ਇਸ ਤੋਂ ਦੁੱਗਣਾ ਵਪਾਰ 2012-13 ਵਿਚ 390 ਕਰੋੜ ਡਾਲਰ ਗ਼ੈਰ-ਰਸਮੀ ਤੌਰ 'ਤੇ ਹੋਇਆ ਸੀ। ਅਜਿਹਾ ਵਪਾਰ ਤਸਕਰੀ ਰਾਹੀਂ ਜਾਂ ਹੋਰ ਦੇਸ਼ਾਂ ਜਿਵੇਂ ਦੁਬਈ, ਥਾਈਲੈਂਡ, ਸਿੰਗਾਪੁਰ ਆਦਿ ਦੇਸ਼ਾਂ ਰਾਹੀਂ ਹੁੰਦਾ ਹੈ, ਜਿਸ ਦਾ ਸਭ ਤੋਂ ਵੱਧ ਨੁਕਸਾਨ ਆਮ ਵਿਅਕਤੀ ਨੂੰ ਵੱਧ ਕੀਮਤਾਂ ਦੇ ਰੂਪ ਵਿਚ ਹੁੰਦਾ ਹੈ ਅਤੇ ਵਪਾਰੀਆਂ ਦਾ ਵੀ ਇਸ ਤਰਾਂ ਨੁਕਸਾਨ ਹੀ ਹੁੰਦਾ ਹੈ। ਇਸ ਤੋਂ ਇਲਾਵਾ ਜੇ ਦੋਵਾਂ ਦੇਸ਼ਾਂ ਵਿਚ ਕੱਚੇ ਮਾਲ ਦੇ ਵਪਾਰ ਦੀ ਖੁੱਲ ਹੋਵੇ ਤਾਂ ਦੋਵੇਂ ਦੇਸ਼ਾਂ ਦੇ ਉਦਯੋਗਾਂ ਦਾ ਵਿਕਾਸ ਤੇਜ਼ ਹੋ ਸਕਦਾ ਹੈ ਅਤੇ ਕਿਰਤੀਆਂ ਲਈ ਰੁਜ਼ਗਾਰ ਦੇ ਮੌਕੇ ਵਧ ਸਕਦੇ ਹਨ। ਜੇ ਪਾਕਿਸਤਾਨ ਆਪਣੇ ਵਾਹਨਾਂ ਲਈ ਲੋੜੀਂਦੇ ਪੁਰਜ਼ੇ ਭਾਰਤ ਤੋਂ ਮੰਗਵਾਏ ਤਾਂ ਉਹ ਜਿਨਾਂ ਦੇਸ਼ਾਂ ਤੋਂ ਹੁਣ ਮੰਗਵਾ ਰਿਹਾ ਹੈ, ਜਿਵੇਂ ਯੂਰਪੀ ਯੂਨੀਅਨ, ਜਾਪਾਨ ਅਤੇ ਅਰਬ ਅਮੀਰਾਤ ਤਾਂ ਉਹ ਉਸ ਨੂੰ ਕਿਤੇ ਸਸਤੇ ਮਿਲ ਸਕਦੇ ਹਨ ਅਤੇ ਇਸ ਦਾ ਲਾਭ ਫਿਰ ਉਥੋਂ ਦੇ ਉਪਭੋਗੀਆਂ ਨੂੰ ਹੀ ਮਿਲਣਾ ਹੈ।

ਪਾਕਿਸਤਾਨ ਭਾਰਤ ਨੂੰ ਸਬਜ਼ੀਆਂ, ਕੱਪੜਾ, ਸੁੱਕੇ ਫਲ, ਖਣਿਜ ਲੂਣ, ਸੀਮੈਂਟ, ਚਮੜੇ ਦਾ ਬਣਿਆ ਸਾਮਾਨ ਅਤੇ ਸਰਜੀਕਲ ਵਸਤੂਆਂ ਦੀ ਵਿਕਰੀ ਕਰਦਾ ਹੈ। ਦੂਜੇ ਪਾਸੇ ਭਾਰਤ ਪਾਕਿਸਤਾਨ ਨੂੰ ਕਪਾਹ, ਰਸਾਇਣਕ ਪਦਾਰਥ, ਰੰਗ, ਮਸ਼ੀਨਾਂ, ਦਵਾਈਆਂ, ਚਾਹ, ਮਸਾਲੇ ਆਦਿ ਭੇਜਦਾ ਹੈ। ਭਾਰਤ ਆਪਣੀਆਂ ਸੀਮੈਂਟ ਦੀਆਂ ਲੋੜਾਂ ਦੀ 31 ਫ਼ੀਸਦੀ ਪਾਕਿਸਤਾਨ ਤੋਂ ਕਰਦਾ ਰਿਹਾ ਹੈ। ਕੁੱਲ ਮਿਲਾ ਕੇ ਭਾਰਤ ਪਾਕਿਸਤਾਨ ਤੋਂ ਜ਼ਿਆਦਾ ਖ਼ਰੀਦਦਾ ਹੈ, ਜਦੋਂ ਕਿ ਪਾਕਿਸਤਾਨ ਭਾਰਤ ਤੋਂ ਘੱਟ ਵਸਤੂਆਂ ਦੀ ਖ਼ਰੀਦ ਕਰਦਾ ਹੈ। ਭਾਵੇਂ ਕਿ ਦੋਵੇਂ ਦੇਸ਼ ਵਿਸ਼ਵ ਵਪਾਰ ਸੰਸਥਾ ਦੇ ਮੈਂਬਰ ਤਾਂ ਹਨ ਪਰ ਦੋਵੇਂ ਹੀ ਦੇਸ਼ ਟੈਕਸਾਂ ਅਤੇ ਗ਼ੈਰ-ਟੈਕਸਾਂ ਦੀਆਂ ਸ਼ਰਤਾਂ ਲਾ ਕੇ ਵਪਾਰ ਨੂੰ ਸੀਮਤ ਰੱਖਦੇ ਹਨ ਭਾਵੇਂ ਕਿ ਵਿਸ਼ਵ ਵਪਾਰ ਸੰਸਥਾ ਵਲੋਂ ਟੈਕਸਾਂ ਸਬੰਧੀ ਕਾਫੀ ਰਾਹਤ ਦਿੱਤੀ ਗਈ ਹੈ, ਜਿਸ ਦਾ ਦੂਜੇ ਹੋਰ ਦੇਸ਼ ਲਾਭ ਉਠਾਉਂਦੇ ਹਨ ਅਤੇ ਗ਼ੈਰ-ਟੈਕਸ (ਕਸਟਮ, ਦਰਾਮਦ ਡਿਊਟੀ) ਨਾ ਲਾ ਕੇ ਬਹੁਤ ਸਾਰੀਆਂ ਵਸਤੂਆਂ ਦੀ ਦਰਾਮਦ ਅਤੇ ਬਰਾਮਦ ਦੀਆਂ ਉਨਾਂ ਦੇਸ਼ਾਂ ਨੂੰ ਖੁੱਲਾਂ ਪ੍ਰਾਪਤ ਹਨ। ਪਰ ਭਾਰਤ-ਪਾਕਿਸਤਾਨ ਵਪਾਰ ਵਿਚ ਕੁਝ ਉਹ ਸੂਖਮ ਵਸਤੂਆਂ ਹਨ, ਜਿਨਾਂ ਦੀ ਦਰਾਮਦ ਬਰਾਮਦ ਦੀ ਬਿਲਕੁਲ ਹੀ ਇਜਾਜ਼ਤ ਨਹੀਂ। ਇਸ ਤੋਂ ਇਲਾਵਾ 1989 ਵਿਚ ਪਾਕਿਸਤਾਨ ਨੇ ਭਾਰਤ ਤੋਂ 322 ਵਸਤੂਆਂ ਮੰਗਵਾਉਣ ਦੀ ਇਜਾਜ਼ਤ ਦਿੱਤੀ ਸੀ, ਜਦੋਂ ਕਿ 1996 ਵਿਚ 600 ਵਸਤੂਆਂ ਦੀ ਇਜਾਜ਼ਤ ਦਿੱਤੀ ਗਈ ਸੀ। ਪਰ ਇਹ ਸੂਚੀ ਬਦਲਦੀ ਰਹਿੰਦੀ ਹੈ।

ਦੋਵਾਂ ਦੇਸ਼ਾਂ ਵਿਚਕਾਰ ਵਪਾਰ ਆਸਾਨ ਕਰਨ ਨਾਲ ਜਿਥੇ ਦੋਵੇਂ ਦੇਸ਼ਾਂ ਦੀ ਵਿਕਾਸ ਗਤੀ ਵਿਚ ਤੇਜ਼ੀ ਆ ਸਕਦੀ ਹੈ, ਇਸ ਨੂੰ ਮੁੱਖ ਰੱਖਦਿਆਂ ਉਹ ਮੁਸ਼ਕਿਲਾਂ ਜਿਹੜੀਆਂ ਇਸ ਵਪਾਰ ਲਈ ਰੁਕਾਵਟਾਂ ਹਨ, ਉਨਾਂ ਨੂੰ ਦੂਰ ਕਰਨਾ ਦੋਵਾਂ ਦੇਸ਼ਾਂ ਦੇ ਵੱਡੇ ਹਿਤ ਵਿਚ ਹੈ। ਅੰਤਰਰਾਸ਼ਟਰੀ ਵਪਾਰ ਕਰਨ ਵਾਲਿਆਂ ਨੂੰ ਸ਼ਿਕਾਇਤ ਹੈ ਕਿ ਦੋਵਾਂ ਦੇਸ਼ਾਂ ਵਿਚ ਦਰਾਮਦ ਬਰਾਮਦ ਵਿਚ ਗ਼ੈਰ-ਜ਼ਰੂਰੀ ਦੇਰੀ ਕੀਤੀ ਜਾਂਦੀ ਹੈ, ਇਸ ਲਈ ਵਪਾਰੀ ਇਸ ਵਪਾਰ ਵਿਚ ਦਿਲਚਸਪੀ ਨਹੀਂ ਲੈਂਦਾ, ਜਦੋਂ ਕਿ ਹੋਰ ਦੇਸ਼ਾਂ ਨਾਲ ਵਪਾਰ ਵਿਚ ਇਹ ਗ਼ੈਰ-ਜ਼ਰੂਰੀ ਦੇਰੀ ਨਹੀਂ ਹੁੰਦੀ। ਦੋਵਾਂ ਦੇਸ਼ਾਂ ਦੇ ਵਪਾਰ ਦੀ ਇਕ ਗੁੰਝਲਦਾਰ ਪ੍ਰਣਾਲੀ ਹੈ। ਵੀਜ਼ਾ ਪ੍ਰਣਾਲੀ ਬਹੁਤ ਸਖ਼ਤ ਅਤੇ ਵਪਾਰੀਆਂ ਦੇ ਅਨੁਕੂਲ ਨਹੀਂ। ਜੇ ਜ਼ਿਆਦਾ ਵਸਤੂਆਂ ਦਾ ਕਾਨੂੰਨੀ ਵਪਾਰ ਵਧਦਾ ਹੈ ਤਾਂ ਇਸ ਨਾਲ ਜਿਥੇ ਆਮ ਖ਼ਰੀਦਦਾਰ ਦਾ ਲਾਭ ਹੈ, ਉਥੇ ਸਰਕਾਰ ਦੀ ਆਮਦਨ ਵਿਚ ਵੀ ਵਾਧਾ ਹੁੰਦਾ ਹੈ ਅਤੇ ਉਨਾਂ ਵਸਤੂਆਂ ਦੇ ਉਤਪਾਦਕਾਂ ਦੀ ਮੰਡੀ ਦਾ ਆਕਾਰ ਵਧਣ ਨਾਲ, ਰੁਜ਼ਗਾਰ ਦੇ ਮੌਕੇ ਵਧਦੇ ਹਨ। ਭਾਰਤ-ਪਾਕਿਸਤਾਨ ਵਿਚਕਾਰ ਵਪਾਰ ਨੂੰ ਹਮੇਸ਼ਾ ਹੀ ਪ੍ਰਭਾਵਿਤ ਨਹੀਂ ਹੋਣ ਦੇਣਾ ਚਾਹੀਦਾ। ਇਸ ਸਬੰਧੀ ਅਮਰੀਕਾ-ਚੀਨ ਅਤੇ ਕਈ ਹੋਰ ਦੇਸ਼ਾਂ ਦੀ ਮਿਸਾਲ ਵੀ ਦਿੱਤੀ ਜਾ ਸਕਦੀ ਹੈ। ਜੇ ਭਾਰਤ, ਪਾਕਿਸਤਾਨ ਰਾਹੀਂ ਅਫ਼ਗਾਨਿਸਤਾਨ, ਈਰਾਨ ਅਤੇ ਮੱਧ ਏਸ਼ੀਆ ਨਾਲ ਸੜਕੀ ਵਪਾਰ ਕਰਦਾ ਹੈ ਤਾਂ ਇਸ ਦਾ ਲਾਭ ਵੀ ਦੋਵਾਂ ਦੇਸ਼ਾਂ ਨੂੰ ਮਿਲ ਸਕਦਾ ਹੈ। ਪਰ ਇਸ ਦਾ ਸਭ ਤੋਂ ਜ਼ਿਆਦਾ ਲਾਭ ਦੋਵਾਂ ਦੇਸ਼ਾਂ ਦੀ ਜਨਤਾ ਨੂੰ ਮਿਲ ਸਕਦਾ ਹੈ, ਜਿਸ ਦੇ ਵਧਣ ਨਾਲ ਅਮਨ ਦਾ ਮਾਹੌਲ ਬਣਦਾ ਹੈ ਅਤੇ ਦੋਵਾਂ ਦੇਸ਼ਾਂ ਵਲੋਂ ਵਿੱਦਿਆ, ਸਿਹਤ ਅਤੇ ਹੋਰ ਮੁੱਦਿਆਂ ਵੱਲ ਵੀ ਧਿਆਨ ਦਿੱਤਾ ਜਾ ਸਕਦਾ ਹੈ।

### ਆਓ ਗੱਲ ਕਰੀਏ ਸਿਆਣੀ

ਆਓ ਗੱਲ ਕਰੀਏ ਸਿਆਣੀ।
ਕੱਲ ਲਈ ਬਚਾਈਏ ਪਾਣੀ ।
ਟਿੱਬੇ ਟੋਏ ਸੁਕਦੇ ਜਾਂਦੇ
ਸਰੋਤ ਪਾਣੀ ਦੇ ਮੁਕਦੇ ਜਾਂਦੇ
ਪੱਤਨ ਡੂੰਘੇ ਹੁੰਦੇ ਜਾਂਦੇ
ਨਦੀਆਂ ਦੀ ਹੋਈ ਖ਼ਤਮ ਰਵਾਨੀ।
ਆਓ ਗੱਲ ......।
ਜੰਗਲ ਬੇਲੇ ਰੁੱਖ ਕਟਾਤੇ
ਪਰਬਤ ਵੀ ਮੈਦਾਨ ਬਣਾਤੇ
ਤਪਸ਼ ਦਿਨੋਂ ਦਿਨ ਵਧਦੀ ਜਾਂਦੀ
ਰੁੱਸ ਗਈ ਜਾਪੇ ਕੁਦਰਤ ਰਾਣੀ।
ਆਓ ਗੱਲ ..... ।
ਰੱਬ ਦੀ ਦਾਤ ਇਹ ਅੰਮ੍ਰਿਤ ਪਾਣੀ
ਇਸ ਦੇ ਨਾਲ ਮਿਲੇ ਜ਼ਿੰਦਗਾਨੀ
ਜੀਵ ਜੰਤੂ ਸਭ ਵਧਦੇ ਫੁਲਦੇ
ਜਿਊਂਦਾ ਇਸ ਨਾਲ ਹਰ ਪ੍ਰਾਣੀ ।
ਆਓ ਗੱਲ ..... ।
ਰੁੱਖ ਲਗਾਵਣ ਵੱਲ ਪਾਈਏ ਝਾਤ
ਇਨਾਂ ਨਾਲ ਹੁੰਦੀ ਬਰਸਾਤ
ਵੱਧ ਤੋਂ ਵਧ ਰੁੱਖ ਲਗਾਈਏ
ਰੁੱਖ ਲਗਾਵੇ ਹਰ ਪ੍ਰਾਣੀ ।
ਆਓ ਗੱਲ ..... ।
ਬਰਸਾਤੀ ਨਦੀਆਂ ਨੂੰ ਵੀ ਰੋਕੇ ਲਾਓ
ਇਨਾਂ ਦੇ ਕਿਨਾਰੇ ਖ਼ੂਹ ਪੁਟਵਾਓ
ਵਾਫ਼ਰ ਪਾਣੀ ਧਰਤੀ ਵਿੱਚ ਪਹੁੰਚਾਓ
ਧਰਤੀ ਅੰਦਰ ਭਰ ਦਿਓ ਪਾਣੀ।
ਆਓ ਗੱਲ .... ।
ਪਾਣੀ ਲਈ ਸਤਰਕ ਹੋ ਜਾਈਏ
ਬੂੰਦ ਵਿੱਚੋਂ ਵੀ ਬੂੰਦ ਬਚਾਈਏ
'ਪਹਿਲਾਂ ਪਾਣੀ ਜੀਉ ਹੈ' ਜੱਗ 'ਤੇ
ਇਹ ਗੱਲ ਦਸਦੀ ਪਵਿੱਤਰ ਬਾਣੀ।
ਆਓ ਗੱਲ .... ।

**ਕਸ਼ਮੀਰ ਘੇਸਲ**
9463656047

# ਕਿਸਾਨੀ ਅੰਦੋਲਨ ਨੇ ਸ਼ਾਨਮੱਤਾ ਇਤਿਹਾਸ ਸਿਰਜਿਆ



ਨਰਿੰਦਰ ਕੌਰ ਸੋਹਲ

26 ਮਈ ਨੂੰ ਕਾਲੇ ਕਾਨੂੰਨ ਰੱਦ ਕਰਵਾਉਣ ਅਤੇ ਐੱਮ ਐੱਸ ਪੀ ਦੀ ਕਾਨੂੰਨੀ ਗਰੰਟੀ ਲਈ ਦਿੱਲੀ ਦੇ ਬਾਰਡਰਾਂ ਉੱਤੇ ਚੱਲ ਰਹੇ ਕਿਸਾਨੀ ਅੰਦੋਲਨ ਨੂੰ ਛੇ ਮਹੀਨੇ ਪੂਰੇ ਹੋ ਗਏ ਹਨ। ਵੈਸੇ ਤਾਂ ਕਿਸਾਨੀ ਸੰਘਰਸ਼ ਨੂੰ ਚੱਲਦਿਆਂ ਜੂਨ ਵਿੱਚ ਪੂਰਾ ਇੱਕ ਸਾਲ ਹੋ ਜਾਵੇਗਾ। ਪੰਜਾਬ ਦੀਆਂ 32 ਕਿਸਾਨ ਜਥੇਬੰਦੀਆਂ ਵੱਲੋਂ ਰੇਲਵੇ ਸਟੇਸ਼ਨਾਂ ਉੱਤੇ ਚਲਦੇ ਦਿਨ ਰਾਤ ਦੇ ਧਰਨੇ ਤੋਂ ਅੱਗੇ 26, 27 ਨਵੰਬਰ ਨੂੰ ਦਿੱਲੀ ਵੱਲ ਕੂਚ ਕਰਨ ਦਾ ਸੱਦਾ ਦਿੱਤਾ ਗਿਆ ਸੀ। ਇਸ ਸਬੰਧੀ ਕਿਸਾਨਾਂ ਨੇ ਜਦੋਂ ਪਿੰਡਾਂ ਵਿੱਚੋਂ ਤਿਆਰੀ ਆਰੰਭੀ ਤਾਂ ਉਨਾਂ ਦਾ ਇਹੋ ਕਹਿਣਾ ਸੀ ਕਿ ਛੇ ਮਹੀਨੇ ਦਾ ਰਾਸ਼ਨ ਨਾਲ ਲੈ ਕੇ ਚੱਲੇ ਹਾਂ, ਕਾਲੇ ਕਾਨੂੰਨਾਂ ਨੂੰ ਰੱਦ ਕਰਵਾਏ ਬਿਨਾਂ ਵਾਪਸ ਨਹੀਂ ਆਉਣਾ। ਉਦੋਂ ਬਹੁਤਿਆਂ ਨੂੰ ਇਸ ਗੱਲ ਦਾ ਯਕੀਨ ਨਹੀਂ ਸੀ ਕਿ ਸੰਘਰਸ਼ ਐਨਾ ਲੰਮਾ ਸਮਾਂ ਚੱਲੇਗਾ। ਪਰ ਕਿਸਾਨ ਟਰਾਲੀਆਂ ਨੂੰ ਘਰ ਬਣਾ ਕੇ ਬਾਰਡਰਾਂ ਉੱਤੇ ਜਾ ਬੈਠੇ।

ਪੰਜਾਬ ਤੋਂ ਸ਼ੁਰੂ ਹੋਏ ਇਸ ਅੰਦੋਲਨ ਨੇ ਪੂਰੇ ਦੇਸ਼ ਨੂੰ ਆਪਣੇ ਕਲਾਵੇ ਵਿੱਚ ਲੈ ਲਿਆ। ਹਰਿਆਣਾ, ਯੂ.ਪੀ. ਅਤੇ ਰਾਜਸਥਾਨ ਆਦਿ ਦੇ ਕਿਸਾਨ ਵੀ ਵੱਡੀ ਗਿਣਤੀ ਵਿੱਚ ਬਾਰਡਰਾਂ ਉੱਤੇ ਆਣ ਬੈਠੇ। ਦਿੱਲੀ ਬਾਰਡਰਾਂ ਉੱਤੇ ਵਧਦੀ ਰੌਣਕ ਨੂੰ ਵੇਖਦਿਆਂ ਸਰਕਾਰ ਨੂੰ ਹੱਥਾਂ ਪੈਰਾਂ ਦੀ ਪੈ ਗਈ ਤੇ ਉਹ ਗੱਲਬਾਤ ਲਈ ਟੇਬਲ ਉੱਤੇ ਆਉਣ ਲਈ ਮਜਬੂਰ ਹੋ ਗਈ। ਸਰਕਾਰੀ ਨੁਮਾਇੰਦੇ ਗੱਲਬਾਤ ਰਾਹੀਂ ਹੱਲ ਕੱਢਣ ਲਈ ਯਤਨ ਕਰਦੇ ਰਹੇ ਪਰ ਹਰ ਵਾਰ ਕਿਸਾਨਾਂ ਨਾਲ ਹੁੰਦੀ ਮੀਟਿੰਗ ਬੇਸਿੱਟਾ ਹੀ ਰਹਿੰਦੀ ਰਹੀ। ਇਸਦਾ ਮੁੱਖ ਕਾਰਨ ਇਹੀ ਸੀ ਕਿ ਕਿਸਾਨ ਜਥੇਬੰਦੀਆਂ ਕਾਲੇ ਕਾਨੂੰਨਾਂ ਨੂੰ ਰੱਦ ਕਰਵਾਏ ਬਿਨਾਂ ਹੋਰ ਗੱਲ ਸੁਣਨ ਲਈ ਤਿਆਰ ਨਹੀਂ ਸਨ ਪਰ ਸਰਕਾਰ ਕੋਈ ਵਿਚਲਾ ਰਸਤਾ ਕੱਢਣ ਲਈ ਜ਼ੋਰ ਲਗਾ ਰਹੀ ਸੀ।

ਇਸ ਦੌਰਾਨ ਬਹੁਤ ਸਾਰੇ ਦੇਸ਼ਾਂ ਵਿੱਚ ਅੰਦੋਲਨ ਦੀ ਹਮਾਇਤ ਵਿੱਚ ਪ੍ਰਦਰਸ਼ਨ ਹੋਣ ਲੱਗੇ। ਕਿਸਾਨ ਅੰਦੋਲਨ ਜਨ ਅੰਦੋਲਨ ਦਾ ਰੂਪ ਧਾਰਨ ਕਰ ਗਿਆ। ਅਸਲ ਵਿੱਚ ਇਹ ਸੰਘਰਸ਼ ਸਿਰਫ ਮੋਦੀ ਸਰਕਾਰ ਦੇ ਵਿਰੁੱਧ ਹੀ ਨਹੀਂ ਸਗੋਂ ਕਾਰਪੋਰੇਟ ਘਰਾਣਿਆਂ ਦੇ ਵਿਰੁੱਧ ਵੀ ਹੈ। ਇਸੇ ਕਰਕੇ ਸਾਰੀ ਦੁਨੀਆਂ ਵਿੱਚੋਂ ਇਸ ਨੂੰ ਵੱਡਾ ਹੁੰਗਾਰਾ ਮਿਲਿਆ ਹੈ। ਦਿਲ ਖੋਲ ਕੇ ਇਸਦੀ ਆਰਥਿਕ ਮਦਦ ਕੀਤੀ ਜਾਣ ਲੱਗੀ। ਵੱਖ-ਵੱਖ ਸੰਸਥਾਵਾਂ ਵੱਲੋਂ ਕਈ ਤਰਾਂ ਦੇ ਲੰਗਰ ਲਗਾਉਣ ਦੇ ਨਾਲ-ਨਾਲ ਹੋਰ ਜ਼ਰੂਰਤ ਦੀਆਂ ਚੀਜ਼ਾਂ ਦੀ ਘਾਟ ਵੀ ਨਹੀਂ ਆਉਣ ਦਿੱਤੀ ਗਈ। ਬਾਰਡਰਾਂ ਉੱਤੇ ਹਾਜ਼ਰੀ ਲਗਵਾਉਣੀ ਹਰ ਕੋਈ ਜ਼ਰੂਰੀ ਸਮਝਣ ਲੱਗਾ। ਇੱਥੋਂ ਤਕ ਕਿ ਵਿਦੇਸ਼ਾਂ ਵਿੱਚੋਂ ਵੀ ਵੱਡੀ ਗਿਣਤੀ ਵਿੱਚ ਲੋਕ ਇਹ ਸਥਾਨ ਵੇਖਣ ਲਈ ਪਹੁੰਚੇ।

ਗਾਇਕਾਂ ਨੇ ਆਪਣੇ ਗੀਤਾਂ ਰਾਹੀਂ ਕਿਸਾਨ ਸੰਘਰਸ਼ ਦੇ ਵੱਖ-ਵੱਖ ਪਹਿਲੂਆਂ ਨੂੰ ਉਜਾਗਰ ਕੀਤਾ। ਇਹ ਗੀਤ ਬਾਰਡਰਾਂ ਉੱਤੇ ਹੀ ਨਹੀਂ ਸਗੋਂ ਹਰ ਪ੍ਰੋਗਰਾਮ ਵਿੱਚ ਵੱਜਦੇ ਸੁਣਾਈ ਦੇਣ ਲੱਗੇ, ਜੋ ਉਤਸ਼ਾਹਜਨਕ ਮਾਹੌਲ ਸਿਰਜਣ ਵਿੱਚ ਬਹੁਤ ਸਹਾਈ ਹੋਏ। ਅੰਦੋਲਨ ਪੂਰੇ ਸਿਖਰ ਉੱਤੇ ਪਹੁੰਚ ਚੁੱਕਾ ਸੀ ਜਦੋਂ 26 ਜਨਵਰੀ ਵਾਲੀ ਘਟਨਾ ਵਾਪਰੀ। ਇਹ ਇੱਕ ਗਿਣੀ ਮਿਥੀ ਸਾਜ਼ਿਸ਼ ਦਾ ਹੀ ਹਿੱਸਾ ਸੀ। ਇਸ ਘਟਨਾ ਨੇ ਇੱਕ ਵਾਰ ਤਾਂ ਸੰਘਰਸ਼ ਨੂੰ ਵੱਡੀ ਸੱਟ ਮਾਰੀ। ਹਰ ਪਾਸੇ



ਨਿਰਾਸ਼ਾਜਨਕ ਮਾਹੌਲ ਨਜ਼ਰ ਆਉਣ ਲੱਗਾ। ਗਾਜ਼ੀਪੁਰ ਬਾਰਡਰ ਦਾ ਧਰਨਾ ਤਾਂ ਤਕਰੀਬਨ ਉੱਖੜ ਹੀ ਗਿਆ ਸੀ। ਪਰ ਐਨ ਮੌਕੇ 'ਤੇ ਉੱਤਰ ਪ੍ਰਦੇਸ਼ ਦੇ ਕਿਸਾਨ ਆਗੂ ਰਾਕੇਸ਼ ਟਕੈਤ ਵੱਲੋਂ ਭਾਵੁਕ ਹੋ ਕੇ ਕੀਤੀ ਤਕਰੀਰ ਨੇ ਬਾਜ਼ੀ ਪਲਟ ਦਿੱਤੀ। ਰਾਤੋ-ਰਾਤ ਹਜ਼ਾਰਾਂ ਕਿਸਾਨ ਧਰਨੇ ਵੱਲ ਤੁਰ ਪਏ ਅਤੇ ਸਰਕਾਰ ਦੇ ਮਨਸੂਬੇ ਧਰੇ ਧਰਾਏ ਰਹਿ ਗਏ।

ਅਸਲ ਵਿੱਚ ਸਰਕਾਰ ਨੇ ਲਾਲ ਕਿਲੇ ਦੀ ਘਟਨਾ, ਕਿਸਾਨੀ ਅੰਦੋਲਨ ਨੂੰ ਕਮਜ਼ੋਰ ਅਤੇ ਬਦਨਾਮ ਕਰਨ ਲਈ ਵਰਤੀ। ਸਰਕਾਰ ਇਸਦੀ ਆੜ ਵਿੱਚ ਅੰਦੋਲਨ ਨੂੰ ਖਤਮ ਕਰਨ ਲਈ ਉਤਾਵਲੀ ਸੀ। ਕਿਸਾਨਾਂ ਉੱਤੇ ਹਮਲੇ ਵੀ ਕਰਵਾਏ ਗਏ ਪਰ ਕਿਸਾਨ ਆਗੂਆਂ ਦੀ ਸਿਆਣਪ ਅਤੇ ਬਹਾਦਰ ਯੋਧਿਆਂ ਦੀ ਇਕਮੁੱਠਤਾ ਨੇ ਅੰਦੋਲਨ ਨੂੰ ਖਿੰਡਣ ਤੋਂ ਬਚਾ ਲਿਆ। ਇਹ ਵੀ ਸਚਾਈ ਹੈ ਕਿ ਜੇ ਸੰਘਰਸ਼ ਢਹਿ ਜਾਂਦਾ ਤਾਂ ਮੁੜ ਲੜਾਈ ਇਸ ਪੱਧਰ ਦੀ ਖੜੀ ਨਹੀਂ ਹੋ ਸਕਣੀ ਸੀ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਲਾਲ ਕਿਲੇ ਦੀ ਘਟਨਾ ਨੇ ਦੋਸਤ ਤੇ ਦੁਸ਼ਮਣ ਦੀ ਪਹਿਚਾਣ ਜ਼ਰੂਰ ਕਰਾ ਦਿੱਤੀ।

ਇਨਾਂ ਛੇ ਮਹੀਨਿਆਂ ਵਿੱਚ ਕਿਸਾਨੀ ਅੰਦੋਲਨ ਨੇ ਸ਼ਾਨਾਮੱਤਾ ਇਤਿਹਾਸ ਸਿਰਜਿਆ ਹੈ। ਐਨਾ ਲੰਮਾ ਸਮਾਂ ਸ਼ਾਂਤੀਪੂਰਵਕ ਢੰਗ ਨਾਲ ਚੱਲਣ ਵਾਲਾ ਇਹ ਪਹਿਲਾ ਇਤਿਹਾਸਕ ਅੰਦੋਲਨ ਹੈ। ਇਸਦੇ ਸਬਰ, ਸੰਤੋਖ ਉੱਤੇ ਟਿਕੇ ਹੋਣ ਕਰਕੇ, ਇਸ ਨੇ ਸਭ ਨੂੰ ਹੈਰਾਨ ਕਰ ਦਿੱਤਾ ਹੈ। ਪੰਜਾਬੀ ਸੱਭਿਆਚਾਰ ਫਿਰ ਦੁਨੀਆਂ ਪੱਧਰ ਉੱਤੇ ਨਿੱਖਰ ਕੇ ਸਾਹਮਣੇ ਆਇਆ ਹੈ ਅਤੇ 'ਪਗੜੀ' ਦੇ ਮਾਣ ਸਨਮਾਨ ਵਿੱਚ ਵਾਧਾ ਹੋਇਆ ਹੈ। ਇਸ ਵਿੱਚ ਵੀ ਦੋ ਰਾਵਾਂ ਨਹੀਂ ਕਿ ਜਵਾਨੀ ਦੇ ਜੋਸ਼ ਸਦਕਾ ਹੀ ਮੌਜੂਦਾ ਕਿਸਾਨ ਅੰਦੋਲਨ ਆਪਣੀਆਂ ਸਿਖਰਾਂ ਛੋਹ ਸਕਿਆ ਹੈ। ਇਸ ਜੋਸ਼ ਨੂੰ ਕਾਬੂ ਅਤੇ ਜ਼ਾਬਤੇ ਵਿੱਚ ਰੱਖਣ ਲਈ ਬਜ਼ੁਰਗਾਂ ਦੇ ਹੋਸ਼ ਦੀ ਬਹੁਤ ਅਹਿਮੀਅਤ ਰਹੀ ਹੈ। ਇਸ ਅੰਦੋਲਨ ਨੇ ਬੇਰੁਜ਼ਗਾਰੀ ਅਤੇ ਨਸ਼ਿਆਂ ਕਾਰਨ ਨਿਰਾਸ਼ ਹੋਈ ਜਵਾਨੀ ਨੂੰ ਇੱਕ ਮਕਸਦ ਦਿੱਤਾ ਹੈ। ਨੌਜਵਾਨ ਆਪਣੇ ਇਤਿਹਾਸਕ ਵਿਰਸੇ ਬਾਰੇ ਜਾਨਣ ਲੱਗੇ ਹਨ। ਲੰਗਰ ਦੀ ਸੇਵਾ ਤੋਂ ਲੈ ਕੇ ਸਫ਼ਾਈ ਤੱਕ ਹਰ ਕੰਮ ਵਿੱਚ ਰੁੱਝੇ ਨੌਜਵਾਨ ਸਾਡਾ ਰੌਸ਼ਨ ਭਵਿੱਖ ਹਨ।

ਅੰਦੋਲਨ ਦੌਰਾਨ ਪਹਿਲੀ ਵਾਰ ਐਨੀ ਵੱਡੀ ਪੱਧਰ ਉੱਤੇ ਗੱਡੀਆਂ ਅਤੇ ਘਰਾਂ ਉੱਤੇ ਝੂਲਦੇ ਕਿਸਾਨੀ ਝੰਡਿਆਂ ਨੇ ਉਤਸ਼ਾਹ ਜਨਕ ਮਾਹੌਲ ਸਿਰਜਦੇ ਹੋਏ ਹਰ ਪਾਸੇ ਇੱਕ ਵੱਖਰਾ ਹੀ ਨਜ਼ਾਰਾ ਪੇਸ਼ ਕੀਤਾ ਹੈ। ਇੱਥੋਂ ਤਕ ਕਿ ਵਿਆਹ ਸਮਾਗਮਾਂ ਵਿੱਚ ਵੀ ਕਿਸਾਨੀ ਝੰਡਿਆਂ ਨੂੰ ਚੁੱਕ ਕੇ ਤੁਰਨ ਵਿੱਚ ਮਾਣ ਮਹਿਸੂਸ ਕੀਤਾ ਜਾਣ ਲੱਗਾ। ਇਸ ਦੌਰਾਨ ਸਾਰੇ ਇਤਿਹਾਸਕ ਦਿਹਾੜੇ ਵੀ ਉਤਸ਼ਾਹ ਨਾਲ ਮਨਾਏ ਗਏ ਅਤੇ ਇਹ ਪਹਿਲੀ ਵਾਰ ਸੀ ਕਿ ਇਨਾਂ ਦਿਹਾੜਿਆਂ ਦਾ ਅਸਲ ਇਤਿਹਾਸ ਤੇ ਮਨਾਉਣ ਦਾ ਮਕਸਦ ਵੱਡੀ ਪੱਧਰ 'ਤੇ ਆਮ ਲੋਕਾਂ ਤੱਕ ਪਹੁੰਚਿਆ।

ਇਸ ਅੰਦੋਲਨ ਦੀ ਇਹ ਵੀ ਵੱਡੀ ਪ੍ਰਾਪਤੀ ਹੈ ਕਿ ਇਸਨੇ ਆਪਸੀ ਭਾਈਚਾਰਕ ਸਾਂਝ ਨੂੰ ਮਜ਼ਬੂਤ ਕੀਤਾ ਅਤੇ ਸਰਕਾਰ ਦੀਆਂ ਵੰਡ ਪਾਊ ਸਾਜ਼ਿਸ਼ਾਂ ਨੂੰ ਮਿੱਟੀ ਵਿੱਚ ਰੋਲ ਕੇ ਰੱਖ ਦਿੱਤਾ। ਅੰਦੋਲਨ ਨੇ ਔਰਤਾਂ ਨੂੰ ਵੀ ਪੂਰਾ ਮਾਣ ਸਨਮਾਨ ਦਿੱਤਾ ਹੈ। ਇਸਨੇ ਔਰਤਾਂ ਨੂੰ ਖੁੱਲ ਕੇ ਅੱਗੇ ਆਉਣ ਦਾ ਮੌਕਾ ਦਿੱਤਾ ਤੇ ਔਰਤਾਂ ਨੇ ਵੀ ਇਸ ਮੌਕੇ ਨੂੰ ਬਾਖ਼ੂਬੀ ਵਰਤਿਆ ਹੈ। ਔਰਤਾਂ ਸਿਰਫ ਇਕੱਠਾਂ ਦਾ ਹਿੱਸਾ ਹੀ ਨਹੀਂ ਬਣੀਆਂ ਸਗੋਂ ਉਹ ਹਰ ਪ੍ਰਬੰਧ ਕਰਨ ਦੇ ਨਾਲ-ਨਾਲ, ਸਟੇਜ ਤੋਂ ਮੋਦੀ ਸਰਕਾਰ ਨੂੰ ਵੰਗਾਰਦੀਆਂ ਵੀ ਨਜ਼ਰ ਆਈਆਂ।

ਬੇਸ਼ਕ ਹੁਣ ਬਾਰਡਰਾਂ ਉੱਤੇ ਮੇਲੇ ਵਰਗਾ ਮਾਹੌਲ ਨਹੀਂ ਰਿਹਾ ਪਰ ਸੰਘਰਸ਼ ਦੀ ਮਜ਼ਬੂਤ ਇਮਾਰਤ ਖੜੀ ਨਜ਼ਰ ਆਉਂਦੀ ਹੈ। ਇੱਥੇ ਵੱਡੀ ਗਿਣਤੀ ਵਿੱਚ ਉਹ ਯੋਧੇ ਹੀ ਬੈਠੇ ਨਜ਼ਰ ਆਉਂਦੇ ਹਨ, ਜਿਨਾਂ ਆਪਣੀਆਂ ਉਮਰਾਂ ਸੰਘਰਸ਼ਾਂ ਵਿੱਚ ਲੰਘਾਈਆਂ ਹਨ। ਉਹਨਾਂ ਦੇ ਸਿਰੜ ਨੇ ਇਹ ਵੀ ਸਾਬਤ ਕਰ ਦਿੱਤਾ ਹੈ ਕਿ ਉਹ ਆਪਣੇ ਹੱਕਾਂ ਦੀ ਪ੍ਰਾਪਤੀ ਲਈ ਹਰ ਮੌਸਮ ਦਾ ਮੁਕਾਬਲਾ ਕਰਨਾ ਵੀ ਜਾਣਦੇ ਹਨ। ਪੋਹ-ਮਾਘ ਦੀਆਂ ਠੰਢੀਆਂ ਰਾਤਾਂ ਦੀ ਮਾਰ ਖੁੱਲੇ ਅਸਮਾਨ ਥੱਲੇ ਝੱਲਣ ਤੋਂ ਬਾਅਦ ਹੁਣ ਗਰਮੀ ਅਤੇ ਬਰਸਾਤੀ ਮੌਸਮ ਵਿੱਚ ਵੀ ਉਹਨਾਂ ਦੇ ਹੌਸਲੇ ਬੁਲੰਦ ਹਨ। ਬੇਸ਼ਕ ਸਰਕਾਰ ਸੋਚਦੀ ਸੀ ਕਿ ਬਦਲਦਾ ਮੌਸਮ ਕਿਸਾਨਾਂ ਨੂੰ ਵਾਪਸ ਜਾਣ ਲਈ ਮਜਬੂਰ ਕਰ ਦੇਵੇਗਾ ਕਿਉਂਕਿ ਗਰਮੀ ਵਿੱਚ ਤਪਦੀਆਂ ਸੜਕਾਂ ਉੱਤੇ ਰਹਿਣਾ ਬਹੁਤ ਮੁਸ਼ਕਲ ਹੈ। ਪਰ ਕਿਸਾਨਾਂ ਦਾ ਕਹਿਣਾ ਹੈ ਕਿ ਸਾਡੇ ਗੁਰੂਆਂ ਨੇ ਦੁਸ਼ਮਣ ਦੀ ਈਨ ਮੰਨਣ ਦੀ ਬਜਾਏ ਤੱਤੀਆਂ ਤਵੀਆਂ 'ਤੇ ਬੈਠਣਾ ਮਨਜ਼ੂਰ ਕੀਤਾ ਸੀ, ਫਿਰ ਇਹ ਸੜਕਾਂ ਸਾਡਾ ਕੀ ਵਿਗਾੜ ਲੈਣਗੀਆਂ।

ਕਿਸਾਨਾਂ ਨੇ ਹਰ ਮੌਸਮ ਅਨੁਸਾਰ ਰਹਿਣ ਦੇ ਯੋਗ ਪ੍ਰਬੰਧ ਵੀ ਕੀਤੇ ਹਨ। ਗਰਮੀ ਤੋਂ ਬਚਾਅ ਲਈ ਜਿੱਥੇ ਵੱਡੀ ਗਿਣਤੀ ਵਿੱਚ ਬਾਂਸ ਤੇ ਕਾਨਿਆਂ ਦੇ ਬਣੇ ਰਹਿਣ ਬਸੇਰੇ ਹਨ, ਉੱਥੇ ਮਜ਼ਬੂਤ ਕੈਬਨ ਵੀ ਬਣਾਏ ਗਏ ਹਨ। ਇਨਾਂ ਕੈਬਨਾਂ ਵਿੱਚ 10 ਤੋਂ ਲੈ ਕੇ 20 ਲੋਕ ਆਰਾਮ ਨਾਲ ਪੈ ਜਾਂਦੇ ਹਨ। ਪੱਖੇ, ਕੂਲਰ ਆਦਿ ਦਾ ਪ੍ਰਬੰਧ ਵੀ ਕੀਤਾ ਗਿਆ ਹੈ ਅਤੇ ਇਹਨਾਂ ਵਿੱਚ ਸਮਾਨ ਵੀ ਸੁਰੱਖਿਅਤ ਰਹਿੰਦਾ ਹੈ। ਕਈ ਕਿਸਾਨਾਂ ਨੇ ਪਹਿਲੇ ਸਮਿਆਂ ਵਾਂਗ ਸਪੈਸ਼ਲ 'ਛੰਨਾਂ' ਵੀ ਤਿਆਰ ਕਰਵਾਈਆਂ ਹਨ ਜੋ ਅੰਦਰੋਂ ਮਿੱਟੀ ਨਾਲ ਲਿੱਪੀਆਂ ਹੋਣ ਕਾਰਨ ਠੰਢੀਆਂ ਹੁੰਦੀਆਂ ਹਨ। ਹਰ ਤਰਾਂ ਦੀ ਖ਼ਬਰਸਾਰ ਲਈ ਹੁਣ ਟੀ ਵੀ ਦਾ ਪ੍ਰਬੰਧ ਵੀ ਹਰ ਥਾਂ ਨਜ਼ਰ ਆਉਂਦਾ ਹੈ। ਪਾਣੀ ਦੀ ਵਧੇਰੇ ਖਪਤ ਨੂੰ ਵੇਖਦਿਆਂ ਵੱਡੀਆਂ ਟੈਂਕੀਆਂ ਨਾਲ ਵਾਟਰ ਕੂਲਰ ਤੇ ਆਰ ਓ ਸਿਸਟਮ ਲਗਾਏ ਗਏ ਹਨ। ਡਿਸਪੋਜ਼ਲ ਦੀ ਬਜਾਏ ਸਟੀਲ ਦੇ ਭਾਂਡੇ ਵਰਤੋਂ ਵਿੱਚ ਲਿਆਂਦੇ ਜਾ ਰਹੇ ਹਨ। ਕੁਲ ਮਿਲਾ ਕੇ ਕਿਹਾ ਜਾ ਸਕਦਾ ਕਿ ਕੂੜਾ ਕਚਰਾ ਘਟਾਇਆ ਗਿਆ ਹੈ ਤਾਂ ਕਿ ਸਫਾਈ ਰਹੇ ਤੇ ਬਿਮਾਰੀਆਂ ਤੋਂ ਬਚਿਆ ਜਾ ਸਕੇ।

ਇਸੇ ਤਰਾਂ ਲੰਗਰ ਵਾਲਿਆਂ ਵੀ ਸੁਚੱਜੇ ਪ੍ਰਬੰਧ ਕੀਤੇ ਹਨ। ਮੱਛਰ ਮੱਖੀ ਤੋਂ ਬਚਾ ਲਈ ਹਰ ਪਾਸੇ ਜਾਲੀ ਲਗਾਈ ਗਈ ਹੈ। ਆਰਜ਼ੀ ਬਾਥਰੂਮ ਦੀ ਜਗਾ ਪੱਕੇ ਬਾਥਰੂਮ ਤਿਆਰ ਹੋ ਰਹੇ ਹਨ ਕਿਉਂਕਿ ਸਰਕਾਰ ਦੇ ਅੜੀਅਲ ਵਤੀਰੇ ਨੂੰ ਵੇਖਦਿਆਂ ਇਹ ਪ੍ਰਬੰਧ ਕਰਨੇ ਮਜਬੂਰੀ ਹਨ। ਦੂਜੇ ਪਾਸੇ ਐਨੇ ਪ੍ਰਬੰਧ ਕਰਨ ਦੇ ਬਾਵਜੂਦ ਮੀਂਹ ਅਤੇ ਹਨੇਰੀ ਭਾਰੀ ਨੁਕਸਾਨ ਕਰ ਰਹੇ ਹਨ। ਜਿਸ ਕਾਰਨ ਲੰਗਰ ਦੇ ਪ੍ਰਬੰਧ ਅਤੇ ਕਿਸਾਨਾਂ ਦੇ ਰਹਿਣ-ਸਹਿਣ ਵਿੱਚ ਸਮੱਸਿਆਵਾਂ ਆ ਰਹੀਆਂ ਹਨ ਕਿਉਂਕਿ ਸੜਕਾਂ 'ਤੇ ਪਾਣੀ ਭਰ ਜਾਂਦਾ ਹੈ। ਖੜੇ ਪਾਣੀ ਵਿੱਚ ਮੱਛਰ ਮੱਖੀਆਂ ਦੀ ਭਰਮਾਰ ਹੁੰਦੀ ਹੈ ਜੋ ਬਿਮਾਰੀਆਂ ਨੂੰ ਸੱਦਾ ਦੇਣ ਬਰਾਬਰ ਹੈ। ਤੇਜ਼ ਹਨੇਰੀ ਵੱਲੋਂ ਵਾਰ ਵਾਰ ਟੈਂਟ ਉਖਾੜ ਕੇ ਸੁੱਟ ਦੇਣ ਦੇ ਬਾਵਜੂਦ ਕਿਸਾਨਾਂ ਦੇ ਸਿਦਕ ਅਤੇ ਹੌਸਲੇ ਵਿੱਚ ਕਮੀ ਨਹੀਂ ਆਈ।

ਕੋਰੋਨਾ ਮਹਾਂਮਾਰੀ ਨੇ ਹਾਲਾਤ ਗੰਭੀਰ ਬਣਾ ਦਿੱਤੇ ਹਨ, ਜਿਸ ਕਾਰਨ ਹਰ ਪਾਸੇ ਡਰ ਦਾ ਮਾਹੌਲ ਹੈ।

ਬਾਕੀ ਸਫ਼ਾ 30 'ਤੇ

# ਬਰਬਾਦ ਹੋਣੋਂ ਬਚ ਗਏ ਰੂਹਾਨੀ ਜਜ਼ਬਾਤ

## ਸੋਚ ਕੇ ਰੂਹ ਕੰਬ ਜਾਂਦੀ ਐ



ਅਜੈ ਸਭਰਵਾਲ,
ਏ.ਐਸ. ਆਈ., ਪੰਜਾਬ ਪੁਲਿਸ

ਕਲਮਾਂ ਦੇ ਜਜ਼ਬਾਤ

ਜਦੋਂ ਦੱਬੇ ਪੈਰ ਅਦ੍ਰਿਸ਼ ਦੁਸ਼ਮਣ ਕੋਰੋਨਾ ਵਾਇਰਸ ਨੇ ਮੇਰੇ ਘਰ ਪਰ ਹਮਲਾ ਕਰਕੇ ਪਹਿਲਾਂ ਸ਼ਿਕਾਰ ਮੇਰੇ ਬੇਟੇ ਨੂੰ ਬਣਾਇਆ ਤਾਂ ਮੇਰੇ ਪੈਰਾਂ ਥੱਲਿਓਂ ਜਮੀਨ ਨਿਕਲ ਗਈ। ਕੱਲ ਤਕ ਇਹ ਮੇਰੇ ਲਈ ਟੈਲੀਵਿਜ਼ਨ ਦੀ ਖ਼ਬਰ ਸੀ ਪਰ ਇਸ ਵਾਰ ਮੈਂ ਤੇ ਮੇਰਾ ਪਰਿਵਾਰ ਵੀ ਟੈਲੀਵਿਜ਼ਨ ਦੀ ਖ਼ਬਰ ਬਣਨ ਦੀ ਕਤਾਰ ਵਿਚ ਸ਼ਾਮਿਲ ਹੋ ਗਏ ਸੀ।

ਕੋਰੋਨਾ ਵਾਇਰਸ ਹੁਣ ਟੈਲੀਵਿਜ਼ਨ ਵਿਚੋਂ ਨਿਕਲਕੇ ਸਾਡੇ ਆਲੇ ਦੁਆਲੇ ਪੁੱਜ ਚੁਕਾ ਸੀ ਤੇ ਹੁਣ ਇਸ ਦਾ ਅਗਲਾ ਨਿਸ਼ਾਨਾ ਮੇਰਾ ਘਰ ਸੀ।

ਹੁਣ ਇਸ ਤੋਂ ਡਰਕੇ ਗੁਜ਼ਾਰਾ ਨਹੀਂ ਸੀ ਕਿਉਂਕਿ ਇਸਨੇ ਹੁਣ ਮੇਰੇ ਘਰ 'ਤੇ ਹਮਲਾ ਕਰ ਦਿੱਤਾ ਸੀ। ਇਸ ਦਾ ਮੁਕਾਬਲਾ ਹੀ ਇਕ ਆਖਰੀ ਰਸਤਾ ਬਚਿਆ ਸੀ। ਮਾਮਲਾ ਮੇਰੇ ਆਪਣੇ ਜਿਗਰ ਦੇ ਟੁਕੜੇ ਦਾ ਸੀ। ਇਸ ਲਈ ਘਬਰਾਹਟ ਹੋਣੀ ਵੀ ਲਾਜ਼ਮੀ ਸੀ, ਪਰ ਘਬਰਾਉਣ ਦਾ ਵੀ ਸਮਾਂ ਨਹੀਂ ਸੀ ਤੇ ਫੇਰ ਬਿਨਾਂ ਦੇਰੀ ਹੌਸਲੇ ਨੂੰ ਸੰਭਾਲਦੇ ਹੋਏ ਸਰਕਰੀ ਹਦਾਇਤਾਂ ਦਾ ਪਾਲਣ ਕਰਦੇ ਹੋਏ ਬੇਟੇ ਦਾ ਇਲਾਜ ਸ਼ੁਰੂ ਕਰਵਾ ਦਿੱਤਾ, ਬੇਟਾ ਜਵਾਨ ਸੀ।

ਇਸ ਲਈ ਦਿਲ ਨੂੰ ਹੌਂਸਲਾ ਸੀ, ਭਰੋਸਾ ਸੀ ਕਿ ਜਿੱਤ ਯਕੀਨੀ ਆਪਣੀ ਹੀ ਹੋਵੇਗੀ ਤੇ ਪ੍ਰਮਾਤਮਾ ਨੇ ਆਪਣਾ ਭਰੋਸਾ ਟੁੱਟਣ ਵੀ ਨਹੀਂ ਦਿੱਤਾ, ਪਰ ਇਸ ਮਹਾਂਮਾਰੀ ਵਿਚ ਐਨਾ ਖੁਸ਼ਨਸੀਬ ਹਰ ਕੋਈ ਨਹੀਂ ਸੀ। ਬੇਟਾ ਕੁੱਝ ਹੀ ਦਿਨਾਂ ਵਿਚ ਠੀਕ ਹੋ ਗਿਆ। ਬਾਕੀ ਦੇ ਪਰਿਵਾਰ ਮਾਤਾ ਜੀ ਦੇ ਇਕ ਘਰਦਿਆਂ ਦੇ ਇਕ ਤੇ ਮੈਂ ਦੋਵੇ ਟੀਕੇ ਲਗਵਾ ਚੁੱਕਾ ਸੀ। ਪਰਿਵਾਰ ਵਿੱਚੋਂ ਬੇਟਾ ਉਮਰ ਦੀ ਘਾਟ ਕਾਰਨ ਟੀਕਾ



ਲਗਵਾਉਣੋਂ ਰਹਿ ਗਿਆ ਸੀ, ਪਰ ਬਾਕੀ ਸਾਰਿਆਂ ਦੇ ਟੀਕਾ ਲੱਗਿਆ ਹੋਣ ਕਾਰਨ ਬੇਟੇ ਤੋਂ ਵਾਇਰਸ ਬਾਕੀਆਂ ਵਿਚ ਟਰਾਂਸਫਰ ਨਹੀਂ ਹੋ ਸਕਿਆ। ਪ੍ਰਮਾਤਮਾ ਦਾ ਸ਼ੁਕਰ ਸੀ ਬਚਾਅ ਰਹਿ ਗਿਆ, ਮੇਰਾ ਪਰਿਵਾਰ ਬਰਬਾਦ ਹੋਣੋਂ ਬਚ ਗਿਆ।

ਮੇਰੇ ਪਰਿਵਾਰ ਦਾ ਨੁਕਸਾਨ ਨਾ ਹੋਣ ਵਿਚ ਸਰਕਾਰ ਦੀਆਂ ਕੋਰੋਨਾ ਮਹਾਂਮਾਰੀ ਨੂੰ ਲੈ ਕੇ ਕੀਤੀਆਂ ਤਿਆਰੀਆਂ, ਕੋਸ਼ਿਸ਼ਾਂ, ਜਾਗਰੂਕਤਾਵਾ ਦਾ ਬਹੁਤ ਵੱਡਾ ਯੋਗਦਾਨ ਰਿਹਾ। ਜੇਕਰ ਸਰਕਾਰੀ ਸੇਵਾਵਾਂ ਨੇ ਸਮੇਂ ਸਿਰ ਮੇਰੇ ਪਰਿਵਾਰ ਦਾ ਟੀਕਾਕਰਨ ਨਾ ਕਰਿਆ ਹੁੰਦਾ ਤਾਂ ਮੇਰੇ ਘਰ ਅੰਦਰ ਵੜ ਗਈ ਇਸ ਚੰਦਰੀ ਨਾਮੁਰਾਦ ਬਿਮਾਰੀ ਨੇ ਪਤਾ ਨਹੀਂ ਸਾਡਾ ਕਿੰਨਾ ਕੂ ਨੁਕਸਾਨ ਕਰ ਦੇਣਾ ਸੀ ਸੋਚ ਕੇ ਰੂਹ ਕੰਬ ਜਾਂਦੀ ਐ। ਮੈਂ ਦੇਸ਼ ਦੇ ਵਿਗਿਆਨੀਆਂ, ਡਾਕਟਰ ਸਾਹਿਬਾਨਾਂ ਅਤੇ ਇਨਾਂ ਦੇ ਸਟਾਫ ਦਾ ਦਿਲੋਂ ਧੰਨਵਾਦੀ ਹਾਂ ਜਿਨਾਂ ਦੀ ਦਿਨ ਰਾਤ ਦੀ ਮਿਹਨਤ ਤੇ ਕੋਸ਼ਿਸ਼ਾਂ ਦੇ ਨਾਲ ਅੱਜ ਮੇਰਾ ਪਰਿਵਾਰ ਕੋਰੋਨਾ ਮਹਾਂਮਾਰੀ ਨੂੰ ਟੱਕਰ ਦੇਣ ਵਾਲੇ ਉਹ ਖੁਸ਼ਨਸੀਬ ਪਰਿਵਾਰਾਂ ਵਿਚ ਸ਼ਾਮਿਲ ਹੈ। ਜੋ ਬਿਨਾਂ ਨੁਕਸਾਨ ਕੋਰੋਨਾ ਮਹਾਂਮਾਰੀ ਦੀ ਜੰਗ ਨੂੰ ਜਿੱਤ ਕੇ ਵਾਪਸ ਆਪਣੀ ਜਿੰਦਗੀ ਦਾ ਆਨੰਦ ਮਾਨਣ ਲਈ ਇਸ ਧਰਤੀ 'ਤੇ ਮੌਜੂਦ ਹਨ।




# ਮਾਤਾ ਖੀਵੀ ਜੀ

## (1506-1582 ਈ.)

**ਜੋਰਾਵਰ ਸਿੰਘ ਤਰਸਿੱਕਾ**

ਮਾਤਾ ਖੀਵੀ ਜੀ ਦਾ ਜਨਮ ਸੰਨ 1506ਈ: ਵਿੱਚ ਭਾਈ ਦੇਵੀ ਚੰਦ ਖੱਤਰੀ ਦੇ ਗ੍ਰਹਿ, ਮਾਤਾ ਕਰਮ ਦੇਵੀ ਦੀ ਕੁੱਖੋਂ ਹੋਇਆ। ਭਾਈ ਦੇਵੀ ਚੰਦ ਓਸ ਸਮੇਂ ਦੇ ਜ਼ਿਲਾ ਅੰਮ੍ਰਿਤਸਰ ਦੇ ਨਗਰ ਸੰਘਰ ਦੇ ਵਸਨੀਕ ਸਨ ਅਤੇ ਹੁਣ ਇਹ ਨੱਗਰ ਜ਼ਿਲਾ ਤਰਨਤਾਰਨ ਵਿੱਚ ਹੈ। ਭਾਈ ਦੇਵੀ ਚੰਦ ਇਕ ਦੁਕਾਨਦਾਰ ਸਨ ਅਤੇ ਛੋਟੇ ਪੱਧਰ ਉੱਤੇ ਸ਼ਾਹੂਕਾਰੇ ਦਾ ਕੰਮ ਵੀ ਕਰਦੇ ਸਨ। ਬਚਪਨ ਵਿੱਚ ਹੀ ਸਾਊ, ਮਿਠਬੋਲੜਾ ਅਤੇ ਮਸਤ ਸੁਭਾਅ ਹੋਣ ਕਰਕੇ ਮਾਤਾ-ਪਿਤਾ ਨੇ ਆਪਣੀ ਬੱਚੀ ਦਾ ਨਾਮ ਖੀਵੀ ਰੱਖਿਆ।

ਖੀਵੀ ਜੀ ਦੇ ਮਾਤਾ-ਪਿਤਾ ਧਾਰਮਿਕ ਬਿਰਤੀ ਵਾਲੇ ਵਿਅਕਤੀ ਸਨ ਅਤੇ ਦੇਵੀ ਦੇ ਪੁਜਾਰੀ ਸਨ।ਬਾਲ ਅਵਸਥਾ ਵਿੱਚ ਮਾਤਾ-ਪਿਤਾ ਦੇ ਧਾਰਮਿਕ ਜੀਵਨ ਦਾ ਪ੍ਰਭਾਵ ਬੀਬੀ 'ਤੇ ਪੈਣਾ ਕੁਦਰਤੀ ਸੀ। ਇਸ ਤਰਾਂ ਬਾਲ ਅਵਸਥਾ ਵਿੱਚ ਹੀ ਬੀਬੀ ਖੀਵੀ ਜੀ ਨੇ ਸੰਤੋਖ, ਸੰਜਮ ਅਤੇ ਸੱਚ ਦੇ ਸ਼ੁਭ ਗੁਣ ਗ੍ਰਹਿਣ ਕਰ ਲਏ ਸਨ। ਬੀਬੀ ਖੀਵੀ ਜੀ ਦੁਕਾਨ ਉੱਤੇ ਆਪਣੇ ਪਿਤਾ ਨਾਲ ਕੰਮ ਵਿੱਚ ਹਥ ਵਟਾਂਦੇ ਸਨ ਅਤੇ ਘਰ-ਪਰਵਾਰ ਵਿੱਚ ਮਾਤਾ-ਪਿਤਾ ਦੁਆਰਾ ਪੂਜਾ ਕਰਨ ਸਮੇਂ ਨਿਤ ਉਨਾਂ ਪਾਸ ਬੈਠਦੇ ਸਨ।

ਬੀਬੀ ਵਿਰਾਈ ਜੀ (ਜਾਂ ਬੀਬੀ ਭਰਾਈ ਜੀ) ਖਡੂਰ ਸਾਹਿਬ ਦੇ ਵਸਨੀਕ ਸਨ ਅਤੇ ਗੁਰੂ ਨਾਨਕ ਦੇਵ ਜੀ ਦੇ ਸ਼ਰਧਾਲੂ ਸਨ। ਭਾਈ ਫੇਰੂ ਮੱਲ ਵੀ ਖਡੂਰ ਸਾਹਿਬ ਦੇ ਵਸਨੀਕ ਸਨ ਅਤੇ ਇਕ ਫਿਰੋਜ਼ਪੁਰ ਦੇ ਅਧਿਕਾਰੀ ਪਾਸ ਨੌਕਰੀ ਕਰਦੇ ਸਨ। ਬੀਬੀ ਵਿਰਾਈ ਜੀ ਦੇ ਭਾਈ ਫੇਰੂ ਮੱਲ ਨਾਲ ਨੇੜਲੇ ਸਬੰਧ ਸਨ ਅਤੇ ਭਾਈ ਦੇਵੀ ਚੰਦ ਦੇ ਪਰਵਾਰ ਦੇ ਵੀ ਨੇੜੇ ਤੋਂ ਭੂਆ ਜੀ ਸਨ।

ਓਸ ਸਮੇਂ ਦੀਆਂ ਰੀਤਾਂ ਅਨੁਸਾਰ, ਬੀਬੀ ਵਿਰਾਈ ਦੇ ਕਹਿਣ ਉੱਤੇ ਬੀਬੀ ਖੀਵੀ ਦਾ ਵਿਆਹ ਭਾਈ ਫੇਰੂ ਮੱਲ ਦੇ ਬੇਟੇ ਭਾਈ ਲਹਿਣਾ ਜੀ ਨਾਲ ਸੰਨ 1519 ਈ: ਵਿੱਚ (16 ਮੱਘਰ ਸੰਮਤ 1576) ਹੋ ਗਿਆ। ਭਾਈ ਲਹਿਣਾ ਜੀ ਆਪਣੇ ਪਿਤਾ ਭਾਈ ਫੇਰੂ ਮੱਲ ਅਤੇ ਪਰਵਾਰ ਨਾਲ ਵੈਸ਼ਨੋ ਦੇਵੀ ਦੇ ਤੀਰਥ ਯਾਤਰਾ ਉੱਤੇ ਜਾਇਆ ਕਰਦੇ ਸਨ। ਇਸ ਤਰਾਂ ਦੋਹਾਂ ਪਰਵਾਰਾਂ ਵਿੱਚ ਸਮਾਜਿਕ ਸਾਂਝ ਦੇ ਨਾਲ-ਨਾਲ ਧਾਰਮਿਕ ਸਾਂਝ ਵੀ ਸੀ। ਇਸ ਸੋਚ, ਸੁਭਾਅ, ਸਮਾਜਿਕ ਅਤੇ ਧਾਰਮਿਕ ਸਾਂਝ ਦੇ ਕਾਰਨ ਇਹ ਨਵ-ਵਿਆਹੀ ਜੋੜੀ ਇਕਸਾਰਤਾ **(similar in living styles)** ਅਤੇ ਇਕਸੁਰਤਾ **( similar in thoughts)** ਵਾਲੀ ਆਦਰਸ਼ਕ **(Ideal couple)** ਜੋੜੀ ਹੋ ਨਿੱਬੜੀ। ਦੋਹਾਂ ਨੇ ਆਪਣੀ ਨਿੱਜੀ ਹਉਮੈ ਸਮਾਪਤ ਕਰਕੇ ਆਪਣੀ ਹਸਤੀ ਇਕ-ਦੂਜੇ ਵਿੱਚ ਸਮੋ ਦਿੱਤੀ ਅਤੇ ਇਹ 'ਏਕ ਜੋਤਿ ਦੁਇ ਮੂਰਤੀ' ਬਣ ਗਏ।

ਗ੍ਰਹਿਸਤੀ ਜੀਵਨ ਜਿਉਂਦਿਆਂ ਇਸ ਜੋੜੀ ਦੇ ਗ੍ਰਹਿ ਵਿਖੇ ਦੋ ਪੁੱਤਰਾਂ ਅਤੇ ਦੋ ਧੀਆਂ ਨੇ ਜਨਮ ਲਿਆ। ਵੱਡੇ ਪੁੱਤਰ ਦਾਸੂ ਜੀ ਦਾ ਜਨਮ 9 ਭਾਦਰੋਂ ਸੰਮਤ 1589 ਬਿਕਰਮੀ, ਬੀਬੀ ਅਨੋਖੀ ਜੀ ਦਾ ਜਨਮ 29 ਜੇਠ ਸੰਮਤ 1591 ਅਤੇ ਭਾਈ ਦਾਸੂ ਜੀ ਦਾ ਜਨਮ 1 ਵੈਸਾਖ ਸੰਮਤ 1594 ਨੂੰ ਅਤੇ ਬੀਬੀ ਅਮਰੋ ਜੀ ਦਾ ਜਨਮ 2 ਪੋਹ ਸੰਮਤ 1595 ਨੂੰ ਹੋਇਆ। ਦੋਹਾਂ ਜੀਆਂ ਨੇ ਆਪਣੇ ਗ੍ਰਹਿਸਤ ਦੀਆਂ ਜ਼ਿੰਮੇਵਾਰੀਆਂ ਚੰਗੀ ਤਰਾਂ ਨਿਭਾਉਂਦਿਆਂ ਹੋਇਆਂ ਬੱਚਿਆਂ ਦਾ ਵਧੀਆ ਤਰੀਕੇ ਨਾਲ ਪਾਲਣ-ਪੋਸ਼ਣ ਕੀਤਾ ਅਤੇ ਉਨਾਂ ਅੰਦਰ ਵੀ ਧਾਰਮਿਕ ਸੰਸਕਾਰ ਪੈਦਾ ਕੀਤੇ।

ਜਦੋਂ ਭਾਈ ਫੇਰੂ ਮੱਲ ਅਤੇ ਭਾਈ ਦੇਵੀ ਚੰਦ ਹਰ ਵਰੇ ਧਾਰਮਿਕ ਯਾਤਰਾ ਉੱਤੇ ਜਾਇਆ ਕਰਦੇ ਸਨ ਤਾਂ ਭਾਈ ਲਹਿਣਾ ਜੀ ਵੀ ਆਪਣੇ ਪਿਤਾ ਜੀ ਨਾਲ ਹੀ ਹੁੰਦੇ ਸਨ। ਭਾਈ ਫੇਰੂ ਮੱਲ ਜੀ ਦੇ ਅਕਾਲ ਚਲਾਣੇ ਮਗਰੋਂ ਭਾਈ ਲਹਿਣਾ ਜੀ ਨੇ ਆਪਣੇ ਪਿਤਾ ਦੀਆਂ ਸਾਰੀਆਂ ਜਿੰਮੇਵਾਰੀਆਂ ਸੰਭਾਲੀਆਂ। ਹੁਣ ਭਾਈ ਲਹਿਣਾ ਜੀ ਵੀ ਆਪਣੇ ਪਿਤਾ ਵਾਂਗ ਹੋਰ ਦਰਸ਼ਨ-ਅਭਿਲਾਖੀਆਂ ਨੂੰ ਨਾਲ ਲੈ ਕੇ ਤੀਰਥ ਯਾਤਰਾ ਉੱਤੇ ਜਾਣ ਲੱਗ ਪਏ। ਪ੍ਰੰਤੂ ਭਾਈ ਲਹਿਣਾ ਜੀ ਨੂੰ ਆਤਮਿਕ ਤ੍ਰਿਪਤੀ ਨਹੀਂ **(spiritually unsatisfied)** ਸੀ ਹੋ ਰਹੀ। ਭਾਈ ਲਹਿਣਾ ਜੀ ਆਤਮਿਕ ਤ੍ਰਿਪਤੀ ਦੀ ਭਾਲ ਵਿੱਚ ਹਮੇਸ਼ਾ ਹੀ ਆਸ਼ਾਵਾਦੀ ਅਤੇ ਤਾਂਘ ਵਿੱਚ ਰਹਿੰਦੇ ਸਨ। ਭਾਈ ਲਹਿਣਾ ਜੀ ਦੀ ਮਾਨਸਿਕ ਦਸ਼ਾ ਤੋਂ ਬੀਬੀ ਖੀਵੀ ਜੀ ਪੂਰੀ ਤਰਾਂ ਜਾਣੂ ਸਨ ਅਤੇ ਉਹ ਆਪ ਵੀ ਉਨਾਂ ਨਾਲ ਪੂਰੀ ਤਰਾਂ ਸਹਿਮਤ ਸਨ। ਅੰਤ ਉਹ ਸੁਭਾਗਾ ਦਿਹਾੜਾ ਵੀ ਆ ਗਿਆ ਜਦੋਂ ਭਾਈ ਲਹਿਣਾ ਜੀ, ਸ੍ਰੀ ਗੁਰੂ ਨਾਨਕ ਦੇਵ ਜੀ ਬਾਰੇ ਜਾਣਕਾਰੀ ਪ੍ਰਾਪਤ ਕਰਕੇ ਕਰਤਾਰਪੁਰ ਚਲੇ ਗਏ। ਬਸ ਫਿਰ ਕੀ ਸੀ, ਪਹਿਲੀ ਮੁਲਾਕਾਤ ਵਿੱਚ ਹੀ ਭਾਈ ਲਹਿਣਾ ਜੀ ਨੂੰ ਆਪਣੀ ਮਨ ਬਾਂਛਤ ਵਸਤੂ, ਸੱਚ, ਸੰਤੋਖ, ਆਤਮਿਕ ਤ੍ਰਿਪਤੀ ਅਤੇ ਸ਼ਾਂਤੀ ਦੀ ਪ੍ਰਾਪਤੀ ਹੋ ਗਈ ਅਤੇ ਉਹ ਨਿਹਾਲ ਹੋ ਗਏ। ਹੁਣ ਤੋਂ ਉਹ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਹੀ ਹੋ ਕੇ ਰਹਿ ਗਏ ਅਤੇ 7 ਸਾਲ ਗੁਰੂ ਜੀ ਦੀ ਸੰਗਤ ਕੀਤੀ।

ਪੂਰਬ ਕਰਮ ਅੰਕੁਰ ਜਬ ਪ੍ਰਗਟੇ ਭੇਟਿਓ ਪੁਰਖੁ ਰਸਿਕ ਬੈਰਾਗੀ॥

ਭਾਵ: ਇਸੇ ਜੀਵਨ ਦੇ ਪਹਿਲਾਂ ਬੀਤ ਚੁਕੇ ਸਮੇਂ ਵਿੱਚ ਕੀਤੇ ਕੰਮਾਂ ਕਾਰਾਂ ਅਤੇ ਉਨਾਂ ਅਨੁਸਾਰ ਬਣੀਆਂ ਆਦਤਾਂ ਅਤੇ ਅਪਨਾਈਆਂ ਕਦਰਾਂ ਕੀਮਤਾਂ ਅਨੁਸਾਰ..

**ਮਿਟਿਓਅੰਧੇਰੁਮਿਲਤਹਰਿਨਾਨਕਜਨਮਜਨਮਕੀਸੋਈਜਾਗੀ॥**

**(ਪੰਨਾ 204)**

ਕਰਤਾਰਪੁਰ ਤੋਂ ਕਦੇ ਕਦੇ ਭਾਈ ਲਹਿਣਾ ਜੀ ਖਡੂਰ ਵਾਪਸ ਜਾਂਦੇ ਅਤੇ ਆਪਣੇ ਪਰਿਵਾਰ ਦੀ ਜਾਣਕਾਰੀ ਲੈਂਦੇ। ਇਸੇ ਤਰਾਂ, ਮਾਤਾ ਖੀਵੀ ਜੀ ਵੀ ਕਈ ਵਾਰ, ਭਾਈ ਲਹਿਣਾ ਜੀ ਨੂੰ ਮਿਲਣ ਲਈ ਕਰਤਾਰਪੁਰ ਜਾਂਦੇ ਅਤੇ ਗੁਰੂ ਨਾਨਕ ਦੇ ਦਰਬਾਰ ਵਿੱਚ ਜਾ ਕੇ ਗੁਰੂ ਜੀ ਦੇ ਵਿਚਾਰ ਅਤੇ ਪ੍ਰਚਾਰ ਨੂੰ ਸੁਣਦੇ, ਸਮਝਦੇ ਅਤੇ ਬੜੇ ਉਤਸ਼ਾਹਤ ਹੁੰਦੇ। ਇਥੇ ਮਾਤਾ ਖੀਵੀ ਜੀ ਨੇ ਦੇਖਿਆ ਕਿ ਗੁਰੂ ਨਾਨਕ ਦੇਵ ਜੀ ਤੀਂਵੀ ਨੂੰ ਬਹੁਤ ਸਤਿਕਾਰ ਬਖਸ਼ਦੇ ਹਨ ਅਤੇ ਤੀਂਵੀਆਂ ਨੂੰ ਘੁੰਡ ਕੱਢਣ ਤੋਂ ਬਗੈਰ ਸੰਗਤ ਵਿੱਚ ਆਉਣ ਲਈ ਪ੍ਰਚਾਰਦੇ ਸਨ। ਤੀਂਵੀ ਜਾਤੀ ਲਈ ਘੁੰਡ ਕਢਣ ਦੇ ਬਗੈਰ ਆਉਣਾ ਇਕ ਨਵੀਂ ਰੀਤ ਸੀ। ਸਮਾਜ ਲਈ ਸਦੀਆਂ ਪੁਰਾਨੀ ਤੀਂਵੀ ਦੀ ਘੁੰਢ ਕੱਢਕੇ ਸਮਾਜ ਵਿੱਚ ਵਿਚਰਨ ਦੀ ਰੀਤ ਨੂੰ ਬਦਲਨਾ ਇਕ ਬੜੀ ਅਚੰਭੇ ਦੀ ਗਲ ਸੀ। ਇਸੇ ਤਰਾਂ ਮਾਤਾ ਖੀਵੀ ਜੀ ਨੇ ਇਹ ਵੀ ਦੇਖਿਆ ਕਿ ਗੁਰੂ ਨਾਨਕ ਦੇਵ ਜੀ ਵਲੋਂ ਸੰਗਤਾਂ ਲਈ ਲੰਗਰ ਚਲ ਰਿਹਾ ਹੈ ਜਿਥੇ ਮਰਦ ਅਤੇ ਤੀਂਵੀਆਂ ਲੰਗਰ ਵਿੱਚ ਇਕੱਠੇ ਜ਼ਿੰਮੇਵਾਰੀ ਨਿਭਾ ਰਹੇ ਸਨ ਅਤੇ ਸੇਵਾ ਕਰ ਰਹੇ ਸਨ।

ਗੁਰੂ ਨਾਨਕ ਦੇਵ ਜੀ ਦੇ ਇਸ ਦੁਨੀਆਂ ਵਿੱਚ ਆਉਣ ਸਮੇਂ, ਲੋਕ ਸਮਾਜਿਕ ਤੌਰ 'ਤੇ ਅਖੌਤੀ ਜਾਤ-ਪਾਤ, ਊਚ ਨੀਚ, ਛੂਤ ਆਦਿ ਦੀ ਵਰਨ-ਆਸ਼ਰਮ ਵੰਡ ਕਰਕੇ ਬੁਰੀ ਤਰਾਂ ਵੰਡੇ ਹੋਏ ਸਨ। ਧਾਰਮਿਕ ਤੌਰ 'ਤੇ, ਸ਼ੂਦਰ ਅਤੇ ਨੀਵੀਆਂ ਜਾਤੀਆਂ ਨੂੰ ਮੰਦਰਾਂ ਵਿੱਚ ਜਾਣਾ ਅਤੇ ਰੱਬ ਦੀ ਪੂਜਾ ਕਰਨੀ ਮਨਾਂ ਸੀ। ਉਚ ਜਾਤੀ ਅਨੁਸਾਰ, ਅਖੌਤੀ ਸ਼ੂਦਰ ਅਤੇ ਨੀਵੀਆਂ ਜਾਤੀਆਂ ਨੂੰ ਰੱਬ ਦੀ ਪੂਜਾ ਕਰਨ ਦਾ ਕੋਈ ਹੱਕ ਨਹੀਂ ਸੀ।

**ਬਾਕੀ ਸਫ਼ਾ 29 'ਤੇ**

# ਔਰਤ ਅਤੇ ਸਮਾਜ ਦੀ ਸੋਚ

**ਮਾ. ਗੁਰਜਤਿੰਦਰਪਾਲ ਸਿੰਘ ਸਾਧੜਾ**
**ਅਨੰਦਪੁਰ ਸਾਹਿਬ**

ਪੁਰਾਣੇ ਇਤਿਹਾਸ ਵੱਲ ਨਜ਼ਰ ਮਾਰੀਏ, ਸਿੰਧੂ ਘਾਟੀ ਦੀ ਗੱਲ ਕਰੀਏ ਜਾਂ ਵੈਦਿਕ ਕਾਲ ਦੀ ਗੱਲ ਕਰੀਏ ਤਾਂ ਪਤਾ ਲੱਗਦਾ ਹੈ ਕਿ ਔਰਤ ਨੂੰ ਉੱਚ ਸਿੱਖਿਆ ਪ੍ਰਾਪਤ ਕਰਨ ਦੀ ਪੂਰੀ ਅਜ਼ਾਦੀ ਸੀ । ਸਮਾਜ ਵਿਚ ਔਰਤਾਂ ਨੂੰ ਪੂਰਾ ਮਾਣ ਸਤਿਕਾਰ ਦਿੱਤਾ ਜਾਂਦਾ ਸੀ। ਪ੍ਰਾਚੀਨ ਕਾਲ ਵਿਚ ਔਰਤ ਆਪਣੀ ਮਰਜ਼ੀ ਨਾਲ ਵਿਆਹ ਕਰਵਾ ਸਕਦੀ ਸੀ। ਘਰ ਦੇ ਸਾਰੇ ਕੰਮ, ਰੀਤੀ ਰਿਵਾਜ ਔਰਤ ਤੋਂ ਬਿਨਾਂ ਅਧੂਰੇ ਮੰਨੇ ਜਾਂਦੇ ਸਨ। ਪਿਤਾ ਪੁਰਖੀ ਪਰਿਵਾਰ ਵਾਂਗ ਮਾਤਾ ਪੁਰਖੀ ਪਰਿਵਾਰ ਵੀ ਸਨ ਉਸ ਸਮੇਂ ਮਾਤਾ ਪੁਰਖੀ ਪਰਿਵਾਰਾਂ ਵਿਚ ਪਰਿਵਾਰ ਦੀ ਸਭ ਤੋਂ ਵਡੇਰੀ ਉਮਰ ਦੀ ਔਰਤ ਨੂੰ ਪਰਿਵਾਰ ਦੀ ਮੁਖੀ ਮੰਨਿਆ ਜਾਂਦਾ ਸੀ । ਸਮਾਜ ਵਿਚ ਮਰਦ ਨੂੰ ਜ਼ਿਆਦਾ ਅਹਿਮੀਅਤ ਦਿੱਤੀ ਜਾਂਦੀ ਰਹੀ ਹੈ ਪਰ ਇਤਿਹਾਸ ਗਵਾਹ ਹੈ ਕਿ ਔਰਤ ਤੋਂ ਬਿਨਾਂ ਪਰਿਵਾਰ ਅਤੇ ਸਮਾਜ ਬਿਲਕੁਲ ਅਧੂਰਾ ਹੈ। ਘਰ ਦੀ ਹੋਂਦ ਔਰਤ ਤੇ ਨਿਰਭਰ ਹੈ ਜੇਕਰ ਔਰਤ ਦੇ ਰੋਜ਼ਾਨਾ ਕੰਮਾਂ ਨੂੰ ਹੀ ਨਜ਼ਰ ਮਾਰੀਏ ਤਾਂ ਪੁਰਾਣੇ ਸਮੇਂ ਵਿਚ ਔਰਤਾਂ ਸਵੇਰੇ ਤੜਕੇ ਉੱਠਕੇ ਰੋਟੀ ਬਣਾਉਣ ਲਈ ਹੱਥ ਚੱਕੀ 'ਤੇ ਆਟਾ ਪੀਸਦੀਆਂ ਸਨ ਪੂਰੇ ਪਰਿਵਾਰ ਲਈ ਰੋਟੀਆਂ ਪਕਾਉਣ ਤੋਂ ਲੈ ਕੇ ਪਸ਼ੂਆਂ ਆਦਿ ਦਾ ਕੰਮ ਵੀ ਕਰਦੀਆਂ ਸਨ। ਪਰਿਵਾਰ ਇਕੱਠੇ ਹੋਣ ਕਰਕੇ ਇਕੱਠੀਆਂ ਕੰਮ ਕਰ ਲੈਂਦੀਆਂ ਸਨ। ਜ਼ਿਆਦਾ ਕੰਮ ਕਰਨ ਵਾਲੀ ਅਤੇ ਵਡੇਰੀ ਉਮਰ ਦੀ ਔਰਤ ਦਾ ਜ਼ਿਆਦਾ ਸਤਿਕਾਰ ਕੀਤਾ ਜਾਂਦਾ ਸੀ । ਸਮਾਂ ਬੀਤਣ ਨਾਲ ਅੱਜ ਪੁਰਾਣੇ ਸੱਭਿਆਚਾਰ ਦੀ ਤਸਵੀਰ ਪੰਜਾਬ ਵਿਚੋਂ ਅਲੋਪ ਹੁੰਦੀ ਜਾ ਰਹੀ ਹੈ। ਅੱਜ ਇਕੱਲਤਾ ਭਾਰੂ ਹੋ ਚੁੱਕੀ ਹੈ ਹਰ ਇਕ ਨੂੰ ਦੂਜੇ ਦੀ ਦਖਲਅੰਦਾਜੀ ਪਸੰਦ ਨਹੀਂ ਹੈ ।

ਅੱਜ ਦੇਸ਼ ਨੂੰ ਅਜ਼ਾਦ ਹੋਇਆਂ ਸੱਤਰ ਸਾਲ ਹੋ ਚੁੱਕੇ ਹਨ ਅੱਜ ਵੀ ਅਸੀਂ ਔਰਤਾਂ ਨੂੰ ਮਰਦ ਦੇ ਬਰਾਬਰ ਹੱਕ ਦੇਣ ਵਿਚ ਅਸਫਲ ਰਹੇ ਹਾਂ । ਭਾਵੇਂ ਇਸ ਸੰਬੰਧ ਵਿਚ ਸੰਵਿਧਾਨ ਦੇ ਬਰਾਬਰ ਅਧਿਕਾਰ ਦਿੱਤੇ ਹੋਏ ਹਨ।ਸ਼ੁਰੂ ਤੋਂ ਖਾਣੇ ਪੀਣੇ, ਪੜਨ ਤੇ ਹੋਰ ਮਾਮਲਿਆਂ ਵਿਚ ਲੜਕੇ ਅਤੇ ਲੜਕੀ ਵਿਚ ਅੱਜ ਵੀ ਫਰਕ ਸਮਝਿਆ ਜਾ ਰਿਹਾ ਹੈ ।ਬੇਸ਼ੱਕ ਕਸੂਰ ਲੜਕੇ ਦਾ ਹੋਵੇ ਪਰ ਅੰਤ ਵਿਚ ਕਸੂਰਵਾਰ ਲੜਕੀ ਹੀ ਠਹਿਰਾਈ ਜਾਂਦੀ ਹੈ, ਜੇਕਰ ਲੜਕੀ ਆਪਣੀ ਮਰਜ਼ੀ ਨਾਲ ਵਿਆਹ ਕਰਵਾਉਣਾ ਚਾਹੇ ਤਾਂ ਸਮਾਜ ਉਸਨੂੰ ਦੋਸ਼ੀ ਅਤੇ ਚਰਿੱਤਰਹੀਣ ਸਮਝਣ ਲੱਗਦਾ ਹੈ, ਇਨਾਂ ਸਾਰੀਆਂ ਸਮੱਸਿਆਵਾਂ ਦਾ ਕਾਰਨ ਔਰਤ ਪ੍ਰਤੀ ਸਮਾਜ ਦੀ ਸੌੜੀ ਮਾਨਸਿਕਤਾ ਹੈ । ਬੇਸ਼ੱਕ ਅੱਜ ਦੇ ਯੁੱਗ ਵਿੱਚ ਸਾਇੰਸ ਨੇ ਤਰੱਕੀ ਕਰ ਲਈ ਹੈ ਪਰ ਔਰਤ ਪ੍ਰਤੀ ਸੋਚ ਵਿੱਚ ਬਦਲਾਅ ਬਹੁਤ ਹੀ ਘੱਟ ਹੋਇਆ ਹੈ ਜਾਂ ਅਸੀਂ ਇਹ ਆਖ ਸਕਦੇ ਹਾਂ ਕਿ ਸਾਇੰਸ ਨੇ ਤਰੱਕੀ ਕਰਕੇ ਅਨੇਕਾਂ ਕਾਢਾਂ ਕੱਢੀਆਂ ਹਨ ਪਰ ਇਨਸਾਨ ਦੇ ਦਿਮਾਗ ਦੀ ਸੋਚ ਦੂਸਰੇ ਇਨਸਾਨ ਪ੍ਰਤੀ ਉਹ ਹੀ ਹੈ ਜੋ ਸਦੀਆਂ ਤੋਂ ਚੱਲੀ ਆ ਰਹੀ ਹੈ, ਉਸ ਵਿੱਚ ਕਿਸੇ ਵੀ ਪ੍ਰਕਾਰ ਦੀ ਤਬਦੀਲੀ ਨਹੀਂ ਹੋਈ ।

ਅੱਜ ਦੀ ਔਰਤ ਪਹਿਲਾਂ ਨਾਲੋਂ ਕਾਫੀ ਤਰੱਕੀ ਕਰ ਚੁੱਕੀ ਹੈ ਔਰਤ ਅਤੇ ਮਰਦ ਇਕ ਹੀ ਸਿੱਕੇ ਦੇ ਦੋ ਪਹਿਲੂ ਹਨ ਅਤੇ ਦੋਵੇਂ ਇਕ ਦੂਜੇ ਦੇ ਪੂਰਕ ਹਨ  ਔਰਤ ਮਾਂ, ਭੈਣ, ਪਤਨੀ ਅਤੇ ਬੇਟੀ ਕਿਸੇ ਵੀ ਰੂਪ ਵਿੱਚ ਹੋ ਸਕਦੀ ਹੈ ਜੋ ਸਮਾਜ ਵਿੱਚ ਵੱਖ-ਵੱਖ ਤਰਾਂ  ਦੇ ਰਿਸਤੇ ਨਿਭਾਉਂਦੀ ਹੈ, ਲੜਕੀ ਵਿਆਹ ਤੋਂ ਪਿੱਛੋ ਦੌ ਪਰਿਵਾਰਾਂ ਦਾ ਮਾਣ ਸਨਮਾਨ ਰੱਖਦੀ ਹੈ। ਔਰਤ ਹੀ ਹੈ ਜੋ ਮਰਦ (ਪੁੱਤਰ) ਨੂੰ ਜਨਮ ਦਿੰਦੀ ਹੈ। ਮਾਂ ਹੀ ਬੱਚਿਆਂ ਦੀ ਪਹਿਲੀ ਗੁਰੂ ਹੈ ਜੋ ਬੱਚਿਆਂ ਨੂੰ ਚੰਗੇ ਸੰਸਕਾਰ ਦਿੰਦੀ ਹੈ। ਜਿਸ ਮਾਂ ਜਾਂ ਪਤਨੀ ਨੇ ਆਪਣੇ ਘਰ ਨੂੰ ਸਵਰਗ ਬਣਾ ਲਿਆ ਹੈ ਉਸ ਘਰ ਦੇ ਪਰਿਵਾਰਕ ਮੈਬਰਾਂ ਨੂੰ ਕਿਸੇ ਹੋਰ ਸਵਰਗ ਦੀ ਲੋੜ ਨਹੀਂ ਰਹਿੰਦੀ।ਬੇਸ਼ੱਕ ਪੁਰਸ਼ ਪ੍ਰਧਾਨ ਸਮਾਜ ਅੱਜ ਵੀ ਔਰਤਾਂ ਦੇ ਫੈਸਲਿਆਂ ਨੂੰ ਲਾਗੂ ਕਰਨ ਲਈ ਜ਼ਿਆਦਾ ਯੋਗਦਾਨ ਨਹੀਂ ਪਾ ਰਿਹਾ। ਪ੍ਰੰਤੂ ਸੱਚਾਈ ਇਹ ਹੀ ਹੈ ਕਿ ਔਰਤ ਤੋਂ ਬਿਨਾਂ ਘਰ, ਮਕਾਨ ਹੀ ਰਹਿੰਦਾ ਹੈ ਅਤੇ ਔਰਤ ਤੋਂ ਬਿਨਾਂ ਘਰ ਅਤੇ ਸਮਾਜ ਦੀ ਨੀਂਹ ਨਹੀਂ ਰੱਖੀ ਜਾ ਸਕਦੀ।

# 'ਦਿਲ ਦਰਿਆ ਸਮੁੰਦਰੋਂ ਡੂੰਘੇ ਕੌਣ ਦਿਲਾਂ ਦੀਆਂ ਜਾਣੇ'

**ਹਰਪ੍ਰੀਤ ਸਿੰਘ ਜਵੰਦਾ**

'ਸਿਮਰ' ਨਾਮ ਸੀ ਉਸਦਾ..

ਬੀ.ਕਾਮ ਤੇ ਐੱਮ.ਕਾਮ ਅਸਾਂ ਦੋਹਾਂ ਨੇ ਇੱਕਠਿਆਂ ਨੇ ਹੀ ਕੀਤੀ..। ਅਕਸਰ ਹੀ ਪੜਾਈ ਵਿਚ ਪੱਛੜ ਜਾਇਆ ਕਰਦਾ..ਤਾਂ ਉਹ ਜਰੂਰੀ ਨੋਟਸ ਮੇਰੇ ਤੱਕ ਪਹੁੰਚਦੇ ਕਰ ਹੀ ਦਿਆ ਕਰਦੀ..!

ਸਾਡੀ ਆਪਸੀ ਗੱਲਬਾਤ ਸਿਰਫ ਬੋਧਿਕ ਲੈਣ ਦੇਣ ਤੱਕ ਹੀ ਸੀਮਤ ਸੀ..ਹੋਰ ਕਿਸੇ ਵੀ ਵਿਸ਼ੇ 'ਤੇ ਗੱਲ ਬਾਤ ਕਰਨ ਤੋਂ ਦੋਵੇਂ ਅਕਸਰ ਹੀ ਸੰਗ ਜਾਇਆ ਕਰਦੇ..!

ਫੇਰ ਆਖਰੀ ਫੇਅਰਵੈਲ ਪਾਰਟੀ ਵਿਚ ਖੁੱਲ ਕੇ ਗੱਲਾਂ ਹੋਈਆਂ..। ਇੱਕ ਦੂਜੇ ਬਾਰੇ ਬਹੁਤ ਕੁਝ ਪਤਾ ਲੱਗਾ..। ਦੋਵੇਂ ਜਾਣਦੇ ਸਾਂ ਕੇ ਉਸ ਦਿਨ ਮਗਰੋਂ ਦੋਹਾਂ ਦੀ ਜਿੰਦਗੀ ਦੇ ਰਾਹ ਬਦਲ ਜਾਣੇ ਸਨ..। ਜੀ ਕੀਤਾ, ਸਮੇਂ ਦੀ ਰਫਤਾਰ ਹੌਲੀ ਹੋ ਜਾਵੇ..ਪਰ ਪਤਾ ਹੀ ਨਹੀਂ ਲੱਗਾ ਕਦੋਂ ਮੇਲਾ ਉੱਜੜ ਗਿਆ.. ਫ਼ੇਰ ਵੀ ਆਪਸੀ ਸੰਪਰਕ ਬਣਾਈ ਰੱਖਣ ਤੇ ਖਾਮੋਸ਼ ਸਹਿਮਤੀ ਜਿਹੀ ਬਣਾ ਹੀ ਲਈ।

ਮਗਰੋਂ ਉਹ ਬੀ.ਐੱਡ ਕਰਕੇ ਟੀਚਰ ਬਣ ਗਈ ਸੀ..।

ਜਦੋਂ ਮੇਰੇ ਰਿਸ਼ਤੇ ਦੀ ਗੱਲ ਚੱਲੀ ਤਾਂ ਨਿਸੰਗ ਹੋ ਕੇ ਉਸਦਾ ਜ਼ਿਕਰ ਕਰ ਦਿੱਤਾ..। ਘਰੇ ਤੂਫ਼ਾਨ ਜਿਹਾ ਆ ਗਿਆ..ਜਾਤ ਬਰਾਦਰੀ.. ਸਟੇਟਸ..ਰੁਤਬਾ..ਰਹਿਣ ਸਹਿਣ.. ਆਰਥਿਕ ਅਤੇ ਸਮਾਜਿਕ ਵਖਰੇਵੇਂ..ਸਾਰਾ ਕੁਝ ਪੱਕੀ ਕੰਧ ਬਣ ਰਾਹ ਵਿਚ ਖਲੋ ਗਏ..।

ਮਾਂ ਨੇ ਮੰਜਾ ਅਤੇ ਜਿੱਦ ਦੋਵੇਂ ਚੀਜਾਂ ਇਕੱਠਿਆਂ ਹੀ ਫੜ ਲਈਆਂ..। ਅਖੀਰ ਗੋਡੇ ਟੇਕਣੇ ਪੈ ਗਏ..। ਰਿਸ਼ਤੇਦਾਰੀ ਵਿਚੋਂ ਹੀ ਰਾਣੀ ਨਾਮ ਦੀ ਕੁੜੀ ਨੇ ਅਸਲ ਰਾਣੀ ਬਣ ਵੇਹੜੇ ਆਣ ਪੈਰ ਪਾਇਆ..।

ਅਗਲੇ ਵਰੇ ਫੇਰ ਓਹੀ ਵੇਹੜਾ 'ਧੀ' ਦੀਆਂ ਕਿਲਕਾਰੀਆਂ ਨਾਲ ਮਹਿਕ ਉਠਿਆ..। ਨਾਮ ਰੱਖਣ ਦਾ ਵਾਰੀ ਆਈ..। ਮੂਹੋਂ ਆਪ ਮੁਹਾਰੇ ਹੀ 'ਸਿਮਰ ਕੌਰ' ਨਿਕਲ ਗਿਆ..। ਸਭ ਨੂੰ ਚੰਗਾ ਲਗਿਆ ਅਤੇ ਫੇਰ ਇਸੇ ਨਾਮ ਤੇ ਹੀ ਪੱਕੀ ਮੁਹਰ ਵੀ ਲੱਗ ਗਈ।

ਪੰਜ ਸਾਲ ਮਗਰੋਂ 'ਸਿਮਰ' ਨੂੰ ਦਾਖਿਲ ਕਰਾਉਣ ਸਕੂਲੇ ਲੈ ਗਿਆ ਤਾਂ ਦਫਤਰ ਦੇ ਬਾਹਰ ਲੱਗੀ ਨੇਮ-ਪਲੇਟ 'ਤੇ 'ਸਿਮਰ ਕੌਰ' ਦਾ ਨਾਮ ਪੜ ਮੱਥਾ ਜਿਹਾ ਠਣਕਿਆ..। ਝਕਦਾ ਹੋਇਆ ਅੰਦਰ ਗਿਆ ਤਾਂ ਅੱਗੇ ਓਹੀ ਸੀ..। ਨਜ਼ਰਾਂ ਮਿਲੀਆਂ.. ਇੱਕ ਪਲ ਇੰਝ ਲੱਗਾ ਜਿੱਦਾਂ ਸਮੇਂ ਦਾ ਵਹਿਣ ਥੰਮ ਜਿਹਾ ਗਿਆ ਹੋਵੇ..।

ਕੁਝ ਕੂ ਪਲਾਂ ਦੀ ਖਾਮੋਸ਼ੀ ਮਗਰੋਂ ਉਸਨੇ ਧੀ ਦਾ ਨਾਮ ਪੁੱਛਿਆ..। ਜੁਆਬ ਸੁਣਕੇ ਥੋੜੀ ਅਸਹਿਜ ਜਿਹੀ ਹੋ ਗਈ..। ਮੈਨੂੰ ਪਤਾ ਲੱਗ ਗਿਆ ਕੇ ਉਸਦੇ ਜਿਹਨ ਵਿਚ ਉਸ ਵੇਲੇ ਕੀ ਚੱਲ ਰਿਹਾ ਹੋਵੇਗਾ..।



ਘਰੇ ਆ ਕੇ ਰਾਣੀ ਨੂੰ ਜ਼ੋਰ ਪਾਇਆ ਕਿ ਸਿਮਰ ਨੂੰ ਕਿਸੇ ਹੋਰ ਸਕੂਲੇ ਦਾਖਿਲ ਕਰਵਾ ਦਿੰਨੇ ਆ..। ਡਰ ਸਤਾ ਰਿਹਾ ਸੀ ਕਿ ਸੁੱਤੀਆਂ ਕਲਾ ਇੱਕ ਵਾਰ ਫੇਰ ਹੀ ਨਾ ਜਾਗ ਜਾਵਣ ਤੇ ਰਵਾਂ ਰਵੀਂ ਲੀਹੇ ਪਈ ਗ੍ਰਹਿਸਥੀ ਵਿਚ ਕੋਈ ਤੂਫ਼ਾਨ ਜਿਹਾ ਹੀ ਨਾ ਖੜਾ ਹੋ ਜਾਵੇ..।

ਪਰ ਰਾਣੀ ਨੇ ਜਿੱਦ ਫੜੀ ਰੱਖੀ..ਸਿਮਰ ਇਸੇ ਸਕੂਲ ਜਾਊਗੀ..। ਮੈਂ ਅਕਸਰ ਹੀ ਉਸ ਨੂੰ ਸਕੂਲ ਛੱਡਣ ਲਿਆਉਣ ਤੋਂ ਟਾਲ਼ਾ ਜਿਹਾ ਵੱਟਣ ਲੱਗਾ..। ਮਗਰੋਂ ਪਤਾ ਲੱਗਿਆ ਕੇ ਉਸ ਨੇ ਅਜੇ ਤੱਕ ਵਿਆਹ ਵੀ ਨਹੀਂ ਸੀ ਕਰਵਾਇਆ..।

ਇੱਕ ਦਿਨ ਰਾਣੀ ਨਿੱਕੀ ਸਿਮਰ ਨੂੰ ਘਰੇ ਲਿਆ ਕੇ ਆਖਣ ਲੱਗੀ ਕਿ ਸਕੂਲ ਵਾਲੀ ਸਿਮਰ ਦੀ ਕਿਸੇ ਹੋਰ ਸ਼ਹਿਰ ਬਦਲੀ ਹੋ ਗਈ ਏ..।

ਮੈਨੂੰ ਵੱਡਾ ਧੱਕਾ ਲੱਗਾ..। ਚੰਗੀ ਤਰਾਂ ਜਾਣਦਾ ਸਾਂ ਕਿ ਹੋਈ ਨਹੀਂ..ਖ਼ੁਦ ਕਰਵਾ ਲਈ ਹੋਣੀ ਏ..।

ਉਹ ਅਕਸਰ ਆਖਿਆ ਕਰਦੀ ਸੀ ਕੇ ਪਾਕ ਪਵਿੱਤਰ ਮੁਹੱਬਤਾਂ ਕਰਨ ਵਾਲੇ ਨੰਗੇ ਪੈਰੀਂ ਤੁਰੇ ਜਾਂਦੇ ਆਪਣੇ ਕਿਸੇ ਮਿੱਤਰ ਪਿਆਰੇ ਦੇ ਪੈਰਾਂ ਵਿਚ ਕਦੇ ਵੀ ਕੰਡੇ ਨਹੀਂ ਖਿਲਾਰਿਆ ਕਰਦੇ..। ਸਗੋਂ ਖੁਦ ਫ਼ੁੱਲ ਬਣ ਰਾਹਾਂ ਵਿਚ ਇੰਝ ਵਿੱਛ ਜਾਇਆ ਕਰਦੇ ਨੇ ਜਿੱਦਾਂ ਉਨਾਂ ਨੂੰ ਆਪਣੇ ਵਜੂਦ ਦੇ ਮਿੱਧੇ ਜਾਣ ਦੀ ਭੋਰਾ ਜਿੰਨੀ ਵੀ ਪ੍ਰਵਾਹ ਨਾ ਹੋਵੇ..।

ਅਤੀਤ ਦੇ ਸਮੁੰਦਰ ਵਿਚ ਗੋਤੇ ਖਾਂਦੀ ਮੇਰੀ ਸੁਰਤੀ ਨੂੰ  ਜਦੋਂ ਵਰਤਮਾਨ ਵਿਚ ਆ ਕੇ ਥੋੜਾ ਸਾਹ ਜਿਹਾ ਆਇਆ ਤਾਂ ਇੰਝ ਮਹਿਸੂਸ ਹੋਇਆ ਜਿੱਦਾਂ ਉਹ ਜਾਂਦੀ ਜਾਂਦੀ ਵੀ ਮੇਰੀ ਜਿੰਦਗੀ ਦੇ ਇੱਕ ਅਹਿਮ ਇਮਤਿਹਾਨ ਵਿਚ ਜਬਰਦਸਤੀ ਥੋਪ ਦਿੱਤੇ ਗਏ ਇੱਕ ਬਹੁਤ ਹੀ ਔਖੇ ਜਿਹੇ ਸੁਆਲ ਦਾ ਜੁਆਬ ਵੀ ਖੁਦ ਹੀ ਇੱਕ ਪਰਚੀ 'ਤੇ ਲਿਖ ਮੇਰੇ ਤੱਕ ਪੁੱਜਦਾ ਕਰ ਗਈ ਹੋਵੇ..।

## ਪੰਜਾਬ ਦੀ ਸਿਆਸਤ ਤੋਂ ਪੰਜਾਬੀ ਨਿਰਾਸ਼

# 2022 ਦੀਆਂ ਚੋਣਾਂ ਵਿਚ ਆਪ, ਕਾਂਗਰਸ, ਬਾਦਲ ਦਲ ਪ੍ਰਤੀ ਲੋਕਾਂ ਦਾ ਉਤਸ਼ਾਹ ਨਾ ਹੋਣ ਦੀ ਸੰਭਾਵਨਾ

### ✪ ਕਾਂਗਰਸ ਵਿਚਲੀ ਫੁੱਟ ਕੈਪਟਨ ਦਾ ਨੁਕਸਾਨ ਕਰੇਗੀ ✪ ਪਰਗਟ, ਰੰਧਾਵਾ ਤੇ ਚੰਨੀ ਨੇ ਕੈਪਟਨ ਵਿਰੁੱਧ ਲੜਾਈ ਮੁੜ ਭਖਾਈ ✪ ਬੇਅਦਬੀ ਮਾਮਲਿਆਂ ’ਤੇ ਸਿਆਸਤ ਕਰਨ ਵਾਲੇ ਖ਼ੁਦ ਖ਼ਤਮ ਹੋ ਜਾਣਗੇ : ਸੁਖਬੀਰ ✪ ਆਉਂਦੀਆਂ ਚੋਣਾਂ ਵਿਚ ਹਾਰ ਸਾਹਮਣੇ ਦੇਖ ਕੇ ਕਾਂਗਰਸੀ ਬੁਖ਼ਲਾਏ ✪ ‘ਆਪ’ ਦਾ ਗੁਬਾਰਾ ਫਟ ਚੁੱਕੈ

**ਜਲੰਧਰ/ਏ.ਟੀ.ਨਿਊਜ਼ :** ਪੰਜਾਬ ਵਿਧਾਨ ਸਭਾ ਦੀਆਂ ਹੋਣ ਵਾਲੀਆਂ ਚੋਣਾਂ ਹੁਣ ਤੱਕ ਹੋਈਆਂ ਚੋਣਾਂ ਦੇ ਮੁਕਾਬਲੇ ਕੁਝ ਜ਼ਿਆਦਾ ਹੀ ਦਿਲਚਸਪ ਲੱਗ ਰਹੀਆਂ ਹਨ। ਇਸ ਦੇ ਕਈ ਕਾਰਨ ਹਨ : ਜਿਵੇਂ ਆਉਣ ਵਾਲੀਆਂ ਚੋਣਾਂ ਵਿਚ ਪੰਜਾਬ ਦੀਆਂ ਸਾਰੀਆਂ ਵੱਡੀਆਂ ਸਿਆਸੀ ਧਿਰਾਂ ਭਾਵ ਕਾਂਗਰਸ, ਅਕਾਲੀ, ਆਪ, ਬੀਜੇਪੀ ਤੇ ਹੋਰਾਂ ਵੱਲੋਂ ਮੌਜੂਦਾ ਕਿਸਾਨੀ ਸੰਘਰਸ਼ ਅਤੇ ਕੋਰੋਨਾ (ਕੋਵਿਡ-19) ਦੀ ਮਹਾਂਮਾਰੀ ਵਿਚ ਉਨਾਂ ਦੁਆਰਾ ਪਾਏ ਯੋਗਦਾਨ ਦੀ ਪਰਖ ਦੀ ਘੜੀ ਹੈ। ਪੰਜਾਬ ਦੀਆਂ ਇਹ ਸਾਰੀਆਂ ਧਿਰਾਂ ਤੇ ਕੁਝ ਹੋਰ ਨਵੇਂ ਉੱਭਰਦੇ ਦਲ ਇਕ ਦੂਜੇ ਉੱਤੇ ਚਿੱਕੜ ਸੁੱਟ ਕੇ ਇਨਾਂ ਚੋਣਾਂ ਵਿਚ ਰਾਜਸੀ ਲਾਹਾ ਲੈਣ ਦੀ ਪੂਰੀ ਕੋਸ਼ਿਸ਼ ਤੇ ਜੋੜ-ਤੋੜ ਵੀ ਕਰਨਗੀਆਂ, ਪਰ ਹੁਣੇ ਹੋਈਆਂ ਚਾਰ ਰਾਜਾਂ ਤੇ ਇਕ ਕੇਂਦਰੀ ਸ਼ਾਸਤ ਪ੍ਰਦੇਸ਼ ਦੀਆਂ ਚੋਣਾਂ ਨੇ ਸਿੱਧ ਕੀਤਾ ਹੈ ਕਿ ਵਿਰੋਧੀਆਂ ਤੇ ਚਿੱਕੜ ਸੁੱਟਣਾ, ਲੋਕ ਲੁਭਾਊ ਤੇ ਝੂਠੇ ਲਾਰੇ ਲਾਉਣਾ, ਪਾਰਟੀ ਦਾ ਕਮਜ਼ੋਰ ਜਥੇਬੰਦਕ ਢਾਂਚਾ, ਤਾਕਤ ਨਾਲ ਸੱਤਾ ਹਾਸਲ ਕਰਨ ਦੇ ਯਤਨ ਆਦਿ ਦੇ ਦਿਨ ਚਲੇ ਗਏ ਹਨ। ਆਮ ਲੋਕਾਂ ਦਾ ਲਗਾਤਾਰ ਸੰਕਟ ਦਾ ਸਾਹਮਣਾ ਕਰਨ ਅਤੇ ਮੌਜੂਦਾ ਹਾਕਮਾਂ ਦੇ ਲੋਕਾਂ ਦੀਆਂ ਸਮੱਸਿਆ ਪ੍ਰਤੀ ਅਸੰਵੇਦਨਸ਼ੀਲ ਰਵੱਈਏ ਤੇ ਕਿਰਦਾਰ ਨੇ ਲੋਕਾਂ ਦੇ ਮਨਾਂ ਵਿਚ ਸਿਆਸੀ ਜਮਾਤਾਂ ਲਈ ਬਹੁਤ ਨਫ਼ਰਤ ਭਰ ਦਿੱਤੀ ਹੈ। ਦੂਜੇ ਪਾਸੇ ਇਹ ਤਰਾਸਦੀ ਆਮ ਲੋਕਾਂ ਲਈ ਬਹੁਤ ਵੱਡਾ ਸਿਆਸੀ ਸਮਾਜੀਕਰਨ ਦਾ ਸਾਧਨ ਵੀ ਬਣ ਗਿਆ ਹੈ। ਇਸ ਕੰਮ ਵਿਚ ਬਹੁਤ ਵੱਡਾ ਯੋਗਦਾਨ ਚੱਲ ਰਹੇ ਕਿਸਾਨੀ ਅੰਦਲੋਨ, ਸਰਕਾਰਾਂ ਦੇ ਜ਼ੁਲਮ ਖਿਲਾਫ਼ ਉੱਠ ਰਹੀਆਂ ਆਵਾਜ਼ਾਂ ਤੇ ਕੋਰੋਨਾ ਦੀ ਮਹਾਂਮਾਰੀ ਵਿਚ ਸਰਕਾਰਾਂ ਦਾ ਜ਼ਰਾਇਮ ਪੇਸ਼ਾ ਵਰਤਾਰਾ ਲੋਕਾਂ ਵਿਚ ਨਵੀਂ ਚੇਤਨਾ ਪੈਦਾ ਕਰਨ ਲਈ ਸਹਾਈ ਹੋ ਰਹੇ ਹਨ।

ਇਸ ਸਮੇਂ ਪੰਜਾਬ ਦੀ ਕਾਂਗਰਸ ਸਰਕਾਰ ਦੇ ਅਗਲੇ ਪੈਂਡੇ ਔਖੇ ਹਨ। ਮੌਜੂਦਾ ਸਰਕਾਰ ਦੇ ਚਾਰ ਸਾਲ ਦੇ ਸਮੇਂ ਵਿਚ ਭਾਵੇਂ ਪਹਿਲਾਂ ਰਹੀ ਅਕਾਲੀ-ਭਾਜਪਾ (2007 ਤੋਂ 20 17) ਸਰਕਾਰ ਨਾਲੋਂ ਕਈ ਪੱਖਾਂ ਵਿਚ ਚੰਗੀ ਕਾਰਗੁਜ਼ਾਰੀ ਦਾ ਵਿਖਾਵਾ ਕੀਤਾ ਹੈ ਜਿਸ ਵਿਚ ਖ਼ਾਸ ਕਰ ਕੇ ਵਿੱਤੀ ਨਿਜ਼ਾਮ ਦੇ ਬੰਦੋਬਸਤ ਵਿਚ ਸੁਧਾਰ ਹੋਣ ਦੀ ਪਹਿਲ ਹੋਈ ਹੈ ਪਰ ਇਸ ਦੇ ਨਾਲ ਹੀ ਪਿੰਡ, ਤਹਿਸੀਲ, ਪੁਲਿਸ ਸਟੇਸ਼ਨ ਤੇ ਜ਼ਿਲੇ ਪੱਧਰ ਤੇ ਲੋਕਾਂ ਦਾ ਵਾਹ ਪੈਣ ਵਾਲੀਆਂ ਸੰਸਥਾਵਾਂ ਦੇ ਕੰਮਕਾਜ ਵਿਚ ਕੋਈ ਫ਼ਰਕ ਨਹੀਂ ਪਿਆ, ਭਾਵ ਭ੍ਰਿਸ਼ਟਾਚਾਰ ਤੇ ਧੱਕੇਸ਼ਾਹੀ ਉਸੇ ਤਰਾਂ ਹੀ ਹੈ। ਅਜੇ ਤੱਕ ਵੀ ਸ਼ਰਾਬ, ਨਸ਼ਾ, ਰੇਤ ਤੇ ਖਣਨ ਮਾਫ਼ੀਆ ਸਰਕਾਰੀ ਤੰਤਰ ਦੀ ਸਹਿਮਤੀ ’ਤੇ ਚਲ ਰਹੇ ਹਨ, ਭਾਵੇਂ ਕਾਗਜ਼ਾਂ ਵਿਚ ਇਸ ਬਾਰੇ ਕੁਝ ਚੰਗੇ ਤੱਥ ਮਿਲਦੇ ਹਨ। ਪਿਛਲੇ ਸਮੇਂ ਵਿਚ ਨਕਲੀ ਸ਼ਰਾਬ ਨਾਲ ਹੋਈਆਂ ਵੱਡੀ ਗਿਣਤੀ ਵਿਚ ਮੌਤਾਂ ਇਸ ਗੱਲ ਦਾ ਸਬੂਤ ਹਨ।

ਫਰਵਰੀ 2022 ਵਿਚ ਹੋਣ ਵਾਲੀਆਂ ਚੋਣਾਂ ਵਿਚ ਮੌਜੂਦਾ ਕੈਪਟਨ ਸਰਕਾਰ ਨੂੰ ਕਾਂਗਰਸ ਦੀਆਂ ਹੁਣੇ ਹੋਈਆਂ ਚਾਰ ਰਾਜਾਂ ਤੇ ਇਕ ਕੇਂਦਰੀ ਪ੍ਰਦੇਸ਼ ਵਿਚ ਹਾਰ, ਬੇਹੱਦ ਕਮਜ਼ੋਰ ਕੇਂਦਰੀ ਲੀਡਰਸ਼ਿਪ, ਪੰਜਾਬ ਦੀ ਕਾਂਗਰਸ ਪਾਰਟੀ ਤੇ ਸਰਕਾਰ ਵਿਚ ਅੱਤ ਦਰਜੇ ਦੀ ਧੜੇਬੰਦੀ, ਮੁੱਖ ਮੰਤਰੀ ਦੀ ਕਾਰਜਸ਼ੈਲੀ, ਤਾਕਤ ਦਾ ਕੇਂਦਰੀਕਰਨ, ਸਰਕਾਰ ਦੁਆਰਾ ਕੀਤੇ ਹੋਏ ਕੁਝ ਚੰਗੇ ਕੰਮਾਂ ਦਾ ਲੋਕਾਂ ਵਿਚ ਹੇਠਲੇ ਪੱਧਰ ’ਤੇ ਪਹੁੰਚਾਉਣ ਵਿਚ ਅਸਮਰੱਥਾ, ਪਿਛਲੀਆਂ ਚੋਣਾਂ ਵਿਚ ਧਾਰਮਿਕ ਮੁੱਦਿਆਂ ਨੂੰ ਚੁੱਕ ਕੇ ਤੇ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਬਾਰੇ ਇਨਸਾਫ ਦਿਵਾਉਣ ਬਾਰੇ ਸਹੁੰ ਖਾ ਕੇ ਕੀਤੇ ਵਾਅਦੇ ਤੇ ਬਾਅਦ ਵਿਚ ਉਸ ਤੇ ਪੂਰੇ ਨਾ ਉੱਤਰਨ ਲਈ ਵੱਡੀ ਚੁਣੌਤੀ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਇਸ ਸਮੇਂ ਭਾਵੇਂ ਕਾਂਗਰਸ ਦੇ ਸਾਹਮਣੇ ਕੋਈ ਵੱਡੀ ਸਿਆਸੀ ਚੁਣੌਤੀ ਦੀ ਅਣਹੋਂਦ ਦਿਸਦੀ ਹੈ ਕਿਉਂਕਿ ਵੱਡੀਆਂ ਧਿਰਾਂ ਖ਼ਾਸ ਕਰ ਕੇ ਅਕਾਲੀ ਦਲ ਪਹਿਲਾਂ ਨਾਲੋਂ ਵੀ ਵੱਡੇ ਸੰਕਟ ਵਿਚ ਗੁਜ਼ਰ ਰਿਹਾ ਹੈ। ਇਸ ਦੀ ਹਾਲਤ ਪਹਿਲਾਂ ਨਾਲੋਂ ਵੀ ਮਾੜੀ ਹੋ ਗਈ ਹੈ। ਪਹਿਲਾਂ ਕਿਸਾਨੀ ਬਿੱਲਾਂ ਦੀ ਖੁੱਲ ਕੇ ਹਮਾਇਤ ਕਰਨੀ, ਲੰਮਾ ਸਮਾਂ ਸੱਤਾ ਦਾ ਸੁੱਖ ਭੋਗਣਾ ਤੇ ਫਿਰ ਲੋਕਾਂ ਦੇ ਭਾਰੀ ਦਬਾਅ ਥੱਲੇ ਆ ਕੇ ਬੀਜੇਪੀ ਨਾਲੋਂ ਵੱਖਰਾ ਹੋਣਾ ਤੇ ਇਸ ਤੋਂ ਬਾਅਦ ਹੁਣ ਤੱਕ ਆਪਣੇ ਪੈਰਾਂ ਤੇ ਖੜੇ ਹੋਣ ਦੀ ਅਸਮੱਰਥਾ ਇਸ ਦੀ ਵੱਡੀ ਕਮਜ਼ੋਰੀ ਹੈ। ਆਪ ਪਾਰਟੀ ਭਾਵੇਂ ਇਸ ਸਮੇਂ ਲੋਕਾਂ ਦੀ ਸੋਚ ਵਿਚ ਜਗਾ ਪਸਾਰ ਰਹੀ ਹੈ ਪਰ ਇਸ ਦੀ ਸਭ ਤੋਂ ਵੱਡੀ ਚੁਣੌਤੀ ਤੇ ਕਮਜ਼ੋਰੀ ਇਸ ਦੇ ਜੱਥੇਬੰਦਕ ਢਾਂਚੇ ਦੀ ਅਣਹੋਂਦ ਅਤੇ ਲੋਕਤੰਤਰੀ ਪਰੰਪਰਾ ਦੀ ਘਾਟ ਹੈ। ਇਹ ਪਾਰਟੀ ਅਜੇ ਵੀ ਦਿੱਲੀ ਦਰਬਾਰ ਦੀ ਕਠਪੁਤਲੀ ਹੈ ਤੇ ਇਸ ਵਿਚ ਸੂਝਵਾਨ ਤੇ ਲੋਕਾਂ ਨਾਲ ਖੜੇ ਹੋਣ ਵਾਲੇ ਵੱਡੇ ਕੱਦ ਦੇ ਆਗੂਆਂ ਦੀ ਬਹੁਤ ਘਾਟ ਹੈ। ਇਹ ਵੀ ਵੱਡੀ ਪੱਧਰ ਤੇ ਧੜੇਬੰਦੀ ਦਾ ਸ਼ਿਕਾਰ ਹੈ। ਇਸ ਦੇ ਨਾਲ ਹੀ ਦੂਸਰੀ ਵੱਡੀ ਪਾਰਟੀ ਭਾਜਪਾ ਦੀ ਹਾਲਤ ਕਿਸਾਨੀ ਸੰਘਰਸ਼ ਨੇ ਬਹੁਤ ਨਿਰਾਸ਼ਾਜਨਕ ਕਰ ਦਿੱਤੀ ਹੈ ਜਿਸ ਦਾ ਅੰਦਾਜ਼ਾ ਪੰਜਾਬ ਵਿਚ ਹੁਣੇ ਹੋਈਆਂ ਸ਼ਹਿਰੀ ਖੇਤਰਾਂ ਦੀਆਂ ਚੋਣਾਂ ਤੇ ਇਸ ਪਾਰਟੀ ਦੇ ਲੀਡਰਾਂ ਦਾ ਲੋਕਾਂ ਵੱਲੋਂ ਲਗਾਤਾਰ ਵਿਰੋਧ ਤੋਂ ਲਗਾਇਆ ਜਾ ਸਕਦਾ ਹੈ। ਹੋਰ ਸਿਆਸੀ ਧਿਰਾਂ ਜਿਨਾਂ ਵਿਚ ਨਵੇਂ ਬਣੇ ਅਕਾਲੀ ਦਲ ਸ਼ਾਮਿਲ ਹਨ, ਇਨਾਂ ਚੋਣਾਂ ਵਿਚ ਵੱਡੀਆਂ ਪਾਰਟੀਆਂ ਦਾ ਥੋੜਾ ਬਹੁਤ ਕੁਝ ਵਿਗਾੜ ਤਾਂ ਸਕਦੇ ਹਨ ਪਰ ਇਨਾਂ ਵਿਚੋਂ ਅਜੇ ਕਿਸੇ ਕੋਲ ਵੱਡੇ ਪਸਾਰਾਂ ਵਾਲੀ ਸਮਰੱਥਾ ਨਹੀਂ ਹੈ।

ਪੰਜਾਬ ਦੇ ਵਾਸੀ ਜਾਣਦੇ ਹਨ ਕਿ ਪਿਛਲੀਆਂ ਵਿਧਾਨ ਸਭਾ ਚੋਣਾਂ ਵਿਚ ਕਾਂਗਰਸ ਪਾਰਟੀ ਦੀ ਸਫ਼ਲਤਾ ਦਾ ਮੁੱਖ ਕਾਰਨ ਅਕਾਲੀ-ਭਾਜਪਾ ਦੀ ਦਸ ਸਾਲ ਦੀ ਅਰਾਜਕਤਾ ਸੀ ਜਿਸ ਤੋਂ ਲੋਕ ਬੁਰੀ ਤਰਾਂ ਅੱਕ ਚੁੱਕੇ ਸਨ। ਲੋਕਾਂ ਸਾਹਮਣੇ ਉਸ ਸਮੇਂ ਦੋ ਹੀ ਧਿਰਾਂ ਸਨ ਜਿਨਾਂ ਨੂੰ ਉਹ ਚੁਣ ਸਕਦੇ ਸਨ, ਇਕ ਕਾਂਗਰਸ ਤੇ ਦੂਜੀ ਆਪ ਪਾਰਟੀ। ਲੋਕਾਂ ਨੇ ਕਾਂਗਰਸ ਤੇ ਆਪਣਾ ਭਰੋਸਾ ਪ੍ਰਗਟ ਕੀਤਾ। ਆਪ ਪਾਰਟੀ ਚੋਣਾਂ ਤੋਂ ਪਹਿਲਾਂ ਲੋੜ ਤੋਂ ਜਿ.ਆਦਾ ਹੀ ਆਸਵੰਦ ਦਿਖਾਈ ਦਿੱਤੀ, ਕਿਉਂਕਿ 2014 ਦੀਆਂ ਪਾਰਲੀਮੈਂਟ ਚੋਣਾਂ ਵਿਚ ਪਾਰਟੀ ਬਿਨਾਂ ਕਿਸੇ ਖਾਸ ਯਤਨ ਦੇ ਪੰਜਾਬ ਤੋਂ ਹੀ ਚਾਰ ਸੀਟਾਂ ਜਿੱਤ ਗਈ ਸੀ। ਮਗਰੋਂ ਵਾਪਰੇ ਘਟਨਾਕ੍ਰਮ ਰਾਹੀਂ ਪਾਰਟੀ ਦੀ ਕੇਂਦਰੀ ਲੀਡਰਸ਼ਿਪ ਨੇ ਪੰਜਾਬ ਵਿਚੋਂ ਚੁਣੇ ਹੋਏ ਕੁਝ ਹਰਮਨਪਿਆਰੇ ਨੁਮਾਇੰਦਿਆਂ ਨੂੰ ਗੁੱਠੇ ਲਾ ਕੇ 2017 ਦੀਆਂ ਚੋਣਾਂ ਤੋਂ ਪਹਿਲਾਂ ਪੰਜਾਬ ਦੀ ਲੀਡਰਸ਼ਿਪ ਦਿੱਲੀ ਤੇ ਯੂ.ਪੀ. ਤੋਂ ਆਏ ਹੋਏ ਲੀਡਰਾਂ ਨੂੰ ਦੇ ਦਿੱਤੀ। ਇਨਾਂ ਲੀਡਰਾਂ ਦੇ ਉਸ ਸਮੇਂ ਵਿਚ ਨਿਭਾਏ ਕਿਰਦਾਰ ਅਤੇ ਟਿਕਟਾਂ ਦੀ ਵੰਡ ਤੇ ਆਪਹੁਦਰੇਪਣ ਨੇ ਪਾਰਟੀ ਨੂੰ ਲੋਕਾਂ ਦੀਆਂ ਨਜ਼ਰਾਂ ਵਿਚ ਸ਼ੱਕ ਦੇ ਘੇਰੇ ਵਿਚ ਲੈ ਆਂਦਾ। ਇਸ ਕਰ ਕੇ ਕਾਂਗਰਸ ਦੀ ਪਿਛਲੀ ਜਿੱਤ ਵਿਚ ਅਕਾਲੀ ਤੇ ਆਪ ਪਾਰਟੀ ਵੀ ਕਾਫ਼ੀ ਹੱਦ ਤੱਕ ਜਿੰਮੇਵਾਰ ਹਨ। ਕਾਫ਼ੀ ਗਿਣਤੀ ਦੇ ਵੋਟਰ ਵੋਟ ਪਾਉਣ ਵੇਲੇ ਅਖ਼ੀਰਲੇ ਸਮੇਂ ਤੱਕ ਪਾਰਟੀ, ਲੀਡਰ, ਪਾਰਟੀ ਦੀਆਂ ਨੀਤੀਆਂ ਆਦਿ ਨੂੰ ਆਪਣੇ ਧਿਆਨ ਵਿਚ ਰੱਖਦੇ ਹੈ।

2012 ਦੀਆਂ ਵਿਧਾਨ ਸਭਾ ਚੋਣਾਂ ਵਿਚ ਕਾਂਗਰਸ ਬਹੁਤ ਥੋੜੇ ਫ਼ਰਕ ਨਾਲ ਹਾਰੀ ਸੀ। ਇਸ ਦਾ ਮੁੱਖ ਕਾਰਨ ਕਾਂਗਰਸ ਦੀ ਇਹ ਸੋਚ ਸੀ ਕਿ ਇਸ ਵਾਰੀ ਲੋਕਾਂ ਨੇ ਇਸ ਨੂੰ ਹੀ ਸੱਤਾ ਦੇਣੀ ਹੈ। ਪੰਜਾਬ ਕਾਂਗਰਸ ਦੀ ਅਗਵਾਈ ਕਰ ਰਹੇ ਕੈਪਟਨ ਦਾ ਲੋੜ ਤੋਂ ਜਿਆਦਾ ਆਤਮਵਿਸ਼ਵਾਸ, ਸਥਾਨਕ ਨੇਤਾਵਾਂ ਦਾ ਆਪਹੁਦਰਾਪਣ, ਵੱਡੀ ਗਿਣਤੀ ਵਿਚ ਬਾਗ਼ੀ ਉਮੀਦਵਾਰਾਂ ਦਾ ਖੜਾ ਹੋਣਾ ਇਨਾਂ ਚੋਣਾਂ ਵਿਚ ਪਾਰਟੀ ਨੂੰ ਬਹੁਤ ਮਹਿੰਗਾ ਪਿਆ ਸੀ ਜਿਸ ਦਾ ਖਮਿਆਜ਼ਾ ਨਾ ਸਿਰਫ਼ ਕਾਂਗਰਸ ਬਲਕਿ ਪੰਜਾਬ ਦੇ ਲੋਕਾਂ ਨੂੰ ਵੀ ਭੁਗਤਣਾ ਪਿਆ। ਹੁਣ ਅਸੀਂ 2017 ਦੀਆਂ ਚੋਣਾਂ ਦੀ ਗੱਲ ਕਰਦੇ ਹਾਂ। ਇਨਾਂ ਚੋਣਾਂ ਤੋਂ ਪਹਿਲੋਂ ਸਾਰੀਆਂ ਵੱਡੀਆਂ ਰਾਜਸੀ ਪਾਰਟੀਆਂ ਨੇ ਧਾਰਮਿਕ ਮੁੱਦਿਆਂ ਨੂੰ ਬਹੁਤ ਜ਼ੋਰ ਸ਼ੋਰ ਨਾਲ ਉਠਾਇਆ ਸੀ ਤੇ ਅਮਰਿੰਦਰ ਸਿੰਘ ਨੇ ਵੀ ਉਨਾਂ ਮੁੱਦਿਆਂ ਨੂੰ ਹੱਲ ਕਰਨ ਦਾ ਵਾਅਦਾ ਕੀਤਾ ਸੀ। ਚੋਣਾਂ ਤੋਂ ਬਾਅਦ ਕੀਤੇ ਸਰਵੇ ਦੇ ਅੰਕੜੇ ਦੱਸਦੇ ਹਨ ਕਿ ਧਾਰਮਿਕ ਮੁੱਦੇ ਕਦੇ ਵੀ ਲੋਕਾਂ ਦੇ ਵੋਟ ਪਾਉਣ ਦੇ ਫ਼ੈਸਲੇ ਤੇ ਜਿਆਦਾ ਅਸਰ ਨਹੀਂ ਪਾਉਂਦੇ। ਕੁਲ ਸਰਵੇ ਕੀਤੇ (3032) ਵੋਟਰਾਂ ਵਿਚੋਂ ਕੇਵਲ 2% ਲੋਕਾਂ ਨੇ ਹੀ ਇਹ ਦੱਸਿਆ ਕਿ ਉਨਾਂ ਨੇ ਧਾਰਮਿਕ ਬੇਅਦਬੀ ਦੇ ਵਾਕਿਆ ਨੂੰ ਸਾਹਮਣੇ ਰੱਖ ਕੇ ਵੋਟ ਪਾਈ ਹੈ। ਵੱਡੀ ਗਿਣਤੀ ਵਿਚ ਲੋਕਾਂ ਨੇ ਆਰਥਿਕ, ਸਮਾਜਿਕ ਆਦਿ ਮੁੱਦਿਆਂ ਨੂੰ ਧਿਆਨ ਵਿਚ ਰੱਖ ਕੇ ਆਪਣੀ ਵੋਟ ਦਾ ਇਸਤੇਮਾਲ ਕੀਤਾ। ਇੱਥੇ ਇਹ ਦੱਸਣਾ ਬਣਦਾ ਹੈ ਕਿ ਜਦੋਂ ਲੋਕਾਂ ਨੂੰ ਇਹ ਪੁੱਛਿਆ ਗਿਆ ਕਿ ਵੋਟ ਪਾਉਣ ਵੇਲੇ ਕਿਹੜਾ ਮੁੱਦਾ ਤੁਹਾਡੇ ਮਨ ਤੇ ਸਭ ਤੋਂ ਵੱਧ ਭਾਰੂ ਸੀ ਤਾਂ ਉਨਾਂ ਦੇ ਜਵਾਬ ਮੁਤਾਬਕ ਤਰੱਕੀ (20%), ਬੇਰੁਜ਼ਗਾਰੀ (20%), ਨਸ਼ਾ (13%), ਮਹਿੰਗਾਈ (6%), ਰਿਸ਼ਵਤਖੋਰੀ (6%) ਆਦਿ ਮੁੱਖ ਸਨ। ਧਾਰਮਿਕ ਮੁੱਦਿਆਂ ਨੂੰ ਸਾਹਮਣੇ ਰੱਖ ਕੇ ਵੋਟ ਪਾਉਣ ਵਾਲੀਆਂ ਦੀ ਗਿਣਤੀ ਬਹੁਤ ਘੱਟ ਸੀ।



ਜਾਹਰ ਹੈ ਕਿ ਆਉਂਦੀਆਂ ਚੋਣਾਂ ’ਚ ਲੋਕ ਜੀਵਨ ਨਿਰਬਾਹ ਨਾਲ ਸਬੰਧਤ ਮਸਲਿਆਂ ਨੂੰ ਤਰਜੀਹ ਦੇਣਗੇ। ਇਸ ਤੋਂ ਇਲਾਵਾ ਲੱਗਦਾ ਹੈ, ਕਾਂਗਰਸ ਦੀ ਅੰਦਰੂਨੀ ਫੁੱਟ, ਖ਼ਾਸ ਕਰ ਕੇ ਕੁਝ ਨੇਤਾਵਾਂ ਵੱਲੋਂ ਅਮਰਿੰਦਰ ਸਿੰਘ ਦੀ ਲੀਡਰਸ਼ਿਪ ਵਿਰੁੱਧ ਖੁੱਲੀ ਬਗ਼ਾਵਤ ਤੇ ਕੈਪਟਨ ਵੱਲੋਂ ਲੋਕਾਂ ਨਾਲ ਪਿਛਲੀਆਂ ਚੋਣਾਂ ਸਮੇਂ ਕੀਤੇ ਜਜ਼ਬਾਤੀ ਵਾਅਦੇ, ਖ਼ਾਸ ਕਰ ਕੇ ਧਾਰਮਿਕ ਬੇਅਦਬੀਆਂ ਦੇ ਮਾਮਲੇ ਵਿਚ ਦੋਸ਼ੀ ਸਿਆਸਤਦਾਨ ਤੇ ਪੁਲੀਸ ਵਾਲਿਆ ਨੂੰ ਢੁੱਕਵੀਂ ਸਜ਼ਾ ਦਿਵਾਉਣ ਦੀ ਸਹੁੰ ਆਦਿ ਆਉਣ ਵਾਲੇ ਸਮੇਂ ਵਿਚ ਕਾਂਗਰਸ ਪਾਰਟੀ ਲਈ ਵੱਡਾ ਨੈਤਿਕ ਤੇ ਸਿਆਸੀ ਸੰਕਟ ਬਣ ਸਕਦਾ ਹੈ।

ਪੰਜਾਬ ’ਚ ਰਾਜ ਕਰਦੀ ਕਾਂਗਰਸ ਨੂੰ ਵੱਡੀ ਸਿਆਸੀ ਚੁਣੌਤੀ ਕਿਸੇ ਹੋਰ ਪਾਰਟੀ ਨਾਲੋਂ ਜਿਆਦਾ ਅੰਦਰੂਨੀ ਧੜੇਬੰਦੀ ਤੇ ਖਾਨਾਜੰਗੀ ਤੋਂ ਹੈ। ਜਦੋਂ ਇਕ ਸਾਲ ਪਹਿਲਾਂ ਕੇਵਲ ਪ੍ਰਗਟ ਸਿੰਘ ਨੇ ਚਾਰ ਸਫਿਆਂ ਦੀ ਚਿੱਠੀ ਲਿਖ ਕੇ ਅਮਰਿੰਦਰ ਸਿੰਘ ਨੂੰ 2017 ਤੋਂ ਪਹਿਲਾਂ ਕੀਤੇ ਵਾਅਦੇ, ਸਰਕਾਰੀ ਤੰਤਰ ਵਿਚ ਆਈਆਂ ਖ਼ਾਮੀਆਂ ਆਦਿ ਦੀ ਯਾਦ ਦਿਵਾਈ ਸੀ ਤਾਂ ਬਹੁਤ ਘੱਟ ਲੋਕਾਂ ਨੇ ਉਸ ਦੁਆਰਾ ਉਠਾਏ ਮੱਦਿਆ ਦਾ ਨੋਟਿਸ ਲਿਆ ਸੀ ਪਰ ਹੁਣ ਤਾਂ ਵੱਡੀ ਗਿਣਤੀ ਵਿਚ ਮੰਤਰੀ, ਵਿਧਾਇਕ, ਪਾਰਲੀਮੈਂਟ ਮੈਂਬਰ ਤੇ ਹੋਰ ਬਹੁਤ ਸਾਰੇ ਪਾਰਟੀ ਅਹੁਦੇਦਾਰ ਕੁਝ ਉੱਚੀ ਆਵਾਜ਼ ਵਿਚ ਤੇ ਕੁਝ ਘੁਸਰ-ਮੁਸਰ ਕਰ ਕੇ ਸਰਕਾਰ ਦੀ ਕਾਰਗੁਜ਼ਾਰੀ ਤੇ ਸਵਾਲ ਉੱਠਾ ਰਹੇ ਹਨ। ਇਸ ਖਾਨਾਜੰਗੀ ਦਾ ਅਸਰ ਆਉਣ ਵਾਲੀਆਂ ਚੋਣਾਂ ਵਿਚ ਕਾਂਗਰਸ ਪਾਰਟੀ ਤੇ ਜ਼ਰੂਰ ਦਿਖਾਈ ਦੇਵੇਗਾ।

ਹੁਣ ਇਹ ਧਾਰਨਾ ਬਣ ਰਹੀ ਹੈ ਕਿ ਪੰਜਾਬ ਵਿਚ ਰਾਜ ਕਰਨ ਵਾਲੀਆਂ ਧਿਰਾਂ ਦੇ ਵੱਡੇ ਲੀਡਰ ਇਕ ਦੂਜੇ ਨੂੰ ਬੜੀ ਚਲਾਕੀ ਨਾਲ ਬਚਾਉਂਦੇ ਰਹੇ ਹਨ ਅਤੇ ਬਚਾਅ ਰਹੇ ਹਨ। ਕਾਂਗਰਸ ਤੇ ਅਕਾਲੀਆਂ ਦੇ ਰਾਜ ਵਿਚ ਬੱਸ ਇੰਨੀ ਕੁ ਤਬਦੀਲੀ ਹੈ ਕਿ ਰੇਤ, ਸ਼ਰਾਬ, ਰਿਸ਼ਵਤਖੋਰੀ ਜਿਹੇ ਮਸਲਿਆਂ ਵਿਚ ਲੋਕਾਂ ਪ੍ਰਤੀ ਉੱਤਰਦਾਈ ਨਾ ਹੋਣ ਦੀ ਜਗਾ ਅਕਾਲੀਆਂ ਵਾਲੀ ਥਾਂ ਕਾਂਗਰਸੀਆਂ ਨੇ ਲੈ ਲਈ ਹੈ। ਧਾਰਮਿਕ ਗ੍ਰੰਥ ਹੱਥ ਵਿਚ ਲੈ ਕੇ ਨਾ ਪੂਰੇ ਹੋਣ ਵਾਲੇ ਵਾਅਦੇ ਕਰਨ ਕਰ ਕੇ ਕਾਂਗਰਸੀਆਂ ਲਈ ਵੀ ਅਕਾਲੀਆਂ ਵਾਂਗ ਆਉਂਦੀਆਂ ਚੋਣਾਂ ਵਿਚ ਵੋਟਰਾਂ ਨੂੰ ਮੂੰਹ ਦਿਖਾਉਣਾ ਮੁਸ਼ਕਿਲ ਹੁੰਦਾ ਪ੍ਰਤੀਤ ਹੋ ਰਿਹਾ ਹੈ। ਇਸ ਤੋਂ ਇਲਾਵਾ ਜਿਸ ਤਰੀਕੇ ਨਾਲ ਕਿਸਾਨ ਜੱਥੇਬੰਦੀਆਂ ਨੇ ਆਪਣੇ ਸੰਘਰਸ਼ ਰਾਹੀਂ ਲੋਕਾਂ ਨੂੰ ਕਾਂਗਰਸ ਸਰਕਾਰ ਦੀਆਂ ਨੀਤੀਆਂ ਤੇ ਲੋਕ ਵਿਰੋਧੀ ਕੰਮਾਂ ਪ੍ਰਤੀ ਜਾਗਰੂਕ ਕੀਤਾ ਹੈ, ਇਹ ਵੀ ਕਾਂਗਰਸ ਲੀਡਰਾਂ ਲਈ ਆਉਣ ਵਾਲੇ ਸਮੇਂ ਵਿਚ ਮੁਸ਼ਕਿਲਾਂ ਪੈਦਾ ਕਰੇਗਾ। ਕੁਲ ਮਿਲਾ ਕੇ ਇਉਂ ਲੱਗਦਾ ਹੈ ਕਿ ਪੰਜਾਬ ਦੀ ਮੌਜੂਦਾ ਲੀਡਰਸ਼ਿਪ ਹੌਲੀ ਹੌਲੀ ਪੰਜਾਬ ਤੇ ਭਾਰ ਬਣ ਰਹੀ ਹੈ। ਕੇਂਦਰੀ ਲੀਡਰਸ਼ਿਪ ਦੀ ਇਸ ਨਾਜ਼ੁਕ ਸਮੇਂ ਤੇ ਮਸਲੇ ਨੂੰ ਨਜਿੱਠਣ ਦੀ ਅਸਮੱਰਥਾ ਵੀ ਲੋਕਾਂ ਦੇ ਮਨਾਂ ਵਿਚ ਕਈ ਤੌਖ਼ਲੇ ਪੈਦਾ ਕਰ ਰਹੀ ਹੈ।

ਪਰਗਟ ਸਿੰਘ ਨੇ ਕੈਪਟਨ ਨੂੰ ਚੋਣਾਂ ਦੀ ਅਗਵਾਈ ਦੇ ਅਯੋਗ ਦੱਸਿਆ

ਅਮਰਗੜ ਤੋਂ ਪਾਰਟੀ ਵਿਧਾਇਕ ਵੱਲੋਂ ਦਿੱਤੇ ਬਗਾਵਤ ਦੇ ਸੱਦੇ ਦੀ ਕੀਤੀ ਹਮਾਇਤ

ਪੰਜਾਬ ਕਾਂਗਰਸ ਅੰਦਰ ਮੁੱਖ ਮੰਤਰੀ ਕੈਪਟਨ ਦੇ ਵਿਰੋਧੀ ਧੜੇ ਨੇ ਮੁੜ ਤੋਂ ਸਰਗਰਮੀਆਂ ਤੇਜ਼ ਕਰ ਦਿੱਤੀਆਂ ਹਨ। ਭਾਰਤੀ ਹਾਕੀ ਟੀਮ ਦੇ ਸਾਬਕਾ ਕਪਤਾਨ ਪਰਗਟ ਸਿੰਘ ਦੇ ਸਰਕਾਰੀ ਫਲੈਟ ’ਤੇ ਸਹਿਕਾਰਤਾ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਤੇ ਚਰਨਜੀਤ ਸਿੰਘ ਚੰਨੀ ਨੇ ਮੀਟਿੰਗ ਕੀਤੀ।

ਸੂਤਰਾਂ ਦਾ ਦੱਸਣਾ ਹੈ ਕਿ ਇਸ ਮੀਟਿੰਗ ਦੌਰਾਨ ਕਾਂਗਰਸ ਹਾਈ ਕਮਾਂਡ ਦੇ ਰੁਖ਼ ’ਤੇ ਚਰਚਾ ਕੀਤੀ ਗਈ। ਇਹ ਗੱਲ ਵੀ ਸਾਹਮਣੇ ਆਈ ਹੈ ਕਿ ਮੁੱਖ ਮੰਤਰੀ ਵਿਰੋਧੀ ਧੜੇ ਨੇ ਇਸ ਗੱਲ ’ਤੇ ਵੀ ਵਿਚਾਰ ਕੀਤਾ ਕਿ ਜੇਕਰ ਹਾਈ ਕਮਾਂਡ ਨੇ ਪੰਜਾਬ ਕਾਂਗਰਸ ’ਚ ਛਿੜੀ ਲੜਾਈ ਦਾ ਤੁਰੰਤ ਹੱਲ ਨਾ ਕੱਢਿਆ ਤਾਂ ਭਵਿੱਖ ਵਿੱਚ ਕਿਸ ਤਰਾਂ ਦੀ ਰਣਨੀਤੀ ਅਪਣਾਏ ਜਾਣ ਦੀ ਜ਼ਰੂਰਤ ਹੈ। ਮੀਟਿੰਗ ਤੋਂ ਬਾਅਦ ਰੰਧਾਵਾ ਅਤੇ ਚੰਨੀ ਨੇ ਤਾਂ ਮੀਟਿੰਗ ਸਬੰਧੀ ਤੇ ਭਵਿੱਖ ਦੀ ਰਣਨੀਤੀ ਬਾਰੇ ਕੋਈ ਖੁਲਾਸਾ ਕਰਨ ਤੋਂ ਇਨਕਾਰ ਕਰ ਦਿੱਤਾ ਪਰ ਵਿਧਾਇਕ ਪਰਗਟ ਸਿੰਘ ਨੇ ਮੁੱਖ ਮੰਤਰੀ ਦੀ ਕਾਰਗੁਜ਼ਾਰੀ ’ਤੇ ਤਿੱਖੀਆਂ ਟਿੱਪਣੀਆਂ ਕੀਤੀਆਂ। ਪਰਗਟ ਸਿੰਘ ਨੇ ਇੱਥੋਂ ਤੱਕ ਕਿਹਾ ਕਿ ਪੰਜਾਬ ਦੀਆਂ ਆਗਾਮੀ ਵਿਧਾਨ ਸਭਾ ਚੋਣਾਂ ਦੌਰਾਨ ਕੈਪਟਨ ਦੀ ਅਗਵਾਈ ਹੇਠ ਕਾਂਗਰਸ ਕਾਮਯਾਬ ਨਹੀਂ ਹੋ ਸਕਦੀ। ਉਨਾਂ ਕਿਹਾ ਕਿ ਇਹ ਗੱਲ ਤਾਂ ਉਨਾਂ ਮੁੱਖ ਮੰਤਰੀ ਦੇ ਸਾਹਮਣੇ ਆਖੀ ਸੀ ਕਿ ਹੋਰਨਾਂ ਦਾ ਸਰਵੇਖਣ ਕਰਾਉਣ ਦੀ ਥਾਂ ਸਭ ਤੋਂ ਪਹਿਲਾਂ ਕੈਪਟਨ ਆਪਣੇ ਬਾਰੇ ਹੀ ਸਰਵੇਖਣ ਕਰਵਾ ਲੈਣ ਕਿ ਲੋਕਾਂ ’ਚ 2017 ਦੀਆਂ ਚੋਣਾਂ ਤੋਂ ਪਹਿਲਾਂ ਵਾਲੀ ਗੱਲ ਹੈ ਜਾਂ ਨਹੀਂ। ਉਨਾਂ ਦਾਅਵਾ ਕੀਤਾ ਕਿ ਮੁੱਖ ਮੰਤਰੀ ਲੋਕਾਂ ’ਚ ਆਪਣਾ ਅਧਾਰ ਪੂਰੀ ਤਰਾਂ ਗੁਆ ਚੁੱਕੇ ਹਨ।

ਬਾਗੀ ਧੜੇ ਦੇ ਇਸ ਵਿਧਾਇਕ ਨੇ ਅਮਰਗੜ ਤੋਂ ਪਾਰਟੀ ਵਿਧਾਇਕ ਸੁਰਜੀਤ ਸਿੰਘ ਧੀਮਾਨ ਵੱਲੋਂ ਵਿਧਾਇਕਾਂ ਵੱਲੋਂ ਖੁੱਲੀ ਬਗਾਵਤ ਕਰਨ ਦੇ ਦਿੱਤੇ ਸੱਦੇ ਦੀ ਵੀ ਹਮਾਇਤ ਕੀਤੀ। ਮਹੱਤਵਪੂਰਨ ਤੱਥ ਇਹ ਹੈ ਕਿ ਧੀਮਾਨ ਨੇ ਕਾਂਗਰਸ ਦੇ ਵਿਧਾਇਕਾਂ ਨੂੰ ਸੱਦਾ ਦਿੱਤਾ ਸੀ ਕਿ ਮੁੱਖ ਮੰਤਰੀ ਕੈਪਟਨ ਦਾ ਤਖਤਾ ਪਲਟ ਦਿੱਤਾ ਜਾਵੇ। ਪਰਗਟ ਸਿੰਘ ਨੇ ਪਾਰਟੀ ਦੇ ਸੂਬਾ ਪ੍ਰਧਾਨ ਸੁਨੀਲ ਜਾਖੜ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਸੂਬਾ ਪ੍ਰਧਾਨ ਦੋਹਾਂ ਧੜਿਆਂ ਦਰਮਿਆਨ ਸੰਤੁਲਨ ਬਣਾ ਕੇ ਰੱਖ ਰਹੇ ਹਨ। ਸੂਤਰਾਂ ਦਾ ਇਹ ਵੀ ਦੱਸਣਾ ਹੈ ਕਿ ਅੱਜ ਦੀ ਮੀਟਿੰਗ ਦੌਰਾਨ ਮੰਤਰੀ ਚਰਨਜੀਤ ਸਿੰਘ ਚੰਨੀ ਨੂੰ ਮਹਿਲਾ ਕਮਿਸ਼ਨ ਦੀ ਚੇਅਰਪਰਸਨ ਵੱਲੋਂ ਉਠਾਏ ਸਵਾਲਾਂ ਦਾ ਜਵਾਬ ਦੇਣ ਲਈ ਮੀਡੀਆ ’ਚ ਜਾਣ ਦੀ ਸਲਾਹ ਵੀ ਦਿੱਤੀ। ਪਤਾ ਲੱਗਾ ਹੈ ਕਿ ਚੰਨੀ ਨੇ ਹਾਈਕਮਾਂਡ ਦੇ ਰੁਖ ਦਾ ਇੰਤਜ਼ਾਰ ਕਰਨ ਦੀ ਗੱਲ ਕਹੀ ਹੈ। ਬਾਗੀ ਧੜੇ ਦੀਆਂ ਤਾਜ਼ਾ ਗਤੀਵਿਧੀਆਂ ਤੋਂ ਸਪੱਸ਼ਟ ਹੁੰਦਾ ਹੈ ਕਿ ਹੁਣ ਤੱਕ ਪਾਰਟੀ ਹਾਈਕਮਾਂਡ ਵੱਲੋਂ ਦਖ਼ਲ ਦੇ ਕੇ ਜ਼ੁਬਾਨਬੰਦੀ ਦੀਆਂ ਕੋਸ਼ਿਸ਼ਾਂ ਸਫਲ ਨਹੀਂ ਹੋਈਆਂ। ਬਾਗੀ ਧੜੇ ਦਾ ਇਹ ਵੀ ਕਹਿਣਾ ਹੈ ਕਿ ਹਾਈ ਕਮਾਂਡ ਤੋਂ ਬਹੁਤੀਆਂ ਉਮੀਦਾਂ ਨਹੀਂ ਰੱਖਣੀਆਂ ਚਾਹੀਦੀਆਂ।

**ਮਨੀਸ਼ਾ ਗੁਲਾਟੀ ਨੇ ਮੁੜ ਖੋਲਿਆ ਚੰਨੀ ਖ਼ਿਲਾਫ਼ ਮੋਰਚਾ**

ਪੰਜਾਬ ਮਹਿਲਾ ਕਮਿਸ਼ਨ ਦੀ ਚੇਅਰਪਰਸਨ ਮਨੀਸ਼ਾ ਗੁਲਾਟੀ ਨੇ ਵੀ ਤਕਨੀਕੀ ਸਿੱਖਿਆ ਮੰਤਰੀ ਚਰਨਜੀਤ ਸਿੰਘ ਚੰਨੀ ਦੇ ਮਾਮਲੇ ’ਤੇ ਮੁੜ ਸਿਆਸਤ ਭਖਾ ਦਿੱਤੀ ਹੈ।

**ਬਾਕੀ ਸਫ਼ਾ 31 ’ਤੇ**


jus HINDI HD
DAILY LIVE CALL IN SHOWS
Zindagi Fullon
M-F 1:30PM EST
LO KARLO BAAT
M-F 12:30PM EST
CALL NOW FOR
SPECIAL ADVERTISEMENT RATES
D CODE THE QUOTE
M-F 12PM EST
AWAM ki AWAZ
M-F 2:30PM EST
America's Premiere Indian Television Channel
WATCH jus HINDI HD CHANNEL 725 ON
dish | sling TELEVISION
CALL TO ADVERTISE +1-718-752-9293 | CALL TO SUBSCRIBE +1-800-246-6242
www.jusbroadcasting.com

# ‘ਕਾਮ ਕਾ ਨਾ ਕਾਜ ਕਾ, ਦੁਸ਼ਮਨ ਅਨਾਜ ਕਾ’

### ਐਡਵੋਕੇਟ ਦਰਸ਼ਨ ਸਿੰਘ ਰਿਆੜ

‘ਪੇਟ ਨਾ ਪਈਆਂ ਰੋਟੀਆਂ ਤੇ ਸੱਭੇ ਗੱਲਾਂ ਖੋਟੀਆਂ” ਜਾਣਿਆ ਪਛਾਣਿਆ ਪੰਜਾਬੀ ਮੁਹਾਵਰਾ ਹੈ। ਪਾਪੀ ਪੇਟ ਬੁਰੀ ਬਲਾ ਹੈ, ਇਹ ਵੀ ਅਸੀਂ ਅਕਸਰ ਸੁਣਦੇ ਹੀ ਰਹਿੰਦੇ ਹਾਂ। ਕਹਿੰਦੇ ਹਨ ਕਿ ਇੱਕ ਵਾਰ ਸਰੀਰ ਦੇ ਸਾਰੇ ਅੰਗਾਂ ਨੇ ਹੜਤਾਲ ਕਰ ਦਿੱਤੀ। ਸਾਰੇ ਅੰਗਾਂ ਨੇ ਸਲਾਹ ਕਰਕੇ ਮਤਾ ਪਕਾ ਲਿਆ ਕਿ ਕੰਮ ਤਾਂ ਸਾਰੇ ਉਹ ਕਰਦੇ ਹਨ, ਢਿੱਡ ਨਿਕੰਮਾ ਤੇ ਵਿਹਲਾ ਸਾਰਾ ਦਿਨ ਖਾ ਪੀ ਕੇ ਐਸ਼ ਕਰਦਾ ਰਹਿੰਦਾ ਹੈ। ਅਸੀਂ ਇਹਨੂੰ ਭਰਦੇ ਰਹਿੰਦੇ ਹਾਂ ਤੇ ਇਹ ਮਜ਼ੇ ਲੈਂਦਾ ਰਹਿੰਦਾ ਹੈ। ਖਾਲੀ ਹੋ ਕੇ ਫਿਰ ਭੁੱਖੇ ਦਾ ਭੁੱਖਾ! ਚਾਰ ਪੰਜ ਘੰਟੇ ਦੀ ਹੜਤਾਲ ਬਾਅਦ ਜਦ ਸਾਰੇ ਅੰਗ ਗਰਮੀ ਨਾਲ ਸੁੱਕ ਰਹੇ ਪੌਦਿਆਂ ਵਾਂਗ ਕਮਲਾਉਣ ਲੱਗੇ ਤਾਂ ਲੱਗੇ ਦੁਹਾੜਾਂ ਮਾਰਨ। ਦਿਮਾਗ ਵੱਲ ਦੌੜੇ ਤਾਂ ਉਹਨੇ ਉਲਟੀ ਝਾੜ ਪਾਈ। ਕਹਿੰਦਾ, ‘ਢਿੱਡ ਨਿਕੰਮਾ ਨਹੀਂ! ਨਿਕੰਮੇ ਤੁਸੀਂ ਹੋ ਜਿਹੜੇ ਸਵਾਰਥੀ ਬਣ ਗਏ ਹੋ? ਕਮਲਿਓ! ਢਿੱਡ ਤਾਂ ਤੁਹਾਡਾ ਸੇਵਕ ਹੈ। ਤੁਸੀਂ ਮਿਹਨਤ ਕਰਕੇ ਜੋ ਰੋਟੀ ਜਾਂ ਹੋਰ ਖੁਰਾਕ ਨਾਲ ਉਸ ਨੂੰ ਭਰਦੇ ਹੋ ਤਾਂ ਉਹ ਉਸ ਖੁਰਾਕ ਨੂੰ ਹਜ਼ਮ ਕਰਕੇ ਤੁਹਾਨੂੰ ਸਾਰੇ ਅੰਗਾਂ ਨੂੰ ਤਾਕਤ ਦਿੰਦਾ ਹੈ। ਤਾਂ ਹੀ ਤੁਸੀਂ ਚੱਲਦੇ ਫਿਰਦੇ ਹੋ, ਨਹੀਂ ਤਾਂ ਸੁੱਕੇ ਪੱਤਿਆਂ ਵਾਂਗ ਰੁੰਡ ਮਰੁੰਡ ਹੋ ਕੇ ਉੱਡ ਪੁੱਡ ਜਾਉਗੇ।’

ਲਉ ਜੀ! ਸਵੇਰ ਦਾ ਭੁੱਲਿਆ ਜੇ ਸ਼ਾਮ ਨੂੰ ਘਰ ਮੁੜ ਆਵੇ ਤਾਂ ਉਹਨੂੰ ਭੁੱਲਿਆ ਨਹੀਂ ਕਹਿੰਦੇ। ਸਾਰੇ ਅੰਗਾਂ ਨੇ ਗਲਤੀ ਮੰਨ ਕੇ ਹੜਤਾਲ ਵਾਪਸ ਲੈ ਲਈ ਤੇ ਜੁਟ ਗਏ ਆਪੋ ਆਪਣੇ ਕੰਮ ਵਿੱਚ। ਉਹਨਾਂ ਨੇ ਸਮਝ ਲਿਆ ਕਿ ਇਕੱਲਾ ਕੋਈ ਵੀ ਵੱਡਾ ਨਹੀਂ ਹੁੰਦਾ, ਏਕੇ ਵਿੱਚ ਹੀ ਬਰਕਤ ਹੁੰਦੀ ਹੈ। ਢਿੱਡ ਵਿੱਚ ਖੁਰਾਕ ਪਵੇਗੀ ਤਾਂ ਹੀ ਆਪਣੇ ਵਜੂਦ ਅਨੁਸਾਰ ਉਹ ਬਾਕੀਆਂ ਨੂੰ ਸਰਦਾ ਪੁੱਜਦਾ ਹਿੱਸਾ ਦੇਵੇਗਾ। ਪਰ ਜੇ ਉਹ ਬਦਨੀਤ ਨਾਲ ਵੱਖ ਵੱਖ ਅੰਗਾਂ ਨਾਲ ਦੁਰਵਿਹਾਰ ਕਰੇਗਾ ਤਾਂ ਪਾਚਣ ਕਿਰਿਆ ਵਿੱਚ ਗੜਬੜੀ ਹੋ ਜਾਵੇਗੀ। ਦੁੱਖ ਸਾਰੇ ਸਰੀਰ ਨੂੰ ਹੀ ਭੁਗਤਣਾ ਪੈਣਾ ਹੈ। ਸਾਡੀ ਸਰਕਾਰ ਨੇ ਵੀ ਨਾਅਰਾ ਤਾਂ ਬੜਾ ਹਰਮਨ ਪਿਆਰਾ ਦਿੱਤਾ ਸੀ, ‘ਸਭ ਕਾ ਸਾਥ, ਸਭ ਕਾ ਵਿਕਾਸ’ ਪਰ ‘ਅੰਨਾ ਵੰਡੇ ਸੀਰਨੀ, ਮੁੜ ਮੁੜ ਆਪਣਿਆਂ ਨੂੰ’ ਦਾ ਮੁਹਾਵਰਾ ਰੰਗ ਵਿਖਾਉਣੋਂ ਨਹੀਂ ਟਲਦਾ। ਖੈਰ! ਰਾਹ ਪਿਆ ਜਾਣੀਏ ਜਾਂ ਵਾਹ ਪਿਆ। ਇਹ ਹਮਾਮ ਨੰਗਿਆਂ ਨਾਲ ਹੀ ਭਰਿਆ ਪਿਆ ਏ। ਜਿਹੜਾ ਰਾਹ ਨਹੀਂ ਵੇਖਿਆ ਓਹੀ ਭਲਾ। ਅਖੇ ਡੁੱਬੀ ਤਾਂ ਜੇ ਸਾਹ ਨਾ ਆਇਆ। ਉਹ ਵੱਖਰੀ ਗੱਲ ਹੈ ਕਿ ਡੁੱਬਦੇ ਵੀ ਸੋਹਣੀ ਵਰਗੇ ਕਾਬਿਲ ਤੈਰਾਕ ਹੀ ਨੇ। ਜਿਨਾਂ ਨੂੰ ਤਰਨਾ ਨਹੀਂ ਆਉਂਦਾ ਉਹ ਤਾਂ ਪਾਣੀ ਤੋਂ ਕੋਹਾਂ ਦੂਰ ਭੱਜਦੇ ਨੇ। ਪਰ ਸਿਆਸੀ ਲੋਕਾਂ ’ਤੇ ਅਜਿਹਾ ਕੁਝ ਵੀ ਲਾਗੂ ਨਹੀਂ ਜੇ ਹੁੰਦਾ। ਉਹ ਤਾਂ ਹਰ ਮੌਸਮ ਨੂੰ ਬਹਾਰ ਬਣਾ ਕੇ ਵਗਦੀ ਗੰਗਾ ਵਿੱਚ ਡੁਬਕੀਆਂ ਲਗਾ ਲੈਂਦੇ ਨੇ।

ਪਾਪੀ ਪੇਟ ਤੋਂ ਚੱਲੀ ਗੱਲ ਕੁਰਾਹੇ ਪੈ ਗਈ। ਰਾਜ ਨੇਤਾਵਾਂ ਦੀਆਂ ਦਲੀਲਾਂ ਵਾਂਗ। ਉਨਾਂ ਦੀ ਹਰ ਗੱਲ ਦੀ ਹਰ ਕੜੀ ਜਿਵੇਂ ਵੋਟਾਂ ਨਾਲ ਜੁੜੀ ਹੁੰਦੀ ਹੈ, ਉਂਜ ਹੀ ਘੜੀ ਮੁੜੀ ਪੇਟ ਹਰ ਹੀਲੇ ਸਾਹਮਣੇ ਆ ਖੜਾ ਹੁੰਦਾ ਏ। ਸ਼ਹੀਦੇ ਆਜ਼ਮ ਭਗਤ ਸਿੰਘ ਦੀ ਫਿਲਮ ਵੇਖਦਿਆਂ ਕੈਦੀ ਦਾਰਾ ਸਿੰਘ ਦਾ ਰੋਟੀਆਂ ਦਾ ਥੱਬਾ ਮੂਹਰੇ ਰੱਖ ਕੇ ਖਾਣ ਵਾਲਾ ਰੋਲ ਬੜਾ ਕਮਾਲ ਦਾ ਲੱਗਾ। ਕੁਸ਼ਤੀ ਵਿੱਚ ਵਿਰੋਧੀ ਨੂੰ ਰਗੜੇ ਦੇਣ ਵਾਂਗ ਰੋਟੀਆਂ ਛਕਣ ਲੱਗਾ ਵੀ ਉਹ ਇੰਜ ਛਕਦਾ ਸੀ ਜਿਵੇਂ ਸਾਲਾਂ ਦਾ ਭੁੱਖਾ ਹੋਵੇ। ਖੈਰ! ਉਹ ਤਾਂ ਰੋਲ ਸੀ ਜਿਵੇਂ ਡਾਇਰੈਕਟਰ ਨੇ ਘੁਮਾਇਆ ਘੁੰਮਣਾ ਹੀ ਪੈਣਾ ਸੀ। ਫਿਲਮ ਵੇਖਦਾ ਪਤਲੇ ਜਿਹੇ ਸਰੀਰ ਪਰ ਚੁਸਤ ਜੁੱਸੇ ਵਾਲਾ ਸਾਡਾ ਸਾਥੀ ਬੀਰਾ ਕਹਿੰਦਾ ਕਿ ਏਦੂੰ ਵੱਧ ਰੋਟੀਆਂ ਤਾਂ ਮੈਂ ਖਾ ਜਾਊਂ, ਐਵੇਂ ਦਾਰਾ ਦਾਰਾ ਲਾ ਰੱਖੀ ਆ। ਅਗਲੇ ਹੀ ਦਿਨ ਲੁਧਿਆਣੇ ਸ਼ਹਿਰ ਦੇ ਬਾਹਰ ਜੀਟੀ ਰੋਡ ਉੱਪਰ ਢਾਬੇ ’ਤੇ ਢਾਬੇ ਵਾਲੇ ਨਾਲ ਬੀਰੇ ਦੀ ਰੋਟੀਆਂ ਖਾਣ ਦੀ ਸ਼ਰਤ ਲੱਗ ਗਈ।

ਗੱਲ ਪਿਛਲੀ ਸਦੀ ਦੀ ਯਾਨੀ ਨੱਬੇਵਿਆਂ ਦੇ ਨੇੜੇ ਦੀ ਹੈ। ਪੰਜਾਹ ਰੋਟੀਆਂ ਖਾਣ ਤੋਂ ਗੱਲ ਚੱਲੀ। ਢਾਬੇ ਵਾਲਾ ਕਹਿੰਦਾ, ‘ਜੇ ਇਹ ਪੰਜਾਹ ਰੋਟੀਆਂ ਖਾ ਗਿਆ ਤਾਂ ਮੈਂ ਸੌ ਰੁਪਈਆ ਇਨਾਮ ਦੇਊਂ। ਜੇ ਨਾ ਖਾ ਸਕਿਆ ਤਾਂ ਮੈਂ 200 ਰੁਪਇਆ ਵੀ ਲਊਂ ਤੇ ਰੋਟੀਆਂ ਦੇ ਪੈਸੇ ਵੀ। ਕਮੀਜ ਪਜਾਮਾ ਪਾਈ ਬੀਰਾ ਮੰਜੇ ’ਤੇ ਨਿੱਠ ਕੇ ਬੈਠ ਕੇ ਰੋਟੀਆਂ ਨੂੰ ਦਾਲ ਨਾਲ ਗੇੜਾ ਦੇਣ ਲੱਗ ਪਿਆ। ਢਾਬੇ ਵਾਲੇ ਦਾ ਜੋਸ਼ ਵੀ ਵੇਖਣ ਵਾਲਾ ਸੀ। ਉਹ ਬੜੇ ਸ਼ੌਕ ਨਾਲ ਸੋਹਣੇ ਸੋਹਣੇ ਫੁਲਕੇ ਫੈਲਾਅ ਫੈਲਾਅ ਕੇ ਬੀਰੇ ਮੂਹਰੇ ਪਰੋਸਦਾ। ਉਹ ਨੂੰ ਸ਼ਰਤ ਜਿੱਤਣ ਦੀ ਪੂਰੀ ਪੂਰੀ ਆਸ ਸੀ। ਟਰੱਕਾਂ ਵਾਲੇ ਕਈ ਡਰਾਈਵਰ ਕਾਫੀ ਰੋਟੀਆਂ ਖਾਂਦੇ ਸਨ। ਪਰ ਜ਼ਿਆਦਾ ਤੋਂ ਜ਼ਿਆਦਾ ਵੀਹਾਂ ਤਕ ਕੋਈ ਵਿਰਲਾ ਹੀ ਅੱਪੜਦਾ ਸੀ। ਬੀਰਾ ਸਰੀਰ ਦਾ ਵੀ ਮਾੜਕੂ ਜਿਹਾ ਨਜ਼ਰ ਆਉਂਦਾ ਸੀ। ਇਸੇ ਕਾਰਨ ਢਾਬੇ ਵਾਲਾ ਜ਼ਿਆਦਾ ਆਸਵੰਦ ਲੱਗਦਾ ਸੀ। ਪਰ ਬੀਰਾ ਵੀ ਪੂਰੇ ਜਲੌਅ ਵਿੱਚ ਸੀ।

ਕਰਦੇ ਕਰਦੇ ਜਦੋਂ ਪੰਜਾਹ ਰੋਟੀਆਂ ਪੂਰੀਆਂ ਹੋ ਗਈਆਂ ਤਾਂ ਢਾਬੇ ਵਾਲੇ ਦੇ ਚਿਹਰੇ ਦੀ ਰੌਣਕ ਪਤਲੀ ਪੈਣ ਲੱਗ ਪਈ। ਪਹਿਲੀ ਵਾਰ ਬੀਰੇ ਨੇ ਥੋੜਾ ਜਿਹਾ ਪਾਣੀ ਵੀ ਪੀਤਾ ਤੇ ਫਿਰ ਲੱਗ ਗਿਆ ਰੋਟੀਆਂ ਨੂੰ ਗੇੜਾ ਦੇਣ।

‘ਆਪੇ ਫਾਥੜੀਏ ਤੈਨੂੰ ਕੌਣ ਛੁਡਾਵੇ।’ ਢਾਬੇ ਵਾਲਾ ਲੱਗਾ ਪਛਤਾਉਣ। ‘ਇਹ ਬੰਦਾ ਆ ਕਿ ਰਾਖਸ਼? ਮਾੜਚੂ ਜਿਹਾ ਨਜ਼ਰ ਆਉਂਦਾ, ਰੋਟੀਆਂ ਪਤਾ ਨਹੀਂ ਕਿੱਥੇ ਪਾਈ ਜਾਂਦਾ? ਕਿਤੇ ਕੋਈ ਜਾਦੂ ਟੂਣਾ ਤਾਂ ਨਹੀਂ ਜਾਣਦਾ ਇਹ?’ ਕਈ ਤਰਾਂ ਦੇ ਸਵਾਲ ਢਾਬੇ ਵਾਲੇ ਦੇ ਮਨ ਵਿੱਚ ਆਉਣ ਲੱਗ ਪਏ। ਪਰ ਉੱਖਲੀ ਵਿੱਚ ਸਿਰ ਦਿੱਤਾ ਤਾਂ ਮੋਹਲਿਆਂ ਦਾ ਡਰ ਮਨ ਵਿੱਚੋਂ ਕੱਢਣਾ ਹੀ ਪੈਣਾ ਸੀ। ਸ਼ਰਤ ਜਿੱਤਣ ਦਾ ਖਿਆਲ ਤਾਂ ਜਾਂਦਾ ਰਿਹਾ, ਦਸ ਬੰਦਿਆਂ ਤੋਂ ਵੀ ਵੱਧ ਦਾ ਖਾਣਾ ਇੱਕੋ ਜਣੇ ਦੇ ਢਿੱਡ ਵਿੱਚ ਖਪਣ ਦੀ ਚਿੰਤਾ ਜ਼ਿਆਦਾ ਹਾਵੀ ਹੁੰਦੀ ਜਾਂਦੀ ਸੀ। ਕਰਦੇ ਕਰਦੇ ਬੀਰਾ 80 ਰੋਟੀਆਂ ਛਕ ਗਿਆ ਤਾਂ ਢਾਬੇ ਵਾਲਾ ਬੀਰੇ ਦੇ ਪੈਰੀਂ ਹੱਥ ਲਾ ਕੇ ਕਹਿੰਦਾ, ‘ਤੂੰ ਜਿੱਤਿਆ ਮੇਰੇ ਪਿਉ ... ਤੇ ਮੈਂ ਹਾਰ ਗਿਆ। ਆਹ ਲੈ ਫੜ 200 ਰੁਪਇਆ ਤੇ ਆਪਣਾ ਦਵਾ ਦਾਰੂ ਕਰਵਾ, ਕਿਤੇ ਘਰਦਿਆਂ ਨੂੰ ਹੀ ਨਾ ਖਾ ਜਾਵੀਂ।’

ਮੁਸਕੜੀਏਂ ਹੱਸਦਾ ਬੀਰਾ ਬੋਲਿਆ, ‘ਪੈਰੀਂ ਨਾ ਪੈਂਦਾ ਤਾਂ ਦਸ ਕੁ ਰੋਟੀਆਂ ਹੋਰ ਖਾਣ ਦੀ ਗੁੰਜਾਇਸ਼ ਤਾਂ ਅਜੇ ਹੋਰ ਹੈਗੀ ਸੀ।’

ਇਸ ਤੋਂ ਅਗਲੀ ਵਿਥਿਆ ਹੋਰ ਅਚੰਭਾਜਨਕ ਲਗਦੀ ਆ। ਰਾਤ ਵੇਲੇ ਮੁਰਗੇ ਤੇ ਦਾਰੂ ਦਾ ਗੇੜ ਚੱਲ ਪਿਆ। ਖੇਤਾਂ ਵਿੱਚ ਮਸ਼ੀਨ ਚੱਲਦੀ ਸੀ। ਜਿੰਮੀਂਦਾਰ ਵੀ ਵਾਹਵਾ ਸੇਵਾ ਕਰਦੇ ਸਨ। ਪੰਜ ਬੰਦੇ ਸਨ ਤੇ ਉੱਥੇ ਫਿਰ ਬੀਰਾ ਪੰਜ ਛੇ ਮੰਨੀਆਂ ਮੁਰਗੇ ਨਾਲ ਮਰੋੜ ਗਿਆ। ਗਰਮੀਆਂ ਦੇ ਦਿਨ ਸਨ। ਘਰ ਵਾਲਿਆਂ ਨੇ ਦੁੱਧ ਦੀ ਬਾਲਟੀ ਭਰ ਕੇ ਉਨਾਂ ਦੇ ਸਿਰਹਾਣੇ ਰੱਖ ਦਿੱਤੀ ਕਿ ਰੋਟੀ ਖਾਣ ਤੋਂ ਬਾਅਦ ਪੀ ਲੈਣਗੇ। ਦਾਰੂ ਦੇ ਲੋਰ ਵਿੱਚ ਸਾਰੇ ਸੌਂ ਗਏ। ਦੁੱਧ ਪੀਣ ਦਾ ਕਿਸੇ ਨੂੰ ਖਿਆਲ ਹੀ ਨਾ ਰਿਹਾ। ਬੀਰਾ ਕਹਿੰਦਾ, ‘ਅੱਧੀ ਰਾਤ ਮੈਨੂੰ ਪਿਆਸ ਲੱਗੀ। ਉੱਠ ਕੇ ਪਾਣੀ ਲੱਭਣ ਲੱਗਾ ਤਾਂ ਦੁੱਧ ਵਾਲੀ ਬਾਲਟੀ ਨਜ਼ਰ ਚੜ ਗਈ। ਫਿਰ ਕੀ ਸੀ, ਰੱਬ ਨੇ ਦਿੱਤੀਆਂ ਗਾਜਰਾਂ ਵਿੱਚੇ ਰੰਬਾ ਰੱਖ। ਗੋਡਿਆਂ ਤੇ ਰੱਖ ਕੇ ਸਾਰੀ ਬਾਲਟੀ ਪੀ ਕੇ ਨਜ਼ਾਰੇ ਨਾਲ ਇੰਜ ਸੌਂ ਗਿਆ ਜਿਵੇਂ ਮਿਰਜਾ ਸਾਹਿਬਾਂ ਦੇ ਪੱਟ ਦੇ ਸਿਰਹਾਣੇ ’ਤੇ ਸੌਂ ਗਿਆ ਸੀ। ”

ਨਿੰਮੀ ਨਿੰਮੀ ਧੁੱਪ ਚੜੀ ਹੋਈ ਸੀ ਤੇ ਬਾਕੀ ਸਾਥੀ ਇੱਕ ਦੂਜੇ ਵੱਲ ਘੂਰ ਰਹੇ ਸਨ, ‘ਵੇਖੋ ਸਾਲ਼ਾ ਜਿਊਂਦਾ ਵੀ ਹੈ? ਢਾਬੇ ਵਾਲੇ ਦੀਆਂ 80 ਰੋਟੀਆਂ, ਰਾਤ ਮੁਰਗੇ ਨਾਲ ਛੇ ਹੋਰ ਅਤੇ ਫਿਰ ਦੁੱਧ ਦੀ ਬਾਲਟੀ; ਇਹ ਬੰਦਾ ਹੈ ਕਿ ਰਾਖਸ਼! ਕਿੱਦਾਂ ਫੁੰਕਾਰੇ ਛੱਡ ਰਿਹਾ ਹੈ। ਕੰਮ ਕਰਨ ਵਾਰੀਂ ਟੇਢਾ ਹੋ ਜਾਂਦਾ ਹੈ। ... ਕਾਮ ਕਾ ਨਾ ਕਾਜ ਕਾ, ਦੁਸ਼ਮਨ ਅਨਾਜ ਕਾ।’

# ਰਿਸ਼ਤਿਆਂ ਵਿੱਚ ਦੂਰੀ ਦਾ ਕਾਰਨ ਬਣਦਾ ਹੈ ਗੁੱਸਾ

### ਗਗਨਦੀਪ ਕੌਰ

ਦੋਸਤੋ, ਰੋਜ਼ਾਨਾ ਦੀ ਭੱਜ-ਦੌੜ ਦੇ ਕਾਰਨ ਇਨਸਾਨ ਖਿਝੂ ਅੜੀਅਲ ਸੁਭਾਅ ਦਾ ਬਣਿਆ ਰਹਿੰਦਾ ਹੈ। ਅੱਜ ਦੇ ਮਸ਼ੀਨੀ ਯੁੱਗ ਨੇ ਇਨਸਾਨ ਨੂੰ ਬਹੁਤ ਥਕਾ ਦਿੱਤਾ ਹੈ ਅੱਜ ਦੇ ਯੁੱਗ ਵਿੱਚ ਮਨੁੱਖ ਦੀਆਂ ਲੋੜਾਂ ਬਹੁਤ ਵੱਧ ਗਈਆਂ ਹਨ ਜਿਨਾਂ ਨੂੰ ਪੂਰਾ ਕਰਨ ਲਈ ਇਨਸਾਨ ਦਿਨ ਰਾਤ ਤੁਰਿਆ ਫਿਰਦਾ ਹੈ।ਕਦੇ-ਕਦੇ ਰੋਜ਼ ਦੇ ਰੁਝੇਵਿਆਂ ਤੋਂ ਤੰਗ ਆਏ ਇਨਸਾਨ ਨੂੰ ਗੁੱਸਾ ਬਹੁਤ ਆਉਣ ਲੱਗ ਜਾਂਦਾ ਹੈ । ਗੁੱਸਾ ਇਨਸਾਨ ਦਾ ਦੁਸ਼ਮਣ ਹੁੰਦਾ ਹੈ। ਇਹ ਸਿਹਤ ਲਈ ਬਹੁਤ ਹਾਨੀਕਾਰਕ ਹੁੰਦਾ ਹੈ, ਜਿਸ ਕਾਰਨ ਨੁਕਸਾਨ ਵੀ ਹੋ ਜਾਂਦਾ ਹੈ। ਰਿਸ਼ਤਿਆਂ ਵਿੱਚ ਦੂਰੀ ਦਾ ਕਾਰਨ ਵੀ ਗੁੱਸਾ ਹੀ ਬਣ ਜਾਂਦਾ ਹੈ।

ਬੇਕਾਬੂ ਗੁੱਸਾ ਸਖਸੀਅਤ ਨੂੰ ਖ਼ਰਾਬ ਕਰ ਸਕਦਾ ਹੈ। ਗੁੱਸੇ ਦਾ ਦੂਜਾ ਨਾਂ ਹੈ ਕ੍ਰੋਧ। ਜਦੋਂ ਅਸੀਂ ਪ੍ਰੇਸ਼ਾਨ ਹੁੰਦੇ ਹਾਂ ਤਾਂ ਅਸੀਂ ਆਪੇ ਤੋਂ ਬਾਹਰ ਹੋ ਜਾਂਦੇ ਹਾਂ।ਗੁੱਸਾ ਸ਼ਬਦ ‘ਕ੍ਰੋਧ’ ਤੋਂ ਲਿਆ ਗਿਆ ਹੈ ।ਅਕਸਰ ਹੀ ਮੈਂ ਦੇਖਿਆ ਹੈ ਕਿ ਜਿਹੜੇ ਲੋਕਾਂ ਨੂੰ ਹੱਦੋਂ ਵੱਧ ਗੁੱਸਾ ਆਉਂਦਾ ਹੈ ਕਾਬੂ ਨਹੀਂ ਰੱਖਦੇ, ਉਨਾਂ ਨੂੰ ਲੋਕ ਮੂਰਖ ਕਹਿੰਦੇ ਹਨ। ਜੇਕਰ ਕਿਸੇ ਗੱਲ ’ਤੇ ਕਦੇ ਕਿਸੇ ਨਾਲ ਲੜਾਈ ਹੋ ਜਾਂਦੀ ਹੈ ਤਾਂ ਤੁਹਾਨੂੰ ਸਾਰਿਆਂ ਨੂੰ ਸੁਣਨ ਲਈ ਤਿਆਰ ਰਹਿਣਾ ਚਾਹੀਦਾ ਹੈ, ਘੱਟ ਬੋਲਣਾ ਚਾਹੀਦਾ ਹੈ ਉਹ ਵੀ ਹੌਲੀ ਬੋਲਣਾ ਚਾਹੀਦਾ ਹੈ, ਭਾਵੇਂ ਗੁੱਸੇ ਵਿੱਚ ਹੋਵੋ, ਅਜਿਹਾ ਕਰਨ ਨਾਲ ਗੱਲ ਅੱਗੇ ਨਹੀਂ ਵੱਧਦੀ । ਇਹ ਕਹਾਵਤ ਪ੍ਰਚਿੱਲਤ ਹੈ ‘ਜਿਹੜਾ ਛੇਤੀ ਗੁੱਸੇ ਹੋ ਜਾਂਦਾ ਉਹ ਮੂਰਖਤਾਈ ਕਰਦਾ ਹੈ।’

ਤੁਹਾਡੇ ਗੁੱਸੇ ਕਾਰਨ ਲੋਕ ਤੁਹਾਡੇ ਤੋਂ ਦੂਰ ਜਾਣ ਲੱਗਦੇ ਹਨ।ਕੋਈ ਵੀ ਇਨਸਾਨ ਗ਼ੁੱਸੇਖ਼ੋਰ ਇਨਸਾਨ ਨਾਲ ਗੱਲ ਕਰਨਾ, ਬੈਠਣਾ ਪਸੰਦ ਨਹੀਂ ਕਰਦਾ। ‘ਕੋਈ ਵੀ ਗੁੱਸੇਖ਼ੋਰ ਇਨਸਾਨ ਦੇ ਲਾਗੇ ਨਹੀਂ ਲੱਗਦਾ। ਲੋਕ ਉਸ ਦਾ ਗੁੱਸਾ ਦੇਖ ਕੇ ਡਰ ਜਾਂਦੇ ਹਨ।’ ਉਦਾਹਰਨ ਦੇ ਤੌਰ ’ਤੇ ਜਿਵੇਂ ਜਵਾਲਾਮੁਖੀ ਦੇ ਫਟਣ ਕਾਰਨ ਲੋਕ ਉਸ ਤੋਂ ਦੂਰ ਭੱਜਦੇ ਹਨ, ਓਵੇਂ ਹੀ ਗੁੱਸੇ ਵਿਚ ਭੜਕੇ ਇਨਸਾਨ ਤੋਂ ਵੀ ਲੋਕ ਦੂਰ ਭੱਜਦੇ ਹਨ। ਕਈ ਇਨਸਾਨ ਆਪਣੇ ਆਪੇ ਤੋਂ ਬਾਹਰ ਹੋ ਜਾਂਦੇ ਹਨ ਜਿਸ ਕਾਰਨ ਕਈ ਬਿਮਾਰੀਆਂ ਦਾ ਸ਼ਿਕਾਰ ਵੀ ਹੋ ਜਾਂਦੇ ਹਨ।ਜਿਵੇਂ ਸਿਰ ਦਰਦ ਕਰਨਾ, ਬਲੱਡ ਪ੍ਰੈਸ਼ਰ, ਘਬਰਾਹਟ ਆਦਿ ।ਬਹੁਤ ਲੋਕ ਗੁੱਸੇ ਵਿੱਚ ਆ ਕੇ ਆਪਣੀ ਗੱਲ ’ਤੇ ਹੀ ਜ਼ੋਰ ਦਿੰਦੇ ਹਨ, ਆਪਣੀ ਗੱਲ ਹੀ ਸਿਰੇ ਰੱਖਦੇ ਹਨ ਅਸਲ ਵਿੱਚ ਉਹ ਆਪਣੇ ਆਪ ਨੂੰ ਸਹੀ ਸਾਬਿਤ ਕਰਨ ਦੀ ਕੋਸ਼ਿਸ਼ ਕਰਦੇ ਹਨ।

ਕਿਸੇ ਨੇ ਕਹਾਵਤ ਵਿੱਚ ਠੀਕ ਹੀ ਕਿਹਾ ਹੈ ਕਿ ‘ਕ੍ਰੋਧੀ ਦਾ ਮੇਲੀ ਨਾ ਬਣੀਂ ਅਤੇ ਗੁੱਸਾ ਕਰਨ ਵਾਲੇ ਦੇ ਨਾਲ ਨਾ ਤੁਰੀਂ। ਸਬਰ ਹਮੇਸ਼ਾ ਮਨੁੱਖ ਨੂੰ ਮਜ਼ਬੂਤ ਬਣਾਉਂਦਾ ਹੈ। ਜੋ ਇਨਸਾਨ ਸਬਰ ਸੰਤੋਖ ਰੱਖਦਾ ਹੈ ਗ਼ੁੱਸਾ ਉਸਦੇ ਨੇੜੇ ਵੀ ਨਹੀਂ ਆਉਂਦਾ। ਜਦੋਂ ਅਸੀਂ ਗੁੱਸੇ ਦੀ ਭਾਵਨਾ ਦਾ ਅਨੁਭਵ ਕਰਦੇ ਹਾਂ, ਇਹ ਮਨੋਵਿਗਿਆਨਕ ਅਤੇ ਜੀਵ-ਵਿਗਿਆਨਕ ਪੱਧਰ ’ਤੇ ਤਬਦੀਲੀਆਂ ਦੇ ਨਾਲ ਹੁੰਦਾ ਹੈ। ਕਈ ਵਾਰ ਵਿਅਕਤੀ ਕਿਸੇ ਨਿੱਕੀ -ਨਿੱਕੀ ਜਿਹੀ ਗੱਲ ਨੂੰ ਲੈ ਕੇ ਗ਼ੁੱਸਾ ਕਰਨ ਲੱਗ ਜਾਂਦਾ ਹੈ ।ਵਧੇਰੇ ਮਾਮਲਿਆਂ ਵਿੱਚ ਗੁੱਸੇ ’ਚ ਆਇਆ ਵਿਅਕਤੀ ਆਪਣੇ ਵਿਚਾਰਾਂ ਨੂੰ ਦੂਜੇ ’ਤੇ ਥੋਪਣ ਲਈ ਗੁੱਸਾ ਕਰਦਾ ਹੈ।ਜ਼ਰੂਰੀ ਨਹੀਂ ਹੁੰਦਾ ਜੋ ਅਸੀਂ ਚਾਹੁੰਦੇ ਹਾਂ ਉਹੀ ਹੀ ਹੋਵੇਗਾ। ਗੁੱਸੇ ਦੇ ਕਾਰਨ ਬਾਹਰੀ ਅਤੇ ਅੰਦਰੂਨੀ ਦੋਵੇਂ ਹੋ ਸਕਦੇ ਹਨ-ਬਾਹਰੀ ਜਦੋਂ ਉਹ ਸਾਡੇ ਆਲੇ ਦੁਆਲੇ ਦੀਆਂ ਸਥਿਤੀਆਂ ਨਾਲ ਸਬੰਧਤ ਹੁੰਦੇ ਹਨ, ਜਿਵੇਂ ਕਿ ਕਿਸੇ ਹੋਰ ਵਿਅਕਤੀ ਨਾਲ ਲੜਾਈ, ਵੈਰ, ਆਦਰ ਦੀ ਕਮੀ, ਗਲਤੀ. ਅਤੇ ਅੰਦਰੂਨੀ ਜਦੋਂ ਅਸੀਂ ਉਨਾਂ ਨੂੰ ਆਪਣੇ ਅੰਦਰ ਅਨੁਭਵ ਕਰਦੇ ਹਾਂ, ਨਿੱਜੀ ਸਮੱਸਿਆਵਾਂ ਵਜੋਂ, ਪਿਛਲੀਆਂ ਦੁਖਦਾਈ ਘਟਨਾਵਾਂ ਦੀਆਂ ਯਾਦਾਂ, ਜੋ ਜਦੋਂ ਉਹ ਸਾਡੀ ਯਾਦ ਵਿਚ ਵਾਪਸ ਆਉਂਦੀਆਂ ਹਨ ਤਾਂ ਗੁੱਸੇ ਦੀਆਂ ਭਾਵਨਾਵਾਂ ਜਗਾਉਂਦੀਆਂ ਹਨ।ਕਈ ਵਾਰ ਇਨਸਾਨ ਇਕੱਲਾ ਬੈਠਾ-ਬੈਠਾ ਆਪਣੀਆਂ ਪਿਛਲੀਆਂ ਦੁੱਖਦਾਇਕ ਗੱਲਾਂ ਯਾਦ ਕਰਕੇ ਆਪਣਾ ਆਉਣ ਵਾਲਾ ਸਮਾਂ ਵੀ ਦੁੱਖਦਾਇਕ ਬਣਾ ਲੈਂਦਾ ਹੈ। ਗ਼ੁੱਸਾ ਸ਼ਬਦ ਦਾ ਸਮਾਨਾਰਥੀ ਸ਼ਬਦ ਗੁੱਸਾ, ਘ੍ਰਿਣਾ, ਜਲਣ ਜਾਂ ਨਾਰਾਜ਼ਗੀ ਹੈ।ਦੋਸਤੋਂ ਆਪਾ ਕਿਸੇ ਨੂੰ ਵੀ ਬਦਲ ਦੀ ਬਜਾਏ ਖ਼ੁਦ ਨੂੰ ਬਦਲ ਸਕਦੇ ਹਾਂ।“ਇਹ ਸਾਡੇ ਹੱਥ ਨਹੀਂ ਹੁੰਦਾ ਕਿ ਅਸੀ ਕਿਸੇ ਹਾਲਾਤ ਵਿਚ ਕਿਵੇਂ ਮਹਿਸੂਸ ਕਰਾਂਗੇ। ਪਰ ਇਹ ਸਾਡੇ ਹੱਥ ਹੈ ਕਿ ਅਸੀਂ ਉਸ ਵੇਲੇ ਆਪਣੇ ਜਜ਼ਬਾਤਾਂ ਨੂੰ ਕਿਵੇਂ ਜ਼ਾਹਰ ਕਰਾਂਗੇ ।ਸਾਨੂੰ ਗੁੱਸੇ ਵਿਚ ਭੜਕਣ ਦੀ ਲੋੜ ਨਹੀਂ ਹੈ।’ ਸਗੋਂ ਸਾਂਤ ਰਹਿ ਕੇ ਠੰਡਾ ਹੋਣ ਦੀ ਹੈ।ਫਰੀਦ ਜੀ ਲਿਖਦੇ ਹਨ ਕਿ :

**ਫਰੀਦਾ ਬੁਰੇ ਦਾ ਭਲਾ ਕਰਿ, ਗੁਸਾ ਮਨਿ ਨ ਹਢਾਇ॥**
**ਦੇਹੀ ਰੋਗੁ ਨ ਲਗਈ, ਪਲੈ ਸਭੁ ਕਿਛ ਪਾਇ॥**
**ਸਲੋਕ ਫ਼ਰੀਦ ਜੀ...**

**ਬਾਕੀ ਸਫ਼ਾ 31 ’ਤੇ**

# ਹਰ ਰਿਸ਼ਤੇ ਦੀ ਬੁਨਿਆਦ ਹੈ ਵਿਸ਼ਵਾਸ

### ਹਰਕੀਰਤ ਕੌਰ

**9779118066**

ਤੁਸੀਂ ਜ਼ਿੰਦਗੀ ਵਿੱਚ ਕਿੰਨੇ ਵੀ ਕਾਮਯਾਬ ਕਿਉਂ ਨਾ ਹੋ ਜਾਵੋ ਜੇਕਰ ਤੁਹਾਡੇ ਆਪਣੇ ਤੁਹਾਡੇ ਨਾਲ ਨਹੀਂ ਤਾਂ ਤੁਸੀ ਸਭ ਕੁਝ ਹੁੰਦਿਆਂ ਹੋਇਆਂ ਵੀ ਖਾਲੀ ਹੋ। ਪਰਿਵਾਰ, ਰਿਸ਼ਤੇ ਨਾਤੇ, ਦੋਸਤ ਜ਼ਿੰਦਗੀ ਦੇ ਸਭ ਤੋਂ ਅਹਿਮ ਹਿੱਸੇ ਹਨ। ਨਾਮ, ਪੈਸਾ ਸ਼ੋਹਰਤ ਭਾਵੇਂ ਤੁਹਾਡੇ ਆਲੇ ਦੁਆਲੇ ਲੱਖਾਂ ਲੋਕਾਂ ਦੀ ਭੀੜ ਕਿਉਂ ਨਾ ਜਮਾਂ ਕਰਦੀ ਹੋਵੇ, ਹਜ਼ਾਰਾਂ ਲੋਕ ਭਾਵੇਂ ਤੁਹਾਡੇ ਨਾਲ ਗੱਲ ਕਰਨ ਜਾਂ ਫੋਟੋ ਕਰਵਾਉਣ ਨੂੰ ਤਰਸਦੇ ਹੋਣ, ਪਰ ਜੋ ਸਕੂਨ ਆਪਣਿਆਂ ਨਾਲ, ਪਰਿਵਾਰ ਨਾਲ, ਦੋਸਤਾਂ ਨਾਲ ਮਿਲਦਾ ਹੈ, ਉਹ ਹੋਰ ਕਿਧਰੇ ਨਹੀਂ ਮਿਲਦਾ। ਮੈਂ ਕਈ ਵਾਰ ਦੇਖ ਕੇ ਹੈਰਾਨ ਹੁੰਦੀ ਹਾਂ ਕਿ ਪੰਛੀਆਂ ਨੂੰ ਵੀ ਸਮਝ ਹੈ ਕਿ ਉਨਾਂ ਲਈ ਪਰਿਵਾਰ ਕਿੰਨਾ ਜਰੂਰੀ ਹੈ, ਤਰਕਾਲਾਂ ਪੈਂਦਿਆਂ ਹੀ, ਪੰਛੀਆਂ ਦੀਆਂ ਡਾਰਾਂ ਆਪਣੇ ਘਰਾਂ ਵੱਲ ਨੂੰ ਕੂਚ ਕਰਦੀਆਂ ਨੇ। ਪਰ ਮਨੁੱਖੀ ਰਿਸ਼ਤੇ ਬਹੁਤ ਨਾਜ਼ੁਕ ਹੁੰਦੇ ਹਨ, ਇੱਕ ਵਾਰ ਰਿਸ਼ਤਿਆਂ ਵਿੱਚ ਦਰਾੜ ਆ ਜਾਵੇ ਤਾਂ ਭਰਨੀ ਔਖੀ ਹੋ ਜਾਂਦੀ ਹੈ। ਪਰ ਕਦੇ ਸੋਚਿਆ ਕਿ ਇਨਾਂ ਤਰੇੜਾਂ ਦੇ ਆਉਣ ਦਾ ਅਸਲ ਕਾਰਨ ਕੀ ਹੁੰਦਾ, ਉਹ ਹੈ ਵਿਸ਼ਵਾਸ ਦਾ ਟੁੱਟਣਾ। ਕੱਲ ਤੱਕ ਇੱਕ ਪਿਤਾ ਤੇ ਭਰਾ ਨੂੰ ਆਪਣੀ ਧੀ ਤੇ ਵਿਸ਼ਵਾਸ ਸੀ ਕਿ ਉਹ ਸਕੂਲ, ਕਾਲਜ ਸਿਰਫ਼ ਪੜਾਈ ਲਈ ਜਾ ਰਹੀ ਹੈ, ਅੱਜ ਕੋਈ ਨਾ ਹਜ਼ਮ ਹੋਣ ਵਾਲੀ ਗੱਲ ਪਤਾ ਚੱਲ ਗਈ ਤਾਂ ਉਨਾਂ ਦੇ ਰਿਸ਼ਤੇ ਵਿੱਚ ਦਰਾੜ ਆਉਣੀ ਸੁਭਾਵਿਕ ਹੈ, ਕਿਉਂਕਿ ਸੱਟ ਵਿਸ਼ਵਾਸ ’ਤੇ ਲੱਗੀ ਸੀ। ਕੱਲ ਤੱਕ ਇੱਕ ਪਤਨੀ ਜਾਂ ਪਤੀ ਨੂੰ ਇੱਕ ਦੂਸਰੇ ਤੇ ਭਰੋਸਾ ਸੀ ਕਿ ਉਹ ਇੱਕ ਦੂਸਰੇ ਪ੍ਰਤੀ ਵਫਾਦਾਰ ਹਨ, ਪਰ ਦੋਨਾਂ ਵਿਚੋਂ ਇੱਕ ਨੂੰ ਕੁਝ ਅਣਸੁਖਾਵੀਂ ਗੱਲ ਪਤਾ ਲੱਗਦੀ ਹੈ ਤਾਂ ਰਿਸ਼ਤੇ ਦਾ ਥਿਰਕਣਾ ਸੁਭਾਵਿਕ ਹੈ ਕਿਉਂਕਿ ਰਿਸ਼ਤੇ ਦੀ ਬੁਨਿਆਦ ਵਿਸ਼ਵਾਸ ਡਗਮਗਾ ਗਿਆ, ਇੱਕ ਆਖਰੀ ਉਦਾਹਰਣ ਰੱਖਾਂਗੀ ਕਿ ਕੱਲ ਤੱਕ ਇੱਕ ਦਫਤਰ ਦੇ ਮਾਲਕ ਨੂੰ ਆਪਣੇ ਕਰਮਚਾਰੀ ਉੱਪਰ ਪੂਰਾ ਵਿਸ਼ਵਾਸ ਸੀ ਕਿ ਉਹ ਇਮਾਨਦਾਰ ਹੈ, ਪਰ ਅੱਜ ਉਸਨੂੰ ਚੋਰੀ ਕਰਦਿਆਂ ਫੜ ਲਿਆ ਗਿਆ, ਵਿਸ਼ਵਾਸ ਦਾ ਤਿੜਕਣਾ ਜਾਇਜ਼ ਹੈ। ਸੋ ਜਿੰਨੀਆਂ ਵੀ ਉਦਹਾਰਣਾਂ ਦਿੱਤੀਆਂ ਹਰ ਰਿਸ਼ਤੇ ਵਿੱਚ ਸੱਟ ਵਿਸ਼ਵਾਸ ਨੂੰ ਲੱਗਦੀ ਹੈ। ਵਿਸ਼ਵਾਸ ਟੁੱਟਿਆ ਤਾਂ ਰਿਸ਼ਤਾ ਟੁੱਟਿਆ, ਰਿਸ਼ਤਾ ਟੁੱਟਿਆ ਤਾਂ ਅਸੀਂ ਉਸ ਇਨਸਾਨ ਨੂੰ ਗਵਾ ਦਿੱਤਾ ਜੋ ਕਦੇ ਸਾਡੇ ਬਹੁਤ ਨਜ਼ਦੀਕ ਸੀ। ਕਹਿਣ ਤੋਂ ਭਾਵ ਕਿ ਹਰ ਚੀਜ਼ ਵਿਸ਼ਵਾਸ ਉੱਪਰ ਟਿਕੀ ਹੈ। ਪ੍ਰਮਾਤਮਾ ਦੇ ਆਮ ਲੋਕਾਂ ਨੇ ਦਰਸ਼ਨ ਨਹੀਂ ਕੀਤੇ, ਪਰ ਵਿਸ਼ਵਾਸ ਹੈ ਕਿ ਰੱਬ ਹੈ। ਬਸ ਇਸੇ ਆਸ ਉੱਪਰ ਹਰ ਰੋਜ਼ ਮੰਦਿਰ, ਮਸਜਿਦਾਂ, ਗੁਰੂਦੁਆਰਿਆਂ ਵਿੱਚ ਰੱਬ ਦਾ ਗੁਣਗਾਨ ਹੁੰਦਾ ਰਹਿੰਦਾ ਹੈ।

ਹੁਣ ਇੱਥੇ ਮੈਂ ਦੋ ਸਥਿਤੀਆਂ ਹੋਰ ਵਿਚਾਰਨਾ ਚਾਹਾਂਗੀ ਇੱਕ ਤਾਂ ਉਸ ਇਨਸਾਨ ਦੀ ਮਨੋਦਸ਼ਾ ਜੋ ਵਿਸ਼ਵਾਸ ਘਾਤ ਕਰਦਾ ਹੈ ਅਤੇ ਦੂਸਰੀ ਉਸਦੀ ਮਨੋਦਸ਼ਾ ਜਿਸਦਾ ਵਿਸ਼ਵਾਸ ਟੁੱਟਦਾ ਹੈ।

ਜੋ ਇਨਸਾਨ ਕਿਸੇ ਨਾਲ ਵਿਸ਼ਵਾਸ ਘਾਤ ਕਰਦਾ ਹੈ, ਅਸਲ ਵਿੱਚ ਉਸਨੂੰ ਲੱਗਦਾ ਹੈ ਕਿ ਉਹ ਬਹੁਤ ਚਲਾਕ ਹੈ, ਉਹ ਕਿਸੇ ਆਪਣੇ ਨਾਲ ਇੱਕ ਵਾਰ ਫਰੇਬ ਕਰਨ ਵਿੱਚ ਕਾਮਯਾਬ ਹੋ ਜਾਂਦਾ ਹੈ ਤਾਂ ਉਸ ਨੂੰ ਲੱਗਦਾ ਹੈ ਕਿ ਸਾਹਮਣੇ ਵਾਲੇ ਇਨਸਾਨ ਮੂਰਖ ਹਨ, ਉਸ ਨੂੰ ਝੂਠ ਬੋਲਣਾ ਬਾਖੂਬੀ ਆਉਂਦਾ ਹੁੰਦਾ ਹੈ ਅਤੇ ਝੂਠ, ਫਰੇਬ ਦਾ ਸਹਾਰਾ ਲੈ ਉਹ ਲੋਕਾਂ ਦੀਆਂ ਭਾਵਨਾਵਾਂ ਨਾਲ ਖੇਡਦਾ ਰਹਿੰਦਾ ਹੈ।

ਜੇਕਰ ਗੱਲ ਕਰੀਏ ਉਸ ਮਨੁੱਖ ਦੀ ਮਨੋਦਸ਼ਾ ਦੀ ਜਿਸ ਨਾਲ ਧੋਖਾ ਹੁੰਦਾ ਹੈ ਤਾਂ ਕਈ ਵਾਰ ਮਨੁੱਖ ਅਜਿਹੇ ਹਾਦਸਿਆਂ ਤੋਂ ਬਹੁਤ ਬੁਰੀ ਤਰਾਂ ਬਿਖਰ ਜਾਂਦਾ ਹੈ, ਜਦੋਂ ਵੀ ਕਿਸੇ ਆਪਣੇ ਵੱਲੋਂ ਕੀਤਾ ਵਿਸ਼ਵਾਸ ਘਾਤ ਯਾਦ ਆਉਂਦਾ ਤਾਂ ਰਾਤਾਂ ਨੂੰ ਸੁੱਤਾ ਪਿਆ ਵੀ ਉੱਭੜਵਾਹੇ ਉੱਠ ਪੈਂਦਾ ਹੈ। ਕਈ ਵਾਰ ਮਨੁੱਖ ਉੱਪਰ ਅਜਿਹਾ ਅਸਰ ਹੁੰਦਾ ਹੈ ਕਿ ਕਿਸੇ ਦੂਸਰੇ ਬੰਦੇ ਉੱਪਰ ਵੀ ਯਕੀਨ ਕਰਨ ਤੋਂ ਮੁਨਕਰ ਹੋ ਜਾਂਦਾ ਹੈ।

ਕਿਸੇ ਇੱਕ ਦੀ ਮੂਰਖਤਾ ਦਾ ਅਸਰ ਬਹੁਤ ਸਾਰੇ ਜੀਆਂ ਤੇ ਪੈਂਦਾ ਹੈ, ਬਹੁਤ ਸਾਰੇ ਰਿਸ਼ਤੇ ਟੁੱਟ ਜਾਂਦੇ ਹਨ, ਕਈ ਟੁੱਟਣ ਤੋਂ ਬਾਅਦ ਜੁੜ ਵੀ ਜਾਂਦੇ ਹਨ, ਪਰ ਵਿੱਚ ਪਈ ਗੰਡ ਹਮੇਸ਼ਾ ਰੜਕਦੀ ਰਹਿੰਦੀ ਹੈ।

ਰਿਸ਼ਤਿਆਂ ਦੀ ਸਾਡੀ ਜ਼ਿੰਦਗੀ ਵਿੱਚ ਬਹੁਤ ਵੱਡੀ ਅਹਿਮੀਅਤ ਹੈ, ਜੋ ਦੁੱਖ ਸੁੱਖ ਅਸੀਂ ਆਪਣਿਆਂ ਨਾਲ ਫਰੋਲ ਲੈਣਾ ਉਹ ਕਿਸੇ ਹੋਰ ਨਾਲ ਸਾਂਝਾ ਨਹੀਂ ਕਰ ਸਕਦੇ।

**ਬਾਕੀ ਸਫ਼ਾ 30 ’ਤੇ**

# ਫ਼ਸਾਦੀ ਫੇਸਬੁੱਕ ਨੂੰ ਹਾਲ ਦੀ ਘੜੀ ਫ਼ਲਸਤੀਨੀਆਂ ਨੇ ਫ਼ੇਲ ਕਰਕੇ ਰੱਖ ਦਿੱਤਾ

## ਸਮਝ ਨਹੀਂ ਆਉਂਦੀ ਕਿ ਕੀ ਕਰੀਏ



ਸਰਬਜੀਤ ਕੌਰ 'ਸਰਬ'

ਨੀਤੀਆਂ 'ਹਰੇਕ ਨੂੰ ਇੱਕ ਆਵਾਜ਼' ਪ੍ਰਦਾਨ ਕਰਦੀਆਂ ਹਨ ਫਿਲਸਤੀਨੀ ਪੱਖੀ ਕਾਰਕੁੰਨ ਫਿਲਸਤੀਨੀ ਖਾਤਿਆਂ ਅਤੇ ਪੋਸਟਾਂ ਦੀ ਕੰਪਨੀ ਦੇ ਕਥਿਤ ਸੈਂਸਰਸ਼ਿਪ ਦੇ ਵਿਰੋਧ ਵਿੱਚ ਫੇਸਬੁੱਕ ਦੀ ਐਪ ਸਮੀਖਿਆ ਰੇਟਿੰਗਾਂ ਨੂੰ **Down** ਗ੍ਰੇਡ ਕਰਨ ਲਈ ਇੱਕ ਤਾਲਮੇਲ ਮੁਹਿੰਮ ਚਲਾ ਰਹੇ ਹਨ। ਇਹ ਮੁਹਿੰਮ, ਜਿਸ ਨੂੰ ਟਵਿੱਟਰ ਅਤੇ ਫੇਸਬੁੱਕ ਸਮੇਤ ਸੋਸ਼ਲ ਮੀਡੀਆ ਸਾਈਟਾਂ 'ਤੇ ਸਾਂਝਾ ਕੀਤਾ ਜਾ ਰਿਹਾ ਹੈ। ਐਨ ਬੀ ਸੀ ਦੇ ਅਨੁਸਾਰ, ਲੋਕਾਂ ਨੇ ਪਿਛਲੇ ਸਮੇਂ ਵਿੱਚ ਕੰਪਨੀ ਦੀਆਂ ਨੀਤੀਆਂ ਉੱਤੇ ਇਤਰਾਜ਼ ਜਤਾਉਣ ਲਈ ਐਪ ਰੇਟਿੰਗਾਂ ਦੀ ਵਰਤੋਂ ਕੀਤੀ ਹੈ, ਪਰ ਇੱਕ ਚੱਲ ਰਹੀ ਮੁਹਿੰਮ ਮਹੱਤਵਪੂਰਣ ਨੁਕਸਾਨ ਕਰ ਸਕਦੀ ਹੈ। ਫਿਲਸਤੀਨੀ ਪੱਖੀ ਕਾਰਕੁੰਨ ਐਪਲ ਐਪ ਸਟੋਰ ਅਤੇ ਗੂਗਲ ਪਲੇ ਸਟੋਰ ਵਿੱਚ ਫੇਸਬੁੱਕ ਦੀਆਂ ਰੇਟਿੰਗਾਂ ਨੂੰ ਇੱਕ-ਸਿਤਾਰਾ ਸਮੀਖਿਆਵਾਂ ਦੇ 'ਹਜ਼ਾਰਾਂ' ਲੋਕਾਂ ਦੁਆਰਾ ਰੱਦ ਕਰਨ ਦੀ ਮੁਹਿੰਮ ਵਿੱਚ ਸਫਲ ਹੋ ਰਹੇ ਹਨ, ਬਹੁਤ ਸਾਰੇ ਹਿੱਸਾ ਲੈਣ ਵਾਲਿਆਂ ਨੇ ਫੇਸਬੁੱਕ 'ਤੇ ਫਿਲਸਤੀਨੀਆਂ ਨੂੰ ਚੁੱਪ ਕਰਾਉਣ ਦਾ ਦੋਸ਼ ਲਗਾਇਆ ਹੈ ਕਿਉਂਕਿ ਉਹ ਇਜ਼ਰਾਈਲ ਨਾਲ ਹੋਈ ਤਾਜ਼ਾ ਹਿੰਸਾ ਬਾਰੇ ਬੋਲਦੇ ਹਨ।

ਸੋਸ਼ਲ ਨੈਟਵਰਕ ਇਸ ਮੁਹਿੰਮ ਨੂੰ ਬਹੁਤ ਗੰਭੀਰਤਾ ਨਾਲ ਲੈ ਰਿਹਾ ਹੈ, ਸੰਦੇਸ਼ ਬੋਰਡ ਦੀ ਜਾਣਕਾਰੀ ਅਨੁਸਾਰ ਐਨ ਬੀ ਸੀ ਨੇ ਜੋ ਪ੍ਰਾਪਤ ਕੀਤਾ ਹੈ ਉਸ ਨੂੰ 'ਗੰਭੀਰਤਾ ਅਤੇ ਪਹਿਲੇ' ਮੁੱਦੇ ਦੇ ਤੌਰ 'ਤੇ ਮਾਰਕ ਕੀਤਾ ਹੈ। ਇਕ ਸੀਨੀਅਰ ਫੇਸਬੁੱਕ ਇੰਜੀਨੀਅਰ ਨੇ ਕਥਿਤ ਤੌਰ 'ਤੇ ਕਿਹਾ ਕਿ ਉਪਭੋਗਤਾਵਾਂ ਨੇ ਜੋ ਮਹਿਸੂਸ ਕੀਤਾ ਕਿ ਉਹ 'ਸੈਂਸਰਡ' ਸਨ ਅਤੇ ਜਿਨਾਂ ਦੀ ਸੋਚ ਨਹੀਂ ਦਬਾਈ ਜਾ ਸਕਦੀ ਸੀ, ਅਸੀਂ ਐਪਲ ਅਤੇ ਗੂਗਲ ਨੂੰ ਟਿੱਪਣੀ ਲਈ ਕਿਹਾ ਹੈ। ਫੇਸਬੁੱਕ ਨੇ ਐਨ ਬੀ ਸੀ ਨੂੰ ਦਿੱਤੇ ਇਕ ਬਿਆਨ ਵਿੱਚ ਸੈਂਸਰਸ਼ਿਪ ਦੇ ਦੋਸ਼ਾਂ ਨੂੰ ਰੱਦ ਕਰਦਿਆਂ ਦਾਅਵਾ ਕੀਤਾ ਹੈ ਕਿ ਇਸ ਦੀਆਂ ਨੀਤੀਆਂ 'ਹਰੇਕ ਨੂੰ ਇੱਕ ਆਵਾਜ਼' ਪ੍ਰਦਾਨ ਕਰਦੀਆਂ ਹਨ ਅਤੇ ਇਸ ਨੇ ਉਨਾਂ ਨੂੰ ਬਿਨਾਂ ਕਿਸੇ ਵਿਸ਼ਵਾਸ ਦੇ ਲਾਗੂ ਕੀਤਾ। ਬੁਲਾਰੇ ਐਂਡੀ ਸਟੋਨ ਨੇ ਇਕ ਟੀਮ ਵੱਲ ਇਸ਼ਾਰਾ ਕੀਤਾ ਜੋ ਇਜ਼ਰਾਈਲ-ਫਲਸਤੀਨੀ ਸਥਿਤੀ ਨੂੰ ਹਾਨੀਕਾਰਕ ਸਮੱਗਰੀ ਖਿੱਚਣ ਅਤੇ ਲਾਗੂ ਕਰਨ ਦੀਆਂ ਗ਼ਲਤੀਆਂ ਨੂੰ ਦੋਵਾਂ ਵੱਲ ਖਿੱਚਣ ਲਈ 'ਨੇੜਿਓਂ ਨਿਗਰਾਨੀ' ਕਰ ਰਹੀ ਸੀ।








ਫੇਸਬੁੱਕ ਦੇ ਅੰਦਰੂਨੀ ਮੈਸੇਜ ਬੋਰਡ 'ਤੇ ਇਕ ਪੋਸਟ ਵਿਚ ਇਕ ਸੀਨੀਅਰ ਸਾੱਫਟਵੇਅਰ ਇੰਜੀਨੀਅਰ ਨੇ ਕਿਹਾ, 'ਇਜ਼ਰਾਈਲ ਅਤੇ ਫਿਲਸਤੀਨ ਵਿਚਾਲੇ ਹਾਲ ਹੀ ਵਿਚ ਵੱਧ ਰਹੇ ਵਾਧੇ ਨਾਲ ਉਪਭੋਗਤਾ ਦਾ ਵਿਸ਼ਵਾਸ ਕਾਫ਼ੀ ਘੱਟ ਰਿਹਾ ਹੈ।' 'ਸਾਡੇ ਉਪਯੋਗਕਰਤਾ ਸਾਡੀ ਸਥਿਤੀ ਨਾਲ ਨਜਿੱਠਣ ਤੋਂ ਨਾਰਾਜ਼ ਹਨ। ਉਪਭੋਗਤਾ ਮਹਿਸੂਸ ਕਰ ਰਹੇ ਹਨ ਕਿ ਉਨਾਂ ਨੂੰ ਸੈਂਸਰ ਕੀਤਾ ਜਾ ਰਿਹਾ ਹੈ, ਸੀਮਿਤ ਵੰਡ ਪ੍ਰਾਪਤ ਹੋ ਰਹੀ ਹੈ, ਅਤੇ ਅੰਤ ਵਿੱਚ ਚੁੱਪ ਕਰ ਦਿੱਤਾ ਗਿਆ. ਨਤੀਜੇ ਵਜੋਂ, ਸਾਡੇ ਉਪਭੋਗਤਾਵਾਂ ਨੇ 1 ਸਿਤਾਰਾ ਸਮੀਖਿਆਵਾਂ ਛੱਡ ਕੇ ਵਿਰੋਧ ਪ੍ਰਦਰਸ਼ਨ ਕਰਨਾ ਸ਼ੁਰੂ ਕਰ ਦਿੱਤਾ ਹੈ।' ਅੰਦਰੂਨੀ ਵਿਚਾਰ ਵਟਾਂਦਰੇ ਦੇ ਲੀਕ ਹੋਏ ਸਕ੍ਰੀਨਸ਼ਾਟ ਦੇ ਅਨੁਸਾਰ, ਫੇਸਬੁੱਕ ਨੇ ਐਪ ਸਟੋਰਾਂ ਨਾਲ ਇਹ ਪੁੱਛਣ ਲਈ ਸੰਪਰਕ ਕੀਤਾ ਕਿ ਕੀ ਉਹ ਨਕਾਰਾਤਮਕ ਸਮੀਖਿਆਵਾਂ ਨੂੰ ਹਟਾ ਦੇਣਗੇ ? ਐਪਲ ਨੇ ਅਸਵੀਕਾਰ ਕਰ ਦਿੱਤਾ, ਇੱਕ ਫੇਸਬੁੱਕ ਕਰਮਚਾਰੀ ਦੀ ਪੋਸਟ ਦੇ ਅਨੁਸਾਰ ਜਿਸਨੇ ਕਿਹਾ ਕਿ ਉਸਨੇ ਇਸ ਮੁੱਦੇ ਬਾਰੇ ਐਪਲ ਦੀ ਵਿਕਾਸਕਾਰ ਸੰਬੰਧ ਟੀਮ ਨਾਲ ਸੰਪਰਕ ਕੀਤਾ ਹੈ, ਇਹ ਜ਼ਰੂਰੀ ਨਹੀਂ ਹੈ ਕਿ ਫੇਸਬੁੱਕ ਆਪਣੀ ਪਹੁੰਚ ਬਦਲ ਸਕੇ। ਹਾਲਾਂਕਿ, ਇਹ ਧਿਆਨ ਦੇਣ ਯੋਗ ਹੈ ਕਿ ਮੁਹਿੰਮ ਦਾ ਪ੍ਰਭਾਵ ਪਹਿਲੇ ਸਥਾਨ 'ਤੇ ਹੋ ਰਿਹਾ ਹੈ ਅਤੇ ਉਹ ਐਪ ਸਟੋਰ ਹੋਸਟ ਸ਼ਾਇਦ ਮੈਦਾਨ ਤੋਂ ਬਾਹਰ ਹੋ ਰਹੇ। ਇਹ ਹੈਰਾਨੀ ਵਾਲੀ ਗੱਲ ਨਹੀਂ ਹੋਵੇਗੀ ਕਿ ਜੇ ਭਵਿੱਖ ਵਿੱਚ ਇਸ ਤਰਾਂ ਦੀਆਂ ਹੋਰ ਮੁਹਿੰਮਾਂ ਉਭਰ ਕੇ ਸਾਹਮਣੇ ਆਉਂਦੀਆਂ ਹਨ, ਬੇਸ਼ਕ ਉਹ ਆਖਰਕਾਰ ਕੰਪਨੀ ਦੀ ਕਾਰਵਾਈ ਵੱਲ ਨਹੀਂ ਲਿਜਾਂਦੀਆਂ ਪਰ ਉਹ ਲੋਕਾਂ ਨੂੰ ਸੱਚ ਵਾਕਿਫ਼ ਕਰਵਾਉਦੀਆਂ ਹਨ।

ਇਜ਼ਰਾਈਲ-ਫਲਸਤੀਨੀ ਸੰਘਰਸ਼ ਇਜ਼ਰਾਈਲ ਅਤੇ ਪੈਲੇਸਟੀਨੀ ਦੇਸ਼ਾਂ ਦੇ ਵਿਚਕਾਰ ਚੱਲ ਰਿਹਾ ਟਕਰਾਅ ਹੈ। ਇਹ 20ਵੀਂ ਸਦੀ ਵਿੱਚ ਸ਼ੁਰੂ ਹੋਇਆ ਅਜਿਹਾ ਯੁੱਧ ਸੀ ਜਿਸ ਵਿਚ ਅਨੇਕਾਂ ਮਾਸੂਮ ਬੱਚੇ ਬਲੀ ਚੜੇ, ਘਰਾਂ ਦੇ ਉਜਾੜੇ ਹੋ ਗਏ। ਅਸਲ ਵਿਚ ਇਹ ਅਰਬ ਲੋਕਾਂ ਅਤੇ ਯਹੂਦੀ ਲੋਕਾਂ ਦਰਮਿਆਨ ਦੋ ਸਮੂਹਾਂ ਵਿਚਲੇ ਖੇਤਰ ਲਈ ਇਕ ਵਿਵਾਦ ਹੈ ਜੋ ਮਈ 2021 ਵਿਚ ਵੱਧ ਰਹੇ ਤਣਾਅ ਦੇ ਵਿਚਕਾਰ ਜੰਗਬੰਦੀ ਹੋਈ। 2021 ਵਿਚ ਇਜ਼ਰਾਈਲ-ਫਿਲਸਤੀਨ ਸੰਕਟ ਦੀ ਸ਼ੁਰੂਆਤ ਉਨਾਂ ਵਿਰੋਧ ਪ੍ਰਦਰਸ਼ਨ ਨਾਲ ਹੋਈ ਜੋ ਗਾਜ਼ਾ ਤੋਂ ਰਾਕੇਟ ਹਮਲੇ ਅਤੇ ਇਜ਼ਰਾਈਲ ਦੁਆਰਾ ਕੀਤੇ ਗਏ ਹਵਾਈ ਹਮਲੇ ਵੱਧ ਗਏ ਸਨ। ਏਜੰਸੀਆਂ ਤੋਂ ਇਕੱਠੀ ਕੀਤੀ ਜਾਣਕਾਰੀ ਅਨੁਸਾਰ ਅਨੇਕਾਂ ਲੋਕਾਂ ਨੇ ਆਪਣੇ ਦਰਦ ਦੱਸੇ।

ਗਾਜ਼ਾ ਵਿਚ ਇਕ ਦੁਕਾਨ ਦੇ ਮਾਲਕ ਅਸ਼ਰਫ ਅਬੂ ਮੁਹੰਮਦ ਨੇ ਕਿਹਾ, 'ਜ਼ਿੰਦਗੀ ਵਾਪਸ ਆਵੇਗੀ, ਕਿਉਂਕਿ ਇਹ ਪਹਿਲੀ ਲੜਾਈ ਨਹੀਂ ਹੈ, ਅਤੇ ਇਹ ਆਖਰੀ ਲੜਾਈ ਨਹੀਂ ਹੋਵੇਗੀ।' 'ਦਿਲ ਦੁਖੀ ਹੈ ਇੱਥੇ ਤਬਾਹੀਆਂ ਹੋਈਆਂ ਹਨ, ਪਰਿਵਾਰ ਸਿਵਲ ਰਜਿਸਟਰੀ ਤੋਂ ਪੂੰਝੇ ਹੋਏ ਹਨ ਅਤੇ ਇਹ ਸਾਨੂੰ ਦੁਖੀ ਕਰਦਾ ਹੈ। ਪਰ ਇਸ ਧਰਤੀ ਵਿੱਚ ਸਾਡੀ ਕਿਸਮਤ ਹੈ, ਸਬਰ ਰੱਖਣਾ 'ਮੈਂ ਪਹਿਲਾਂ ਵੀ ਇਸ ਵਿੱਚੋਂ ਲੰਘਿਆ ਸੀ। ਇਹ ਬਹੁਤ ਨਿਰਾਸ਼ਾਜਨਕ ਹੈ ਅਤੇ ਬਹੁਤ ਸਾਰੇ ਲੋਕ ਆਪਣੇ ਅਜ਼ੀਜ਼ਾਂ ਨੂੰ ਗੁਆ ਦਿੰਦੇ ਹਨ ਅਤੇ ਸਹਿਮ ਵਿਚ ਜਿਊਂਦੇ ਹਨ।

ਗਾਜ਼ਾ ਦੇ ਨਾਲ ਲੱਗਦੀ ਇਜ਼ਰਾਈਲ ਦੀ ਸਰਹੱਦ 'ਤੇ ਨੇਤੀਵ ਹਹਸਰਾ ਦੇ ਖੇਤੀਬਾੜੀ ਭਾਈਚਾਰੇ ਵਿਚ ਉਸ ਦੇ ਘਰ, 61 ਸਾਲਾ ਸ਼ਾਈਕ ਸ਼ੇਕ, ਸ਼ੁਕਰਗੁਜ਼ਾਰ ਕਰਦਾ ਹੈ ਕਿ ਉਸ ਦੇ ਘਰ ਨੂੰ ਇਸ ਵਾਰ ਨਿਸ਼ਾਨਾ ਨਹੀਂ ਬਣਾਇਆ ਗਿਆ। ਜਦੋਂ ਪਿਛਲੀ ਵਾਰ ਜੰਗ ਹੋਈ ਤਾਂ ਇਹ ਤਿੰਨ ਵਾਰ ਨਿਸ਼ਾਨਾ ਬਣਿਆ। ਕੁਝ ਲੋਕ ਜੰਗਬੰਦੀ ਬਾਰੇ ਵਧੇਰੇ ਸਕਾਰਾਤਮਕ ਸਨ। ਪੂਰਬੀ ਯੇਰੂਸ਼ਲਮ ਦੇ ਸ਼ੁਆਫਾਤ ਸ਼ਰਨਾਰਥੀ ਕੈਂਪ ਵਿਚ 47 ਸਾਲਾ ਹਾਮਦੀ ਦੀਬ ਨੇ ਜੰਗਬੰਦੀ ਨੂੰ 'ਸਾਰੇ ਫਿਲਸਤੀਨੀ ਲੋਕਾਂ ਦੀ ਜਿੱਤ' ਵਜੋਂ ਵੇਖਿਆ। ਲੋਕ ਬਹੁਤ ਖੁਸ਼ ਸਨ। ਮੈਂ ਖੁਸ਼ੀ ਮਨਾਉਣ ਲਈ 2 ਵਜੇ ਬਾਹਰ ਗਿਆ। ਸਾਰਾ ਕੈਂਪ ਬਾਹਰ ਗਲੀ ਵੱਲ ਚਲਾ ਗਿਆ।

ਪੱਛਮੀ ਕਿਨਾਰੇ ਦੇ ਸ਼ਹਿਰ ਰਮੱਲਾ ਦੇ 54 ਸਾਲਾ ਫਲਸਤੀਨੀ ਆਰਕੀਟੈਕਟ, ਮਜੇਨ ਦੀਬ ਨੇ ਵੀ ਦਲੀਲ ਦਿੱਤੀ ਕਿ ਲੜਾਈ ਦੇ ਤਾਜ਼ਾ ਦੌਰ ਨੇ ਕੁਝ ਹਾਸਲ ਕੀਤਾ ਹੈ। 'ਇਸ ਵਿਚ ਕੋਈ ਸ਼ੱਕ ਨਹੀਂ ਕਿ ਜੰਗਬੰਦੀ ਇਕ ਸ਼ਾਨਦਾਰ ਚੀਜ਼ ਹੈ। ਜੰਗਬੰਦੀ ਨੇ ਮੱਧ ਪੂਰਬ ਵਿਚ ਸਮੀਕਰਨ ਨੂੰ ਪੂਰੀ ਤਰਾਂ ਬਦਲ ਦਿੱਤਾ, ਇਹ ਸਾਰੇ ਫਿਲਸਤੀਨੀ ਲੋਕਾਂ ਲਈ ਇੱਕ ਜਿੱਤ ਹੈ।

'ਜੋ ਹੋਇਆ ਉਹ ਇਜ਼ਰਾਈਲ ਨੂੰ ਆਪਣੇ ਹਿਸਾਬ ਨਾਲ ਦੁਬਾਰਾ ਵਿਚਾਰ ਕਰਨ ਅਤੇ ਫਿਲਸਤੀਨੀ ਲੋਕਾਂ ਪ੍ਰਤੀ ਉਨਾਂ ਦੇ ਵਿਵਹਾਰ ਉੱਤੇ ਮੁੜ ਵਿਚਾਰ ਕਰਨ ਲਈ ਮਜਬੂਰ ਕਰੇਗਾ।'



# ਗ਼ਦਰ ਲਹਿਰ ਦਾ ਬਾਗੀ ਨਾਇਕ: ਕਰਤਾਰ ਸਿੰਘ ਸਰਾਭਾ

## ਜਨਮ ਦਿਨ ’ਤੇ ਵਿਸ਼ੇਸ਼ 24 ਮਈ, 1896



**ਪ੍ਰਮਿੰਦਰ ਸਿੰਘ ਪ੍ਰਵਾਨਾ,**
**510-415-9377**

ਗ਼ਦਰ ਲਹਿਰ ਅਜ਼ਾਦੀ ਤੇ ਬਰਾਬਰੀ ਦਾ ਰਾਹ ਦਿਖਾਉਣ ਵਾਲੀ ਪਹਿਲੀ ਲਹਿਰ ਹੈ। ਇਸ ਦਾ ਆਰੰਭ 25 ਜੂਨ 1913 ਨੂੰ ਅਮਰੀਕਾ ਵਿਚ ਹੋਇਆ। ਜਿਸ ਵਿਚ ਹਿੰਦੀ ਮਿਹਨਤਕਸ਼ ਜਲਾਵਤਨ ਦੇਸ਼ ਭਗਤ ਅਤੇ ਵਿਦਿਆਰਥੀਆਂ ਨੇ ਹਿੱਸਾ ਲਿਆ। ਅਜ਼ਾਦੀ ਦੀ ਲੜਾਈ ਵਿਚ ਜੇਲਾਂ ਅਤੇ ਫਾਂਸੀਆਂ ਇਸੇ ਲਹਿਰ ਹੇਠ ਹੋਈਆਂ। ਜਿਸ ਨੇ ਹਿੰਦੀਆਂ ਦੇ ਖ਼ੂਨ ਵਿਚ ਅਜ਼ਾਦੀ ਲਈ ਮਰ ਮਿਟਣ ਦਾ ਜੋਸ਼ ਭਰਿਆ। ਇਸੇ ਲਹਿਰ ਦੇ ਮਹਾਨ ਨਾਇਕ ਕਰਤਾਰ ਸਿੰਘ ਸਰਾਭਾ ਦਾ ਨਾਂ ਇਤਿਹਾਸ ਵਿਚ ਬੜੇ ਮਾਣ ਨਾਲ ਲਿਆ ਜਾਂਦਾ ਹੈ। ਉਸ ਦੇ ਕਾਰਨਾਮੇ ਬੇਮਿਸਾਲ ਸਨ। ਉਹ ਸੰਜੀਦਗੀ ਅਤੇ ਜੋਸ਼ ਦਾ ਇਕਸਾਰ ਸੁਮੇਲ ਸੀ।

ਸਰਾਭੇ ਦਾ ਜਨਮ ਲੁਧਿਆਣਾ ਪੱਛਮੀ ਦੇ ਪਿੰਡ ਸਰਾਭਾ ਪੁਰਾਤਨ ਨਾਂ ਸਿਰਹਾਬ ਮਤਲਬ ਹਰੀ ਭਰੀ ਜਗਾ। ਮਾਤਾ ਸਾਹਿਬ ਕੌਰ, ਪਿਤਾ ਮੰਗਲ ਸਿੰਘ ਦੇ ਗ੍ਰਹਿ 24 ਮਈ 1896 ਵਿਚ ਹੋਇਆ। ਛੋਟੀ ਉਮਰ ਵਿਚ ਹੀ ਉਸ ਦੇ ਮਾਪੇ ਅਕਾਲ ਚਲਾਦਾ ਕਰ ਗਏ ਸਨ। ਉਸ ਦਾ ਪਾਲਣ ਪੋਸ਼ਣ ਉਸ ਦੇ ਦਾਦਾ ਬਚਨ ਸਿੰਘ ਨੇ ਕੀਤਾ। ਮੁਢਲੀ ਵਿਦਿਆ ਪਿੰਡ ਦੇ ਸਕੂਲ ਵਿਚੋਂ ਪ੍ਰਾਪਤ ਕੀਤੀ। ਨੌਵੀਂ ਜਮਾਤ ਤੱਕ ਪੜਾਈ ਮਾਲਵਾ ਹਾਈ ਸਕੂਲ ਲੁਧਿਆਣਾ ਵਿਖੇ ਕੀਤੀ। ਉਹ 5’8” ਦਾ ਸੋਹਣਾ ਤੰਦਰੁਸਤ ਗੱਭਰੂ ਸੀ। ਬੜਾ ਹਸਮੁਖ, ਮਖੌਲੀਆ ਅਤੇ ਸ਼ਰਾਰਤੀ ਸੀ। ਉਸ ਵਿਚ ਇਕ ਆਗੂ ਵਾਲੇ ਸਭ ਗੁਣ ਸਨ। ਉਹ ਹਰ ਇਕ ਕੰਮ ਅੱਗੇ ਹੋ ਕੇ ਕਰਦਾ। ਆਪਣੇ ਇਸ ਆਚਰਣ ਕਰਕੇ ਹਰਮਨਪਿਆਰਾ ਸੀ। ਦਸਵੀਂ ਦੀ ਪੜਾਈ ਆਪਣੇ ਚਾਚਾ ਕੋਲ ਰਹਿ ਕੇ ਭਵਨੇਸ਼ਵਰ ਯੂਨੀਵਰਸਿਟੀ ਕਟਕ ਉੜੀਸਾ ਤੋਂ 1912 ਵਿਚ ਪ੍ਰਾਪਤ ਕੀਤੀ। ਉਸ ਨੂੰ ਅੰਗਰੇਜ਼ੀ ਸਾਹਿਤ ਪੜਨ ਦਾ ਬੜਾ ਸ਼ੌਕ ਸੀ। ਬੰਗਾਲ, ਉੜੀਸਾ ਦੀ ਅਜ਼ਾਦੀ ਦੀ ਲਹਿਰ ਨੇ ਉਸ ਨੂੰ ਬਹੁਤ ਪ੍ਰਭਾਵਿਤ ਕੀਤਾ।

ਜਨਵਰੀ 1912 ਨੂੰ ਸਾਨਫਰਾਂਸਿਸਕੋ ਅਮਰੀਕਾ ਪਹੁੰਚ ਗਿਆ। ਪਹੁੰਚਦਿਆਂ ਹੀ ਉਸ ਨੇ ਵੇਖਿਆ ਕਿ ਆਵਾਜਾਈ ਮਹਿਕਮਾ ਭਾਰਤੀਆਂ ਦੀ ਬੜੀ ਸਖਤ ਪੁੱਛ ਪੜਤਾਲ ਕਰ ਰਿਹਾ ਸੀ। ਇਕ ਸਾਥੀ ਕੋਲੋਂ ਉਸ ਨੂੰ ਮਾਲੂਮ ਹੋਇਆ ਕਿ ਦੁਨੀਆ ਦੇ ਦੇਸ਼ ਭਾਰਤ ਇਕ ਗੁਲਾਮ ਦੇਸ਼ ਹੋਣ ਕਰਕੇ ਉਥੋਂ ਦੇ ਵਾਸੀਆਂ ਨੂੰ ਸ਼ੱਕ ਅਤੇ ਭੈੜੀ ਨਜ਼ਰ ਨਾਲ ਦੇਖਦੇ ਹਨ। ਇਸ ਵਤੀਰੇ ਦਾ ਸਰਾਭੇ ਦੇ ਦਿਲ ਨੂੰ ਬੜਾ ਸਦਮਾ ਲੱਗਿਆ। ਉਸ ਨੇ ਦੇਖਿਆ ਕਿ ਅਮਰੀਕਾ ਵਿਚ ਨਸਲਵਾਦ ਜ਼ੋਰਾਂ ’ਤੇ ਹੈ। ਉਸ ਨੂੰ ਭਾਰਤੀਆਂ ਨਾਲ ਵਿਤਕਰੇ ਅਦੇ ਦੁਰਦਸ਼ਾ ਦਾ ਪਤਾ ਲੱਗਾ। ਉਹ ਘੱਟ ਉਜ਼ਰਤ ਤੇ ਕੰਮ ਕਰਦੇ ਸਨ। ਕਈ ਥਾਈਂ ਰੁਜ਼ਗਾਰ ਵੀ ਖੁਸ ਜਾਂਦੇ ਸਨ, ਇਥੋਂ ਤੱਕ ਕਿ ਮਾਰ ਕੁਟਾਈ ਵੀ ਹੋ ਜਾਂਦੀ ਸੀ। ਅਜ਼ਾਦ ਦੇਸ਼ ਵਿਚ ਵਿਚਰਦਿਆਂ ਉਸ ਨੂੰ ਭਾਰਤੀ ਗੁਲਾਮੀ ਦਾ ਫਰਕ ਨਜ਼ਰ ਆਇਆ। ਜੇ ਅਸੀਂ ਗੁਲਾਮ ਨਾ ਹੁੰਦੇ ਤਾਂ ਵਿਦੇਸ਼ਾਂ ਵਿਚ ਸਾਡੀ ਬੇਇਜ਼ਤੀ ਨਾ ਹੁੰਦੀ। ਸਰਾਭਾ ਨੇ ਕੈਲੀਫੋਰਨੀਆ ਦੀ ਯੂਨੀਵਰਸਿਟੀ ਬਰਕਲੇ ਵਿਚ ਰਸਾਇਣ ਵਿਗਿਆਨ ਦੀ ਪੜਾਈ ਵਿਚ ਦਾਖਲਾ ਲਿਆ।

ਭਾਰਤ ਦੀ ਗੁਲਾਮੀ ਤੋਂ ਚਿੰਤਾਤੁਰ ਹੋ ਕੇ ਉਸ ਨੇ ਜੋਸ਼ ਵਿਚ ਕਿਹਾ ਕਿ ਮੇਰੀ ਜ਼ਿੰਦਗੀ ਹੁਣ ਕੌਮ ਅਤੇ ਦੇਸ਼ ਦੀ ਅਮਾਨਤ ਹੈ। ਉਸ ਨੂੰ ਦੇਸ਼ ਸੇਵਾ ਦੀ ਲਗਨ ਲੱਗ ਗਈ। ਉਸ ਨੇ ਜਾਣ ਲਿਆ ਕਿ ਭਾਰਤੀਆਂ ਦੇ ਦਿਲਾਂ ਵਿਚ ਇੱਥੇ ਰਹਿੰਦੇ ਵੀ ਭਾਰਤ ਦੀ ਗੁਲਾਮੀ ਦਾ ਰੋਸ ਹੈ। ਉਸ ਨੇ ਸਾਥੀਆਂ ਵਿਚ ਰਾਜਨੀਤਕ ਜਾਗ੍ਰਿਤੀ ਦਾ ਕੰਮ ਆਰੰਭ ਦਿੱਤਾ। ਮਈ 1912 ਵਿਚ ਹੋਈ ਇਕੱਤਰਤਾ ਵਿਚ ਬੜੇ ਉੱਘੇ ਲੋਕ ਹਾਜ਼ਰ ਹੋਏ ਕਿ ਸਾਨੂੰ ਭਾਰਤ ਵਿਚੋਂ ਗੁਲਾਮੀ ਦੀ ਲਾਹਣਤ ਤੋਂ ਛੁਟਕਾਰਾ ਪਾਉਣਾ ਚਾਹੀਦਾ ਹੈ। ਭਾਰਤ ਦੀ ਅਜ਼ਾਦੀ ਲਈ ਵਿਉਂਤਬੰਦੀ ਕੀਤੀ ਜਾਵੇ। ਇਸ ਵਿਉਂਤ ਵਿਚ ਇਕ ਅਖ਼ਬਾਰ ਕੱਢਣ ਦੀ ਤਜਵੀਜ਼ ਦਾ ਮਤਾ ਪਾਸ ਹੋਇਆ। ਉਸ ਵੇਲੇ ਗ਼ਦਰ ਪਾਰਟੀ ਦਾ ਮੁੱਢ ਬੱਝ ਰਿਹਾ ਸੀ। ਸਰਾਭਾ ਨੂੰ ਪ੍ਰਧਾਨ ਸੋਹਣ ਸਿੰਘ ਭਕਨਾ ਤੇ ਸਕੱਤਰ ਲਾਲ ਹਰਦਿਆਲ ਨਾਲ ਬੜੇ ਨੇੜੇ ਹੋ ਕੇ ਗ਼ਦਰ ਲਈ ਕੰਮ ਕਰਨ ਦਾ ਮੌਕਾ ਮਿਲਿਆ। ਜਿਸ ਨਾਲ ਉਹ ਪਾਰਟੀ ਵਿਚ ਜਲਦੀ ਹੀ ਹਰਮਨਪਿਆਰਾ ਹੋ ਗਿਆ। ਪਾਰਟੀ ਦੇ ਕੇਂਦਰ ਸਾਨਫਰਾਂਸਿਸਕੋ ਤੋਂ ਦੇਸ਼ ਦੀ ਅਜ਼ਾਦੀ ਦੀ ਲੜਾਈ ਦੇ ਪ੍ਰਚਾਰ ਹਿੱਤ ‘ਗ਼ਦਰ’ ਨਾਂ ਦਾ ਅਖ਼ਬਾਰ ਉਰਦੂ ਅਤੇ ਪੰਜਾਬੀ ਵਿਚ ਜਾਰੀ ਕੀਤਾ। ਸਰਾਭਾ ਨੇ ਅਖ਼ਬਾਰ ਦੇ ਕੰਮ ਦੀ ਪੂਰੀ ਜਿੰਮੇਵਾਰੀ ਸੰਭਾਲੀ। ਅਖ਼ਬਾਰ ਵਿਚ ਅੰਗਰੇਜ਼ਾਂ ਦੇ ਜ਼ੁਲਮ ਅਤੇ ਚਲਾਕੀਆਂ ਦਾ ਭੇਦ ਖੋਲਿਆ। ਅੰਗਰੇਜ਼ਾਂ ਵਿਰੁਧ ਹਥਿਆਰਬੰਦ ਬਗਾਵਤ ਕਰਨ ਦੀ ਵਿਊਂਤ, ਅਸਲਾ ਸੰਭਾਲਣ ਤੇ ਵਰਤਣ ਦੇ ਨਾਲ ਨਾਲ ਹੀ ਬੰਬ ਬਣਾਉਣ ਦੇ ਤਰੀਕੇ ਦੱਸੇ ਜਾਂਦੇ ਸਨ। ਅਖ਼ਬਾਰ ਡਾਕ ਰਾਹੀਂ ਜਿੱਥੇ ਕਿਤੇ ਵੀ ਭਾਰਤੀ ਵਸਦੇ ਸਨ, ਸੰਸਾਰ ਪੱਧਰ ’ਤੇ ਮੁਫ਼ਤ ਭੇਜਿਆ ਜਾਂਦਾ ਸੀ। ਅਖ਼ਬਾਰ ਦਾ ਖਰਚਾ ਮੈਂਬਰਾਂ ਦੇ ਚੰਦੇ ਅਤੇ ਸਹਿਯੋਗ ਨਾਲ ਚੱਲਣ ਲੱਗਾ। ਸਰਾਭਾ ਦਾ ਮੁੱਖ ਮੰਤਵ ਲਿਖਤਾਂ ਰਾਹੀਂ ਲੋਕਾਂ ਨੂੰ ਅਜ਼ਾਦੀ ਦੀ ਲੜਾਈ ਲਈ ਤਿਆਰ ਕਰਨਾ ਸੀ।



ਅਖ਼ਬਾਰ ਜਲਦੀ ਹੀ ਏਨਾ ਮਸ਼ਹੂਰ ਹੋ ਗਿਆ ਕਿ ਗਦਰ ਦੇ ਨਾਹਰੇ ਲੱਗਣ ਲੱਗੇ। ਲੋਕਾਂ ਵਿਚ ਬੜਾ ਜੋਸ਼ ਤੇ ਉਤਸ਼ਾਹ ਆਇਆ। ਲੋਕਾਂ ਵਿਚ ਕੁਰਬਾਨੀ ਦਾ ਜਜ਼ਬਾ ਜਾਗ ਪਿਆ। ਉਹ ਦੇ ਦੀ ਆਨ, ਸ਼ਾਨ ਵਾਸਤੇ ਤਨ, ਮਨ ਅਤੇ ਧਨ ਵਾਰਨ ਲਈ ਤਿਆਰ ਹੋ ਗਏ। ਸਰਾਭਾ ਨੇ ਪੱਕੇ ਤੌਰ ’ਤੇ ਗਦਰ ਦਾ ਬਾਗੀ ਸਿਪਾਹੀ ਬਣਨ ਲਈ ਉਸ ਨੇ ਬੰਬ ਬਣਾਉਣਾ, ਪਿਸਤੌਲ ਚਲਾਉਣਾ, ਜਹਾਜ ਬਣਾਉਣਾ, ਮੁਰੰਮਤ ਕਰਨਾ ਅਤੇ ਉਡਾਉਣਾ, ਇਕ ਜਹਾਜ਼ ਦੀ ਕੰਪਨੀ ਨਿਊਯਾਰਕ ਤੋਂ ਸਿੱਖਿਆ। ਸਰਗਰਮ ਹੋਏ ਸਰਾਭਾ ਨੇ ਪਾਰਟੀ ਦੇ ਪ੍ਰੋਗਰਾਮਾਂ ਵਿਚ ਗਾਉਣਾ ਸ਼ੁਰੂ ਕਰ ਦਿੱਤਾ। ਚਲੋ ਚੱਲੀਏ ਦੇਸ਼ ਨੂੰ ਯੁੱਧ ਕਰਨ, ਇਹੋ ਆਖਰੀ ਵਚਨ ਤੇ ਫੁਰਮਾਨ ਹੋ ਗਏ।’ ਸਰਾਭਾ ਦੀਆਂ ਅਜ਼ਾਦੀ ਪ੍ਰਤੀ ਸਰਗਰਮੀਆਂ ਨੂੰ ਵੇਖਦਿਆਂ ਗਦਰ ਪਾਰਟੀ ਨੇ ਇਕ ਵਿਸ਼ੇਸ਼ ਇਕੱਤਰਤਾ ਵਿਚ ਉਸ ਨੂੰ ਪ੍ਰਬੰਧਕੀ ਕਮੇਟੀ ਦਾ ਮੈਂਬਰ ਨਿਯੁਕਤ ਕੀਤਾ। ਉਸ ਨੇ ਬੜੀ ਮਿਹਨ ਅਤੇ ਲਗਨ ਨਾਲ ਅੰਗਰੇਜ਼ਾਂ ਦੀ ਗੁਲਾਮੀ ਦਾ ਜੂਲ਼ਾ ਲਾਹੁਣ ਲਈ ਅਮਰੀਕਾ ਤੇ ਕੈਨੇਡਾ ਵਿਚ ਭਾਰਤੀਆਂ ਨੂੰ ਸੰਗਠਿਤ ਕਰਨ ਦਾ ਕੰਮ ਕੀਤਾ।

1914 ਵਿਚ ਪਹਿਲੀ ਸੰਸਾਰ ਜੰਗ ਵਿਚ ਇੰਗਲੈਂਡ ਉਲਝ ਗਿਆ। ਗਦਰ ਪਾਰਟੀ ਲਈ ਭਾਰਤ ਨੂੰ ਅਜ਼ਾਦ ਕਰਵਾਉਣ ਦਾ ਸੁਨਹਿਰੀ ਮੌਕਾ ਸੀ। ਗਦਰ ਅਖ਼ਬਾਰ ਨੇ ਆਪਣੇ 5 ਅਗਸਤ 1914 ਦੇ ਅੰਕ ਵਿਚ ਅੰਗਰੇਜ਼ੀ ਸ਼ਾਸਨ ਦੇ ਵਿਰੁਧ ਹਥਿਆਰਬੰਦ ਸੰਘਰਸ਼ ਦਾ ਐਲਾਨ ਕਰ ਦਿੱਤਾ। ਅਖ਼ਬਾਰ ਦੀਆਂ ਹਜ਼ਾਰਾਂ ਕਾਪੀਆਂ ਪਿੰਡਾਂ, ਸ਼ਹਿਰਾਂ, ਕਸਬਿਆ ਅਤੇ ਫੌਜੀ ਛਾਉਣੀਆਂ ਵਿਚ ਭੇਜੀਆਂ ਗਈਆਂ। ਸਤੰਬਰ 15, 1914 ਨੂੰ ਕਰਤਾਰ ਸਿੰਘ ਸਰਾਭਾ, ਸਤਿਅਮ ਸੇਨ ਤੇ ਵਿਸ਼ਣੂੰ ਗਣੇਸ਼ ਪਿੰਗਲੇ ਅਨੇਕਾਂ ਸਾਥੀਆਂ ਸਮੇਤ ਸਮੁੰਦਰੀ ਰਸਤੇ ਕਲਕੱਤਾ ਪਹੁੰਚ ਗਏ। ਵੱਖ ਵੱਖ ਰਸਤਿਆਂ ਰਾਹੀਂ ਸੈਂਕੜੇ ਗਦਰੀ ਭਾਰਤ ਪਹੁੰਚ ਗਏ। ਸਰਾਭਾ ਅਤੇ ਪਿੰਗਲੇ ਯੁਗਾਂਤਰ ਪਾਰਟੀ ਦੇ ਨੇਤਾ ਰਾਸ ਬਿਹਾਰੀ ਬੋਸ ਨੂੰ ਬਨਾਰਸ ਜਾ ਮਿਲੇ। ਉਨਾਂ ਦਾ ਨਿਸ਼ਾਨਾ ਸੀ ਕਿ ਜਿਵੇਂ ਕਿਵੇਂ ਵੀ ਅੰਗਰੇਜ਼ੀ ਰਾਜ ਨੂੰ ਹਿੰਦੁਸਤਾਨ ਵਿਚੋਂ ਕੱਢ ਕੇ ਕਿਰਤੀ ਰਾਜ ਸਥਾਪਤ ਕੀਤਾ ਜਾਵੇ। ਸਰਾਭਾ ਨੇ ਦੱਸਿਆ ਕਿ 20,000 ਹੋਰ ਗਦਰੀ ਜਲਦੀ ਹੀ ਭਾਰਤ ਪਹੁੰਚ ਜਾਣਗੇ, ਪਰ ਅਮਰੀਕਨ ਖੁਫੀਆ ਵਿਭਾਗ ਵਲੋਂ ਖ਼ਬਰਾਂ ਦੇ ਆਧਾਰ ਤੇ ਅਨੇਕਾਂ ਗਦਰੀਆਂ ਨੂੰ ਬੰਦਰਗਾਹਾਂ ਤੇ ਗ੍ਰਿਫ਼ਤਾਰ ਕਰ ਲਿਆ।

ਸਰਾਭਾ ਨੇ ਅੰਗਰੇਜ਼ਾਂ ਵਿਰੁਧ ਪ੍ਰਚਾਰ ਕਰਨ ਲਈ ਅਖ਼ਬਾਰ, ਪਰਚੇ ਅਤੇ ਇਸ਼ਤਿਹਾਰ ਨੌਜਵਾਨਾਂ ਵਿਚ ਵੰਡੇ। ਜਦੋਂ ਦਸੰਬਰ 1914 ਵਿਚ ਭਾਈ ਪਰਮਾਨੰਦ ਭਾਰਤ ਪੁੱਜੇ, ਉਦੋਂ ਤੱਕ ਸਰਾਭਾ ਲੁਧਿਆਣਾ ਵਿਚ ਸਥਾਪਤ ਹੋ ਚੁੱਕਾ ਸੀ। ਉਸ ਦਾ ਇਲਾਕੇ ਵਿਚ ਪੂਰਾ ਪ੍ਰਭਾਵ ਸੀ। ਉਹ ਹਥਿਆਰ ਲੈਣ ਲਈ ਬੰਗਾਲ ਗਏ। ਸਰਾਭਾ ਨੇ ਮੇਰਠ, ਆਗਰਾ, ਬਨਾਰਸ, ਅਲਾਹਾਬਾਦ, ਅੰਬਾਲਾ, ਲਾਹੌਰ ਅਤੇ ਰਾਵਲਪਿੰਡੀ ਦੀਆਂ ਫੌਜੀ ਛਾਉਣੀਆਂ ਵਿਚ ਫੌਜੀਆਂ ਨੂੰ ਵਿਦਰੋਹ ਲਈ ਉਕਸਾਇਆ। ਸਰਾਭਾ ਅਤੇ ਉਸ ਦੇ ਸਾਥੀ ਲੁਧਿਆਣਾ ਜ਼ਿਲੇ ਵਿਚ ਝਾਬੇਵਾਲ ਅਤੇ ਲੋਹਟਬੱਧੀ ਵਿਖੇ ਬੰਬ ਬਣਾਉਣ ਵਿਚ ਸਫ਼ਲ ਹੋ ਗਏ।

ਵਿਦਰੋਹ ਦੀ ਤਿਆਰੀ ਵਿਚ 25 ਜਨਵਰੀ, 1915 ਨੂੰ ਰਾਸ ਬਿਹਾਰੀ ਬੋਸ ਅੰਮ੍ਰਿਤਸਰ ਪਹੁੰਚ ਗਿਆ। ਸੰਨ 1857 ਦੇ ਹਥਿਆਰਬੰਦ ਇਨਕਲਾਬ ਤੋਂ ਬਾਅਦ ਗ਼ਦਰੀਆਂ ਨੇ ਦੂਸਰਾ ਹਥਿਆਰਬੰਦ ਹਮਲਾ ਅੰਗਰੇਜ਼ੀ ਸਰਕਾਰ ਵਿਰੁਧ ਕਰਨਾ ਸੀ। ਸਰਾਭਾ ਅਤੇ ਸਾਥੀਆਂ ਨਾਲ 12 ਫਰਵਰੀ,1915 ਨੂੰ ਹੋਈ ਇਕੱਤਰਤਾ ਵਿਚ ਫੈਸਲਾ ਕੀਤਾ ਕਿ 21 ਫਰਵਰੀ, 1915 ਨੂੰ ਬਗਾਵਤ ਕੀਤੀ ਜਾਵੇ। ਜਿਸ ਵਿਚ ਫਿਰੋਜ਼ਪੁਰ ਅਤੇ ਮੀਆਂਮੀਰ ਛਾਉਣੀਆਂ ਤੇ ਕਬਜਾ ਕਰਨ ਤੋਂ ਬਾਅਦ ਦਿੱਲੀ ਅਤੇ ਅੰਬਾਲਾ ਦੀਆਂ ਛਾਉਣੀਆਂ ਵਿਚ ਬਗਾਵਤ ਕੀਤੀ ਜਾਵੇ। ਸਰਾਭਾ ਨੂੰ ਕਿਰਪਾਲ ਸਿੰਘ ਤੇ ਸ਼ੱਕ ਹੋ ਗਿਆ ਕਿ ਉਹ ਮੁਖਬਰ ਹੈ। ਸਰਾਭਾ ਨੇ ਰਾਸ ਬਿਹਾਰੀ ਬੋਸ ਨਾਲ ਸਲਾਹ ਕਰਕੇ ਗਦਰ ਦੀ ਤਾਰੀਖ 19 ਫਰਵਰੀ, 1915 ਕਰ ਦਿੱਤੀ।

ਪਰ ਫੇਰ ਵੀ ਕਿਰਪਾਲ ਸਿੰਘ ਨੇ ਇਹ ਭੇਦ ਵੀ ਅੰਗਰੇਜ਼ ਸਰਕਾਰ ਨੂੰ ਦੇ ਦਿੱਤਾ। ਸਰਾਭਾ ਮਿੱਥੇ ਸਮੇਂ ਤੇ 50-60 ਸਾਥੀਆਂ ਸਮੇਤ ਫਿਰੋਜ਼ਪੁਰ ਛਾਉਣੀ ਪਹੁੰਚ ਗਿਆ। ਪਰ 19 ਫਰਵਰੀ 1915 ਤੋਂ ਪਹਿਲਾ ਹੀ ਅਨੇਕਾਂ ਗਦਰੀ ਗ੍ਰਿਫ਼ਤਾਰ ਹੋ ਗਏ ਸਨ। ਫੌਜੀਆਂ ਕੋਲੋਂ ਹਥਿਆਰ ਵੀ ਸੁਟਵਾ ਲਏ ਸਨ। ਇਸ ਲਈ ਫੌਜ ਬਗਾਵਤ ਨਾ ਕਰ ਸਕੀ। ਜਿਹੜੇ ਗਦਰੀ ਬਚ ਗਏ ਸਨ ਉਨਾਂ ਨੂੰ ਹਿੰਦੁਸਤਾਨ ਛੱਡ ਜਾਣ ਦਾ ਗਦਰ ਪਾਰਟੀ ਨੇ ਹੁਕਮ ਦੇ ਦਿੱਤਾ। ਸਰਾਭਾ, ਜਗਤ ਸਿੰਘ ਦੇ ਹਰਨਾਮ ਸਿੰਘ ਟੁੰਡੀਲਾਟ ਅਫਗਾਨਿਸਤਾਨ ਵੱਲ ਚੱਲ ਪਏ। ਪਰ ਤਿੰਨੇ ਹੀ ਮੁਹਿੰਮ ਨੂੰ ਜਾਰੀ ਰੱਖਣ ਲਈ ਪੰਜਾਬ ਪਰਤ ਰਹੇ ਸਨ ਕਿ ਪੁਲਿਸ ਨੇ 2 ਮਾਰਚ,1915 ਨੂੰ ਸ਼ਾਹਪੁਰ ਜ਼ਿਲੇ ਵਿਚ ਵਿਲਮਨਪੁਰ ਵਿਖੇ ਘੋੜਸਵਾਰ ਫੌਜ-22 ਨੂੰ ਵਰਗਲਾਉਣ ਦੇ ਦੋਸ਼ ਵਿਚ ਗ੍ਰਿਫ਼ਤਾਰ ਕਰ ਲਿਆ ਸੀ।

13 ਸਤੰਬਰ 1915 ਨੂੰ ਮੁਕੱਦਮਾ ਚੱਲਿਆ ਤਾਂ ਸਰਾਭੇ ਨੇ ਸਾਰੇ ਦੋਸ਼ਾਂ ਦੀ ਜਿੰਮੇਵਾਰੀ ਆਪਣੇ ਸਿਰ ਲੈ ਲਈ। ਜੱਜ ਵੀ ਉਸ ਦੀ ਦ੍ਰਿੜ ਵਿਦਵਤਾ ਤੋਂ ਪ੍ਰਭਾਵਿਤ ਹੋਇਆ ਕਿ ਉਮਰ ਵਿਚ ਸਭ ਤੋਂ ਛੋਟਾ ਗਦਰੀ ਇੰਨੀ ਨਿਡਰਤਾ ਨਾਲ ਬਿਆਨ ਦੇਂਦਾ ਹੈ। ਸਰਾਭਾ ਨੇ ਕਿਹਾ ਕਿ ਮੈਨੂੰ ਆਪਣੇ ਦੇਸ਼ ਲਈ ਕੀਤੀ ਸੇਵਾ ਤੇ ਮਾਣ ਹੈ।

ਸੈਂਟਰਲ ਜੇਲ ਲਾਹੌਰ ਵਿਚ ਬੈਠੀ ਵਿਸ਼ੇਸ਼ ਅਦਾਲਤ ਨੇ 63 ਗਦਰੀਆਂ ਵਿਰੁਧ ਫੈਸਲਾ ਸੁਣਾਇਆ। ਸਰਾਭਾ ਸਾਢੇ ਉੱਨੀ ਸਾਲ ਦਾ ਸਭ ਤੋਂ ਛੋਟਾ ਸੀ। ਸਰਾਭਾ ਸਮੇਤ 24 ਗਦਰੀਆਂ ਨੂੰ ਫਾਂਸੀ ਦੀ ਸਜ਼ਾ ਸੁਣਾਈ। ਗਦਰੀਆਂ ਵਲੋਂ ਕੇਸ ਦੀ ਪੈਰਵੀ ਕਰ ਰਹੇ ਵਕੀਲ ਰਘੂਵਰ ਸਰਾਏ ਨੇ ਉਨਾਂ ਦੀ ਫਾਂਸੀ ਦਾ ਮੁੱਦਾ ਵਾਇਸਰਾਏ ਕੌਂਸਲ ਕੋਲ ਰੱਖਿਆ। ਕੌਂਸਲ ਦੇ ਮੈਂਬਰ ਸਰ ਅਲੀ ਇਮਾਮ ਨੇ 24 ਗਦਰੀਆਂ ਵਿਚੋਂ 17 ਦੀ ਫਾਂਸੀ ਦੀ ਸਜ਼ਾ ਤੋਂ ਸਜ਼ਾ ਏ ਕਾਲੇ ਪਾਣੀ ਕਰਾ ਦਿੱਤੀ। ਸਰਾਭਾ ਦੀ ਫਾਂਸੀ ਵੀ ਤੁੜਵਾਉਣ ਦੀ ਕੋਸ਼ਿਸ਼ ਕੀਤੀ। ਪਰ ਵਾਇਸਰਾਏ ਨੇ ਅਪੀਲ ਖਾਰਜ ਕਰ ਦਿੱਤੀ।

ਸਰਾਭਾ ਬਾਰੇ ਫੈਸਲਾ ਲਿਖਿਆ ਕਿ ਸਾਰੇ ਗਦਰੀਆਂ ਵਿਚੋਂ ਸਰਾਭਾ ਸਭ ਤੋਂ ਜ਼ਿਆਦਾ ਖਤਰਨਾਕ ਹੈ ਕਿ ਅਮਰੀਕਾ ਤੋਂ ਭਾਰਤ ਤੱਕ ਕੋਈ ਵੀ ਅਜੇਹੀ ਘਟਨਾ ਨਹੀਂ ਜਿਸ ਵਿਚ ਸਰਾਭਾ ਸ਼ਾਮਲ ਨਾ ਹੋਵੇ। ਇਹ ਰਹਿਮ ਦੇ ਕਾਬਿਲ ਨਹੀਂ। ਸਰਾਭਾ ਨੇ ਕਿਹਾ ਕਿ ਤੁਸੀਂ ਮੈਨੂੰ ਵੱਧ ਤੋਂ ਵੱਧ ਫਾਂਸੀ ਲਗਾ ਸਕਦੇ ਹੋ। ਜਿੰਨੀ ਜਲਦੀ ਮੈਨੂੰ ਫਾਂਸੀ ਲੱਗੇਗੀ, ਉਨੀ ਜਲਦੀ ਮੈਂ ਦੁਬਾਰਾ ਜਨਮ ਲੈ ਕੇ ਦੇਸ਼ ਦੀ ਸੇਵਾ ਲਈ ਵਾਪਸ ਆਵਾਂਗਾ। ਇਹੀ ਜਜ਼ਬਾ ਅੱਗੇ ਜਾ ਕੇ ਕ੍ਰਾਂਤੀਕਾਰਾਂ ਭਗਤ ਸਿੰਘ ਅਤੇ ਊਧਮ ਸਿੰਘ ਦੇ ਸੰਘਰਸ਼ ਦਾ ਮਾਰਗ ਦਰਸ਼ਨ ਬਣਿਆ। ਮੁਕੱਦਮੇ ਤੋਂ ਬਾਅਦ ਸਰਾਭਾ ਚੜਦੀ ਕਲਾ ਵਿਚ ਰਿਹਾ। ਉਸ ਦੀ ਕਵਿਤਾ ਦੇ ਬੋਲ ਹਨ :

ਖਾਤਰ ਵਤਨ ਦੀ ਲੱਗੇ ਹਾਂ ਚੜਨ ਫਾਂਸੀ
ਸਾਨੂੰ ਦੇਖ ਕੇ ਨਹੀਂ ਘਬਰਾ ਜਾਣਾ।
ਸਾਡੀ ਮੌਤ ਨੇ ਵਤਨ ਦੇ ਵਾਸੀਆਂ ਦੇ।
ਦਿਲੀਂ ਵਤਨ ਦਾ ਇਸ਼ਕ ਜਗਾ ਜਾਣਾ।

ਅਖ਼ੀਰ 16 ਨਵੰਬਰ 1915 ਨੂੰ ਸਾਢੇ ਉੱਨੀ ਸਾਲ ਦੀ ਉਮਰ ਵਿਚ ਕਰਤਾਰ ਸਿੰਘ ਸਰਾਭਾ ਨੂੰ ਉਨਾਂ ਦੇ ਛੇ ਸਾਥੀਆਂ ਬਖਸ਼ੀਸ਼ ਸਿੰਘ ਜ਼ਿਲਾ ਅੰਮ੍ਰਿਤਸਰ, ਜਗਤ ਸਿੰਘ ਜ਼ਿਲਾ ਲਾਹੌਰ, ਸੁਰੈਣ ਸਿੰਘ-1 ਅਤੇ ਸੁਰੈਣ ਸਿੰਘ-2 ਦੋਵੇਂ ਅੰਮ੍ਰਿਤਸਰ ਜ਼ਿਲੇ ਦੇ, ਵਿਸ਼ਣੂ ਗਣੇਸ਼ ਪਿੰਗਲੇ ਜ਼ਿਲਾ ਪੂਨਾ (ਮਹਾਰਾਸ਼ਟਰ) ਦੇ ਨਾਲ ਸੈਂਟਰਲ ਜੇਲ ਲਾਹੌਰ ਵਿਚ ਫਾਂਸੀ ਦੇ ਦਿੱਤੀ ਗਈ। ਸਰਾਭਾ ਦੀ ਆਖਰੀ ਖਾਹਿਸ਼ ਸੀ ਕਿ ਮੇਰੇ ਨਾਮ ਨਾਲ ਬਾਗੀ ਲਗਾਇਆ ਜਾਵੇ। ਬਾਗੀ ਸਰਾਭਾ ਨੇ ਜੇਲਰ ਨੂੰ ਆਖਿਆ ਕਿ ਜੇਲਰ ਸਾਹਿਬ ਯੇ ਮਤ ਸੋਚਨਾ ਕਿ ਬਾਗੀ ਕਰਤਾਰ ਸਿੰਘ ਮਰ ਜਾਏਗਾ, ਮੇਰੇ ਖ਼ੂਨ ਕੇ ਜਿਤਨੇ ਕਤਰੇ ਹੈਂ, ਉਤਨੇ ਕਰਤਾਰ ਸਿੰਘ ਔਰ ਪੈਦਾ ਹੋਂਗੇ। ਔਰ ਦੇਸ਼ ਕੀ ਅਜ਼ਾਦੀ ਕੇ ਲੀਏ ਕਾਮ ਕਰੇਂਗੇ। ਸਰਾਭਾ ਦੀ ਯਾਦ ਵਿਚ ਪਿੰਡ ਵਿਖੇ ਦੋ ਏਕੜ ਜਗਾ ਵਿਚ ਉਸ ਦਾ ਬੁੱਤ, ਲਾਇਬ੍ਰੇਰੀ ਅਤੇ ਪਾਰਕ ਹੈ।

ਅੰਤਿਕਾ : ਸੇਵਾ ਦੇਸ਼ ਦੀ ਜਿੰਦੜੀਏ ਬੜੀ ਔਖੀ, ਗੱਲਾਂ ਕਰਨੀਆਂ ਢੇਰ ਸੁਖੱਲੀਆਂ ਨੇ।
ਜਿਨਾਂ ਦੇਸ਼ ਦੀ ਸੇਵਾ ਵਿਚ ਪੈਰ ਪਾਇਆ ਉਨਾਂ ਲੱਖ ਮੁਸੀਬਤਾਂ ਝੱਲੀਆਂ ਨੇ-ਕਰਤਾਰ ਸਿੰਘ ਸਰਾਭਾ।

# ਸ਼ਾਂਤੀ ਦਾ ਗਵਾਹ ਮਲੇਰਕੋਟਲੇ ਦਾ ਇਤਿਹਾਸ

ਡਾਕਟਰ ਮੁਹੰਮਦ ਜਮੀਲ

ਬੀਤੇ ਦਿਨੀਂ ਪੰਜਾਬ ਸਰਕਾਰ ਵਲੋਂ ਈਦ ਦੇ ਪਵਿੱਤਰ ਮੌਕੇ 'ਤੇ ਮਲੇਰਕੋਟਲਾ ਨੂੰ ਪੰਜਾਬ ਦਾ 23ਵਾਂ ਜ਼ਿਲਾ ਬਣਾਉਣ ਦਾ ਰਸਮੀ ਐਲਾਨ ਕੀਤਾ ਗਿਆ ਹੈ। 5 ਜੂਨ ਨੂੰ ਇਸ ਦਾ ਡਿਜੀਟਲ ਉਦਘਾਟਨ ਕੀਤਾ ਜਾ ਰਿਹਾ ਹੈ। ਪੇਸ਼ ਹੈ ਚਰਚਾ ਵਿਚ ਆਏ ਇਸ ਮੁਸਲਿਮ ਬਹੁਗਿਣਤੀ ਆਬਾਦੀ ਵਾਲੇ, ਅਮਨ-ਸ਼ਾਂਤੀ, ਪਿਆਰ-ਮੁਹੱਬਤ ਤੇ ਆਪਸੀ ਭਾਈਚਾਰੇ ਦੀ ਮਿਸਾਲ ਰਹੇ ਇਸ ਸ਼ਹਿਰ ਦੇ ਇਤਿਹਾਸਕ, ਧਾਰਮਿਕ ਪਿਛੋਕੜ ਅਤੇ ਹੋਰ ਵੱਖ-ਵੱਖ ਪਹਿਲੂਆਂ ਉੱਤੇ ਰੋਸ਼ਨੀ ਪਾਉਂਦਾ ਲੇਖ।

ਰਿਕਾਰਡ ਅਨੁਸਾਰ ਮਲੇਰਕੋਟਲਾ ਦੀ ਨੀਂਹ 1454 ਈਸਵੀ ਵਿਚ ਸ਼ੇਖ਼ ਸਦਰ-ਉਦ-ਦੀਨ ਸਦਰ-ਏ-ਜਹਾਂ ਜਿਨਾਂ ਦਾ ਜਨਮ 1434 ਈ: ਨੂੰ ਅਫ਼ਗਾਨਿਸਤਾਨ ਦੇ ਦਰਬੰਦ ਵਿਖੇ ਹੋਇਆ ਸੀ, ਦੇ ਕਰ ਕਮਲਾਂ ਨਾਲ ਰੱਖੀ ਗਈ ਸੀ। ਜੋ ਅਫ਼ਗਾਨਿਸਤਾਨ ਤੋਂ ਇੱਥੇ ਆ ਕੇ ਵਸੇ ਸਨ। ਇਨਾਂ ਨੂੰ 57 ਪਿੰਡ ਤਿੰਨ ਲੱਖ ਰੁਪਏ ਜਾਗੀਰ ਵਜੋਂ ਬਹਿਲੋਲ ਲੋਧੀ ਨੇ ਅਨਾਇਤ ਕੀਤੇ ਸਨ। ਇਨਾਂ ਦੀ ਸ਼ਾਦੀ ਵੀ ਬਹਿਲੋਲ ਲੋਧੀ ਦੀ ਬੇਟੀ ਨਾਲ ਹੋਈ ਸੀ। ਮਲੇਰਕੋਟਲਾ ਨੂੰ 1656 ਈ: ਵਿਚ ਬਾਯਜ਼ੀਦ ਖ਼ਾਂ ਨੇ ਨਵੇਂ ਸਿਰੇ ਤੋਂ ਤਾਮੀਰ ਕਰਵਾਇਆ ਸੀ, ਜਿਸ ਨੂੰ ਅੱਜ ਕਲ ਟਾਊਨ ਆਫ਼ ਉਰਦੂ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਇਥੇ ਦੀ ਅਵਾਮ ਦੀ ਮਾਤਰ ਭਾਸ਼ਾ ਪੰਜਾਬੀ ਹੋਣ ਦੇ ਬਾਵਜੂਦ ਉਰਦੂ ਜ਼ਬਾਨ ਨੂੰ ਗਲੇ ਲਾਇਆ ਹੋਇਆ ਹੈ। 16ਵੀਂ ਸਦੀ ਤੱਕ ਪਹਿਲਾ ਨਾਂ ਕੋਟਲਾ ਮਲੇਰ ਪਰੰਤੂ ਬਾਯਜ਼ੀਦ ਖ਼ਾਂ (1600-1659) ਦੇ ਸਮੇਂ ਮਲੇਰਕੋਟਲਾ ਤਬਦੀਲ ਹੋ ਗਿਆ ਸੀ। ਮਲੇਰਕੋਟਲਾ ਨੂੰ ਰਿਆਸਤਾਂ ਵਿਚੋਂ 10ਵਾਂ ਦਰਜਾ ਹਾਸਲ ਸੀ। ਇਨਾਂ ਨਵਾਬਾਂ ਨੂੰ ਵਾਇਸਰਾਏ ਨਾਲ ਸਿੱਧੇ ਤੌਰ 'ਤੇ ਮਿਲਣ ਦਾ ਰੁਤਬਾ ਮਿਲਿਆ ਹੋਇਆ ਸੀ। ਇਸ ਰਿਆਸਤ ਦਾ 167 ਵਰਗ ਮੀਲ ਰਕਬਾ ਅਤੇ ਆਬਾਦੀ 71174, ਮਾਲੀਆ ਲਗਾਨ ਸਵਾ ਬਾਰਾਂ ਲੱਖ, ਫ਼ੌਜ ਇੰਪੀਰੀਅਲ, ਰਸਾਲੇ ਦੇ 54 ਜਵਾਨ, ਪਲਟਨ ਵਿਚ 600 ਜਵਾਨ, ਦੋ ਤੋਪਾਂ ਅਤੇ ਸਲਾਮੀ 11 ਟੋਪਾਂ ਦੀ ਹਾਸਲ ਸੀ।

2011 ਈ: ਦੀ ਮਰਦਮਸ਼ੁਮਰੀ ਅਨੁਸਾਰ ਮਲੇਰਕੋਟਲਾ ਦੀ ਆਬਾਦੀ 1,35,330 ਦੱਸੀ ਗਈ ਹੈ। ਸਾਖਰਤਾ ਦਰ 70.35 ਅਤੇ ਮੁਸਲਿਮ ਆਬਾਦੀ 55 ਪ੍ਰਤੀਸ਼ਤ ਹੈ। ਮਲੇਰਕੋਟਲਾ ਦੀਆਂ ਸੀਮਾਵਾਂ ਲੁਧਿਆਣਾ, ਪਟਿਆਲਾ, ਬਰਨਾਲਾ ਨਾਲ ਮਿਲਦੀਆਂ ਹਨ। ਹਜ਼ਰਤ ਸ਼ੇਖ਼ ਸਦਰ-ਇ-ਜਹਾਂ ਨੂੰ ਰੱਬ ਨੇ ਤਿੰਨ ਪੁੱਤਰਾਂ ਦੀ ਦਾਤ ਨਾਲ ਬਖ਼ਸ਼ਿਆ ਸੀ। ਬਾਯਜ਼ੀਦ ਦੇ ਪੁੱਤਰ ਸਿਲਸਿਲੇਵਾਰ ਗੱਦੀ 'ਤੇ ਬੈਠੇ ਤੇ ਆਲਮਗੀਰ ਸ਼ਹਿਨਸ਼ਾਹ ਨਾਲ ਬਿਹਾਰ ਦੀ ਲੜਾਈ ਵਿਚ ਵੀ ਸ਼ਾਮਿਲ ਹੋਏ ਸਨ। ਇਨਾਂ ਨੂੰ ਇਨਾਮ ਵਜੋਂ 70 ਪਿੰਡ ਮਿਲੇ। ਸ਼ੇਰਪੁਰ ਦਾ ਇਲਾਕਾ ਇਨਾਂ ਨੇ ਹੀ ਆਬਾਦ ਕੀਤਾ ਸੀ। ਜਦੋਂ ਸ਼ੇਰ ਮੁਹੰਮਦ ਖ਼ਾਂ ਦਾ ਇੰਤਕਾਲ ਹੋਇਆ ਉਸ ਵੇਲੇ ਇਨਾਂ ਦੇ ਈਸੜੂ, ਜਰਗ (ਲੁਧਿਆਣਾ), ਰੋਪੜ, ਖ਼ਿਜ਼ਰ ਆਬਾਦ (ਅੰਬਾਲਾ) ਖੁਮਾਣੋਂ, ਪਾਇਲ, ਢਮੋਟ, ਸ਼ੇਰ ਪੁਰ, ਬਾਲੀਆਂ, ਨੌਗਾਉਂ (ਪਟਿਆਲਾ) ਅਮਲੋਹ, ਕਪੂਰਗੜ (ਨਾਭਾ) ਤੇ ਮਲੇਰਕੋਟਲਾ ਆਦਿ ਇਲਾਕੇ ਕਬਜ਼ੇ ਅਧੀਨ ਸਨ। ਨਵਾਬ ਸ਼ੇਰ ਮੁਹੰਮਦ ਦੇ ਰਾਜ ਕਾਲ ਦਾ ਸੁਨਹਿਰਾ ਦੌਰ ਉਸ ਸਮੇਂ ਰਕਮ ਹੋਇਆ ਜਦੋਂ ਸਿੱਖ ਧਰਮ ਦੇ ਦਸਵੇਂ ਗੁਰੂ ਗੋਬਿੰਦ ਸਿੰਘ ਦੇ ਦੋ ਮਾਸੂਮ ਅਤੇ ਬੇਕਸੂਰ ਬੱਚਿਆਂ ਨੂੰ ਸਰਹਿੰਦ ਦੀਆ ਦੀਵਾਰਾਂ ਵਿਚ ਜ਼ਿੰਦਾ ਚਿਣਵਾਇਆ ਜਾ ਰਿਹਾ ਸੀ ਤਾਂ ਉਸ ਸਮੇਂ ਨਵਾਬ ਸ਼ੇਰ ਮੁਹੰਮਦ ਖ਼ਾਂ ਨੇ ਸੂਬਾ ਸਰਹਿੰਦ ਦੀ ਭਰੀ ਕਚਹਿਰੀ ਵਿਚ ਹਾਅ ਦਾ ਨਾਅਰਾ ਮਾਰਿਆ ਤੇ ਸਮੇਂ ਦੀ ਸਰਕਾਰ ਨੂੰ ਅਹਿਸਾਸ ਕਰਵਾਇਆ ਕਿ ਇਹ ਕੰਮ ਗ਼ੈਰ-ਇਸਲਾਮੀ ਅਤੇ ਗ਼ੈਰ-ਇਨਸਾਨੀ ਹੈ। ਇਹੋ ਨਹੀਂ ਬਲਕਿ ਕੇਂਦਰ ਸਰਕਾਰ ਨੂੰ ਵੀ ਪੁਰਜ਼ੋਰ ਸਿਫ਼ਾਰਸ਼ ਸਹਿਤ ਫ਼ਾਰਸੀ ਵਿਚ ਖ਼ਤ ਲਿਖਿਆ ਜਿਵੇਂ ਲਿਖਦੇ ਹਨ:-

'ਆਲੀ ਜਾਹ! ਕੀ ਸੂਬੇਦਾਰ ਸਰਹਿੰਦ ਨੂੰ ਕਿਸੇ ਤਰਾਂ ਦਾ ਅਧਿਕਾਰ ਹੈ ਕਿ ਉਹ ਗੁਰੂ ਗੋਬਿੰਦ ਸਿੰਘ ਜੀ ਦੀਆਂ ਹੁਕਮ ਅਦੂਲੀਆਂ ਦੀ ਸਜ਼ਾ ਉਨਾਂ ਦੇ ਮਾਸੂਮ ਬੱਚਿਆਂ ਨੂੰ ਦੇ ਦੇਵੇ? ਕੇਵਲ ਇਸ ਲਈ ਕਿ ਉਹ ਉਨਾਂ ਦੇ ਬੱਚੇ ਹਨ ਅਤੇ



ਉਨਾਂ ਨੂੰ ਜ਼ਿੰਦਾ ਦੀਵਾਰ ਵਿਚ ਚਿਣਵਾ ਦੇਵੇ, ਏਥੋਂ ਤੀਕ ਕਿ ਉਹ ਆਪਣੀ ਜਾਨ ਤੋਂ ਹੱਥ ਧੋ ਬੈਠਣ।'

ਨਵਾਬ ਸ਼ੇਰ ਮੁਹੰਮਦ ਖ਼ਾਂ ਸਿਰਫ਼ ਨਾਂ ਦਾ ਹੀ ਸ਼ੇਰ ਨਹੀਂ ਬਲਕਿ ਕੰਮ ਦਾ ਵੀ ਸ਼ੇਰ ਸੀ। ਨਵਾਬ ਸ਼ੇਰ ਮੁਹੰਮਦ ਖ਼ਾਂ ਦੇ ਅੱਠ ਪੁੱਤਰ ਸਨ। 1809 ਈ: ਵਿਚ ਗੱਦੀ ਸਾਂਭਣ ਦਾ ਫ਼ੈਸਲਾ ਵਜ਼ੀਰ ਖ਼ਾਂ ਦੇ ਹੱਕ ਵਿਚ ਹੋਇਆ ਸੀ। ਹੁਣ ਇਸ ਰਿਆਸਤ ਦਾ ਕੰਟਰੋਲ ਅੰਗਰੇਜ਼ ਸਿਆਸਤ ਕੋਲ ਚਲਿਆ ਗਿਆ ਸੀ। ਵਜ਼ੀਰ ਖ਼ਾ ਨੇ ਅੰਗਰੇਜ਼ ਸਰਕਾਰ ਨਾਲ ਨੇੜਤਾ ਵਧਾਈ ਤਾਂ ਜੋ ਰਿਆਸਤ ਨੂੰ ਸੁਖਾਂਵੇਂ ਢੰਗ ਨਾਲ ਚਲਾਇਆ ਜਾ ਸਕੇ। ਇਨਾਂ ਨੂੰ ਵੀ ਉਮਰ ਨੇ ਵਫ਼ਾ ਨਹੀਂ ਕੀਤੀ ਆਖ਼ਰ 1821 ਈ: ਵਿਚ ਇਸ ਦੁਨੀਆ ਤੋਂ ਟੁਰ ਗਏ। **1821** ਈ: ਵਿਚ ਅਮੀਰ ਅਲੀ ਖ਼ਾਂ ਨਵਾਬ ਮਲੇਰਕੋਟਲਾ ਬਣਾਏ ਗਏ। ਇਨਾਂ ਦੀ ਬੇ-ਮਿਸਾਲ ਸੇਵਾ ਨੂੰ ਵੇਖਦਿਆ ਅੰਗਰੇਜ਼ ਸਰਕਾਰ ਨੇ 'ਨਵਾਬ' ਅਤੇ 'ਹਿਜ਼ ਹਾਈਨੈੱਸ' ਦੇ ਖ਼ਿਤਾਬ ਨਾਲ ਨਿਵਾਜ਼ਿਆ। ਨਵਾਬ ਮਹਿਬੂਬ ਅਲੀ ਖ਼ਾਂ ਦੇ ਦੌਰ ਵਿਚ 1857 ਈ: ਦਾ ਗ਼ਦਰ ਹੋਇਆ। ਇਸੇ ਦੌਰਾਨ ਇਹ ਵੀ ਇਸ ਜਹਾਨ ਤੋਂ ਟੁਰ ਗਏ। ਇਨਾਂ ਤੋਂ ਬਾਅਦ ਸਿਕੰਦਰ ਅਲੀ ਖ਼ਾਂ ਰਿਆਸਤ ਮਲੇਰਕੋਟਲਾ ਦੇ ਨਵਾਬ ਬਣੇ। ਇਨਾਂ ਦੇ ਰਾਜਕਾਲ ਵਿਚ ਡੀ. ਸੀ. ਲੁਧਿਆਣਾ ਇਥੇ ਆਏ ਅਤੇ ਮਲੇਰਕੋਟਲਾ ਲੁਧਿਆਣਾ ਰੋਡ ਤਾਮੀਰ ਕਰਵਾਈ ਗਈ। ਸ਼ਹਿਰ ਦੀ ਵੱਡੀ ਤੇ ਛੋਟੀ ਈਦਗਾਹ ਦੀ ਤਾਮੀਰ ਵੀ ਇਨਾਂ ਨੇ ਕਰਵਾਈ ਸੀ। ਜਾਮਾ ਮਸਜਿਦ ਨੂੰ ਮੁਕੰਮਲ ਇਨਾਂ ਨੇ ਹੀ ਕਰਵਾਇਆ ਸੀ। 1871 ਈ: ਵਿਚ ਨਵਾਬ ਸਿਕੰਦਰ ਅਲੀ ਖ਼ਾਂ ਦੇ ਮਰਨ ਤੋਂ ਪਹਿਲਾਂ ਦਿਲਾਵਰ ਅਲੀ ਖ਼ਾਂ ਪੁੱਤਰ ਇਬਰਾਹੀਮ ਅਲੀ ਖ਼ਾਂ ਨੂੰ ਉੱਤਰ ਅਧਿਕਾਰੀ ਥਾਪਿਆ ਗਿਆ। 1903 ਈ: ਵਿਚ ਇਬਰਾਹੀਮ ਅਲੀ ਖ਼ਾਂ ਦੇ ਦੂਜੇ ਪੁੱਤਰ ਅਹਿਮਦ ਅਲੀ ਖ਼ਾਂ ਨੂੰ ਰਿਆਸਤ ਦਾ ਨਵਾਬ ਬਣਾਇਆ ਗਿਆ। 1908 ਈ: ਵਿਚ ਇਬਰਾਹੀਮ ਅਲੀ ਖ਼ਾ ਦਾ ਇੰਤਕਾਲ ਹੋ ਗਿਆ ਸੀ ਜਿਸ ਕਾਰਨ ਨਵਾਬ ਅਹਿਮਦ ਅਲੀ ਖ਼ਾਂ ਨੂੰ ਪੂਰਨ ਤੌਰ 'ਤੇ ਨਵਾਬੀ ਦੇ ਅਧਿਕਾਰ ਮਿਲ ਗਏ ਸਨ। ਅੰਗਰੇਜ਼ਾਂ ਵਲੋਂ ਇਨਾਂ ਨੂੰ ਕੇ. ਸੀ. ਐਸ. ਆਈ. ਅਤੇ ਕੇ. ਸੀ. ਆਈ. ਈ. ਜਿਹੀਆਂ ਅਨੇਮ ਪਦਵੀਆਂ ਦਿੱਤੀਆਂ ਗਈਆਂ ਸਨ। ਰਿਆਸਤ ਦੇ ਸਿੱਕੇ 'ਤੇ ਆਪਣਾ ਨਾਂ ਲਿਖਣ ਦਾ ਅਧਿਕਾਰ ਪ੍ਰਾਪਤ ਹੋਇਆ ਸੀ। ਇਨਾਂ ਨੇ ਸ਼ਹਿਰ ਦੀ ਉੱਨਤੀ ਅਤੇ ਇੰਡਸਟਰੀ ਵੱਲ ਖ਼ਾਸ ਧਿਆਨ ਦਿੱਤਾ ਸੀ। ਪੁਲਿਸ ਅਤੇ ਕਚਹਿਰੀ ਦੇ ਨਿਜ਼ਾਮ ਨੂੰ ਨਵੀਨ ਢੰਗ ਨਾਲ ਨਜਿੱਠਿਆ ਗਿਆ। ਮੁਬਾਰਕ ਮੰਜ਼ਿਲ ਜਿਸ ਨੂੰ ਸਮੇਂ ਦੇ ਸਿਰਕੱਢ ਨਕਸ਼ਾ ਨਵੀਸ ਰਾਹੀਂ ਮੁਕੰਮਲ ਕਰਵਾਇਆ ਅਤੇ ਮੋਤੀ ਬਾਜ਼ਾਰ, ਲਾਲ ਬਾਜ਼ਾਰ, ਸਦਰ ਬਾਜ਼ਾਰ, ਸਰਕਾਰੀ ਸਕੂਲ ਦਿੱਲੀ ਗੇਟ ਅਤੇ ਸਰਕਾਰੀ ਕਾਲਜ ਮਲੇਰਕੋਟਲਾ ਆਦਿ ਮਨਮੋਹਣੀਆਂ ਇਮਾਰਤਾਂ ਇਨਾਂ ਨੇ ਹੀ ਤਾਮੀਰ ਕਰਵਾਈਆਂ ਸਨ ਜੋ ਸਮੇਂ ਦੀ ਲਾ-ਪ੍ਰਵਾਹੀ ਦਾ ਸ਼ਿਕਾਰ ਹੋ ਰਹੀਆਂ ਹਨ। 1915 ਈ: ਵਿਚ ਅੰਗਰੇਜ਼ਾਂ ਵਲੋਂ ਮਲੇਰਕੋਟਲਾ ਨੂੰ ਸਟੇਟ ਆਫ਼



ਇੰਡੀਆ ਦਾ ਦਰਜਾ ਦੇ ਦਿੱਤਾ ਗਿਆ ਸੀ। 1947 ਈ: ਦੀ ਮੰਦਭਾਗੀ ਘਟਨਾ ਨੇ ਨਵਾਬ ਮਲੇਰਕੋਟਲਾ ਅਤੇ ਇੱਥੇ ਵਸਦੀ ਜਨਤਾ 'ਤੇ ਗਹਿਰਾ ਪ੍ਰਭਾਵ ਛੱਡਿਆ। ਇੱਥੇ ਇਹ ਗੱਲ ਕਾਬਿਲ-ਏ-ਜ਼ਿਕਰ ਹੈ ਕਿ ਜਦੋਂ ਪੂਰੇ ਪੰਜਾਬ ਨੂੰ ਫ਼ਿਰਕੂ ਦੰਗਿਆਂ ਨੇ ਆਪਣੀ ਲਪੇਟ 'ਚ ਲੈ ਲਿਆ ਸੀ ਪ੍ਰੰਤੂ ਸਰ ਜ਼ਮੀਨ-ਏ-ਮਲੇਰਕੋਟਲਾ ਅਮਨ-ਸ਼ਾਂਤੀ ਦਾ ਗਹਿਵਾਰਾ ਬਣੀ ਰਹੀ। ਇਸ ਦਾ ਕਾਰਨ ਨਵਾਬ ਮਲੇਰਕੋਟਲਾ ਦੇ ਛੋਟੇ ਸਾਹਿਬਜ਼ਾਦਿਆਂ ਲਈ ਮਾਰਿਆ ਹਾਅ ਦਾ ਨਾਅਰਾ ਵੀ ਹੋ ਸਕਦਾ ਹੈ। ਨਵਾਬ ਮਲੇਰਕੋਟਲਾ ਇਸ ਅਸਹਿ ਦੁੱਖ ਨੂੰ ਨਾ ਸਹਾਰਦੇ ਹੋਏ ਇੰਤਕਾਲ ਕਰ ਗਏ। ਇਸ ਪਿੱਛੋਂ ਨਵਾਬ ਇਫ਼ਤਿਖ਼ਾਰ ਅਲੀ ਖ਼ਾਂ ਜੋ ਯੂਰਪ ਤੋਂ ਪੜ ਕੇ ਆਏ ਸਨ, ਨਵਾਬ ਬਣੇ। ਹਾਲਾਤ ਖ਼ਰਾਬ ਹੋ ਗਏ। ਰਿਆਸਤਾਂ ਟੁੱਟ ਗਈਆਂ ਸਨ। ਇਨਾਂ ਨੇ ਸਮਝਦਾਰੀ ਕੀਤੀ ਅਤੇ ਆਪਣੇ ਸਾਰੇ ਨਵਾਬੀ ਅਧਿਕਾਰ ਤਿਆਗ ਦਿੱਤੇ। 20 ਅਗਸਤ 1948 ਈ: ਨੂੰ ਰਿਆਸਤ ਦਾ ਸਾਰਾ ਨਿਜ਼ਾਮ ਪੈਪਸੂ ਦੇ ਅਧੀਨ ਆ ਗਿਆ ਸੀ। 1952 ਅਤੇ 1954 ਈ: ਵਿਚ ਸ਼ੇਰਵਾਨੀ ਖ਼ਾਨਦਾਨ ਦਾ ਚਮਕਦਾ ਚਿਰਾਗ਼ ਨਵਾਬ ਇਫ਼ਤਿਖ਼ਾਰ ਅਲੀ ਖ਼ਾਂ ਨੂੰ ਚੋਣਾਂ ਵਿਚ ਸ਼ਾਨਦਾਰ ਜਿੱਤ ਪ੍ਰਾਪਤ ਹੋਈ। ਇਨਾਂ ਤੋਂ ਬਾਅਦ ਬੇਗਮ ਯੁਸੂਫ਼ ਜ਼ਮਾ ਅਤੇ ਸਾਜਿਦਾ ਬੇਗਮ ਸਾਹਿਬਾ ਮਲੇਰਕੋਟਲਾ ਦੀਆਂ ਐਮ.ਐਲ. ਏ. ਬਣੀਆਂ ਸਨ। ਨਵਾਬ ਇਫ਼ਤਿਖ਼ਾਰ ਖ਼ਾਂ ਅੰਤ 20 ਨਵੰਬਰ 1982 ਈ: ਨੂੰ ਹਮੇਸ਼ਾ ਲਈ ਬੁਝ ਗਿਆ। ਡਾ: ਇਕਬਾਲ ਨੇ ਕਿਹਾ ਸੀ:-

**ਹੁਏ ਨਾਮਵਰ ਬੇ-ਨਿਸ਼ਾਂ ਕੈਸੇ ਕੈਸੇ**
**ਜ਼ਮੀਂ ਖਾ ਗਈ ਆਸਮਾਂ ਕੈਸੇ ਕੈਸੇ।**

ਹੁਣ ਬੇਗਮ ਮੁਨੱਵਰ-ਉਨ-ਨਿਸਾ ਉਮਰ ਦੇ ਆਖ਼ਰੀ ਪੜਾਅ ਵਿਚ ਜ਼ਿੰਦਗੀ ਬਤੀਤ ਕਰ ਰਹੀ ਹੈ। ਮਲੇਰਕੋਟਲਾ ਵਿਚ ਜਨਾਬ ਗੁਰਨਾਮ ਸਿੰਘ ਜੋ ਲਾਅ ਗਰੇਜੂਏਟ ਸਨ, ਨੂੰ ਪਹਿਲਾ ਮੈਜਿਸਟ੍ਰੇਟ ਤਾਇਨਾਤ ਕੀਤਾ ਗਿਆ ਸੀ। ਅਬਦੁਲ ਗ਼ਫ਼ੂਰ ਨੇ ਨਾਭਾ, ਸੰਗਰੂਰ ਅਤੇ ਬਠਿੰਡਾ ਵਿਖੇ ਬਤੌਰ ਮੈਜਿਸਟ੍ਰੇਟ ਸੇਵਾ ਨਿਭਾਈ। ਇਥੇ ਪਰਜਾਪੱਤ ਲਹਿਰ ਦੀ ਵੀ ਅਹਿਮ ਭੂਮਿਕਾ ਰਹੀ ਹੈ।

ਇੱਥੇ ਦੀਆ ਤਾਰੀਖ਼ੀ ਇਮਾਰਤਾਂ ਵਿਚੋਂ ਮੋਤੀ ਬਾਜ਼ਾਰ 1903 ਈ, ਜੈਪੁਰ ਦੇ ਖ਼ੂਬਸੂਰਤ ਤਰਜ਼ 'ਤੇ ਬਣਵਾਇਆ ਗਿਆ ਸੀ, ਇਥੇ ਲਾਲ ਬਾਜ਼ਾਰ, ਸਦਰ ਬਾਜ਼ਾਰ, ਲੋਹਾ ਬਾਜ਼ਾਰ, ਬਾਂਸ ਬਜ਼ਾਰ, ਸੱਟਾ ਬਜ਼ਾਰ ਹਨ। ਇਸ ਸ਼ਹਿਰ ਦੇ ਸੱਤ ਦਰਵਾਜ਼ੇ ਜਿਵੇ ਸ਼ੇਰਵਾਨੀ ਗੇਟ, ਸੁਨਾਮੀ ਗੇਟ, ਦਿੱਲੀ ਗੇਟ, ਸਰਹਿੰਦੀ ਗੇਟ, ਮੰਡੀ ਗੇਟ, ਮਲੇਰੀ ਗੇਟ, ਢਾਬੀ ਗੇਟ ਹਨ। ਕਿਲਾ ਰਹਿਮਤ ਗੜ, ਜਾਮਾ ਮਸਜਿਦ, ਈਦ ਗਾਹ, ਦੀਵਾਨ ਖ਼ਾਨਾ ਸ਼ੀਸ਼ ਮਹਿਲ ਜੋ ਸਿਕੰਦਰ ਅਲੀ ਖ਼ਾਂ ਨੇ 1857 ਈ: ਵਿਚ ਬਣਵਾਇਆ ਸੀ, ਮੁਬਾਰਕ ਮੰਜ਼ਿਲ, ਦਰਗਾਹ ਬਾਬਾ ਸ਼ੇਖ਼ ਸਦਰ-ਉਦ-ਦੀਨ ਆਦਿ ਮਸ਼ਹੂਰ ਇਮਾਰਤਾਂ ਹਨ। 1901 ਈ: ਵਿਚ ਲੁਧਿਆਣਾ-ਮਲੇਰਕੋਟਲਾ ਰੇਲਵੇ ਲਾਈਨ ਵਿਛਾਈ ਗਈ। ਸ਼ਹਿਰ ਦੁਆਲੇ ਬਣੀ ਡੇਢ ਗਜ਼ ਚੌੜੀ ਫ਼ਸੀਲ 1657 ਈ: ਵਿਚ ਬਾਯਜ਼ੀਦ ਖ਼ਾਂ ਨੇ ਬਣਵਾਈ ਸੀ। ਬਹੁਤ ਮਿਹਨਤ ਅਤੇ ਮੁਸ਼ੱਕਤ ਨਾਲ ਬਣੀਆਂ ਇਹ ਸੁੰਦਰ ਇਮਾਰਤਾਂ ਸਰਕਾਰ ਅਤੇ ਅਵਾਮ ਦੀ ਬੇਧਿਆਨੀ ਕਰਕੇ ਖੰਡਰ ਬਣਨ ਲਈ ਤਿਆਰ ਹਨ। ਕੂਕਾ ਸਮਾਰਕ, ਗੁਰੂਦੁਆਰਾ ਹਾਅ ਦਾ ਨਾਅਰਾ, ਗੁਰੂਦੁਆਰਾ ਸ਼ਹੀਦਾਂ ਜਿਸ ਨੂੰ ਨਵਾਬ ਇਫ਼ਤਿਖ਼ਾਰ ਅਲੀ ਖ਼ਾਂ ਨੇ 25 ਬੀਘੇ ਜ਼ਮੀਨ ਦਾਨ ਕੀਤੀ ਅਤੇ ਕਾਲੀ ਮਾਤਾ ਮੰਦਿਰ ਆਦਿ ਧਾਰਮਿਕ ਇਮਾਰਤਾਂ ਗੰਗਾ ਜਮਨੀ ਤਹਿਜ਼ੀਬ ਦੀ ਬਿਹਤਰੀਨ ਮਿਸਾਲਾਂ ਪੇਸ਼ ਕਰਦੀਆਂ ਹਨ।

ਮਸ਼ਹੂਰ ਵਿੱਦਿਅਕ ਅਦਾਰਿਆਂ ਵਿਚੋਂ ਇਸਲਾਮੀਆ ਸੀ. ਸੈ. ਸਕੂਲ, ਐਸ. ਡੀ. ਪੀ. ਪੀ. ਹਾਈ ਸਕੂਲ, ਜੈਨ ਹਾਈ ਸਕੂਲ, ਸਰਕਾਰੀ ਹਾਈ ਸਕੂਲ ਦਿੱਲੀ ਗੇਟ, ਅਹਿਲ-ਏ-ਹਦੀਸ ਸਕੂਲ ਮੋਤੀ ਬਾਜ਼ਾਰ ਤੋਂ ਇਲਾਵਾ ਅਲ ਫ਼ਲਾਹ ਸੀ. ਸੈ. ਸਕੂਲ, ਸਾਹਿਬਜ਼ਾਦਾ ਫ਼ਤਹਿ ਸਿੰਘ ਸੀ. ਸੈ. ਸਕੂਲ, ਸੀਤਾ ਗ੍ਰਾਮਰ ਸੀ. ਸੈ. ਸਕੂਲ, ਦਾ ਟਾਊਨ ਸਕੂਲ, ਸਰਕਾਰੀ ਕਾਲਜ, ਆਰ. ਡੀ. ਜੈਨ ਕਾਲਜ, ਇਸਲਾਮੀਆ ਗਰਲਜ਼ ਕਾਲਜ ਅਤੇ ਨਵਾਬ ਸ਼ੇਰ ਮੁਹੰਮਦ ਖ਼ਾਂ ਇੰਸਟੀਚਿਊਟ ਆਫ਼ ਪੰਜਾਬੀ ਯੂਨੀਵਰਸਿਟੀ, ਪੰਜਾਬ ਉਰਦੂ ਅਕਾਦਮੀ ਆਦਿ ਆਪਣੀ ਇਲਮੀ ਹੋਂਦ ਦਾ ਇਜ਼ਹਾਰ ਕਰ ਰਹੀਆਂ ਹਨ। ਇਨਾਂ ਤੋਂ ਇਲਾਵਾ ਕੁਝ ਅਜਿਹੇ ਤਾਲੀਮੀ ਅਦਾਰੇ ਹਨ ਜੋ ਜਨਮ ਲੈਣ ਤੋਂ ਬਾਅਦ ਆਖ਼ਰੀ ਸਾਹਾਂ 'ਤੇ ਹਨ।

ਉਰਦੂ ਸਾਹਿਤ ਨੂੰ ਪ੍ਰਫੁਲਿਤ ਕਰਨ ਲਈ 1940 ਈ: ਵਿਚ ਬਜ਼ਮ-ਏ-ਤਰੱਕੀ-ਏ ਅਦਬ ਵਜੂਦ ਵਿਚ ਆਈ। ਡਾ. ਨਰੇਸ਼ ਨੇ 1965 ਈ: ਵਿਚ ਅੰਜੁਮਨ-ਏ-ਪੰਜਾਬ ਕਾਇਮ ਕੀਤੀ। ਬਜ਼ਮ-ਏ-ਕਮਾਲ, ਇਲਮੀ ਮਜਲਿਸ, ਮਜਲਿਸ-ਏ-ਇਲਮ-ਓ-ਅਦਬ, ਹਮ ਅਸਰ ਪੰਜਾਬ, ਅਲ ਕਲਮ, ਅਫ਼ਸਾਨਾ ਕਲੱਬ, ਮਕਤਬਾ ਗੁਲਜ਼ਾਰ-ਏ-ਇਸਮਾਈਲ, ਪੰਜਾਬੀ ਇਸਲਾਮਿਕ ਪਬਲੀਕੇਸ਼ਨਜ਼, ਜਾਮੀਆ ਦਾਰ-ਉਸ-ਸਲਾਮ, ਨੰਦਨ ਪਬਲੀਕੇਸ਼ਨਜ਼, ਇਕਰਾ ਪਬਲੀਕੇਸ਼ਨਜ਼ ਤੋਂ ਇਲਾਵਾ ਬਰਾੜ ਐਂਡ ਸੰਨਜ਼ ਆਦਿ ਸਾਹਿਤ ਦੇ ਖੇਤਰ ਵਿਚ ਪ੍ਰਸਿੱਧ ਵਿੱਦਿਅਕ ਅੰਜੁਮਨਾਂ ਹਨ। ਸ਼ਹਿਰ ਵਿਚ ਨਸ਼ਾ-ਪੱਤਾ, ਲੜਾਈ-ਝਗੜਾ, ਮਾਰ-ਕੁਟਾਈ, ਜੂਆ-ਸੱਟਾ ਜ਼ੋਰਾਂ 'ਤੇ ਹੈ। ਅਜਿਹੀ ਹਾਲਤ ਵਿਚ ਜਨਤਾ ਦੇ ਸਿਰ 'ਤੇ ਨਰਮੀ ਦਾ ਹੱਥ ਰੱਖਣ ਵਾਲਾ ਸਿਆਸੀ ਜਾਂ ਮਜ਼ਬੀ ਰਹਿਨੁਮਾ ਕੋਈ ਨਹੀਂ। ਵੋਟਾਂ ਲੈ ਕੇ ਕਿਸੇ ਵੱਡੇ ਸ਼ਹਿਰ ਵਿਚ ਜ਼ਿੰਦਗੀ ਗੁਜ਼ਾਰਨਾ ਸਿਆਸੀ ਲੀਡਰਾਂ ਦਾ ਵਤੀਰਾ ਬਣ ਚੁੱਕਿਆ ਹੈ। ਸ਼ਹਿਰ ਦੀ ਨੋਕ ਪਲਕ ਦਰੁਸਤ ਕਰਨ ਵਿਚ ਮਰਹੂਮ ਸਾਜਿਦਾ ਬੇਗਮ, ਮਰਹੂਮ ਅਨਵਾਰ ਅਹਿਮਦ ਖ਼ਾਂ, ਮਰਹੂਮ ਨੁਸਰਤ ਅਲੀ ਖ਼ਾਂ ਅਤੇ ਚੌਧਰੀ ਅਬਦੁਲ ਗ਼ੱਫ਼ਾਰ ਦੀ ਅਹਿਮ ਭੂਮਿਕਾ ਰਹੀ ਹੈ। ਨੌਜਵਾਨਾਂ ਵਿਚ ਕਾਬਲੀਅਤ ਬਹੁਤ ਹੈ ਪ੍ਰੰਤੂ ਰਹਿਨੁਮਾਈ ਦੀ ਘਾਟ ਹੈ। ਖੇਡ ਦੇ ਹਰ ਈਵੈਂਟ ਵਿਚ ਇਥੇ ਦੇ ਖਿਡਾਰੀ ਕੌਮੀ ਅਤੇ ਕੌਮਾਂਤਰੀ ਪੱਧਰ ਤੱਕ ਖੇਡ ਚੁੱਕੇ ਹਨ। ਅੰਤ ਵਿਚ ਮੇਰੀ ਦੁਆ ਹੈ ਕਿ ਇਹ ਅਮਨ-ਸ਼ਾਂਤੀ, ਪਿਆਰ-ਮੁਹੱਬਤ, ਆਪਸੀ ਭਾਈਚਾਰੇ ਦਾ ਸ਼ਹਿਰ ਹਮੇਸ਼ਾ ਵਧਦਾ-ਫੁੱਲਦਾ ਰਹੇ। ਸ਼ਾਇਰ ਲਿਖਦਾ ਹੈ:-

ਫਲਾ ਫੂਲਾ ਰਹੇ ਯਾ ਰੱਬ ਯੇ ਚਮਨ ਮੇਰੀ ਉਮੀਦੋਂ ਕਾ,
ਜਿਗਰ ਕਾ ਖ਼ੂਨ ਦੇ ਦੇ ਕਰ ਯੇ ਬੂਟੇ ਮੈਨੇ ਪਾਲੇ ਹੈਂ।

ਸ਼ਹੀਦ ਜਸਵੰਤ ਸਿੰਘ ਖਾਲੜਾ ਦੀ ਰਾਜਸੀ ਵਿਚਾਰਧਾਰਾ ਤੇ ਬੌਧਿਕ ਪ੍ਰਤਿਭਾ ਬਾਰੇ ਅਣਗੌਲੇ ਸੱਚ ਨੂੰ ਉਜਾਗਰ ਕਰਦੀ ਪੁਸਤਕ

ਜਿਸ ਵਿਚ ਖਾੜਕੂ ਲਹਿਰ, ਖਾਲਿਸਤਾਨ ਤੇ 1992 ਦੀਆਂ ਚੋਣਾਂ ਬਾਰੇ ਸ਼ਹੀਦ ਖਾਲੜਾ ਦੇ ਸਿਧਾਂਤਕ ਨਜ਼ਰੀਏ ਸਮੇਤ ਉਸ ਦੇ ਸ਼ਹਾਦਤ ਦੇ ਸਫਰ ਤੇ ਦ੍ਰਿੜ੍ਹ ਸੰਕਲਪ ਦੀ ਸਿਧਾਂਤਕ ਵਿਆਖਿਆ ਕੀਤੀ ਗਈ ਹੈ






ਅਜਮੇਰ ਸਿੰਘ

## ਗੁਰੂ ਹਰਗੋਬਿੰਦ ਸਾਹਿਬ ਦੇ ਪ੍ਰਕਾਸ਼ ਦਿਵਸ ’ਤੇ ਵਿਸ਼ੇਸ਼

# ਛਟਮ ਪੀਰ ਬੈਠਾ ਗੁਰ ਭਾਰੀ

**ਰਮੇਸ਼ ਬੱਗਾ ਚੋਹਲਾ**

ਪੰਜਵੇਂ ਨਾਨਕ ਸਾਹਿਬ ਗੁਰੂ ਅਰਜਨ ਦੇਵ ਜੀ ਤੱਕ ਸਿੱਖ ਧਰਮ ਸ਼ਾਂਤਮਈ ਕਦਰਾਂ-ਕੀਮਤਾਂ ਦੀ ਡਟ ਕੇ ਪਹਿਰੇਦਾਰੀ ਕਰਦਾ ਰਿਹਾ ਅਤੇ ਰਾਜਸੀ ਅਤਿਆਚਾਰ ਨੂੰ ਵੀ ਠੱਲ ਪਾਉਣ ਲਈ ਸ਼ਹੀਦੀਆਂ ਦਿੱਤੀਆਂ। ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਉਪਰੰਤ ਸਿੱਖ ਧਰਮ ਇਕ ਨਿਵੇਕਲੇ ਤੇ ਕ੍ਰਾਂਤੀਕਾਰੀ ਮੋੜ ਵੱਲ ਮੁੜਿਆ, ਜਿਸ ਨੂੰ ਭਾਈ ਗੁਰਦਾਸ ਜੀ ਨੇ ਇੰਜ ਬਿਆਨਿਆ ਹੈ :

**ਪੰਜ ਪਿਆਲੇ ਪੰਜ ਪੀਰ ਛਟਮ ਪੀਰ ਬੈਠਾ ਗੁਰ ਭਾਰੀ॥**
**ਅਰਜਨ ਕਾਇਆ ਪਲਟ ਕੈ ਮੂਰਤ ਹਰਿਗੋਬਿੰਦ ਸਵਾਰੀ॥**
**ਚਲੀ ਪੀੜੀ ਸੋਢੀਆਂ ਰੂਪ ਦਿਖਾਵਨ ਵਾਰੋ ਵਾਰੀ॥**
**ਦਲ ਭੰਜਨ ਗੁਰ ਸੂਰਮਾ ਵਡ ਜੋਧਾ ਬਹੁ ਪਰਉਪਕਾਰੀ॥**

ਮੀਰੀ ਅਤੇ ਪੀਰੀ ਦੇ ਸਿਧਾਂਤ ਨੂੰ ਲਾਗੂ ਕਰਨ ਦਾ ਮਾਣ ਛੇਵੇਂ ਗੁਰੂ ਹਰਗੋਬਿੰਦ ਸਾਹਿਬ ਦੇ ਹੀ ਹਿੱਸੇ ਆਉਂਦਾ ਹੈ। ਇਸ ਸਿਧਾਂਤ ਨੂੰ ਅਮਲੀ ਜਾਮਾ ਪਹਿਨਾ ਕੇ ਜਿਥੇ ਛੇਵੇਂ ਪਾਤਸ਼ਾਹ ਨੇ ਗੁਰੂ ਨਾਨਕ ਦੇਵ ਜੀ ਦੇ ਫਲਾਸਫ਼ੇ ਦੀ ‘ਸੰਤ ਬਲ’ ਅਤੇ ‘ਰਾਜ ਬਲ’ ਨਾਲ ਸਾਂਝ ਪੁਆਈ, ਉੱਥੇ ਸੰਤਾਂ ਨੂੰ ਸਿਪਾਹੀ ਵਾਲਾ ਮੁਹਾਂਦਰਾ ਵੀ ਪ੍ਰਦਾਨ ਕੀਤਾ।

ਗੁਰੂ ਹਰਗੋਬਿੰਦ ਸਾਹਿਬ ਦਾ ਜਨਮ 21 ਹਾੜ ਸੰਮਤ 1652, ਮੁਤਾਬਕ 19 ਜੂਨ 1595 ਨੂੰ ਅੰਮ੍ਰਿਤਸਰ ਤੋਂ ਲਹਿੰਦੇ ਵੱਲ ਵੱਸੇ ਨਗਰ ਗੁਰੂ ਕੀ ਵਡਾਲੀ ਵਿਖੇ ਗੁਰੂ ਅਰਜਨ ਦੇਵ ਜੀ ਅਤੇ ਮਾਤਾ ਗੰਗਾ ਜੀ ਦੇ ਗ੍ਰਹਿ ਵਿਖੇ ਹੋਇਆ। ਕੁਝ ਇਤਿਹਾਸਕਾਰਾਂ ਉਨਾਂ ਦੀ ਜਨਮ ਮਿਤੀ 9 ਅਤੇ ਕੁਝ 14 ਜੂਨ ਵੀ ਲਿਖਦੇ ਹਨ। ਹਰਗੋਬਿੰਦ ਸਾਹਿਬ ਦੇ ਪ੍ਰਕਾਸ਼ ’ਤੇ ਜਿੱਥੇ ਸੰਗਤਾਂ ਨੇ ਖ਼ੁਸ਼ੀਆਂ ਮਨਾਈਆਂ ਉੱਥੇ ਗੁਰੂ ਘਰ ਦੇ ਦੋਖੀਆਂ ਨੂੰ ਅਫ਼ਸੋਸ ਹੋਇਆ। ਇਨਾਂ ਦੋਖੀਆਂ ਵਿਚ ਮੁੱਖ ਨਾਂ ਪ੍ਰਿਥੀ ਚੰਦ ਦਾ ਸੀ, ਜੋ ਪਰਿਵਾਰਕ ਤੌਰ ’ਤੇ ਗੁਰੂ ਸਾਹਿਬ ਦਾ ਤਾਇਆ ਸੀ। ਗੁਰਗੱਦੀ ’ਤੇ ਕਬਜ਼ਾ ਕਰਨ ਲਈ ਈਰਖਾਲੂ ਪ੍ਰਿਥੀ ਚੰਦ ਨੇ ਗੁਰੂ ਹਰਗੋਬਿੰਦ ਸਾਹਿਬ ਨੂੰ ਮਾਰਨ ਦੀਆਂ ਕਈ ਵਿਉਂਤਾਂ ਘੜੀਆਂ। ਉਸ ਨੇ ਜ਼ਹਿਰੀਲੇ ਦੁੱਧ ਵਾਲੀ ਦਾਈ ਨੂੰ ਅੰਮ੍ਰਿਤਸਰ ਤੋਂ ਵਡਾਲੀ ਭੇਜਿਆ ਪਰ ਦਾਈ ਦੇ ਦੁੱਧ ਨੂੰ ਲੱਗਿਆ ਜ਼ਹਿਰ ਉਸ ਦੇ ਖ਼ੁਦ ਲਈ ਘਾਤਿਕ ਸਿੱਧ ਹੋਇਆ। ਇਸ ਤੋਂ ਬਾਅਦ ਪ੍ਰਿਥੀ ਚੰਦ ਨੇ ਇਕ ਸਪੇਰੇ ਜ਼ਰੀਏ ਬਾਲ ਗੁਰੂ ਵੱਲ ਫ਼ਨੀਅਰ ਸੱਪ ਨੂੰ ਛੱਡਿਆ ਪਰ ਗੁਰੂ ਜੀ ਇਸ ਵਾਰ ਤੋਂ ਵੀ ਬਚ ਗਏ। ਉਸ ਨੇ ਗੁਰੂ ਜੀ ’ਤੇ ਤੀਸਰੇ ਹਮਲੇ ਤਹਿਤ ਇਕ ਖਿਡਾਵੇ ਨੂੰ ਲਾਲਚ ਦੇ ਕੇ ਬਾਲ-ਗੁਰੂ ਨੂੰ ਦਹੀਂ ਵਿਚ ਜ਼ਹਿਰ ਮਿਲਾ ਕੇ ਦੇਣ ਲਈ ਕਿਹਾ ਪਰ ਗੁਰੂ ਸਾਹਿਬ ਨੇ ਦਹੀਂ ਖਾਣ ਤੋਂ ਇਨਕਾਰ ਕਰ ਦਿੱਤਾ। ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਵੀ ਮੌਕੇ ’ਤੇ ਪਹੁੰਚ ਗਏ ਅਤੇ ਖਿਡਾਵੇ ਨੂੰ ਆਪਣੀ ਇਸ ਨੀਚ ਹਰਕਤ ਦੀ ਕੀਮਤ ਸੂਲ ਪੈ ਜਾਣ ਕਾਰਨ ਜਾਨ ਤੋਂ ਹੱਥ ਧੋ ਕੇ ਚੁਕਾਉਣੀ ਪਈ।

ਅਕਤੂਬਰ 1605 ਈਸਵੀ ਵਿਚ ਜਹਾਂਗੀਰ ਦੀ ਤਖ਼ਤਪੋਸ਼ੀ ਨਾਲ ਅਕਬਰ ਵੱਲੋਂ ਵੱਖ-ਵੱਖ ਧਰਮਾਂ ਪ੍ਰਤੀ ਅਪਣਾਈ ਗਈ ਸਤਿਕਾਰ ਵਾਲੀ ਨੀਤੀ ਦਮ ਤੋੜ ਗਈ। ਮੁਗ਼ਲ ਦਰਬਾਰ ਤੰਗਦਿਲ ਤੇ ਫ਼ਿਰਕਾਪ੍ਰਸਤਾਂ ਦੇ ਹੱਥ ਦੀ ਕਠਪੁਤਲੀ ਬਣ ਗਿਆ। ਗ਼ੈਰ-ਮੁਸਲਮਾਨਾਂ ਨਾਲ ਨਫ਼ਰਤ ਕੀਤੀ ਜਾਣ ਲੱਗੀ। ਇਸ ਦੀ ਢੁੱਕਵੀਂ ਤਿਆਰੀ ਵਜੋਂ ਬਾਬਾ ਬੁੱਢਾ ਜੀ ਨੇ ਜਿੱਥੇ ਬਾਲਕ ਹਰਗੋਬਿੰਦ ਜੀ ਨੂੰ ਹਰਫ਼ਾਂ ਦਾ ਇਲਮ ਦਿੱਤਾ, ਉੱਥੇ ਕੁਸ਼ਤੀ, ਘੋੜ-ਸਵਾਰੀ, ਤਲਵਾਰਬਾਜੀ, ਨੇਜ਼ੇਬਾਜ਼ੀ ਤੇ ਹੋਰ ਜੰਗੀ ਕਰਤਬਾਂ ਦੀ ਸਿਖਲਾਈ ਵੀ ਦਿੱਤੀ ਕਿਉਂਕਿ ਬਾਬਾ ਬੁੱਢਾ ਜੀ ਨੇ ਦੂਰ-ਅੰਦੇਸ਼ੀ ਨਾਲ ਭਾਂਪ ਲਿਆ ਸੀ ਕਿ ਮੁਗ਼ਲ ਹਕੂਮਤ ਨਾਲ ਇਕ ਦਿਨ ਸਿੱਖਾਂ ਨੂੰ ਦੋ-ਦੋ ਹੱਥ ਕਰਨੇ ਹੀ ਪੇਣੈ ਹਨ।

6 ਅਪ੍ਰੈਲ 1606 ਨੂੰ ਜਹਾਂਗੀਰ ਦਾ ਪੁੱਤਰ ਖੁਸਰੋ ਬਾਗ਼ੀ ਹੋ ਕੇ ਆਗਰੇ ਤੋਂ ਪੰਜਾਬ ਵੱਲ ਨੂੰ ਭੱਜ ਆਇਆ। 27 ਅਪ੍ਰੈਲ ਨੂੰ ਉਹ ਦਰਿਆ ਝਨਾ ਪਾਰ ਕਰਦਾ ਫੜਿਆ ਗਿਆ। ਸ਼ੇਖ਼ ਅਹਿਮਦ ਸਰਹਿੰਦੀ ਤੇ ਕੁਝ ਹੋਰ ਕੱਟੜਪੰਥੀਆਂ ਨੇ ਜਹਾਂਗੀਰ ਕੋਲ ਗੁਰੂ ਅਰਜਨ ਦੇਵ ਜੀ ਦੇ ਖ਼ਿਲਾਫ਼ ਖੁਸਰੋ ਨੂੰ ਸਹਾਇਤਾ ਦੇਣ ਦੀ ਚੁਗਲੀ ਕਰ ਦਿੱਤੀ। ਜਹਾਂਗੀਰ ਨੇ ਗੁਰੂ ਜੀ ਨੂੰ ਗ੍ਰਿਫ਼ਤਾਰ ਕਰਨ ਦੇ ਹੁਕਮ ਦੇ ਦਿੱਤੇ। ਮਈ 1606 ਦੇ ਆਖ਼ਰੀ ਹਫ਼ਤੇ ਗੁਰੂ ਅਰਜਨ ਦੇਵ ਜੀ ਨੇ ਭਾਈ ਗੁਰਦਾਸ ਜੀ, ਬਾਬਾ ਬੁੱਢਾ ਜੀ ਤੇ ਹੋਰ ਸਿੱਖਾਂ ਨਾਲ ਸਿਆਸੀ ਹਾਲਾਤ ਬਾਰੇ ਗੰਭੀਰ ਵਿਚਾਰ-ਵਟਾਂਦਰਾ ਕੀਤਾ ਤੇ ਉਪਰੰਤ ਸ੍ਰੀ ਹਰਿਮੰਦਰ ਸਾਹਿਬ ਵਿਖੇ ਦੀਵਾਨ ਸਜਾ ਕੇ ਗੁਰਿਆਈ ਗੁਰੂ ਹਰਗੋਬਿੰਦ ਸਾਹਿਬ ਨੂੰ ਸੌਂਪ ਦਿੱਤੀ। ਇਸ ਮੌਕੇ ਬਾਬਾ ਬੁੱਢਾ ਜੀ ਨੇ ਗੁਰੂ ਸਾਹਿਬ ਨੂੰ ਮੀਰੀ ਅਤੇ ਪੀਰੀ ਦੀਆਂ ਦੋ ਤਲਵਾਰਾਂ ਪਹਿਨਾਈਆਂ, ਜੋ ਸੰਸਾਰਕ ਤੇ ਆਤਮਕ ਪੱਖ ਦੀਆਂ ਸੁਮੇਲ ਸਨ।

**ਪ੍ਰਕਾਸ਼ ਪੁਰਬ 2 ਜੂਨ**

ਗੁਰ ਗੱਦੀ ’ਤੇ ਬਿਰਾਜਮਾਨ ਹੋਣ ਸਮੇਂ ਗੁਰੂ ਹਰਗੋਬਿੰਦ ਸਾਹਿਬ ਦੀ ਉਮਰ ਭਾਵੇਂ 11 ਕੁ ਸਾਲ ਸੀ ਪਰ ਆਪਣੀ ਦੂਰਅੰਦੇਸ਼ੀ ਸਦਕਾ ਉਨਾਂ ਨੇ ਇਹ ਸਮਝ ਲਿਆ ਸੀ ਕਿ ਮੁਗ਼ਲ ਹਕੂਮਤ ਦੇ ਅਤਿਆਚਾਰ ਗੁਰੂ ਪਿਤਾ ਦੀ ਸ਼ਹੀਦੀ ਤਕ ਹੀ ਸੀਮਤ ਨਹੀਂ ਰਹਿਣਗੇ। ਮੁਗ਼ਲ ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਨੂੰ ਢਾਹ ਲਾਉਣ ਦੀ ਪੂਰੀ ਕੋਸ਼ਿਸ਼ ਕਰਨਗੇ। ਹਕੂਮਤ ਦੀ ਇਸ ਕੋਸ਼ਿਸ਼ ਨੂੰ ਅਸਫਲ ਕਰਨ ਲਈ ਛੇਵੇਂ ਪਾਤਸ਼ਾਹ ਨੇ ਹਥਿਆਰਬੰਦ ਤਿਆਰੀ ਦਾ ਰਾਹ ਚੁਣਿਆ। ਉਨਾਂ ਨੇ ਮਸੰਦਾਂ ਰਾਹੀਂ ਸਿੱਖਾਂ ਨੂੰ ਹੁਕਮਨਾਮੇ ਭੇਜੇ ਕਿ ਸਿੱਖ ਆਪਣੇ ਦਸਵੰਧ ਦੇ ਨਾਲ ਵਧੀਆ ਘੋੜੇ ਤੇ ਸ਼ਸਤਰ ਵੀ ਖ਼ਰੀਦ ਕੇ ਗੁਰੂਘਰ ਨੂੰ ਭੇਜਿਆ ਕਰਨ। ਗੁਰੂ ਸਾਹਿਬ ਨੇ ਆਪਣੇ ਸਿਖਾਂ ਤੇ ਸੇਵਕਾਂ ਲਈ ਹਥਿਆਰਾਂ ਦੀ ਸਿਖਲਾਈ ਦਾ ਵੀ ਯੋਗ ਪ੍ਰਬੰਧ ਕੀਤਾ। ਹੌਲੀ-ਹੌਲੀ ਸਿੱਖ ਸੈਨਿਕਾਂ ਦੀ ਗਿਣਤੀ ਵਧਣ ਲੱਗੀ। ਜਦੋਂ ਸਿੱਖ ਫ਼ੌਜੀਆਂ ਦੀ ਗਿਣਤੀ 500 ਤੱਕ ਪਹੁੰਚ ਗਈ ਤਾਂ ਇਸ ਦੇ ਪੰਜ ਜਰਨੈਲ ਭਾਈ ਜੇਠਾ ਜੀ, ਭਾਈ ਪਿਰਾਣਾ ਜੀ, ਭਾਈ ਬਿਧੀ ਚੰਦ ਜੀ, ਭਾਈ ਪੈੜਾ ਜੀ ਤੇ ਭਾਈ ਮੋਖਾ ਜੀ ਥਾਪੇ ਗਏ।

ਉਸ ਵਕਤ ਫ਼ੌਜ ਰੱਖਣ ਤੇ ਸ਼ਿਕਾਰ ਖੇਡਣ ਦਾ ਹੱਕ ਸਿਰਫ਼ ਰਾਜਿਆਂ-ਮਹਾਰਾਜਿਆਂ ਕੋਲ ਸੀ। ਗੁਰੂ ਸਾਹਿਬ ਦੀ ਫ਼ੌਜੀ ਤਿਆਰੀ ਮੁਗ਼ਲਾਂ ਲਈ ਵੰਗਾਰ ਬਣ ਕੇ ਉੱਭਰੀ। ਇਹ ਵੰਗਾਰ ਉਸ ਵਕਤ ਹੋਰ ਵੀ ਸਪਸ਼ਟ ਰੂਪ ਅਖ਼ਤਿਆਰ ਕਰ ਗਈ ਜਦੋਂ 1608 ਈਸਵੀ ਨੂੰ ਅਕਾਲ ਤਖ਼ਤ ਸਾਹਿਬ ਦੀ ਉਸਾਰੀ ਕੀਤੀ ਗਈ। ਇਸ ਦਾ ਅਰਥ ਅਕਾਲ ਪੁਰਖ ਦਾ ਸਦੀਵੀ ਸਿੰਘਾਸਨ ਕਾਇਮ ਕਰਨਾ ਸੀ। ਅਕਾਲ ਤਖ਼ਤ ਦੇ ਸਾਹਮਣੇ ਦੋ ਨਿਸ਼ਾਨ ਸਾਹਿਬ ਸਥਾਪਤ ਕੀਤੇ ਗਏ, ਜੋ ਰਾਜਨੀਤੀ ਅਤੇ ਧਰਮ ਦੇ ਪ੍ਰਤੀਕ ਹਨ। ਇਸ ਤਖ਼ਤ ’ਤੇ ਬਿਰਾਜਮਾਨ ਹੋ ਕੇ ਗੁਰੂ ਹਰਗੋਬਿੰਦ ਸਾਹਿਬ ਸੰਗਤਾਂ ਨੂੰ ਉਪਦੇਸ਼ ਦੇਣ ਦੇ ਨਾਲ-ਨਾਲ ਸਮੇਂ-ਸਮੇਂ ਹੁਕਮਨਾਮੇ ਵੀ ਜਾਰੀ ਕਰਦੇ ਸਨ।

ਜਦੋਂ ਜਹਾਂਗੀਰ ਨੂੰ ਆਗਰਾ ਛੱਡ ਕੇ ਦੱਖਣ ਵੱਲ ਜਾਣਾ ਪਿਆ ਤਾਂ ਇਹ ਸਮਾਂ ਗੁਰੂ ਸਾਹਿਬ ਨੇ ਮਾਲਵੇ ਅਤੇ ਦੁਆਬੇ ਵਿਚ ਸਿੱਖੀ ਦੇ ਪ੍ਰਚਾਰ ਵਿਚ ਲਗਾਇਆ। ਦੁਆਬੇ ਵਿਚ ਗੁਰੂ ਸਾਹਿਬ ਨੇ ਕਰਤਾਰਪੁਰ ਨਗਰ ਨੂੰ ਭਾਗ ਲਗਾਏ। ਪੈਂਦੇ ਖ਼ਾਂ ਇੱਥੇ ਹੀ ਗੁਰੂ ਕੀ ਫ਼ੌਜ ਵਿਚ ਸ਼ਾਮਲ ਹੋਇਆ ਸੀ। ਪਿੰਡ ਡਰੋਲੀ ਭਾਈ ਕੀ ਵਿਖੇ ਰਹਿ ਕੇ ਗੁਰੂ ਜੀ ਨੇ ਲੋੜਵੰਦਾਂ ਦੀ ਸਹਾਇਤਾ ਦੇ ਨਾਲ-ਨਾਲ ਰੱਬੀ ਬਾਣੀ ਨੂੰ ਵੀ ਘਰ-ਘਰ ਪਹੁੰਚਾਇਆ। ਕਸ਼ਮੀਰ ਵਿਚ ਲੋਕਾਂ ਨੂੰ ਗਿਲਟੀ ਤਾਪ ਤੋਂ ਪੀੜਤ ਲੋਕਾਂ ਦਾ ਦਰਦ ਵੰਡਾਉਣ ਲਈ ਗੁਰੂ ਸਾਹਿਬ ਕਸ਼ਮੀਰ ਦੀ ਧਰਤੀ ’ਤੇ ਪੁੱਜੇ ਅਤੇ ਦਸਵੰਧ ਦੀ ਮਾਇਆ ਰੋਗੀਆਂ ਦੇ ਇਲਾਜ ਦੇ ਲੇਖੇ ਲਾ ਕੇ ਉਨਾਂ ਨੂੰ ਰਾਹਤ ਦਿੱਤੀ। ਗੁਰੂ ਜੀ ਸਿਆਲਕੋਟ ਤੇ ਲਾਹੌਰ ਦੀਆਂ ਸੰਗਤਾਂ ਦੀਆਂ ਤਕਲੀਫ਼ਾਂ ਦੂਰ ਕਰਨ ਲਈ ਵੀ ਜਾਇਆ ਕਰਦੇ ਸਨ। ਗੁਰੂ ਸਾਹਿਬ ਦੀ ਸੇਵਾ-ਭਾਵਨਾ ਤੇ ਇਨਸਾਫ਼-ਪਸੰਦੀ ਕਾਰਨ ਮੁਸਲਮਾਨ ਤੇ ਦੂਸਰੇ ਧਰਮਾਂ ਦੇ ਲੋਕ ਵੀ ਗੁਰੂਘਰ ਦੇ ਨੇੜੇ ਆਉਣ ਲੱਗੇ। ਇਹ ਗੱਲ ਜਹਾਂਗੀਰ ਦੀ ਬਰਦਾਸ਼ਤ ਤੋਂ ਬਾਹਰ ਹੋ ਰਹੀ ਸੀ। ਉਸ ਨੇ ਜੁਰਮਾਨਾ ਵਸੂਲੀ ਦਾ ਬਹਾਨਾ ਬਣਾ ਕੇ ਗੁਰੂ ਸਾਹਿਬ ਨੂੰ ਗਵਾਲੀਅਰ ਦੇ ਕਿਲੇ ਵਿਚ ਨਜ਼ਰਬੰਦ ਕਰ ਦਿੱਤਾ। ਕਿਲੇ ਵਿਚ ਉਸ ਵੇਲੇ ਕਈ ਰਾਜਪੂਤ ਰਜਵਾੜੇ ਤੇ ਸ਼ਿਵਾਲਕ ਦੀਆਂ ਪਹਾੜੀ ਰਿਆਸਤਾਂ ਦੇ 52 ਰਾਜੇ ਕੈਦ ਸਨ।

ਜਦੋਂ ਸੰਗਤ ਨੂੰ ਸੱਚੇ ਪਾਤਸ਼ਾਹ ਦੀ ਗ੍ਰਿਫ਼ਤਾਰੀ ਦਾ ਪਤਾ ਲੱਗਾ ਤਾਂ ਉਨਾਂ ਨੇ ਪਿੰਡਾਂ, ਸ਼ਹਿਰਾਂ ਤੇ ਕਸਬਿਆਂ ਵਿਚ ਚੌਕੀਆਂ ਕੱਢ ਕੇ ਰੋਸ ਪ੍ਰਗਟਾਵਾ ਸ਼ੁਰੂ ਕਰ ਦਿੱਤਾ। ਜਹਾਂਗੀਰ ਚੜਦੀ ਜਵਾਨੀ ਤੋਂ ਹੀ ਸ਼ਰਾਬ ਦਾ ਸ਼ੌਕੀਨ ਸੀ। ਉਮਰ ਵੱਡੀ ਹੋਣ ਨਾਲ ਇਹ ਸ਼ੌਕ ਮਹਿੰਗਾ ਪੈਣ ਲੱਗਾ।ਤੇ ਲੋੜ ਤੋਂ ਵੱਧ ਸ਼ਰਾਬ ਦੇ ਸੇਵਨ ਨਾਲ ਉਹ ਸਖ਼ਤ ਬਿਮਾਰ ਹੋ ਗਿਆ। ਜਦੋਂ ਦੁਆ ਤੇ ਦਵਾ ਕੰਮ ਨਾ ਆਏ ਤਾਂ ਕਿਸੇ ਨੇਕ-ਬਖ਼ਤ ਨੇ ਉਸ ਨੂੰ ਗੁਰੂ ਸਾਹਿਬ ਦੀ ਨਾਜਾਇਜ਼ ਨਜਰਬੰਦੀ ਦਾ ਅਹਿਸਾਸ ਕਰਵਾਇਆ। ਜਹਾਂਗੀਰ ਨੇ ਗੁਰੂ ਸਾਹਿਬ ਨੂੰ ਰਿਹਾ ਕਰਨ ਦਾ ਹੁਕਮ ਦੇ ਦਿੱਤਾ। ਸਿਆਸੀ ਕੈਦੀ ਰਾਜਿਆ ਨੇ ਵੀ ਗੁਰੂ ਸਾਹਿਬ ਕੋਲ ਆਪਣੀ ਰਿਹਾਈ ਲਈ ਬੇਨਤੀ ਤਾਂ ਗੁਰੂ ਜੀ ਨੇ ਜਹਾਂਗੀਰ ਨੂੰ ਸੁਨੇਹਾ ਭੇਜਿਆ ਕਿ ਉਹ ਜਦ ਤਕ ਨਿਰਦੋਸ਼ ਰਾਜਿਆਂ ਨੂੰ ਰਿਹਾ ਨਹੀਂ ਕਰਦਾ ਤਦ ਤਕ ਉਹ ਵੀ ਕਿਲੇ ਤੋਂ ਬਾਹਰ ਨਹੀਂ ਆਉਣਗੇ। ਜਹਾਂਗੀਰ ਨੇ ਗੁਰੂ ਸਾਹਿਬ ਦੀ ਗੱਲ ਮੰਨਦੇ ਹੋਏ ਇਨਾਂ ਰਾਜਿਆਂ ਨੂੰ ਵੀ ਰਿਹਾਅ ਕਰਨ ਦੇ ਹੁਕਮ ਦੇ ਦਿੱਤੇ। ਇਸੇ ਲਈ ਆਪ ਜੀ ਨੂੰ ‘ਬੰਦੀ ਛੋੜ ਦਾਤਾ’ ਵੀ ਕਿਹਾ ਜਾਂਦਾ ਹੈ।

1627 ਈਸਵੀ ਵਿਚ ਜਹਾਂਗੀਰ ਫ਼ੌਤ ਹੋ ਗਿਆ। ਉਸ ਤੋਂ ਬਾਅਦ ਉਸ ਦਾ ਪੁੱਤਰ ਸ਼ਾਹਜਹਾਨ ਗੱਦੀ ਦਾ ਵਾਰਸ ਬਣ ਗਿਆ। ਕੱਟੜਪੰਥੀ ਮੁਸਲਮਾਨਾਂ ਨੂੰ ਖ਼ੁਸ਼ ਕਰਨ ਲਈ ਉਸ ਨੇ ਵੀ ਗ਼ੈਰ-ਮੁਸਲਿਮ ਭਾਈਚਾਰਿਆਂ ’ਤੇ ਜ਼ਿਆਦਤੀਆਂ ਆਰੰਭ ਦਿੱਤੀਆਂ। ਇਸ ਨੂੰ ਠੱਲ ਪਾਉਣ ਲਈ ਗੁਰੂ ਸਾਹਿਬ ਨੂੰ ਸਮੇਂ-ਸਮੇਂ ਕਈ ਜੰਗਾਂ ਕਰਨੀਆ ਪਈਆ। ਇਸ ਲੜੀ ਵਜੋਂ ਪਹਿਲੀ ਜੰਗ ਉਨਾਂ ਨੂੰ ਰੁਹਲੇ (ਸ੍ਰੀ ਹਰਗੋਬਿੰਦਪੁਰ ਸਾਹਿਬ) ਵਿਖੇ ਲੜਨੀ ਪਈ। ਗੁਰੂ ਸਾਹਿਬ ਦੀ ਦੂਸਰੀ ਜੰਗ ਲੋਹਗੜ ਤੋਂ ਲੈ ਕੇ ਅਜੋਕੇ ਖ਼ਾਲਸਾ ਕਾਲਜ ਅੰਮ੍ਰਿਤਸਰ ਤਕ ਹੋਈ। ਇਸ ਜੰਗ ਵਿਚ ਗੁਰੂ ਕੀ ਫ਼ੌਜ ਨੇ ਵੈਰੀਆਂ ਨੂੰ ਕਰਾਰੀ ਹਾਰ ਦਿੱਤੀ। ਇਹ ਸਮਾਂ ਅੱਧ ਅਪ੍ਰੈਲ 1634 ਈਸਵੀ ਦਾ ਹੈ। ਤੀਜੀ ਜੰਗ ਮਰਾਜ ਦੇ ਨਜਦੀਕ ਇਕ ਢਾਬ ’ਤੇ ਮੋਰਚੇ ਕਾਇਮ ਕਰ ਕੇ ਲੜੀ ਗਈ, ਜਿਸ ਦਾ ਕਾਰਨ ਭਾਈ ਬਿਧੀ ਚੰਦ ਜੀ ਵੱਲੋਂ ਉਨਾਂ ਦੋ ਘੋੜਿਆਂ ਨੂੰ ਲਾਹੌਰ ਦੇ ਕਿਲੇ ਵਿਚੋਂ ਕੱਢ ਕੇ ਗੁਰੂ ਦਰਬਾਰ ਤੱਕ ਪਹੁੰਚਦਾ ਕਰਨਾ ਸੀ, ਜਿਨਾਂ ਨੂੰ ਕਾਬਲ ਤੋਂ ਆ ਰਹੇ ਸਿੱਖਾਂ ਪਾਸੋਂ ਲਾਹੌਰ ਦੇ ਹਾਕਮ ਨੇ ਖੋਹ ਲਿਆ ਸੀ। ਇਸ ਜੰਗ ਦਾ ਸਮਾਂ ਦਸੰਬਰ 1634 ਈਸਵੀ ਹੈ। ਗੁਰੂ ਸਾਹਿਬ ਦੀ ਚੌਥੀ ਜੰਗ ਕਰਤਾਰਪੁਰ ਸਾਹਿਬ ਦੀ ਹੈ। ਇਸ ਜੰਗ ਦਾ ਸਬੱਬ ਸਿੱਖ ਫ਼ੌਜ ਦੇ ਇਕ ਸਾਬਕਾ ਜਰਨੈਲ ਪੈਂਦੇ ਖ਼ਾਨ ਬਣਿਆ। ਗੁਰੂਘਰ ਨਾਲ ਗ਼ੱਦਾਰੀ ਕਰ ਕੇ ਉਹ ਮੁਗ਼ਲਾਂ ਨਾਲ ਜਾ ਮਿਲਿਆ ਸੀ ਤੇ ਗੁਰੂ ਸਾਹਿਬ ’ਤੇ ਹਮਲਾ ਕਰ ਦਿੱਤਾ। ਇਹ ਜੰਗ ਸੰਨ 1635 ਨੂੰ ਅਪ੍ਰੈਲ ਮਹੀਨੇ ਦੇ ਆਖ਼ਰੀ ਹਫ਼ਤੇ ਲਗਾਤਾਰ ਤਿੰਨ ਦਿਨ ਤਕ ਚੱਲੀ। ਗੁਰੂ ਸਾਹਿਬ ਦੀ ਪੰਜਵੀ ਜੰਗ ਪਲਾਹੀ ਸਾਹਿਬ, ਫਗਵਾੜਾ ਵਿਖੇ ਹੋਈ 26 ਅਪ੍ਰੈਲ 1635 ਨੂੰ ਹੋਈ। ਸ਼ਾਹੀ ਫ਼ੌਜ ਨੇ ਅਚਾਨਕ ਗੁਰੂ ਕੀਆਂ ਫ਼ੌਜਾਂ ਉੱਪਰ ਹਮਲਾ ਕਰ ਦਿੱਤਾ ਸੀ। ਸਿੱਖਾਂ ਨੇ ਇਸ ਜੰਗ ਦਾ ਵੀ ਮੂੰਹ ਤੋੜਵਾਂ ਜਵਾਬ ਦਿੱਤਾ ਅਤੇ ਸ਼ਾਹੀ ਫ਼ੌਜ ਨੂੰ ਨਮੋਸ਼ੀ ਦਾ ਸਾਹਮਣਾ ਕਰਨਾ ਪਿਆ।

ਗੁਰੂ ਹਰਗੋਬਿੰਦ ਸਾਹਿਬ ਨੇ ਆਪਣੀ ਪੂਰੀ ਹਯਾਤੀ ਸਿੱਖ ਧਰਮ ਦੇ ਪ੍ਰਚਾਰ ਤੇ ਪ੍ਰਸਾਰ ਵਿਚ ਲਗਾਈ। ਇਸ ਮਨੋਰਥ ਦੀ ਸਿੱਧੀ ਲਈ ਰੁਕਾਵਟ ਪੈਦਾ ਕਰਨ ਵਾਲੀ ਹਰ ਧਿਰ ਨੂੰ ਇੱਟ ਦਾ ਜਵਾਬ ਪੱਥਰ ਨਾਲ ਦਿੱਤਾ ਗਿਆ। ਉਨਾਂ ਆਪਣੇ ਸਿੱਖਾਂ ਨੂੰ ਸੇਵਾ ਤੇ ਸਿਮਰਨ ਨਾਲ ਵੀ ਜੋੜੀ ਰੱਖਿਆ। ਆਪਣੀ ਸੰਸਾਰਕ ਯਾਤਰਾ ਦੀ ਸੰਪੂਰਤਾ ਨੂੰ ਨੇੜੇ ਜਾਣ ਕੇ ਗੁਰੂ ਹਰਿਗੋਬਿੰਦ ਸਾਹਿਬ ਨੇ ਗੁਰਗੱਦੀ ਦੀ ਜ਼ਿੰਮੇਵਾਰੀ ਆਪਣੇ ਪੋਤਰੇ ਸ੍ਰੀ ਹਰਿ ਰਾਏ ਸਾਹਿਬ ਨੂੰ ਸੌਂਪ ਦਿੱਤੀ ਅਤੇ ਮਾਰਚ ਮਹੀਨੇ ਦੇ ਪਹਿਲੇ ਹਫ਼ਤੇ 1644 ਈਸਵੀ ਨੂੰ ਜੋਤੀ ਜੋਤ ਸਮਾ ਗਏ।


ਜੂਨ 1984 ‘ਚ ਫ਼ੌਜੀ ਹਮਲਿਆਂ ਨੂੰ ਬਿਆਨ ਕਰਦੀ ਪੁਸਤਕ
“ਗੁਰਦੁਆਰਿਆਂ ‘ਤੇ ਹੋਏ ਫੌਜੀ ਹਮਲਿਆਂ ਦੀ ਵਿਥਿਆ”



ਇਸ ਪੁਸਤਕ ਵਿਚ ਜੂਨ 1984 ਵਿਚ ਇੰਡੀਆ ਦੀ ਫੌਜ ਦੁਆਰਾ ਦਰਬਾਰ ਸਾਹਿਬ ਤੋਂ ਇਲਾਵਾ ਵੱਖ-ਵੱਖ ਗੁਰਦੁਆਰਿਆਂ ‘ਤੇ ਕੀਤੇ ਫੌਜੀ ਹਮਲਿਆਂ ਦੀ ਵਿਥਿਆ ਹੈ। ਜਿਸਦੀ ਗਵਾਹੀ ਮੌਕੇ ‘ਤੇ ਮੌਜੂਦ ਚਸ਼ਮਦੀਦ ਗਵਾਹ ਆਪਣੀ ਜ਼ੁਬਾਨੀ ਬਿਆਨ ਕਰਦੇ ਹਨ, ਗਵਾਹੀਆਂ ਨੂੰ ਅਧਾਰ ਬਣਾ ਕੇ ਇਹ ਪੁਸਤਕ ਮਲਕੀਤ ਸਿੰਘ ‘ਭਵਾਨੀਗੜ੍ਹ’ ਵਲੋਂ ਲਿਖੀ ਗਈ ਹੈ ਜੋ ਕਿ ਜਲਦ ਹੀ ਬਿਬੇਕਗੜ੍ਹ ਵਲੋਂ ਪ੍ਰਕਾਸ਼ਿਤ ਹੋ ਸੰਗਤਾਂ ਦੇ ਸਨਮੁੱਖ ਹੋਵੇਗੀ।



# ਜ਼ਫਰਨਾਮਾ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

ਇਤਿਹਾਸ ਵਿਚ ਕਿਸੇ ਨਿਰੰਕੁਸ਼ ਹਾਕਮ ਦੀ ਇਕ ਵੀ ਉਦਾਹਰਣ ਮਿਲਣੀ ਔਖੀ ਹੈ ਜਿਸਨੇ ਕਦੀ ਨਿਰਦਇਤਾ ਨਾਲ ਮਨੁੱਖੀ ਖ਼ੂਨ ਨਾਲ ਹੱਥ ਨਾ ਰੰਗੇ ਹੋਣ ਤੇ ਫਿਰ ਵੀ ਰਣਜੀਤ ਸਿੰਘ ਦੇ ਸਾਮਰਾਜ ਜਿੰਨਾ ਵੱਡਾ ਸਾਮਰਾਜ ਕਾਇਮ ਕੀਤਾ ਹੋਵੇ। ਉੱਤਰ ਤੇ ਉੱਤਰ-ਪੱਛਮ ਵਿਚ ਦਰਬਾਰ ਦੀਆਂ ਜਿੱਤਾਂ ਪੰਜਾਬ ਦੀ ਭੂਗੋਲਿਕ ਸੀਮਾ ਦੇ ਅੰਤ ਤੱਕ ਪਹੁੰਚ ਗਈਆਂ ਸਨ। ਇਸ ਤੋਂ ਅੱਗੇ ਨਾ ਪਾਰ ਕੀਤੇ ਜਾਣ ਵਾਲੇ ਪਹਾੜ, ਅਣਸੁਖਾਵੇਂ, ਨਕਾਰੇ ਲਾਭਹੀਣ ਇਲਾਕੇ ਸਨ। ਜੇ ਪੰਜਾਬੀ ਸਾਮਰਾਜ ਦਾ ਹੋਰ ਵਿਸਥਾਰ ਕੀਤਾ ਜਾਣਾ ਸੀ ਤਾਂ ਇਹ ਸਿੰਧ ਦੇ ਥਲ ਤੋਂ ਸਾਗਰ ਤੱਕ। ਜਿਸ ਦੀ ਕਸ਼ਮਕਸ਼ ਚਲ ਹੀ ਰਹੀ ਸੀ ਕਿ ਉਹ ਬਿਮਾਰ ਪੈ ਗਿਆ। ਇਹ ਸੀ ਰਣਜੀਤ ਸਿੰਘ ਨੂੰ ਗੁਰੂਆਂ (ਗੁਰੂ ਨਾਨਕ ਤੋਂ ... ਗੁਰੂ ਗੋਬਿੰਦ ਸਿੰਘ ਤੇ ਫਿਰ ਰੋਜਾਨਾ ਗੁਰੂ ਗ੍ਰੰਥ ਸਾਹਿਬ) ਦੀ ਦੇਣ। ਰਣਜੀਤ ਸਿੰਘ ਆਪਣੀ ਹਰ ਮੁਹਿੰਮ ਵਖਤ ਗੁਰੂ ਗ੍ਰੰਥ ਸਾਹਿਬ ਨਾਲ ਰਖਦਾ ਸੀ ਤੇ ਵਾਕ ਲੈ ਕੇ ਹੀ ਸ਼ੁਰੂ ਕਰਦਾ ਸੀ। ਜਿਸ ਤਰਾਂ : ਅੰਗਰੇਜ਼ਾਂ ਦਾ ਇਕ ਰਾਜਦੂਤ ਅਲੈਗਜ਼ੈਂਡਰ ਬਰਨਜ਼ ਜੋ ਸਿੰਧ ਖੇਤਰ ਦਾ ਗੁਪਤ ਸਰਵੇਖਣ ਕਰਦਿਆਂ ਇਕ ਮਹੀਨਾ ਲਾਹੌਰ ਠਹਿਰਿਆ ਅਤੇ ਰਣਜੀਤ ਸਿੰਘ ਨਾਲ ਸ਼ਿਕਾਰ ਜਾਦਿਆਂ ਜਲੂਸ ਦਾ ਆਪਣੀਆਂ ਯਾਦਾਂ ਲਈ ਲਿਖਿਆ: ਸ਼ਿਕਾਰ ਲਈ ਰਾਵੀ ਦੇ ਪਾਰ ਜਾਣਾ ਸੀ। 'ਕੂਚ ਦੀ ਤਰਤੀਬ ਬੜੀ ਸਜੀਵ ਸੀ ਤੇ ਅਮਲਾ ਫੈਲਾ ਸਚਮੁੱਚ ਹੀ ਇਕ ਫੌਜੀ ਸਮਰਾਟ ਵਾਲਾ ਸੀ। ਉਸਦੇ ਅੱਗੇ ਅੱਗੇ ਘੋੜੇ ਜਾ ਰਹੇ ਸਨ ਪਰ ਸਾਰਾ ਸਫਰ ਹਾਥੀਆਂ ਉਪਰ ਕੀਤਾ ਗਿਆ। ਉਨਾਂ ਦੋ ਸ਼ਾਨਦਾਰ ਜਾਨਵਰਾਂ ਵਿਚੋਂ ਦੋ ਦੇ ਹੌਦੇ ਸੋਨੇ ਦੇ ਸਨ ਜਿਹਨਾਂ ਵਿਚੋਂ ਇਕ ਤੇ ਮਹਾਰਾਜਾ ਸੁਸ਼ੋਭਿਤ ਸਨ। (ਦੂਸਰੇ ਤੇ ਨਿਰਸੰਦੇਹ ਗੁਰੂ ਗ੍ਰੰਥ ਸਾਹਿਬ ਦੀ ਸਵਾਰੀ ਸੀ ਜੋ ਸਤਾ ਸਾਰੇ ਜਲੂਸਾਂ ਵਿਚ ਮੂਹਰੇ ਹੀ ਹੁੰਦੀ ਸੀ।) ਉਨਾਂ ਦੇ ਮਗਰ ਛੇ-ਸੱਤ ਹੋਰ ਹਾਥੀ ਹੁੰਦੇ ਸਨ, ਜਿਨਾਂ ਤੇ ਉਸਦੇ ਦਰਬਾਰੀ ਤੇ ਮਨਪਸੰਦ ਵਿਅਕਤੀ ਹੁੰਦੇ ਸਨ। ਇਕ ਘੋੜ ਸਵਾਰਾਂ ਦਾ ਛੋਟਾ ਜਿਹਾ ਦਸਤਾ ਤੇ ਇਕ ਜੰਗੀ ਤੋਪ ਮਾਰਗ ਰੱਖਿਅਕ ਵਜੋਂ ਹੁੰਦੇ ਸਨ ਤੇ ਇਹ ਜਲੂਸ ਘੋੜਿਆਂ ਨਾਲ ਖਿੱਚੀ ਜਾ ਰਹੀ ਬੱਘੀ ਨਾਲ ਸੰਪੂਰਨ ਹੁੰਦਾ ਸੀ, ਜੋ ਉਸ ਨੂੰ ਗਵਰਨਰ-ਜਨਰਲ ਵਲੋਂ ਪ੍ਰਾਪਤ ਹੋਈ ਸੀ।

ਇਸ ਯਾਤਰਾ ਦੌਰਾਨ ਉਸਨੇ ਇਕ ਜੰਗਲੀ ਬਾਘ ਦੀ ਇਕ ਸਿੱਖ ਤੇ ਝੜਪ ਦੇਖੀ ਤੇ ਸਿੱਖ ਦਾ ਜਿਸ ਨਿੱਡਰਤਾ ਨਾਲ ਜੋ ਮੁਕਾਬਲਾ ਉਸ ਨੇ ਦੇਖਿਆ ਤੇ ਹੋਰ ਕਈ ਅਜਿਹੀਆਂ ਨਿੱਡਰਤਾ ਦੀਆਂ ਉਨਾਂ ਦੀਆਂ ਮਿਸਾਲਾਂ ਤੋਂ ਉਹ ਇਸ ਨਤੀਜੇ ਤੇ ਪਹੁੰਚਿਆ ਕਿ ਸਿੱਖ ਭਾਰਤੀਆਂ ਵਿਚ ਬੀਰਤਾ ਪੱਖੋਂ ਸਰਵੋਤਮ ਹਨ। ਜਦੋਂ ਰਣਜੀਤ ਸਿੰਘ ਨੇ ਬਰਨਜ਼ ਨੂੰ ਨਿੱਜੀ ਮੁਲਾਕਾਤ ਲਈ ਸਦਿਆ, ਉਸ ਨੇ ਨੋਟ ਕੀਤਾ ਕਿ ਰਣਜੀਤ ਸਿੰਘ ਨੇ ਕਿਹਾ: 'ਉਸ ਦੀ ਸਫਲਤਾ ਉਸ ਦੀ ਕੌਮ ਦੀ ਬੀਰਤਾ ਕਰਕੇ ਹੈ ਜਿਹੜੇ ਕਿਸੇ ਵੀ ਘਾੜਤ ਤੋਂ ਮੁਕਤ ਹਨ, ਉਹ ਆਪਣੀ ਪਿਠ ਤੇ 8 ਦਿਨ ਦਾ ਰਾਸ਼ਨ ਲਿਜਾ ਸਕਦੇ ਹਨ, ਲੋੜ ਸਮੇਂ ਪਾਣੀ ਲਈ ਖੂਹ ਵੀ ਖੋਦ ਸਕਦੇ ਹਨ, ਜੇ ਹਾਲਤ ਅਨੁਸਾਰ ਜਰੂਰਤ ਹੋਵੇ ਤਾਂ ਕਿਲਾ ਵੀ ਉਸਾਰ ਸਕਦੇ ਹਨ।'

ਰਣਜੀਤ ਸਿੰਘ ਨੇ ਇੰਗਲੈਂਡ ਦੇ ਬਾਦਸ਼ਾਹ ਨਾਮ ਪੱਤਰ ਇਕ ਰੇਸ਼ਮੀ ਬਟੂਏ ਵਿਚ ਪਾ ਕੇ ਦਿੱਤਾ ਜਿਸ ਦੀ ਡੋਰ ਨੂੰ ਦੋ ਮੋਤੀ ਲੱਗੇ ਹੋਏ ਸਨ। ਬਰਨਜ਼ ਨੇ ਲਾਹੌਰ ਵਿਚ ਕਿਆਮ ਸਮੇਂ ਮਹਾਰਾਜੇ ਬਾਰੇ ਬਹੁਤ ਜਾਣਕਾਰੀ ਪ੍ਰਾਪਤ ਕੀਤੀ। ਉਸ ਨੇ ਲਿਖਿਆ: ਰਣਜੀਤ ਸਿੰਘ ਹਰ ਪੱਖੋਂ ਵਿਲੱਖਣ ਸ਼ਖਸੀਅਤ ਹੈ। ਮੈਂ ਉਹਦੇ ਫਰਾਂਸੀਸੀ ਅਫਸਰਾਂ ਨੂੰ ਇਹ ਕਹਿੰਦਿਆਂ ਸੁਣਿਆ ਹੈ ਕਿ ਕੁਸਤਨਤੁਨੀਆਂ ਤੋਂ ਲੈ ਕੇ ਭਾਰਤ ਤੱਕ ਕੋਈ ਉਹਦਾ ਸਾਨੀ ਨਹੀਂ ਹੈ ਤੇ ਉਹ ਸਭ ਉਨਾਂ ਤੱਤਕਾਲੀਨਸ਼ਕਤਾਆਂ ਨੂੰ ਮਿਲ ਚੁੱਕੇ ਹਨ।

ਡਾਕਟਰ ਜੋਜ਼ਫਵੁਲਫ਼, ਇਕ ਧਰਮ ਪ੍ਰਚਾਰਕ ਜੋ ਗਵਰਨਰ-ਜਨਰਲ ਲਾਰਡ ਵਿਲੀਅਮ ਬੈਂਟਿਕ ਦੇ ਗਰੁਪ ਨਾਲ ਆਇਆ ਸੀ ਨੇ ਉਸ ਨੂੰ ਜਾਣਕਾਰੀ ਦਿੱਤੀ ਕਿ ਰਣਜੀਤ ਸਿੰਘ ਜੋਰ-ਜ਼ਬਰਦਸਤੀ ਧਰਮ ਬਦਲਣ ਦਾ ਵਿਰੋਧੀ ਸੀ। 'ਰਣਜੀਤ ਸਿੰਘ ਨੇ ਮੁਸਲਮਾਨਾਂ ਨੂੰ ਚੰਗੀ ਤਰਾਂ ਸਿੱਧ ਕਰ ਦਿੱਤਾ ਕਿ ਤਲਵਾਰ ਦੀ ਧਾਰ ਹੀ ਧਰਮ ਦੀ ਸੱਚਾਈ ਦੀ ਸ਼ਾਹਦੀ ਨਹੀਂ ਹੈ ਕਿਉਂਕਿ ਉਹਦੀ ਤਲਵਾਰ ਲਾਹੌਰ ਤੋਂ ਬੁਖਾਰਾ ਤੱਕ ਇਕ ਹਊਆ ਹੈ ਤੇ ਉਸਨੇ ਤਲਵਾਰ ਰਾਹੀਂ ਹਰ ਲੜਾਈ ਵਿਚ ਮੁਸਲਮਾਨਾਂ ਨੂੰ ਹਰਾਇਆ ਹੈ।'

ਗਵਰਨਰ-ਜਨਰਲ ਲਾਰਡ ਵਿਲੀਅਮ ਬੈਂਟਿਕ, ਖੁਦ ਆਪਣੇ ਵਪਾਰਕ ਮਿਸ਼ਨ ਬਾਰੇ ਵੇਡ ਤੇ ਬਰਨਜ਼ ਸਣੇ ਰਣਜੀਤ ਸਿੰਘ ਨੂੰ ਮਿਲਿਆ, ਪਰ ਰਣਜੀਤ ਸਿੰਘ ਨੇ ਆਪਣੇ ਸਾਰੇ ਇਲਾਕੇ ਦੇ ਦਰਿਆਵਾਂ ਵਿਚ ਜਹਾਜ਼ਰਾਨੀ ਕਾਰੋਬਾਰ ਦੇ ਵਿਚਾਰ ਵਿਚ ਕੋਈ ਰੁਚੀ ਨਾ ਵਿਖਾਈ। ਉਸ ਨੂੰ ਅੰਗਰੇਜ਼ਾਂ ਨਾਲ ਬੇਵਕਤ ਟੱਕਰ ਹੋਣ ਦਾ ਡਰ ਸੀ। ਬਰਨਜ਼ ਨੇ ਫਿਰ ਇਸ ਬਾਰੇ ਮਹਾਰਾਜੇ ਨਾਲ ਹੋਰ ਚਰਚਾ ਨਾ ਕੀਤੀ। ਆਖਰੀ ਵਾਰ ਉਹ ਸੜਕ ਤੇ ਜਾਂਦਿਆਂ ਇਕ ਦੂਸਰੇ ਨੂੰ ਮਿਲੇ। ਬਰਨਜ਼ ਨੇ ਲਿਖਿਆ : 'ਮੈਂ ਕਦੇ ਵੀ ਏਸ਼ੀਆ ਦੇ ਮੂਲਵਾਸੀ ਦਾ ਇੰਨਾ ਚੰਗਾ ਪਰਭਾਵ ਲੈ ਕੇ ਉਸ ਤੋਂ ਵਿਦਾਇਗੀ ਨਹੀਂ ਲਈ ਜਿਵੇਂ ਇਸ ਆਦਮੀ ਤੋਂ ਵਿਦਾ ਹੋਣ ਸਮੇਂ ਬਿਨਾਂ ਸਿੱਖਿਆ, ਬਿਨਾਂ ਕਿਸੇ ਰਾਹਨੁਮਾ ਦੇ ਸਾਰੇ ਕਾਰ ਵਿਹਾਰ ਅਸੀਮ ਸ਼ਕਤੀ ਨਾਲ ਕਰਦਾ ਹੈ ਤੇ ਫਿਰ ਵੀ ਉਹ ਆਪਣੀ ਸ਼ਕਤੀ ਦੀ ਵਰਤੋਂ ਇਸ ਧਿਆਨ ਨਾਲ ਕਰਦਾ ਹੈ ਜੋ ਕਿਸੇ ਪੂਰਬੀ ਰਾਜੇ ਵਿਚ ਇਹ ਇਕ ਨਿਵੇਕਲੀ ਮਿਸਾਲ ਹੈ ਤੇ ਇਕ ਫਰਾਂਸੀਸੀ ਬਨਸਪਤ ਵਿਗਿਆਨੀ ਨੇ ਰਣਜੀਤ ਸਿੰਘ ਨੂੰ ਕਸ਼ਮੀਰ ਜਾਂਦਿਆਂ ਲਾਹੌਰ ਰੁਕਦੇ ਮਿਲਿਆਂ ਲਿਖਿਆ ਕਿ ਰਣਜੀਤ ਸਿੰਘ ਦੇ ਮੁਕਾਬਲੇ ਸਾਡੇ ਕੁਸ਼ਲ ਰਾਜਦੂਤ ਪੂਰੀ ਤਰਾਂ ਸਿੱਧੜ ਹਨ।

ਲੰਬੀ ਬਿਮਾਰੀ ਮਹਾਰਾਜੇ ਦੀ ਤੀਬਰ ਇੱਛਾ ਨੂੰ ਮੱਠਾ ਨਾ ਕਰ ਸਕੀ। ਉਹ ਅਜੇ ਘੋੜੇ ਦੀ ਕਾਠੀ ਬਹਿ ਸਕਣ ਦੇ ਯੋਗ ਹੋਇਆ ਸੀ ਕਿ ਉਸ ਦਾ ਧਿਆਨ ਫਿਰ ਇਕ ਵਾਰ ਸਿੰਧ ਵੱਲ ਮੁੜਿਆ। ਉਸ ਦੇ ਮੁਤਾਬਕ 1809 ਦੀ ਸੰਧੀ ਅਨੁਸਾਰ ਅੰਗਰੇਜ਼ਾਂ ਸਤਲੁਜ ਦੇ ਪੱਛਮ ਦੇ ਮੁਲਕਾਂ ਦੇ ਮਾਮਲਿਆਂ ਵਿਚ ਦਖ਼ਲ ਨਾ ਦੇਣ ਦਾ ਰਸਮੀ ਵਚਨ ਦਿੱਤਾ ਹੋਇਆ ਸੀ। ਪਰ ਫਿਰ ਵੀ ਹਮਲਾ ਕਰਨ ਤੋਂ ਪਹਿਲਾਂ ਉਹ ਸਪੱਸ਼ਟ ਕਰ ਲੈਣਾ ਚਹਾਉਂਦਾ ਸੀ ਕਿ ਉਨਾਂ ਦੀ ਨੀਅਤ ਕੀ ਹੈ। ਇਸ ਤੋਂ ਇਲਾਵਾ ਸਿੰਧ ਉਪਰ ਹਮਲੇ ਕਰਨ ਦੀ ਦੇਰੀ ਦੇ ਕੁਝ ਹੋਰ ਵੀ ਕਾਰਨ ਸਨ ਜਿਨਾਂ ਵਿਚ ਮੌਸਮ ਤੇ ਉਸ ਦੀ ਸਿਹਤ ਵੀ ਸੀ।

ਉਸ ਦੀ ਗਵਰਨਰ-ਜਨਰਲ ਲਾਰਡ ਵਿਲੀਅਮ ਬੈਂਟਿਕ ਨਾਲ ਸਿੱਧੀ ਮੁਲਾਕਾਤ ਵਿਚ ਪਤਾ ਲੱਗਾ ਕਿ 1809 ਦੀ ਸੰਧੀ ਦਾ ਸਿੰਧ ਦੀ ਸਿਆਸਤ ਦਾ ਕੋਈ ਵੀ ਰਾਬਤਾ ਨਹੀਂ ਹੈ। ਉਸ ਨੂੰ ਸਿੰਧ ਦਾ ਖਿਆਲ ਛੱਡ ਦੇਣਾ ਚਾਹੀਦਾ ਹੈ। ਅੰਗਰੇਜ਼ਾਂ ਦੇ ਇਨਾਂ ਵਿਚਾਰਾਂ ਨੇ ਦੋਹਾਂ ਮੁਲਕਾਂ ਨੂੰ ਇਕ ਦੂਜੇ ਵਿਰੁਧ ਜੰਗੀ ਤਿਆਰੀਆਂ ਲਈ ਸ਼ੁਰੂ ਕਰ ਦਿੱਤਾ।

ਉਧਰ ਜਨਰਲ ਜ਼ੋਰਾਵਾਰ ਸਿੰਘ ਨੇ ਲੇਹ ਲੱਦਾਖ, ਚੀਨ ਦੀ ਹੱਦ ਤੱਕ, ਜਿੱਤ, ਕੇ ਜਾ ਤਿੱਬਤ ਤੇ ਵੀ ਖਾਲਸਾ ਝੰਡਾ ਝੁਲਾ ਦਿੱਤਾ। ਏਧਰ ਰਣਜੀਤ ਸਿੰਘ ਪੰਜਾਬ ਦੀ ਪੱਛਮੀ ਸੀਮਾ ਹੋਰ ਪੱਛਮ ਵਲ ਵਧਾਉਣ ਦੀ ਕੋਸ਼ਿਸ਼ ਕਰ ਰਿਹਾ ਸੀ। ਉਸ ਦਾ ਅਫਗਾਨ ਸਮਰਾਟ ਸ਼ਾਹ ਸੁਜਾਹ ਜੋ ਉਸ ਦੀ ਪਨਾਹ ਵਿਚ ਸੀ, ਜਿਸ ਨੂੰ ਕੋਹੇਨੂਰ ਨੂੰ ਵਾਪਸ ਦੇਣ ਦੀ ਸ਼ਰਤ ਤੇ ਕਸ਼ਮੀਰ ਤੋਂ ਜਾਨੋ ਬਚਾ ਕੇ ਲਿਆਂਦਾ ਸੀ, ਨੂੰ ਕਾਬਲ ਦੇ ਤਖਤ ਤੇ ਬਿਠਾਉਣ ਦਾ ਪਹਿਲਾ ਉਪਰਾਲਾ ਨਿਸਫਲ ਹੋ ਗਿਆ ਸੀ ਕਿਉਂਕਿ ਰਣਜੀਤ ਸਿੰਘ ਦੀਆਂ ਸ਼ਰਤਾਂ ਸ਼ਾਹ ਸੁਜਾਹ ਦੇ ਅਨਕੂਲ ਨਹੀਂ ਸਨ। ਸੁਜਾਹ ਨੇ ਦਰਬਾਰ ਦੀਆਂ ਸ਼ਰਤਾਂ ਤੇ ਚੁੱਪ ਸਾਦ ਲਈ ਤੇ ਆਪਣੀ ਹਿੰਮਤ ਨਾਲ ਤਖਤ ਦੀ ਪ੍ਰਾਪਤੀ ਲਈ ਮੁੜ ਤੋਂ ਕੋਸ਼ਿਸ਼ ਕਰਨ ਲੱਗਾ ਪਰ ਹਾਰ ਖਾ ਕੇ ਲਿਧਿਆਣੇ (ਅੰਗਰੇਜਾਂ ਦੀ ਪਨਾਹ) ਵਾਪਸ ਆਪਣੀਆਂ 600 ਪਤਨੀਆਂ ਕੋਲ ਪਹੁੰਚ ਗਿਆ। ਫਿਲਹਾਲ ਸਿੰਧ ਖਿਆਲ ਨੂੰ ਨਵੇ ਗਵਰਨਰ-ਜਨਰਲ ਲਾਰਡ ਆਕਲੈਂਡ



ਨਾਲ ਨਿੱਜੀ ਮੁਲਾਕਾਤ ਵਿਚ ਵਿਚਾਰੇ ਜਾਣ ਤੱਕ ਅੱਗੇ ਪਾ ਦਿੱਤਾ।

ਇਰਾਨ ਤੇ ਅਫ਼ਗਾਨਿਸਤਾਨ ਵਿਚ ਰੂਸੀ ਘੁਸਪੈਠ ਦੀਆਂ ਅਫਵਾਹਾਂ ਕਰਕੇ ਗਵਰਨਰ-ਜਨਰਲ ਨੇ ਅਲੈਗਜੇਂਡਰ ਬਰਨਜ਼ ਰਾਹੀਂ ਪਹਿਲਾਂ ਅਫਗਾਨਿਸਤਾਨ ਦੇ ਦੋਸਤ ਮੁਹੰਮਦ ਨੂੰ ਆਪਣੇ ਨਾਲ ਮਿਲਾਉਣ ਲਈ ਨਿਸਫਲ ਯਤਨ ਕੀਤਾ ਫਿਰ ਰਣਜੀਤ ਸਿੰਘ ਦੀ ਸਹਾਇਤਾ ਲੈਣ ਦਾ ਫੈਸਲਾ ਕਰ ਲਿਆ। ਜਿਸਦਾ ਮਕਸਦ ਦੋਸਤ ਮੁਹੰਮਦ ਨੂੰ ਗੱਦੀ ਤੋਂ ਉਤਾਰ ਕੇ ਉਸ ਦੇ ਸਥਾਨ ਤੇ ਕਾਬਲ ਦੀ ਗੱਦੀ ਤੇ ਸ਼ਾਹ ਸੁਜਾਹ ਨੂੰ ਬਠਾਉਣ ਲਈ ਵਿਚਾਰ-ਵਟਾਂਦਰੇ ਲਈ ਆਕਲੈਂਡ ਨੇ ਰਣਜੀਤ ਸਿੰਘ ਨੂੰ ਮਿਲਣ ਦੀ ਇਛਾ ਪਰਗਟ ਕੀਤੀ, ਤਾਂ ਕਿ ਲੋੜ ਪੈਣ 'ਤੇ ਰੂਸੀਆਂ ਦਾ ਮੁਕਾਬਲਾ ਕਰਨ ਲਈ ਕਾਬਲ ਰਾਹੀਂ ਇਰਾਨ ਪਹੁੰਚਿਆ ਜਾ ਸਕੇ। ਰਣਜੀਤ ਸਿੰਘ ਤਾਂ ਪਹਿਲਾਂ ਹੀ ਇਸ ਤਰਾਂ ਕਰਨਾ ਚਾਹੁੰਦਾ ਸੀ ਪਰ ਉਸ ਦੀਆਂ ਸ਼ਰਤਾਂ ਨਾਲ ਸ਼ਾਹ ਸੁਜਾਹ ਸਹਿਮਤ ਨਹੀਂ ਸੀ ਹੋਇਆ।

ਗਵਰਨਰ-ਜਨਰਲ ਨਾਲ ਕੁਝ ਸਿੱਧੀਆਂ ਮੁਲਾਕਾਤਾਂ ਕਰਕੇ ਪਤਾ ਲੱਗਾ ਕਿ ਅਕਲੈਂਡ ਦੀ ਇੱਛਾ ਸੀ ਕਿ ਦਰਬਾਰ ਆਪਣੇ ਤੌਰ 'ਤੇ ਹੀ ਚੜਾਈ ਕਰੇ ਤੇ ਜੇ ਉਹ ਅੰਗਰੇਜਾਂ ਦਾ ਸਹਿਯੋਗ ਚਾਹੁੰਦਾ ਹੈ ਤਾਂ ਉਹ ਇਸ ਤਰਾਂ ਕਰਨ ਲਈ ਸਹਿਮਤ ਹਨ। ਰਣਜੀਤ ਸਿੰਘ ਦੋਸਤ ਮੁਹੰਮਦ ਨੂੰ ਕਾਬਲ ਤੋਂ ਹਰਾ ਕੇ, ਸ਼ਾਹ ਸੁਜਾਹ ਨੂੰ ਕਾਬਲ ਦੀ ਗੱਦੀ 'ਤੇ ਬਿਠਾਉਣ ਲਈ ਸਹਿਯੋਗ ਦੇਣ ਲਈ ਤਿਆਰ ਸੀ ਕਿ ਇਹ ਅੰਗਰੇਜਾਂ ਤੇ ਪੰਜਾਬੀਆਂ ਦੀ ਸਾਂਝੀ ਮੁਹਿੰਮ ਹੋਵੇਗੀ।

ਇਹ ਅਨੁਮਾਨ ਲਾਇਆ ਜਾ ਸਕਦਾ ਸੀ ਕਿ ਕਾਬਲ ਰਾਹੀਂ ਇਰਾਨ ਪਹੁੰਚਿਆ ਜਾਏਗਾ ਤੇ ਜਿੱਥੇ ਰਣਜੀਤ ਸਿੰਘ ਨੇ ਕੋਹੇਨੂਰ ਹੀਰਾ, ਪੇਸ਼ਾਵਰ, ਗਜਨੀ ਦੇ ਸੋਮਨਾਥ ਤੋਂ ਲਾਹੇ ਦਰਵਾਜੇ ਤੇ ਅਟਕ ਦਾ ਕਿਲਾ, ਜਿਸ ਨੂੰ ਭਾਰਤ ਦਾ ਸੰਤਰੀ ਭਾਵ ਪਹਿਰੇਦਾਰ ਕਿਹਾ ਜਾਂਦਾ ਰਿਹਾ ਹੈ, ਜੋ 1000 ਸਾਲ ਤੋਂ ਅਫਗਾਨੀਆਂ ਦੇ ਹੱਥ ਸੀ ਵਾਪਸ ਭਾਰਤ ਨਾਲ ਮਿਲਾ ਭਾਰਤ ਦੇ ਖੋਹੇ ਹੋਏ ਸਨਮਾਨ ਨੂੰ ਬਹਾਲ ਕੀਤਾ ਸੀ ਤੇ ਹੁਣ ਨਾਦਰਸ਼ਾਹ ਤੇ ਅਬਦਾਲੀ ਦੀਆਂ ਭਾਰਤ ਵਿਚੋਂ ਬਾਕੀ ਦੀਆਂ ਲੁਟੀਆਂ ਚੀਜਾਂ ਵੀ ਵਾਪਸ ਆਉਣਗੀਆਂ। ਖਾਸ ਤੌਰ 'ਤੇ ਤਖਤ-ਏ-ਤਾਊਸ ਜਿਸ ਉਪਰ ਕੋਹਿਨੂਰ ਹੀਰਾ ਜੜਿਆ ਸੀ ਤੇ (ਜਿਸ ਦਾ ਮੁਡਲਾ ਹਿੱਸਾ ਜੱਸਾ ਸਿੰਘ ਰਾਮਗੜੀਆ ਨੇ ਜੜੋਂ ਉਖਾੜ ਕੇ ਲਿਆਦਾਂ ਸੀ), ਵੀ ਵਾਪਸ ਆਏਗਾ।

ਇਹ ਸੀ ਗੁਰੂ ਜੀ ਦੇ ਜ਼ਫ਼ਰਨਾਮੇ ਦਾ ਮਤਲਬ ਜੋ ਔਰੰਗਜੇਬ ਸਮਝਿਆ ਤੇ ਚਲ ਵਸਿਆ! ਹੁਣੇ ਜਹੇ ਹੀ ਬੀਬੀਸੀ ਵਰਲਡ ਹਿਸਟੋਰੀਅਨ ਮੈਗਜ਼ੀਨ ਨੇ ਇਕ ਮੁਕਾਬਲਾ ਕਰਾਇਆ ਸੀ ਜਿਸ ਰਾਹੀਂ ਇਹ ਜਾਨਣਾ ਚਾਹਿਆ ਸੀ ਕਿ ਅੱਜ ਤੱਕ ਦੀ ਦੁਨੀਆ ਵਿਚੋਂ ਕਿਹੜਾ ਸਭ ਤੋਂ ਵਧੀਆ ਆਗੂ ਹੋਇਆ ਹੈ ਜਿਸ ਨੇ ਆਪਣੀ ਤਾਕਤ ਨੂੰ ਇਸ ਤਰਾਂ ਵਰਤਿਆ ਹੋਵੇ ਕਿ ਆਪਣੀ ਜਨਤਾ ਨੂੰ ਖੁਸ਼ ਭਾਵ ਸੰਤੁਸ਼ਟ ਰਖ ਕੇ ਪ੍ਰਾਪਤੀਆਂ ਤੇ ਆਪਣੀ ਵਿਰਾਸਤ ਵਿਚ ਬੁਲੰਦੀਆਂ ਲਿਆਂਦੀਆਂ ਹੋਣ। ਇਸ ਵਾਸਤੇ ਸੁਲਝੇ ਇਤਿਹਾਸਕਾਰਾਂ ਨੂੰ ਉਨਾਂ ਆਗੂਆਂ ਦੇ ਨਾਮ ਪੁਛੇ ਗਏ। ਇਸ ਲਈ 20 ਨਾਮ ਆਏ, ਜਿਨਾਂ ਵਾਸਤੇ 5000 ਤੋਂ ਵੱਧ ਨਿਪੁੰਨ ਇਤਿਹਾਸਕਾਰਾਂ ਨੇ ਵੋਟਾਂ ਰਾਹੀਂ ਆਪਣੇ ਵਿਚਾਰ ਦਿੱਤੇ। ਜਿਨਾਂ ਰਾਹੀਂ ਮਹਾਰਾਜਾ ਰਣਜੀਤ ਸਿੰਘ ਸਭ ਤੋਂ ਅੱਬਲ ਰਿਹਾ। ਜਿਸ ਦੇ ਵੇਰਵੇ ਦੀ ਕਾਪੀ ਅਗਲੇ ਸਫੇ ਤੇ ਲਾ ਦਿੱਤੀ ਗਈ ਹੈ। ਇਹ ਸੀ ਉਸ ਗੁਰੂ ਦਾ ਇਕ ਜੋਧਾ। ਜਿਸ ਦੀ ਇਸ ਜਿੱਤ ਦੀ ਗਵਾਹੀ ਇਸ ਤਰਾਂ ਵੀ ਲਈ ਜਾ ਸਕਦੀ ਹੈ, ਉਸ ਵਕਤ ਦੇ ਅੰਗਰੇਜ ਗਵਰਨਰ-ਜਨਰਲ ਲਾਰਡ ਵਿਡੀਅਮ ਬੈਂਟਿਕ ਤੇ ਉਸ ਨਾਲ ਅਲੈਗਜੇਂਡਰ ਬਰਨਜ਼, ਮਹਾਰਾਜਾ ਰਣਜੀਤ ਸਿੰਘ ਨਾਲ ਰੂਸ ਵਿਰੁਧ ਇਕ ਸਾਂਝੀ ਮੁਹਿੰਮ ਲਈ ਸਿੱਧੀ ਮੁਲਾਕਾਤ ਬਾਅਦ ਬਰਨਜ਼ ਨੇ ਆਪਣੀਆਂ ਯਾਦਾਂ ਵਿਚ ਲਿਖਿਆ: 'ਮੈਂ ਕਦੇ ਵੀ ਏਸ਼ੀਆ ਦੇ ਮੂਲਵਾਸੀ ਦਾ ਇਤਨਾ ਚੰਗਾ ਪ੍ਰਭਾਵ ਲੈ ਕੇ ਉਸ ਤੋਂ ਵਿਦਾਇਗੀ ਨਹੀਂ ਲਈ ਜਿਵੇਂ ਇਸ ਆਦਮੀ ਤੋਂ ਵਿਦਾ ਹੋਣ ਸਮੇਂ, ਬਿਨਾਂ ਸਿੱਖਿਆ, ਬਿਨਾਂ ਕਿਸੇ ਰਾਹਨੁਮਾ ਦੇ ਸਾਰੇ ਕਾਰ ਵਿਹਾਰ ਅਸੀਮ ਸ਼ਕਤੀ ਨਾਲ ਕਰਦਾ ਹੈ ਤੇ ਫਿਰ ਵੀ ਉਹ ਆਪਣੀ ਸ਼ਕਤੀ ਦੀ ਵਰਤੋਂ ਇਸ ਧਿਆਨ ਨਾਲ ਕਰਦਾ ਹੈ ਜੋ ਕਿਸੇ ਪੂਰਬੀ ਰਾਜੇ ਵਿਚ ਇਹ ਇਕ ਨਿਵੇਕਲੀ ਮਿਸਾਲ ਹੈ ਤੇ ਇਕ ਫਰਾਂਸੀਸੀ ਬਨਸਪਤ ਵਿਗਿਆਨੀ ਨੇ ਰਣਜੀਤ ਸਿੰਘ ਨੂੰ ਕਸ਼ਮੀਰ ਜਾਂਦਿਆਂ ਲਾਹੌਰ ਰੁਕਦੇ ਮਿਲਿਆਂ, ਲਿਖਿਆ ਕਿ ਰਣਜੀਤ ਸਿੰਘ ਦੇ ਮੁਕਾਬਲੇ ਸਾਡੇ ਕੁਸ਼ਲ ਰਾਜਦੂਤ ਪੂਰੀ ਤਰਾਂ ਸਿੱਧੜ ਹਨ।

ਇਤਿਹਾਸ ਵਿਚ ਕਿਸੇ ਨਿਰੰਕਸ਼ ਹਾਕਮ ਦੀ ਇਕ ਵੀ ਉਦਾਹਰਣ ਮਿਲਣੀ ਔਖੀ ਹੈ ਲਜਸਨੇ ਕਦੀ ਨਿਰਦਾਇਤਾ ਨਾਲ ਮਨੁੱਖੀ ਖੂਨ ਨਾਲ ਹੱਥ ਨਾ ਰੰਗੇ ਹੋਣ ਤੇ ਫਿਰ ਵੀ ਰਣਜੀਤ ਸਿੰਘ ਦੇ ਸਾਮਰਾਜ ਜਿੰਨਾ ਵੱਡਾ ਸਾਮਰਾਜ ਕਾਇਮ ਕੀਤਾ ਹੋਵੇ। ਅੰਗਰੇਜ ਗਵਰਨਰ-ਜਨਰਲ ਦਾ ਸੈਨਿਕ ਸਕੱਤਰ ਡਬਲਯੂ. ਜੀ. ਓਸਬਰਨ ਲਿਖਦਾ ਹੈ ਕਿ 'ਰਣਜੀਤ ਸਿੰਘ ਇਤਨੇ ਪ੍ਰਭਾਵਕ ਤੇ ਸੋਹਣੇ ਲੋਕਾਂ ਵਿਚ ਘਿਰਿਆ ਹੋਇਆ ਹੈ ਕਿ ਯੂਰਪ ਤੇ ਪੂਰਬ ਵਿਚ ਕਿਸੇ ਹੋਰ ਦਰਬਾਰ ਵਿਚ ਮੁਖੀ ਸਰਦਾਰਾਂ ਦੇ ਅਜਿਹੇ ਸੁੰਦਰ ਜੁੱਟ ਨਹੀਂ ਹੋਣਗੇ।' ਉਸ ਨੇ ਰਣਜੀਤ ਸਿੰਘ ਨੂੰ ਕਹਿੰਦੇ ਸੁਣਿਆ ਕਿ ਸਿੱਖ ਪੂਰਬ ਵਿਚ ਸਭ ਤੋਂ ਬਹਾਦਰ ਕੌਮ ਹਨ।

ਇਸ ਬਹਾਦਰ ਕੌਮ ਦੇ ਜਰਨੈਲਾਂ ਦੇ ਕੁੱਝ ਜਰਨੈਲ ਜਿਵੇਂ : ਅਕਾਲੀ ਫੂਲਾ ਸਿੰਘ : ਸਿੱਖਾਂ ਦੇ 'ਜੁਝਾਰੂ ਵਰਗ ਨਿਹੰਗ ਸਿੰਘ, ਜੋ ਗੁਰੂ ਗੋਬਿੰਦ ਸਿੰਘ ਦੇ ਸਮੇਂ ਤੋਂ ਹੀ ਖਾਲਸਾ ਸੈਨਾਵਾਂ ਵਿਚ ਆਪਣੇ ਹਿੱਤਾਂ ਦੀ ਪ੍ਰਵਾਹ ਨਾ ਕਰਨ ਵਾਲੇ ਆਤਮਘਾਤੀ ਦਸਤਿਆਂ ਵਜੋਂ ਵਿਚਰਦੇ ਰਹੇ ਹਨ, ਦਾ ਆਗੂ ਸੀ। ਅਕਾਲੀ ਫੂਲਾ ਸਿੰਘ ਨੇ ਸਿੱਖ ਧਰਮ ਅਸਥਾਨਾਂ ਦੀ ਸਾਂਭ ਸੰਭਾਲ ਲਈ ਆਪਣਾ ਜੀਵਨ ਅਰਪਿਤ ਕੀਤਾ ਹੋਇਆ ਸੀ। ਉਹ ਖਾਲਸਾ ਰਾਜ ਦਾ ਸਰਗਰਮ ਸਮਰੱਥਕ ਸੀ। ਖਾਸ ਤੌਰ 'ਤੇ ਨਿਹੰਗ ਸਿੰਘ, 'ਮੁਸਲਿਮ ਜਹਾਦੀਆਂ' ਦੇ ਮੁਕਾਬਲੇ ਲਈ ਬਹੁਤ ਹੀ ਕਾਰਗਰ ਹਥਿਆਰ ਸਨ। ਉਨਾਂ ਨੂੰ ਗੁਰੂ ਦੀਆਂ ਲਾਡਲੀਆਂ ਫੌਜਾਂ ਵੀ ਕਿਹਾ ਜਾਂਦਾ ਹੈ । ਕਈ ਪ੍ਰਸਿੱਧ ਜਿੱਤਾਂ ਨਿਹੰਗ ਸਿੰਘਾਂ ਦੀ ਅਤਿਅੰਤ ਸੂਰਮਗਤੀ ਕਾਰਨ ਪ੍ਰਾਪਤ ਕੀਤੀਆਂ ਗਈਆਂ। ਇਥੋਂ ਤਕ ਕਿ ਤੋਪ ਦਾ ਇਕ ਪਹੀਆ ਟੁੱਟ ਜਾਣ ਤੇ ਆਪਣੇ ਮੋਡੇ ਥੱਲੇ ਡਾਉਣ ਲਈ ਵੀ ਤਿਆਰ ਰਹਿੰਦੇ।

ਸਮਝੋ ਕਿ ਜਿੱਥੇ ਵੀ ਮੁਹਿੰਮ ਦੀ ਜਿੱਤ ਵਿਚ ਅੜਚਨ ਆਉਂਦੀ, ਉਥੇ ਗੁਰੂ ਜੀ ਆਪ ਹੀ ਆਪਣੀਆਂ ਲਾਡਲੀਆਂ ਫੌਜਾਂ ਭੇਜ ਕੇ ਆਪਣਾ 'ਜ਼ਫ਼ਰਨਾਮਾ' ਕਰਾਉਂਦੇ। ਜਿਸ ਤਰਾਂ ਮੁਸਲਿਮ ਮੁਖੀਆਂ ਦੀ ਆਦਤ ਸੀ ਕਿ ਸਿੱਖਾਂ ਨਾਲ ਹਰ ਲੜਾਈ ਨੂੰ 'ਜਹਾਦ' ਆਖ ਦਿੰਦੇ ਸਨ ਤੇ ਬਹੁਤ ਸਾਰੇ ਕੱਟੜ 'ਗਾਜ਼ੀ' ਭਰਤੀ ਕਰ ਲੈਂਦੇ ਸਨ। ਇਸ ਤਰਾਂ ਮੁਲਤਾਨ ਦੀ ਮੁਹਿੰਮ ਵੇਲੇ ਅਕਾਲੀ ਫੂਲਾ ਸਿੰਘ ਨੂੰ ਗੁਰੂ ਦੇ ਨਿਹੰਗ ਸਿੰਘਾਂ ਦੇ ਦਲ ਨੂੰ ਮੈਦਾਨ ਵਿਚ ਉਤਾਰਨ ਲਈ ਆਖਿਆ ਗਿਆ। ਕਿਉਂਕਿ ਮੁਲਤਾਨ ਦਾ ਹਾਕਮ ਮੁਜ਼ੱਫਰ ਖਾਂ ਅਜੇ ਵੀ ਅੜਿਆ ਹੋਇਆ ਸੀ। ਇਨਾਂ ਦੇ ਇਕ ਜਥੇ ਨੇ ਰਾਤ ਦੇ ਹਨੇਰੇ ਵਿਚ, ਖਾਈ ਵਿਚ ਚੋਰੀ-ਛੁਪੇ ਵੜਕੇ ਕੰਧ ਦੇ ਇਕ ਹਿੱਸੇ ਜਿੱਥੇ ਬਰੂਦ ਦਬ ਦਿਤਾ ਤੇ ਕੰਧ ਦਾ ਇਕ ਵੱਡਾ ਹਿੱਸਾ ਅਕਾਸ਼ ਵਿੱਚ ਉਡਾ ਦਿੱਤਾ। ਮੁਜ਼ੱਫਰ ਖਾਂ ਹਾਰ ਮਨ ਗਿਆ। ਲਾਹੌਰ ਜਿੱਤ ਦਾ ਜਸ਼ਨ ਮਨਾਇਆ ਗਿਆ ਪਰ ਮੁਜ਼ੱਫਰ ਖਾਂ ਦੇ ਸੈਨਿਕਾਂ ਨੇ ਸੰਧੀ ਮਨਜ਼ੂਰ ਨਾ ਕੀਤੀ ਤੇ ਕਿਹਾ, 'ਬੇਇਜ਼ਤੀ ਦੀ ਜ਼ਿੰਦਗੀ ਨਾਲੋਂ ਇੱਜ਼ਤ ਦੀ ਮੌਤ ਬਿਹਤਰ ਹੈ। ਅਸੀਂ ਆਖਰੀ ਦਮ ਤੱਕ ਸਿੱਖਾਂ ਨਾਲ ਲੜਾਂਗੇ।' ਜੰਗ ਮੁੜ ਸ਼ੁਰੂ ਹੋ ਗਈ। ਇਕ ਵਾਰ ਫਿਰ ਨਿਹੰਗ ਸਿੰਘ ਮੂਹਰੇ ਆਏ ਤੇ ਰਖਿਅਕਾਂ ਨੂੰ ਪਛਾੜਦੇ ਹੋਏ ਬੁੱਡੇ ਨਵਾਬ, ਉਸ ਦੇ ਲੜਕੇ ਤੇ ਹੋਰਾਂ ਤੇ ਜਾ ਟੁੱਟ ਪਏ ਜਿਨਾਂ ਹਰੇ ਬਾਣੇ ਤੇ ਨੰਗੀਆਂ ਤਲਵਾਰਾਂ ਫੜੀਆਂ ਸਨ। ਨਵਾਬ ਮੁਜ਼ੱਫਰ ਖਾਂ ਉਸ ਦੇ ਦੋ ਲੜਕੇ ਤੇ ਇਕ ਭਤੀਜਾ ਮਾਰੇ ਗਏ, ਉਸ ਦੇ ਦੋ ਛੋਟੇ ਲੜਕੇ ਜਿਉਂਦੇਂ ਫੜ ਲਏ ਗਏ। ਜਿਨਾਂ ਨੂੰ ਮਹਾਰਾਜੇ ਅੱਗੇ ਪੇਸ਼ ਕੀਤਾ ਗਿਆ, ਜਿਸ ਨੇ ਵਜੀਰ ਖਾਂ ਦਾ 'ਸਾਹਿਬਜਾਦਿਆਂ ਨੂੰ ਸ਼ਹੀਦ' ਦੇ ਉਲਟ ਜੱਫ਼ੀ ਵਿਚ ਲਿਆ ਤੇ ਆਪਣੇ ਕੋਲ ਆਸਣ 'ਤੇ ਬਿਠਾ ਲਿਆ। ਜਦ ਵੀ ਜ਼ਹਾਦੀਆਂ ਨੇ ਮੈਦਾਨ ਵਿਚ ਸਿੱਖਾਂ ਨੂੰ ਵੰਗਾਰਿਆ ਗੁਰੂ ਦੀ ਫੌਜ ਨੇ ਉਨਾਂ ਦੇ ਆਹੂ ਲਾਹ ਦਿੱਤੇ। ਇਥੋਂ ਤਕ ਕਿ ਤੋਪ ਦਾ ਇਕ ਪਈਆ ਟੁੱਟਣ ਤੇ ਮੋਡਾ ਡਾਹ ਕੇ ਤੋਪ ਚਲਾਉਂਦੇ ਰਹੇ। ਇਸੇ ਤਰਾਂ ਅਕਾਲੀ ਫੂਲਾ ਸਿੰਘ ਨੇ ਅੱਟਕ ਦੇ ਇਲਾਕੇ ਨੂੰ ਜਿੱਤਣ ਲਈ ਵੀ ਜਰਨੈਲ ਹਰੀ ਸਿੰਘ ਨਾਲ ਮਿਲ ਕੇ ਸੰਘਰਸ਼ ਕੀਤਾ।

(ਚਲਦਾ...)

**ਅਦਾਰਾ 'ਅੰਮ੍ਰਿਤਸਰ ਟਾਈਮਜ਼' ਵੱਲੋਂ ਆਪਣੇ ਪਾਠਕਾਂ ਲਈ ਸਿੱਖ ਧਰਮ ਦੇ ਨੌਂਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 400ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਲੇਖ ਲੜੀ ਸ਼ੁਰੂ ਕੀਤੀ ਗਈ ਹੈ। ਇਸ ਲੜੀ ਤਹਿਤ ਹਥਲਾ ਲੇਖ ਪਾਠਕਾਂ ਲਈ ਪੇਸ਼ ਕੀਤਾ ਜਾ ਰਿਹਾ ਹੈ - ਸੰਪਾਦਕ**

# ਗੁਰੂ ਤੇ.ਗ ਬਹਾਦਰ ਸਾਹਿਬ ਜੀ ਦੀ ਅਦੁੱਤੀ ਸ਼ਹਾਦਤ

**ਡਾਕਟਰ ਫੌਜਾ ਸਿੰਘ**

**ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ**
**ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ**
**(ਅੰਗ : 1427)**

ਜਿਸ ਮਨੁੱਖ ਨੇ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਪੜੀ ਜਾਂ ਸੁਣੀ ਹੈ, ਉਹ ਉਨਾਂ ਦੇ ਇਸ ਲੋਕ ਤੋਂ ਜ਼ਰੂਰ ਜਾਣੂ ਹੋਵੇਗਾ। ਇਸ ਵਿਚ ਗੁਰੂ ਮਹਾਰਾਜ ਨੇ ਮਨੁੱਖੀ ਧਰਮ ਦੇ ਇਕ ਮਹਾਨ ਪਹਿਲੂ ਦਾ ਜ਼ਿਕਰ ਕੀਤਾ ਹੈ। ਉਨਾਂ ਫੁਰਮਾਇਆ ਹੈ ਕਿ ਜੋ ਆਦਮੀ ਕਿਸੇ ਨੂੰ ਡਰ ਪਾਉਂਦਾ ਨਹੀਂ ਅਤੇ ਨਾ ਹੀ ਆਪ ਕਿਸੇ ਤੋਂ ਖੌਫ਼ ਖਾਂਦਾ ਹੈ, ਉਸ ਨੇ ਮਾਨੋਂ ਸੱਚਾ ਗਿਆਨ ਪ੍ਰਾਪਤ ਕਰ ਲਿਆ ਹੈ ਕਿਉਂਕਿ ਜੋ ਹੋਰਨਾਂ ਨੂੰ ਡਰਾਉਂਦਾ ਹੈ, ਉਹ ਜਰਵਾਣਾ ਹੈ, ਅਪਰਾਧੀ ਹੈ ਅਤੇ ਜੋ ਕਿਸੇ ਦੇ ਡਰ ਥੱਲੇ ਝੁਕ ਜਾਂਦਾ ਹੈ, ਉਹ ਕਾਇਰ ਹੈ, ਬੁਜ਼ਦਿਲ ਹੈ, ਜ਼ਾਲਮਾਂ ਨੂੰ ਜ਼ੁਲਮ ਦੀ ਪ੍ਰੇਰਨਾ ਦਿੰਦਾ ਹੈ।

ਔਰੰਗਜ਼ੇਬ ਸੰਨ 1656 ਈਸਵੀ ਵਿਚ ਤਖ਼ਤ 'ਤੇ ਬੈਠਾ। ਇਸ ਦੇ ਨਾਲ ਹੀ ਅਕਬਰ ਦੀਆਂ ਉਦਾਰ ਨੀਤੀਆਂ ਦਾ ਜੁਗ ਸਮਾਪਤ ਹੋ ਗਿਆ। ਔਰੰਗਜ਼ੇਬ 'ਤੇ ਸ਼ੁਰੂ ਤੋਂ ਹੀ ਇਸਲਾਮੀ ਕੱਟੜਤਾ ਦਾ ਬਹੁਤ ਅਸਰ ਸੀ।

ਇਸ ਦੌਰਾਨ ਗੁਰੂ ਤੇਗ ਬਹਾਦਰ ਜੀ ਅਸਾਮ ਵਿਚ ਅੰਬੇਰਪਤੀ ਰਾਜਾ ਰਾਮ ਸਿੰਘ ਜੀ ਨਾਲ ਸਨ। ਜਦੋਂ ਉਨਾਂ ਨੂੰ ਸਰਕਾਰ ਦੇ ਨਵੇਂ ਅੱਤਿਆਚਾਰ ਦੀ ਸੂਹ ਮਿਲੀ, ਉਹ ਫੋਰਨ ਉਥੋਂ ਪੰਜਾਬ ਲਈ ਵਾਪਸ ਚਲ ਪਏ। ਰਸਤੇ ਵਿਚ ਉਨਾਂ ਨੇ ਦੀਵਾਨ ਮਤੀ ਦਾਸ ਨੂੰ ਭੇਜ ਕੇ ਪਟਨੇ ਤੋਂ ਆਪਣੇ ਸਾਰੇ ਪਰਿਵਾਰ ਸਮੇਤ ਸਿੱਧਾ ਲਖਨੌਰ ਪੁੱਜਣ ਦਾ ਆਦੇਸ਼ ਦੇ ਕੇ ਆਪ ਦੀਵਾਨ ਮਤੀ ਦਾਸ, ਭਾਈ ਸਤੀ ਦਾਸ ਤੇ ਭਾਈ ਦਿਆਲ ਦਾਸ ਆਦਿ ਸਿੱਖਾਂ ਨਾਲ ਦਿੱਲੀ ਰਵਾਨਾ ਹੋ ਗਏ। ਦਿੱਲੀ ਪਹੁੰਚ ਕੇ ਆਪ ਨੇ ਰਾਜਾ ਰਾਮ ਸਿੰਘ ਦੀ ਮਾਤਾ ਪੁਸ਼ਪਾ ਦੇਵੀ ਨੂੰ ਬੁਲਾ ਕੇ ਰਾਜਾ ਸਾਹਿਬ ਦੀ ਸੁਖ ਸਾਂਦ ਦੀ ਖ਼ਬਰ ਦਿੱਤੀ ਅਤੇ ਉਪਰੰਤ ਲਖਨੌਰ ਲਈ ਚੱਲ ਪਏ। ਸਾਰਾ ਪਰਿਵਾਰ ਪਹਿਲਾਂ ਹੀ ਲਖਨੌਰ ਪੁੱਜ ਚੁੱਕਾ ਸੀ ਅਤੇ ਦੁਸਹਿਰੇ ਦੇ ਪਵਿੱਤਰ ਦਿਹਾੜੇ 'ਤੇ ਮਾਮਾ ਮਿਹਰਚੰਦ ਜੀ ਨੇ ਸਾਹਿਬਜ਼ਾਦਾ ਗੋਬਿੰਦ ਰਾਏ ਜੀ ਦੀ ਦਸਤਾਰਬੰਦੀ ਦੀ ਰਸਮ ਸੰਪੂਰਨ ਕੀਤੀ ਸੀ।

ਕੁਝ ਸਮਾਂ ਲਖਨੌਰ ਠਹਿਰ ਕੇ ਗੁਰੂ ਜੀ ਪੰਜਾਬ ਦੇ ਵੱਖ-ਵੱਖ ਭਾਗਾਂ ਦੇ ਰਟਨ ਲਈ ਤੁਰ ਪਏ। ਚੱਲਣ ਵੇਲੇ ਪਰਿਵਾਰ ਨੂੰ ਕਿਹਾ ਕਿ ਉਹ ਸਭ ਹਾਲੀਂ ਉਥੇ ਹੀ ਟਿਕੇ ਰਹਿਣ। ਮਗਰੋਂ ਕਿਸੇ ਵੇਲੇ ਉਨਾਂ ਨੂੰ ਸੁਨੇਹਾ ਭੇਜ ਕੇ ਮੰਗਵਾ ਲਿਆ ਜਾਵੇਗਾ।

ਇਸ ਸਮੇਂ ਜਨਤਾ ਵਿਚ ਬੜੀ ਬੇਚੈਨੀ ਸੀ। ਸਰਕਾਰ ਦੇ ਅੱਤਿਆਚਾਰਾਂ ਨਾਲ ਲੋਕ ਸਹਿਮ ਗਏ ਸਨ। ਇਹ ਕਾਇਦਾ ਹੁੰਦਾ ਹੈ ਕਿ ਲੋਕ ਭਾਵੇਂ ਧਾਰਮਿਕ ਜੀਵਨ ਵਿਚ ਏਨੇ ਪੱਕੇ ਨਾ ਵੀ ਹੋਣ ਫਿਰ ਵੀ ਜਦ ਕੋਈ ਉਨਾਂ ਦੇ ਧਰਮ ਨਾਲ ਧੱਕਾ ਕਰੇ, ਉਨਾਂ ਦੇ ਧਰਮ ਅਸਥਾਨਾਂ ਨੂੰ ਹਾਨੀ ਪਹੁੰਚਾਏ ਜਾਂ ਜ਼ਬਰਦਸਤੀ ਉਨਾਂ ਨੂੰ ਕਿਸੇ ਦੂਜੇ ਧਰਮ ਵਿਚ ਲਿਆਉਣ ਦਾ ਯਤਨ ਕਰੇ, ਉਨਾਂ ਦੇ ਦਿਲਾਂ ਨੂੰ ਤੇ ਜਜ਼ਬਾਤ ਨੂੰ ਚੋਟ ਲੱਗਦੀ ਹੈ।

ਦੁੱਖਾਂ ਤੇ ਤਕਲੀਫ਼ਾਂ ਦੇ ਇਸ ਸੰਘਣੇ ਹਨੇਰੇ ਵਿਚ ਗੁਰੂ ਜੀ ਦੇ ਮਿਠੇ, ਅਸਰਦਾਰ ਤੇ ਜੀਵਨ ਦਾਨ ਦੇਣ ਵਾਲੇ ਉਪਦੇਸ਼ ਨੇ ਚਿਰਾਗ ਦਾ ਕੰਮ ਕੀਤਾ। ਲੋਕ ਹੁੰਮ-ਹੁਮਾ ਕੇ ਉਨਾਂ ਦੇ ਸਤਿ ਬਚਨਾਂ ਨੂੰ ਸੁਣਨ ਲਈ ਇਕੱਠੇ ਹੋਣੇ ਸ਼ੁਰੂ ਹੋ ਗਏ। ਗੁਰੂ ਜੀ ਮਹਾਰਾਜ ਜਿਥੇ ਵੀ ਜਾਂਦੇ, ਭੀੜਾਂ ਲੱਗ ਜਾਂਦੀਆਂ। 'ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ' ਗੁਰੂ ਜੀ ਦੇ ਇਸ ਸਿਧਾਂਤ ਦਾ ਵਿਸ਼ੇਸ਼ ਕਰਕੇ ਬਿਜਲੀ ਵਾਂਗ ਅਸਰ ਹੁੰਦਾ ਅਤੇ ਲੋਕਾਂ ਨੂੰ ਇਉਂ ਮਹਿਸੂਸ ਹੁੰਦਾ ਕਿ ਜਿਵੇਂ ਉਨਾਂ ਦੇ ਢਹਿ ਰਹੇ ਜੀਵਨ ਨੂੰ ਕੋਈ ਥੰਮੀ ਮਿਲ ਗਈ ਹੈ। ਪ੍ਰੰਤੂ ਸਰਕਾਰੀ ਅਫ਼ਸਰਾਂ ਤੇ ਰਿਪੋਰਟ-ਨਵੀਸਾਂ 'ਤੇ ਇਸ ਦਾ ਪ੍ਰਭਾਵ ਉਲਟਾ ਪਿਆ। ਉਨਾਂ ਨੇ ਬਾਦਸ਼ਾਹ ਨੂੰ ਵਧਾ ਚੜਾ ਕੇ, ਤਰੋੜ ਮਰੋੜ ਕੇ, ਸੂਚਨਾਵਾਂ ਭੇਜਣੀਆਂ ਸ਼ੁਰੂ ਕਰ ਦਿੱਤੀਆਂ, ਜਿਸ ਕਾਰਨ ਹੌਲੀ-ਹੌਲੀ ਸਰਕਾਰ ਨੂੰ ਘਬਰਾਹਟ ਹੋਣੀ ਸ਼ੁਰੂ ਹੋ ਗਈ।

ਇਹ ਸਭ ਸਫ਼ਰ ਖ਼ਤਮ ਕਰ ਕੇ ਜਦੋਂ ਗੁਰੂ ਜੀ ਮਹਾਰਾਜ ਚੱਕ ਨਾਨਕੀ ਪੁੱਜੇ, ਉਥੇ 25 ਮਈ, 1675 ਈ: ਨੂੰ ਕਸ਼ਮੀਰੀ ਪੰਡਿਤਾਂ ਦਾ ਕਿ 16-ਮੈਂਬਰੀ ਵਫ਼ਦ ਉਨਾਂ ਦੇ ਦਰਬਾਰ ਵਿਚ ਹਾਜ਼ਰ ਹੋਇਆ। ਭੱਟ ਵਹੀ ਵਿਚ ਇਉਂ ਲਿਖਿਆ ਹੈ :-

'ਕਿਰਪਾ ਰਾਮ ਬੇਟਾ ਅੜੂ ਰਾਮ ਕਾ ਪੋਤਾ ਨਰੈਣ ਦਾਸ ਕਾ ਪੜਪੋਤਾ ਬਰਹਮ ਦਾਸ ਕਾ ਬਨਸ ਠਾਕਰ ਦਾਸ ਕੀ ਭਾਰਦਵਾਜੀ ਗੋਤਰਾ ਸਾਰਸੁਤ ਦਤ ਬ੍ਰਾਹਮਨ ਬਾਸੀ ਮਟਨ ਪਰਗਨਾ ਸਿਰੀ ਨਗਰ ਦੇਸ ਕਸ਼ਮੀਰ ਖੋੜਸ ਮੁਖੀ (ਸੋਲਾਂ) ਬ੍ਰਾਹਮਨੋਂ ਕੋ ਸੰਗ ਲੈ ਕੇ ਚੱਕ ਨਾਨਕੀ ਆਇਆ, ਪਰਗਨਾ ਕਹਿਲੂਰ ਮੇਂ ਸਮਤ ਸਤਰੈ ਸੈ ਬਤੀਸ ਜੇਠ ਮਾਸੇ ਸੁਦ ਇਕਾਦਸੀ ਕੇ ਦਿਹੁ ਗੁਰੂ ਤੇਗ ਬਹਾਦਰ ਮਹਲ ਨਾਵਾਂ ਨੇ ਇਨੇ ਧੀਰਜ ਦਈ।'

ਪੰਡਤਾਂ ਦੀ ਪੁਕਾਰ ਬੜੀ ਹੀ ਦਰਦਨਾਕ ਸੀ। ਗੁਰੂ ਜੀ ਹਾਲਾਤ ਤੋਂ ਪਹਿਲਾਂ ਹੀ ਭਲੀ ਭਾਂਤ ਜਾਣੂ ਸਨ, ਪਰ ਇਸ ਪੁਕਾਰ ਦਾ ਉਨਾਂ ਦੇ ਦਿਲ 'ਤੇ ਡੂੰਘਾ ਅਸਰ ਹੋਇਆ। ਗੁਰੂ ਜੀ ਸੋਚਾਂ ਵਿਚ ਪੈ ਗਏ ਕਿ ਹੁਣ ਇਸ ਸਾਰੇ ਜ਼ੁਲਮ ਦਾ ਕਿਵੇਂ ਖ਼ਾਤਮਾ ਕੀਤਾ ਜਾਵੇ। ਪਿਤਾ ਜੀ ਨੂੰ ਗੰਭੀਰ ਚੁੱਪ ਦੀ ਹਾਲਤ ਵਿਚ ਵੇਖ ਕੇ ਸਾਹਿਬਜ਼ਾਦਾ ਗੋਬਿੰਦ ਰਾਏ ਨੇ ਜੋ ਹੁਣੇ ਹੁਣੇ ਬਾਹਰੋਂ ਆਏ ਸਨ, ਪੁੱਛਿਆ, 'ਪਿਤਾ ਜੀ ! ਆਪ ਕੀ ਸੋਚ ਰਹੇ ਹੋ ?' ਤਾਂ ਗੁਰੂ ਜੀ ਨੇ ਅੱਗੋਂ ਫੁਰਮਾਇਆ, 'ਬੇਟਾ, ਇਹ ਲੋਕ, ਆਏ ਹਨ, ਬੜੇ ਦੁਖੀ ਹਨ, ਸਹਾਇਤਾ ਚਾਹੁੰਦੇ ਹਨ।' ਇਹ ਸੁਣ ਕੇ ਬਾਲਾ ਪ੍ਰੀਤਮ ਫਿਰ ਬੋਲੇ, 'ਪਿਤਾ ਜੀ, ਫਿਰ ਕੀ ਹੋ ਸਕਦਾ ਹੈ ?' ਪਿਤਾ ਜੀ ਨੇ ਉੱਤਰ ਵਿਚ ਕਿਹਾ, 'ਪੁੱਤਰ, ਲੋਕਾਂ ਦੇ ਦੁੱਖਾਂ ਦਾ ਇਕੋ ਇਕ ਹੱਲ ਇਹ ਹੈ ਕਿ ਕੋਈ ਮਹਾਤਮਾ ਜਨ ਆਪਣਾ ਬਲੀਦਾਨ ਦੇਵੇ।' ਤੁਰੰਤ ਸਾਹਿਬਜ਼ਾਦਾ ਬੋਲੇ, 'ਤੁਹਾਡੇ ਤੋਂ ਵੱਡਾ ਮਹਾਤਮਾ ਕੌਣ ਹੋ ਸਕਦਾ ਹੈ।' ਇਹ ਬੀਰਤਾ-ਭਰਪੂਰ ਉੱਤਰ ਸੁਣ ਕੇ ਗੁਰੂ ਜੀ ਮੁਸਕਰਾਏ ਤੇ ਕਹਿਣ ਲੱਗੇ, 'ਸ਼ਾਬਾਸ਼ ਬੇਟਾ, ਬੱਸ ਮੈਂ ਇਸੇ ਉੱਤਰ ਦੀ ਉਡੀਕ ਵਿਚ ਸਾਂ।' ਉਸੇ ਵੇਲੇ ਗੁਰੂ ਜੀ ਨੇ ਫ਼ੈਸਲਾ ਕਰ ਲਿਆ ਕਿ ਬਲੀਦਾਨ ਦੇਣ ਦੀ ਜ਼ਿੰਮੇਵਾਰੀ ਉਹ ਖ਼ੁਦ ਹੀ ਸੰਭਾਲਣਗੇ।

ਲਗਪਗ ਦੋ ਮਹੀਨੇ ਮਗਰੋਂ ਗੁਰੂ ਜੀ ਆਪਣੇ ਬੇਟੇ ਗੋਬਿੰਦ ਰਾਏ ਜੀ ਨੂੰ ਗੁਰਿਆਈ ਦੇ ਕੇ ਦੀਵਾਨ ਮਤੀ ਦਾਸ, ਭਾਈ ਸਤੀ ਦਾਸ ਤੇ ਭਾਈ ਦਿਆਲਾ ਜੀ ਨੂੰ ਨਾਲ ਲੈ ਕੇ ਚੱਕ ਨਾਨਕੀ ਤੋਂ ਦਿੱਲੀ ਦੀ ਦਿਸ਼ਾ ਵੱਲ ਰਵਾਨਾ ਹੋ ਗਏ।

ਦਿੱਲੀ ਵਿਚ ਤਾਕਤ ਵਿਚ ਨਸ਼ਿਆਏ ਅਤੇ ਮਜ਼ਬੀ ਜਨੂੰਨ ਵਿਚ ਅੰਨੇ ਮੁਗਲ ਅਧਿਕਾਰੀਆਂ ਨੇ ਗੁਰੂ ਜੀ ਤੇ ਉਨਾਂ ਦੇ ਸਿਦਕੀ ਸਿੱਖਾਂ 'ਤੇ ਦਬਾਉ ਪਾਉਣਾ ਸ਼ੁਰੂ ਕੀਤਾ ਕਿ ਉਹ ਸਭ ਆਪਣਾ ਮਤ ਛੱਡ ਕੇ ਇਸਲਾਮ ਧਾਰਨ ਕਰ ਲੈਣ। ਕਦੀ ਲਾਲਚ ਦਿੱਤੇ ਜਾਂਦੇ, ਕਦੀ ਧਮਕੀਆਂ, ਕਦੀ ਸਤਿਕਾਰ ਵਜੋਂ ਪੇਸ਼ ਆਇਆ ਜਾਂਦਾ ਤੇ ਕਦੀ ਤਸੀਹੇ ਦਿੱਤੇ ਜਾਂਦੇ। ਪ੍ਰੰਤੂ ਗੁਰੂ ਜੀ ਤੇ ਉਨਾਂ ਦੇ ਸਿੱਖਾਂ ਦੇ ਹੌਸਲੇ ਚਟਾਨ ਵਾਂਗ ਅਡੋਲ ਸਨ। ਜਦੋਂ ਹਾਕਮਾਂ ਦੀ ਪੇਸ਼ ਨਾ ਗਈ ਤਾਂ ਉਨਾਂ ਨੇ ਗੁਰੂ ਜੀ 'ਤੇ ਜ਼ੋਰ ਪਾਇਆ ਕਿ ਜੇ ਉਹ ਫ਼ਕੀਰ ਹਨ ਤਾਂ ਕੋਈ ਕਰਾਮਾਤ ਵਿਖਾਉਣ। ਗੁਰਮਤਿ ਵਿਚ ਕਰਾਮਾਤ ਕਹਿਰ ਸਮਝੀ ਜਾਂਦੀ ਹੈ, ਇਸ ਲਈ ਆਪ ਨੇ ਕਰਾਮਾਤ ਤੋਂ ਵੀ ਇਨਕਾਰ ਕਰ ਦਿੱਤਾ। ਅੰਤ ਨੂੰ ਜਦ ਸਰਕਾਰ ਦੀ ਕੋਈ ਕੋਸ਼ਿਸ਼ ਵੀ ਸਫਲ ਨਾ ਹੋਈ, ਤਾਂ ਉਸ ਨੇ ਕਤਲ ਦੇ ਹੁਕਮ ਜਾਰੀ ਕੀਤੇ। ਗੁਰੂ ਜੀ ਦੀ ਹਜ਼ੂਰੀ ਵਿਚ ਪਹਿਲਾਂ ਉਨਾਂ ਦੇ ਤਿੰਨਾਂ ਪਿਆਰੇ ਸਿੱਖਾਂ ਨੂੰ ਸ਼ਹੀਦ ਕੀਤਾ ਗਿਆ। ਭਾਈ ਮਤੀ ਦਾਸ ਨੂੰ ਆਰੇ ਨਾਲ ਚੀਰਿਆ ਗਿਆ। ਭਾਈ ਸਤੀ ਦਾਸ ਨੂੰ ਰੂੰ ਵਿਚ ਲਪੇਟ ਕੇ ਅੱਗ ਲਾਈ ਗਈ ਤੇ ਭਾਈ ਦਿਆਲਾ ਜੀ ਨੂੰ ਦੇਗ ਵਿਚ ਉਬਾਲਿਆ ਗਿਆ। ਸਰਕਾਰ ਨੂੰ ਵਹਿਮ ਸੀ ਕਿ ਇਨਾਂ ਭਿਆਨਕ ਸਜ਼ਾਵਾਂ ਨਾਲ ਗੁਰੂ ਜੀ ਦਾ ਹੌਸਲਾ ਢਹਿ ਪਏਗਾ ਅਤੇ ਉਹ ਡੋਲ ਕੇ ਸਭ ਗੱਲਾਂ ਪ੍ਰਵਾਨ ਕਰ ਲੈਣਗੇ, ਪਰ ਗੁਰੂ ਜੀ ਆਤਮ ਅਸਥਿਤ, ਨਾਮ ਸਥਿਤ ਸਨ। ਉਨਾਂ 'ਤੇ ਕੋਈ ਵੀ ਅਸਰ ਨਾ ਹੋਇਆ। ਅੰਤ ਨੂੰ ਜਲਾਦ ਦੀ ਤਲਵਾਰ ਗੁਰੂ ਜੀ ਦੇ ਪਵਿੱਤਰ ਸੀਸ 'ਤੇ ਵੀ ਚੱਲੀ। ਸਾਖੀ ਹੈ ਕਿ ਸ਼ਹੀਦੀ ਤੋਂ ਥੋੜਾ ਚਿਰ ਪਹਿਲਾਂ ਫਿਰ ਇਕ ਵਾਰ ਗੁਰੂ ਜੀ ਨੂੰ ਕਰਾਮਾਤ ਵਿਖਾਉਣ ਲਈ ਕਿਹਾ ਗਿਆ। ਇਸ ਵਾਰ ਚੋਜੀ ਪਿਤਾ ਨੇ ਕਾਗਜ਼ 'ਤੇ ਕੁਝ ਲਿਖ ਕੇ ਆਪਣੀ ਪਗੜੀ ਦੀ ਕੰਨੀ ਬੰਨ ਦਿੱਤਾ ਤੇ ਕਹਿਣ ਲੱਗੇ, 'ਭਲਿਓ ਲੋਕੋ, ਇਸ ਕਾਗਜ਼ ਦੇ ਟੁਕੜੇ ਦਾ ਇਹ ਅਸਰ ਹੋਵੇਗਾ ਕਿ ਤੁਹਾਡੀ ਤਲਵਾਰ ਚੱਲੇਗੀ, ਪਰ ਮੇਰੇ ਸੀਸ 'ਤੇ ਇਸ ਦਾ ਕੋਈ ਪ੍ਰਭਾਵ ਨਹੀਂ ਪਏਗਾ।' ਜਰਵਾਣੇ ਦੀ ਤਲਵਾਰ ਚੱਲਣੀ ਸੀ, ਚੱਲੀ ਤੇ ਸਿਰ ਧੜ ਤੋਂ ਜੁਦਾ ਹੋ ਗਿਆ। ਉਹ ਹੈਰਾਨ ਸੀ ਕਿ ਉਸ ਕਾਗਜ਼ ਦਾ ਕੀ ਅਸਰ ਹੋਇਆ। ਜਦ ਉਹ ਖੋਲਿਆ ਗਿਆ ਤਾਂ ਉਸ 'ਤੇ ਇਹ ਲਿਖਿਆ ਹੋਇਆ ਸੀ, 'ਸੀਸ ਦੇ ਦਿਤਾ ਪਰ ਸਿਰਰੁ ਨਾ ਦਿੱਤਾ।' ਇਹ ਵੇਖ ਕੇ ਜ਼ਾਲਮਾਂ ਨੂੰ ਡਾਢੀ ਪਸ਼ੇਮਾਨੀ ਹੋਈ।

---

## ਦਿੱਲੀ ਪੁਲਿਸ ਦੇ ਛਾਪੇ...

ਜਿਸ ਵਿੱਚ ਸੰਬਿਤ ਪਾਤਰਾ ਦੇ ਟਵੀਟ ਨੂੰ 'ਮੈਨੂਪੁਲੇਟਿਵ' ਵਜੋਂ ਫ਼ਲੈਗ ਕਰਨ ਬਾਰੇ ਸਫ਼ਾਈ ਮੰਗੀ ਗਈ ਹੈ। ਪੁਲਿਸ ਅਨੁਸਾਰ ਲੱਗਦਾ ਹੈ ਕਿ ਟਵਿੱਟਰ ਕੋਲ ਅਜਿਹੀ ਕੋਈ ਜਾਣਕਾਰੀ ਹੈ, ਜੋ ਸਾਡੇ ਕੋਲ ਨਹੀਂ ਹੈ, ਜਿਸ ਕਰਕੇ ਉਨ੍ਹਾਂ ਨੇ ਸੰਬਿਤ ਪਾਤਰਾ ਦੇ ਟਵੀਟ ਨੂੰ 'ਮੈਨੂਪੁਲੇਟਡ' ਕਰਾਰ ਦਿੱਤਾ ਸੀ।

ਇਸ ਤੋਂ ਪਹਿਲਾਂ ਭਾਰਤ ਸਰਕਾਰ ਨੇ ਟੂਲਕਿਟ ਵਿਵਾਦ ਉੱਤੇ ਸੰਬਿਤ ਪਾਤਰਾ ਤੇ ਹੋਰਨਾਂ ਆਗੂਆਂ ਦੇ ਟਵੀਟਸ ਲਈ 'ਮੈਨੂਪੁਲੇਟਡ ਮੀਡੀਆ ' ਟੈਗ ਦੀ ਵਰਤੋਂ ਕਰਨ ਉੱਤੇ ਟਵਿੱਟਰ ਉੱਤੇ ਸਖਤ ਇਤਰਾਜ਼ ਪ੍ਰਗਟਾਇਆ ਸੀ। ਸੂਤਰਾਂ ਅਨੁਸਾਰ ਟਵਿੱਟਰ ਨੂੰ ਇਹ ਟੈਗ ਹਟਾਉਣ ਲਈ ਆਖਿਆ ਗਿਆ ਹੈ ਕਿਉਂਕਿ ਇਹ ਮਾਮਲਾ ਇਨਫ਼ੋਰਸਮੈਂਟ ਏਜੰਸੀ ਕੋਲ ਮੁਲਤਵੀ ਪਿਆ ਹੈ।

ਸੂਤਰਾਂ ਅਨੁਸਾਰ ਕੇਂਦਰ ਸਰਕਾਰ ਦੇ ਇਲੈਕਟ੍ਰੌਨਿਕਸ ਤੇ ਆਈਟਾ ਮੰਤਰਾਲੇ ਨੇ ਟਵਿੱਟਰ ਨੂੰ ਭੇਜੇ ਆਪਣੇ ਸੰਦੇਸ਼ 'ਚ ਕਿਹਾ ਸੀ ਕਿ ਸਬੰਧਤ ਧਿਰਾਂ ਵਿੱਚੋਂ ਇੱਕ ਨੇ ਸਥਾਨਕ ਕਾਨੂੰਨ ਏਜੰਸੀ ਸਾਹਵੇਂ ਟੂਲਕਿਟ ਦੀ ਸੱਚਾਈ ਉੱਤੇ ਸੁਆਲ ਉਠਾਉਂਦਿਆਂ ਸ਼ਿਕਾਇਤ ਕੀਤੀ ਹੈ ਤੇ ਇਸ ਦੀ ਜਾਂਚ ਕੀਤੀ ਜਾ ਰਹੀ ਹੈ; ਜਦ ਕਿ ਸਥਾਨਕ ਕਾਨੂੰਨੀ ਏਜੰਸੀ 'ਟੂਲਕਿਟ' ਦੀ ਸੱਚਾਈ ਨਿਰਧਾਰਤ ਕਰਨ ਲਈ ਜਾਂਚ ਕਰ ਰਹੀ ਹੈ। ਟਵਿੱਟਰ ਨੇ ਇਸ ਮਾਮਲੇ ਵਿੱਚ ਇੱਕਤਰਫ਼ਾ ਨਤੀਜਾ ਕੱਢਿਆ ਹੈ ਤੇ ਮਨਮਰਜ਼ੀ ਨਾਲ।'

ਸਰਕਾਰ ਤੇ ਵ੍ਹਟਸਐਪ ਵਿਚਾਲੇ ਤਕਰਾਰਬਾਜ਼ੀ ਨਵੇਂ ਸੋਸ਼ਲ ਮੀਡੀਆ ਨਿਯਮਾਂ ਨੂੰ ਲੈ ਕੇ ਸਰਕਾਰ ਅਤੇ ਵ੍ਹਟਸਐਪ ਵਿਚਾਲੇ ਕੁਝ ਤਕਰਾਰਬਾਜ਼ੀ ਚੱਲ ਰਹੀ ਹੈ। ਸਰਕਾਰ ਨੇ ਨਵੇਂ ਡਿਜੀਟਲ ਨਿਯਮਾਂ ਦਾ ਬਚਾਅ ਕਰਦਿਆਂ ਕਿਹਾ ਕਿ ਉਹ ਨਿੱਜਤਾ ਦੇ ਅਧਿਕਾਰ ਦਾ ਸਤਿਕਾਰ ਕਰਦੇ ਹਨ। ਕੇਂਦਰੀ ਸੂਚਨਾ ਟੈਕਨੋਲੋਜੀ ਮੰਤਰੀ ਰਵੀ ਸ਼ੰਕਰ ਪ੍ਰਸਾਦ ਨੇ ਕਿਹਾ ਕਿ ਵ੍ਹਟਸਐਪ ਜਿਹੇ ਸੰਦੇਸ਼ ਮੰਚਾਂ ਨੂੰ ਨਵੇਂ ਆਈਟੀ ਨਿਯਮਾਂ ਅਧੀਨ ਚਿੰਨ੍ਹਿਤ ਸੰਦੇਸ਼ਾਂ ਦੇ ਮੂਲ ਸਰੋਤ ਦੀ ਜਾਣਕਾਰੀ ਦੇਣ ਲਈ ਆਖਣਾ 'ਨਿੱਜਤਾ' ਦੀ ਉਲੰਘਣਾ ਨਹੀਂ ਹੈ।

ਰਵੀ ਸ਼ੰਕਰ ਪ੍ਰਸਾਦ ਨੇ ਕਿਹਾ ਕਿ ਸਰਕਾਰ ਲੋਕਾਂ ਦੀ ਨਿੱਜਤਾ ਦਾ ਪੂਰੀ ਤਰ੍ਹਾਂ ਆਦਰ ਕਰਦੀ ਹੈ। ਨਵੇਂ ਨਿਯਮਾਂ ਤੋਂ ਆਮ ਵ੍ਹਟਸਐਪ ਯੂਜ਼ਰ ਨੂੰ ਡਰਨ ਦੀ ਜ਼ਰੂਰਤ ਨਹੀਂ। ਉਨ੍ਹਾਂ ਕਿਹਾ ਕਿ ਇਸ ਦਾ ਮੁੱਖ ਉਦੇਸ਼ ਇਹ ਪਤਾ ਲਾਉਣਾ ਹੈ ਕਿ ਨਿਯਮਾਂ ਵਿੱਚ ਦਰਜ ਵਿਸ਼ੇਸ਼ ਅਪਰਾਧਾਂ ਨੂੰ ਅੰਜਾਮ ਦੇਣ ਵਾਲੇ ਸੰਦੇਸ਼ ਦੀ ਸ਼ੁਰੂਆਤ ਕਿਸ ਨੇ ਕੀਤੀ।

ਰਵੀ ਸ਼ੰਕਰ ਪ੍ਰਸਾਦ ਨੇ ਅੱਗੇ ਕਿਹਾ 'ਆਫ਼ੈਂਸਿਵ ਮੈਸੇਜ' ਤੋਂ ਪਹਿਲਾਂ ਓਰਿਜਨੇਟਰ ਬਾਰੇ ਜਾਣਕਾਰੀ ਦੇਣ ਦਾ ਪਹਿਲਾਂ ਤੋਂ ਹੀ ਪ੍ਰਚਲਣ ਹੈ। ਇਹ ਮੈਸੇਜ ਭਾਰਤ ਦੀ ਪ੍ਰਭੂਸੱਤਾ, ਅਖੰਡਤਾ ਤੇ ਸੁਰੱਖਿਆ, ਜਨਤਕ ਵਿਵਸਥਾ, ਬਲਾਤਕਾਰ, ਬਾਲ ਜਿਨਸੀ ਸ਼ੋਸ਼ਣ ਜਿਹੇ ਅਪਰਾਧਾਂ ਨਾਲ ਸਬੰਧਿਤ ਹੈ ਮੰਤਰਾਲੇ ਨੇ ਸੋਸ਼ਲ ਮੀਡੀਆ ਕੰਪਨੀਆਂ; ਜਿਵੇਂ ਫ਼ੇਸਬੁੱਕ, ਟਵਿੱਟਰ, ਯੂਟਿਊਬ, ਇੰਸਟਾਗ੍ਰਾਮ ਤੇ ਵ੍ਹਟਸਐਪ ਨੂੰ ਨਵੇਂ ਡਿਜੀਟਲ ਨਿਯਮਾਂ ਦੀ ਪਾਲਣਾ ਦੀ ਹਾਲਤ ਬਾਰੇ ਤੁਰੰਤ ਤਾਜ਼ਾ ਰਿਪੋਰਟ ਦੇਣ ਲਈ ਕਿਹਾ ਹੈ। ਨਵੇਂ ਨਿਯਮ ਲੰਘੇ ਕੱਲ੍ਹ ਭਾਵ ਬੁੱਧਵਾਰ ਤੋਂ ਲਾਗੂ ਹੋ ਗਏ ਹਨ। ਇਨ੍ਹਾਂ ਕੰਪਨੀਆਂ ਨੇ ਮਾਮਲੇ ਨੂੰ ਲੈ ਕੇ ਈਮੇਲ ਰਾਹੀਂ ਪੁੱਛੇ ਸੁਆਲਾਂ ਦੇ ਜੁਆਬ ਨਹੀਂ ਦਿੱਤੇ। ਵ੍ਹਟਸਐਪ ਨੇ ਸਰਕਾਰ ਦੇ ਨਵੇਂ ਡਿਜੀਟਲ ਨਿਯਮਾਂ ਨੂੰ ਦਿੱਲੀ ਹਾਈ ਕੋਰਟ 'ਚ ਚੁਣੌਤੀ ਦਿੱਤੀ ਹੈ। ਵ੍ਹਟਸਐਪ ਦਾ ਕਹਿਣਾ ਹੈ ਕਿ ਮੂਲ ਸੰਦੇਸ਼ਾਂ ਤੱਕ ਪਹੁੰਚ ਉਪਲਬਧ ਕਰਵਾਉਣ ਨਾਲ ਨਿਜਤਾ ਦਾ ਸੇਫ਼ਟੀ-ਕਵਰ ਟੁੱਟ ਜਾਵੇਗਾ। ਮੰਤਰੀ ਰਵੀ ਸ਼ੰਕਰ ਪ੍ਰਸਾਦ ਨੇ ਕਿਹਾ ਭਾਰਤ ਨੇ ਜਿਹੜੇ ਵੀ ਉਪਾਵਾਂ ਦਾ ਪ੍ਰਸਤਾਵ ਰੱਖਿਆ ਹੈ; ਉਸ ਨਾਲ ਵ੍ਹਟਸਐਪ ਦਾ ਆਮ ਕੰਮਕਾਜ ਪ੍ਰਭਾਵਿਤ ਨਹੀਂ ਹੋਵੇਗਾ।

ਨਵੇਂ ਨਿਯਮਾਂ ਦਾ ਐਲਾਨ ਬੀਤੀ 25 ਫ਼ਰਵਰੀ ਨੂੰ ਕੀਤਾ ਗਿਆ ਸੀ। ਇਸ ਨਵੇਂ ਨਿਯਮ ਅਧੀਨ ਟਵਿੱਟਰ, ਫ਼ੇਸਬੁੱਕ, ਇੰਸਟਾਗ੍ਰਾਮ ਤੇ ਵ੍ਹਟਸਐਪ ਜਿਹੇ ਵੱਡੇ ਸੋਸ਼ਲ ਮੀਡੀਆ ਮੰਚਾਂ (ਜਿਨ੍ਹਾਂ ਦੇ ਦੇਸ਼ ਵਿੱਚ 50 ਲੱਖ ਤੋਂ ਵੱਧ ਵਰਤੋਂਕਾਰ ਹਨ) ਨੂੰ ਵਾਧੂ ਉਪਾਅ ਕਰਨ ਦੀ ਲੋੜ ਹੋਵੇਗੀ। ਇਸ ਵਿੱਚ ਮੁੱਖ ਪਾਲਣਾ ਅਧਿਕਾਰੀ, ਨੋਡਲ ਅਧਿਕਾਰੀ ਤੇ ਭਾਰਤ ਸਥਿਤ ਸ਼ਿਕਾਇਤ ਅਧਿਕਾਰੀ ਦੀ ਨਿਯੁਕਤੀ ਆਦਿ ਸ਼ਾਮਲ ਹਨ।

ਨਿਯਮਾਂ ਦੀ ਪਾਲਣਾ ਨਾ ਕਰਨ 'ਤੇ ਇਨ੍ਹਾਂ ਸੋਸ਼ਲ ਮੀਡੀਆ ਕੰਪਨੀਆਂ ਨੂੰ ਆਪਣਾ ਇੰਟਰਮੀਡੀਅਰੀ ਦਰਜਾ ਗੁਆਉਣਾ ਪੈ ਸਕਦਾ ਹੈ। ਇਹ ਸਥਿਤੀ ਉਨ੍ਹਾਂ ਨੂੰ ਕਿਸੇ ਵੀ ਤੀਜੀ ਧਿਰ ਦੀ ਜਾਣਕਾਰੀ ਤੇ ਉਨ੍ਹਾਂ ਵੱਲੋਂ 'ਹੋਸਟ' ਕੀਤੇ ਡਾਟਾ ਲਈ ਦੇਣਦਾਰੀਆਂ ਤੋਂ ਛੋਟ ਤੇ ਸੁਰੱਖਿਆ ਪ੍ਰਦਾਨ ਕਰਦੀ ਹੈ। ਦੂਜੇ ਸ਼ਬਦਾਂ ਵਿੱਚ ਇਸ ਦਾ ਦਰਜਾ ਖਤਮ ਹੋਣ ਤੋਂ ਬਾਅਦ ਸ਼ਿਕਾਇਤ ਹੋਣ 'ਤੇ ਉਨ੍ਹਾਂ ਵਿਰੁੱਧ ਕਾਰਵਾਈ ਕੀਤੀ ਜਾ ਸਕਦੀ ਹੈ।

ਅੰਮ੍ਰਿਤਸਰ ਟਾਈਮਜ਼ ਮੀਡੀਆ ਅਨੁਸਾਰ ਨਵੇਂ ਨਿਯਮਾਂ ਨੂੰ ਸਮਾਜਿਕ ਕਾਰਕੁਨਾਂ, ਪੱਤਰਕਾਰਾਂ ਅਤੇ ਜਾਂਚ ਰਿਪੋਰਟਾਂ ਤਿਆਰ ਕਰਨ ਵਾਲਿਆਂ 'ਤੇ ਹਮਲੇ ਦੇ ਰੂਪ ਵਿਚ ਦੇਖਿਆ ਜਾ ਰਿਹਾ ਹੈ। ਸਰਕਾਰ ਦਾ ਕਹਿਣਾ ਹੈ ਕਿ ਨਿਯਮਾਂ ਮੁਤਾਬਿਕ ਹਰ ਇਕ ਮੈਸੇਜ ਦੇ ਸ੍ਰੋਤ ਅਤੇ ਪ੍ਰਾਪਤ ਕਰਤਾ ਬਾਰੇ ਜਾਨਣ ਦੀ ਲੋੜ ਨਹੀਂ ਹੋਵੇਗੀ ਬਲਕਿ ਦੇਸ਼ ਦੀ ਸੁਰੱਖਿਆ ਦੇ ਮਾਮਲੇ ਵਿਚ ਹੀ ਜਾਣਕਾਰੀ ਹਾਸਿਲ ਕੀਤੀ ਜਾਵੇਗੀ। ਵ੍ਹੱਟਸਐਪ ਇਸ ਨੀਤੀ ਉੱਤੇ ਚੱਲਦਾ ਹੈ ਕਿ ਮੈਸੇਜ ਭੇਜਣ ਵਾਲਾ ਅਤੇ ਪ੍ਰਾਪਤ ਕਰਨ ਵਾਲਾ ਹੀ ਮੈਸੇਜ ਨੂੰ ਦੇਖ ਸਕਦੇ ਹਨ; ਰਾਹ ਵਿਚ ਕਈ ਉਸ ਨੂੰ ਕੋਈ ਨਹੀਂ ਪੜ੍ਹ ਸਕਦਾ। ਨਾਗਰਿਕ ਬਹੁਤ ਸਾਰੇ ਮਾਮਲਿਆਂ ਵਿਚ ਜਾਣਕਾਰੀ (ਜਿਵੇਂ ਪੱਤਰਕਾਰੀ ਦੇ ਮਾਮਲੇ ਵਿਚ ਸੂਚਨਾ ਦੇ ਸ੍ਰੋਤ ਦੀ ਪਛਾਣ, ਸਮਾਜਿਕ ਕਾਰਕੁਨਾਂ ਦੀਆਂ ਆਪਸੀ ਚਰਚਾਵਾਂ ਆਦਿ) ਸਰਕਾਰ ਤੋਂ ਗੁਪਤ ਰੱਖਣਾ ਚਾਹੁੰਦੇ ਹਨ। ਵ੍ਹੱਟਸਐਪ ਦਾ ਕਹਿਣਾ ਹੈ ਕਿ ਭੇਤ ਖੁੱਲ੍ਹ ਜਾਣ ਦਾ ਡਰ ਅਜਿਹੀਆਂ ਆਜਾਦੀਆਂ ਨੂੰ ਕਮਜੋਰ ਕਰੇਗਾ।

ਬੀਤੇ ਵਰ੍ਹਿਆਂ ਵਿਚ ਕੇਂਦਰ ਸਰਕਾਰ ਨੇ ਕੌਮੀ ਜਾਂਚ ਏਜੰਸੀ (ਨੈਸ਼ਨਲ ਇਨਵੈਸਟੀਗੇਸ਼ਨ ਏਜੰਸੀ-ਐੱਨਆਈਏ) ਨਾਲ ਸਬੰਧਿਤ ਕਾਨੂੰਨ ਅਤੇ ਗੈਰਕਾਨੂੰਨੀ ਸਰਗਰਮੀਆਂ ਰੋਕਥਾਮ ਕਾਨੂੰਨ ਵਿਚ ਕੀਤੀਆਂ ਗਈਆਂ ਸੋਧਾਂ ਨੂੰ ਨਾਗਰਿਕਾਂ ਦੇ ਅਧਿਕਾਰਾਂ 'ਤੇ ਵੱਡੀ ਸੱਟ ਮੰਨਿਆ ਜਾਂਦਾ ਹੈ। ਇਹ ਕਾਨੂੰਨ ਵਰਤ ਕੇ ਪੁਲੀਸ ਕਿਸੇ ਵੀ ਵਿਅਕਤੀ 'ਤੇ ਗੈਰਕਾਨੂੰਨੀ ਜਥੇਬੰਦੀ ਦਾ ਮੈਂਬਰ ਹੋਣ ਦਾ ਇਲਜਾਮ ਲਗਾ ਸਕਦੀ ਹੈ ਅਤੇ ਉਸ ਦੇ ਟੈਲੀਫੋਨ 'ਤੇ ਨਿਗਰਾਨੀ ਰੱਖੀ ਜਾ ਸਕਦੀ ਹੈ। ਹੁਣ ਤਕ ਵ੍ਹੱਟਸਐਪ ਆਪਣੇ ਵਰਤਣ ਵਾਲਿਆਂ ਬਾਰੇ ਕੋਈ ਜਾਣਕਾਰੀ ਸਰਕਾਰ ਨੂੰ ਨਹੀਂ ਦਿੰਦਾ ਰਿਹਾ। ਇਸ ਕੇਸ ਵਿਚ ਵੱਡਾ ਸੰਵਿਧਾਨਕ ਨੁਕਤਾ ਇਹ ਹੈ ਕਿ ਰਿਆਸਤ/ਸਟੇਟ ਨਾਗਰਿਕਾਂ ਦੇ ਨਿੱਜਤਾ ਦੇ ਅਧਿਕਾਰ ਨੂੰ ਪ੍ਰਾਥਮਿਕਤਾ ਦਿੰਦੀ ਹੈ ਜਾਂ ਕੌਮੀ ਸੁਰੱਖਿਆ ਦੇ ਨਾਂ ਹੇਠ ਅਜਿਹੇ ਅਧਿਕਾਰਾਂ ਨੂੰ ਹੋਰ ਸੱਟ ਵੱਜੇਗੀ।



# ਬਾਣੀ ਗੁਰੂ ਤੇ.ਗ ਬਹਾਦਰ ਸਾਹਿਬ ਜੀ ਵਿਚ ਮਿਥਿਹਾਸਕ ਸੰਕੇਤ

**ਡਾਕਟਰ ਧਰਮ ਸਿੰਘ**

ਗੁਰਬਾਣੀ ਸਰਬ ਸਾਂਝੀ ਹੈ, ਇਸ ਲਈ ਇਸ ਵਿਚਲਾ ਮਿਥਿਹਾਸ ਵੀ ਸਰਬ ਸਾਂਝਾ ਹੈ, ਬੇਸ਼ੱਕ ਬਹੁਲਤਾ ਭਾਰਤੀ ਮਿਥਿਹਾਸ ਦੀ ਹੈ। ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੀ ਬਾਣੀ ਵਿਚ ਵੀ ਭਾਰਤੀ ਮਿਥਿਹਾਸ ਦੀ ਸੰਕੇਤਾਂ ਦੇ ਰੂਪ ਵਿਚ ਵਰਤੋਂ ਰਹੀ ਹੈ, ਜਿਸ ਦੇ ਮੋਟੇ ਤੌਰ 'ਤੇ ਤਿੰਨ ਧਰਾਤਲ ਜਾਂ ਪ੍ਰਯੋਜਨ ਬਣਦੇ ਹਨ : ਸੰਚਾਰ ਵਿਚ ਸੁਗਮਤਾ, ਨਕਾਰਨ ਤੇ ਸਮਰਥਨ।

ਸੰਚਾਰ ਵਿਚ ਆਸਾਨੀ ਪੈਦਾ ਕਰਨਾ ਇਸ ਦਾ ਪਹਿਲਾ ਪ੍ਰਯੋਜਨ ਹੈ। ਸਾਧਾਰਨ ਢੰਗ ਨਾਲ ਕੀਤੀ ਹੋਈ ਗੱਲ, ਕਈ ਵਾਰੀ ਬਹੁਤੀ ਪ੍ਰਭਾਵਸ਼ਾਲੀ ਭਾਵੇਂ ਨਾ ਲੱਗੇ ਪਰ ਜਦ ਉਹੀ ਗੱਲ ਸੰਕੇਤਾਂ ਰਾਹੀਂ ਕਲਾਤਮਿਕ ਬਣਾ ਕੇ ਪੇਸ਼ ਕੀਤੀ ਜਾਵੇ ਤਾਂ ਸਮਝਣ ਵਿਚ ਆਸਾਨੀ ਹੋ ਜਾਂਦੀ ਹੈ। ਮਿਥਿਹਾਸ ਰੂਪਕਾਂ, ਪ੍ਰਤੀਕਾਂ ਅਤੇ ਚਿੰਨਾਂ ਆਦਿ ਦੇ ਰੂਪ ਵਿਚ ਮਿਲਦਾ ਹੈ। ਬਾਣੀ ਸ੍ਰੀ ਗੁਰੂ ਤੇਗ਼ ਬਹਾਦਰ ਵਿਚਲੇ ਮਿਥਿਹਾਸਕ ਸੰਕੇਤਾਂ ਦਾ ਇਕ ਪ੍ਰਯੋਜਨ ਇਹ ਵੀ ਹੈ। ਇਸ ਬਾਣੀ ਵਿਚ ਜਿਸ ਮਿਥਿਹਾਸਕ ਸੰਕੇਤ ਦੀ ਸਭ ਤੋਂ ਵੱਧ ਵਰਤੋਂ ਹੋਈ ਹੈ, ਉਨਾਂ ਵਿਚ 'ਰਾਮ' ਹੈ। ਉਦਾਹਰਨਾਂ ਤਾਂ ਕਈ ਹਨ ਪਰ ਅਸੀਂ ਕੇਵਲ ਚੋਣਵੀਆਂ ਉਦਾਹਰਨਾਂ ਹੀ ਦਰਜ ਕਰਦੇ ਹਾਂ:

**ਰੇ ਮਨ ਰਾਮ ਸਿਉ ਕਰ ਪ੍ਰੀਤਿ**
**ਸਾਧੋ ਰਚਨਾ ਰਾਮ ਬਨਾਈ**
**ਕਹੁ ਨਾਨਕ ਸੋਈ ਨਰੁ ਸੁਖੀਆ,**
**ਰਾਮ ਨਾਮ ਗੁਨ ਗਾਵੈ**
**ਦੁਆਰਹਿ ਦੁਆਰਿ ਸੁਆਨ ਜਿਉ ਡੋਲਤ,**
**ਨਰ ਸੁਧ ਰਾਮ ਭਜਨ ਕੀ।**

ਗੁਰਬਾਣੀ ਦੀਆਂ ਇਨਾਂ ਤੁੱਕਾਂ ਵਿਚ ਸੰਚਾਰ ਤੋਂ ਇਲਾਵਾ ਨਕਾਰਨ ਦੀ ਗੱਲ ਵੀ ਛੁਪੀ ਹੋਈ ਹੈ। ਗੁਰਬਾਣੀ ਦੇ ਅਭਿਆਸੀਆਂ ਅਤੇ ਸਮਝ ਰੱਖਣ ਵਾਲਿਆਂ ਨੂੰ ਸ਼ਾਇਦ ਕੋਈ ਸ਼ੰਕਾ ਨਾ ਲੱਗੇ ਪਰ ਜੋ ਅਭਿਆਸੀ ਨਹੀਂ ਹਨ ਜਾਂ ਅੰਤਰੀਵ ਭਾਵ ਤੋਂ ਅਣਜਾਣ ਹਨ, ਉਨਾਂ ਨੂੰ ਇਸ ਦੇ ਅਰਥ ਸਮਝਣ ਵਿਚ ਟਪਲਾ ਲੱਗ ਸਕਦਾ ਹੈ। ਦੂਜਾ ਸ਼ਬਦ ਰਘੂਨਾਥ ਵੀ ਇਧਰ ਇਸ਼ਾਰਾ ਕਰ ਰਿਹਾ ਹੈ। ਇਹ ਦੋਵੇਂ ਸ਼ਬਦ ਇਕ ਅਵਤਾਰ ਸਮਝੇ ਜਾਂਦੇ ਵਿਅਕਤੀ ਦੇ ਨਾਂਅ ਹਨ ਜੋ ਅਯੁੱਧਿਆ ਨਰੇਸ਼ ਮਹਾਰਾਜਾ ਦਸ਼ਰਥ ਦਾ ਪੁੱਤਰ ਸੀ। ਰਾਮਾਇਣ ਦੀ ਸਾਰੀ ਕਹਾਣੀ ਇਸ ਕੇਂਦਰੀ ਪਾਤਰ ਦੁਆਲੇ ਹੀ ਘੁੰਮਦੀ ਹੈ। ਅਵਤਾਰਾਂ ਪ੍ਰਤੀ ਆਸਥਾ ਰੱਖਣ ਵਾਲੇ ਸ਼ਾਇਦ ਇਹ ਸਮਝ ਸਕਦੇ ਹਨ ਕਿ ਇਹ ਹਵਾਲੇ ਉਸ ਅਵਤਾਰ ਵੱਲ ਸੇਧਿਤ ਹਨ ਪਰ ਗੁਰਬਾਣੀ ਤਾਂ ਅਵਤਾਰਵਾਦ ਦਾ ਸਮਰਥਨ ਨਹੀਂ ਕਰਦੀ। ਗੁਰਬਾਣੀ ਵਿਚ ਅਵਤਾਰਾਂ ਨੂੰ ਨਿਰੰਕੁਸ਼ ਨਹੀਂ ਮੰਨਿਆ ਗਿਆ ਕਿਉਂਕਿ ਉਨਾਂ ਉੱਪਰ ਵੀ ਇਕ ਸ਼ਕਤੀ ਹੈ ਜਿਸ ਨੂੰ ਈਸ਼ਵਰ ਕਿਹਾ ਗਿਆ ਹੈ। ਨਿਰੰਕੁਸ਼ ਕੇਵਲ ਰਬ ਹੈ।

ਗੁਰੂ ਤੇਗ਼ ਬਹਾਦਰ ਜੀ ਤਾਂ ਗੁਰਬਾਣੀ ਵਿਚਲੇ ਅਵਤਾਰਾਂ ਦੇ ਸੰਕਲਪ ਨੂੰ ਹੋਰ ਵੀ ਸਪੱਸ਼ਟ ਕਰਦੇ ਹਨ ਜਦ ਗੁਰੂ ਸਾਹਿਬ ਰਾਮ ਅਤੇ ਰਾਵਣ ਨੂੰ ਇਕੋ ਸੂਤਰ ਵਿਚ ਰੱਖ ਕੇ ਦੋਵਾਂ ਦੀ ਸੀਮਾ ਅਤੇ ਮਜਬੂਰੀ ਨੂੰ ਵੀ ਇਕੋ ਜਿਹੀ ਹੀ ਦਰਸਾਉਂਦੇ ਹਨ। ਗੁਰਬਾਣੀ ਇਸ ਸੰਸਾਰ ਨੂੰ ਨਾਸ਼ਮਾਨ ਮੰਨਦੀ ਹੈ, ਅਬਿਨਾਸੀ ਕੇਵਲ ਪ੍ਰਮਾਤਮਾ ਹੈ। ਇਸੇ ਲਈ ਜੇ ਬਲਸ਼ਾਲੀ (ਰਾਮ ਅਤੇ ਰਾਵਣ) ਲੋਕ ਹੋਣੀ ਜਾਂ ਕਾਲ ਦਾ ਸ਼ਿਕਾਰ ਹੋ ਗਏ ਤਾਂ ਸਾਧਾਰਨ ਮਨੁੱਖ ਦੀ ਕੀ ਔਕਾਤ ਹੈ ?

**ਰਾਮੁ ਗਇਓ ਰਾਵਨੁ ਗਇਓ**
**ਜਾ ਕਉ ਬਹੁ ਪਰਵਾਰੁ**
**ਕਹੁ ਨਾਨਕ ਥਿਰੁ ਕਛੁ ਨਹੀ**
**ਸੁਪਨੇ ਜਿਉ ਸੰਸਾਰੁ**

ਇੰਜ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਵਿਚਲੇ ਸੰਕੇਤ 'ਰਾਮ' ਦਾ ਇਕ ਅਰਥ ਦਸ਼ਰਥ-ਪੁੱਤਰ ਰਾਮ ਹੈ ਜੋ ਅਬਿਨਾਸੀ ਨਹੀਂ ਅਤੇ ਦੂਜਾ ਅਰਥ ਜੋ ਆਰੰਭਲੀਆਂ ਪੰਕਤੀਆਂ ਵਿਚ ਆਇਆ ਹੈ, ਉਹ ਸਰਬ ਕਲਾ ਸੰਪੰਨ ਰਬ ਹੈ ਜੋ ਆਵਾਗੌਣ ਤੋਂ ਰਹਿਤ ਹੈ। ਰਾਮ ਸ਼ਬਦ ਦਾ ਭਾਵ ਰਮਿਆ ਹੋਇਆ ਜਾਂ ਪਸਰਿਆ ਹੋਇਆ ਹੈ ਜੋ ਕਣ-ਕਣ ਵਿਚ ਸਮਾਇਆ ਹੋਇਆ ਹੈ ਭਾਵ ਸਰਬ ਵਿਆਪਕ ਹੈ। ਅਜਿਹਾ ਹੀ ਇਕ ਹੋਰ ਸੰਕੇਤ ਕਨਈਆ (ਕਨਾਈ) ਅਤੇ ਮੁਰਾਰਿ ਦਾ ਹੈ। ਇਹ ਦੋਵੇਂ ਸ਼ਬਦ ਸ੍ਰੀ ਕ੍ਰਿਸ਼ਨ ਦੇ ਅਨੇਕ ਨਾਵਾਂ ਵਿਚੋਂ ਹਨ। ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਵਿਚ ਇਹ ਪੰਕਤੀਆਂ ਹਨ:

**ਸਗਲ ਜਨਮੁ ਬਿਖਿਆਨ ਸਿਉ ਖੋਇਆ**
**ਸਿਮਰਿਓ ਨਾਹਿ ਕਨਾਈ**
**ਅਜਹੂ ਸਮਝਿ ਕਛੁ ਸਿਮਰਿਓ ਨਾਹਿਨਿ**
**ਭਜਿ ਲੇ ਨਾਮ ਮੁਰਾਰਿ**

ਇਥੇ ਵੀ ਕਨਾਈ ਅਤੇ ਮੁਰਾਰਿ ਦੇ ਅਰਥ ਮਹਾਂਭਾਰਤ ਵਾਲੇ ਸ੍ਰੀ ਕ੍ਰਿਸ਼ਨ ਦੇ ਨਹੀਂ, ਪ੍ਰਮਾਤਮਾ ਦੇ ਹੀ ਸੂਚਕ ਹਨ ਕਿਉਂਕਿ ਮਨੁੱਖ ਦੀ ਗਤੀ ਉਸ ਦਾ ਨਾਮ ਜਪਣ ਨਾਲ ਹੀ ਹੋਣੀ ਹੈ। ਮਹਾਂਭਾਰਤ ਦੀ ਕਹਾਣੀ ਵਿਚੋਂ ਹੀ ਇਕ ਹੋਰ ਮਿਥਿਹਾਸਕ ਸੰਕੇਤ ਦ੍ਰੋਪਦੀ ਜਾਂ ਪੰਚਾਲੀ ਦਾ ਹੈ। ਜਦ ਪਾਂਡਵ ਜੂਏ ਵਿਚ ਦ੍ਰੋਪਦੀ ਨੂੰ ਹਾਰ ਗਏ ਤਾਂ ਦੁਸ਼ਾਸਨ ਉਸ ਨੂੰ ਬੇਪਤ ਕਰਨ ਲਈ ਵਾਲਾਂ ਤੋਂ ਘਸੀਟਦਾ ਹੋਇਆ ਰਾਜ ਸਭਾ ਵਿਚ ਲੈ ਆਇਆ। ਇਸ ਸੰਕਟ ਦੀ ਘੜੀ ਵਿਚ ਆਪਣੀ ਲਾਜ ਬਚਾਉਣ ਲਈ ਉਸ ਨੂੰ ਰਾਮ ਨਾਮ ਦਾ ਆਸਰਾ ਲੈਣਾ ਪਿਆ:

**ਪੰਚਾਲੀ ਕਉ ਰਾਜ ਸਭਾ ਮਹਿ,**
**ਰਾਮ ਨਾਮ ਸੁਧਿ ਆਈ**
**ਤਾ ਕੋ ਦੂਖੁ ਹਰਿਓ ਕਰੁਣਾ ਮੈ**
**ਅਪਨੀ ਪੈਜ ਬਢਾਈ**

ਅਜਾਮਲਿ, ਗਨਿਕਾ, ਧਰੂਅ ਭਗਤ ਅਤੇ ਗਜ ਗ੍ਰਾਹ ਦੇ ਹਵਾਲੇ ਵੀ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਵਿਚ ਇਕ ਤੋਂ ਵੱਧ ਵਾਰ ਆਏ ਹਨ। ਅਸੀਂ ਕੇਵਲ ਰਾਗ ਸੋਰਠਿ ਵਿਚਲਾ ਗੁਰੂ ਸਾਹਿਬ ਦਾ ਇਕ ਸ਼ਬਦ ਹੀ ਅੰਕਿਤ ਕਰਨਾ ਚਾਹਾਂਗੇ ਜਿਸ ਵਿਚ ਸਾਰੇ ਮਿਥਿਹਾਸਕ ਸੰਕੇਤ ਇਕੋ ਥਾਂ ਆਏ ਹਨ ਅਤੇ ਇਨਾਂ ਦੀ ਵਰਤੋਂ ਦੇ ਪ੍ਰਯੋਜਨ ਵਿਚ ਇਕ ਸਾਂਝ ਵੀ ਹੈ:

**ਮਨ ਰੇ ਪ੍ਰਭ ਕੀ ਸਰਨਿ ਬਿਚਾਰੋ**
**ਜਿਹ ਸਿਮਰਤ ਗਨਕਾ ਸੀ ਉਧਰੀ,**
**ਤਾ ਕੋ ਜਸੁ ਉਰ ਧਾਰ ਰਹਾਓ**
**ਅਟਲ ਭਇਓ ਧ੍ਰੂਅ ਜਾ ਕੈ ਸਿਮਰਨਿ,**
**ਅਰੁ ਨਿਰਭੈ ਪਦੁ ਪਾਇਆ**
**ਦੁਖ ਹਰਤਾ ਇਹ ਬਿਧਿ ਕੋ ਸੁਆਮੀ**
**ਤੈ ਕਾਹੇ ਬਿਸਰਾਇਆ1**
**ਜਬ ਹੀ ਸਰਨਿ ਗਹੀ ਕਿਰਪਾ ਨਿਧਿ,**
**ਗਜ ਗਰਾਹ ਤੇ ਛੂਟਾ**
**ਮਹਮਾ ਨਾਮ ਕਹਾ ਲਉ ਬਰਨਉ,**
**ਰਾਮ ਕਹਤ ਬੰਧਨ ਤਿਹ ਤੂਟਾ2**
**ਅਜਾਮਲੁ ਪਾਪੀ ਜਗੁ ਜਾਨੇ**
**ਨਿਮਖ ਮਾਹਿ ਨਿਸਤਾਰਾ,**
**ਨਾਨਕ ਕਹਤ ਚੇਤ ਚਿੰਤਾਮਨਿ,**
**ਤੈ ਭੀ ਉਤਰਹਿ ਪਾਰਾ3**

ਅਜਾਮਲਿ ਇਕ ਰਾਜਾ ਸੀ ਜੋ ਗਨਿਕਾ ਨਾਮਕ ਵੇਸਵਾ ਦੇ ਸੁੰਦਰ ਸਰੂਪ ਉੱਪਰ ਮੋਹਿਤ ਹੋ ਕੇ ਸਭ ਕੁਝ ਛੱਡ ਬੈਠਾ। ਇਸ ਨੇ ਆਪਣੇ ਪੁੱਤਰਾਂ ਵਿਚੋਂ ਇਕ ਦਾ ਨਾਂਅ ਨਾਰਾਇਣ ਰੱਖਿਆ, ਜਿਸ ਪ੍ਰਤੀ ਇਸ ਦਾ ਖ਼ਾਸ ਸਨੇਹ ਸੀ। ਇਕ ਵਾਰ ਜਦੋਂ ਜਮਦੂਤ ਅਜਾਮਲਿ ਦੇ ਪ੍ਰਾਣ ਲੈਣ ਆਏ ਤਾਂ ਉਸ ਨੇ ਘਬਰਾ ਕੇ ਨਾਰਾਇਣ ਨੂੰ ਆਵਾਜ਼ ਦਿੱਤੀ। ਨਾਰਾਇਣ, ਵਿਸ਼ਨੂੰ ਦੇ ਨਾਵਾਂ ਵਿਚੋਂ ਇਕ ਹੈ, ਇਹ ਸ਼ਬਦ ਸੁਣ ਕੇ ਵਿਸ਼ਨੂੰ ਨੇ ਆਪਣੇ ਸੇਵਕ ਭੇਜ ਕੇ ਅਜਾਮਲਿ ਨੂੰ ਜਮਦੂਤਾਂ ਕੋਲੋਂ ਛੁਡਵਾਇਆ।

ਗਨਿਕਾ ਇਕ ਵੇਸਵਾ ਸੀ ਜੋ ਲੋਕਾਂ ਦੀ ਕਾਮ ਪੂਰਤੀ ਕਰਕੇ ਆਪਣਾ ਨਿਰਬਾਹ ਕਰਦੀ ਸੀ। ਇਕ ਦਿਨ ਉਸ ਦੇ ਦੁਆਰੇ ਉੱਪਰ ਇਕ ਸਾਧੂ ਨੇ ਆਣ ਦਸਤਕ ਦਿੱਤੀ। ਸਾਧੂ ਨੂੰ ਆਪਣਾ ਗਾਹਕ ਸਮਝ ਕੇ ਹਾਵ-ਭਾਵ ਦਿਖਾਏ ਤਾਂ ਜੋ ਉਸ ਨੂੰ ਆਪਣੇ ਮੋਹ ਜਾਲ ਵਿਚ ਫਸਾ ਸਕੇ ਪਰ ਸਾਧੂ ਉੱਪਰ ਇਨਾਂ ਦਾ ਕੋਈ ਅਸਰ ਨਾ ਹੋਇਆ। ਗਨਿਕਾ ਦਾ ਉਧਾਰ ਕਰਨ ਆਏ ਸਾਧੂ ਨੇ ਉਸ ਨੂੰ ਇਕ ਤੋਤਾ ਦਿੱਤਾ ਅਤੇ ਨਾਲ ਹੀ ਕਿਹਾ ਕਿ ਉਹ ਉਸ ਨੂੰ ਰਾਮ ਨਾਮ ਜਪਣ ਦਾ ਅਭਿਆਸ ਕਰਵਾਏ। ਅਜਿਹਾ ਕਰਨ ਨਾਲ ਵੇਸਵਾ ਦੇ ਜੀਵਨ ਵਿਚ ਬਹੁਤ ਹੀ ਤਬਦੀਲੀ ਆ ਗਈ। ਧਰੂਆ ਨੂੰ ਵੀ ਨਾਮਵਰ ਭਗਤਾਂ ਵਿਚ ਗਿਣਿਆ ਗਿਆ ਹੈ। ਅਗਲਾ ਸੰਕੇਤ ਗਜ ਅਤੇ ਗ੍ਰਾਹ ਵੀ ਅਜਿਹੇ ਅਰਥਾਂ ਦਾ ਸੰਚਾਰ ਕਰਦਾ ਹੈ।

ਗਜ ਦਾ ਅਰਥ ਹਾਥੀ ਹੈ। ਇਕ ਕਥਾ ਅਨੁਸਾਰ ਇਕ ਰਾਜਾ ਆਪਣਾ ਰਾਜ ਭਾਗ ਛੱਡ ਕੇ ਤਿਆਗੀ ਬਣ ਜੰਗਲਾਂ ਵਿਚ ਤਪ ਕਰਨ ਚਲਾ ਗਿਆ। ਜਦੋਂ ਉਹ ਕਿਸੇ ਸਮੇਂ ਤਪੱਸਿਆ ਵਿਚ ਲੀਨ ਸੀ ਤਾਂ ਉਥੇ ਅਗਸਤ ਰਿਖੀ ਆਣ ਪਹੁੰਚਿਆ। ਬੰਦਗੀ ਵਿਚ ਲੀਨ ਰਾਜਾ ਉਸ ਵੱਲ ਧਿਆਨ ਨਾ ਦੇ ਸਕਿਆ ਤਾਂ ਅਗਸਤ ਰਿਖੀ ਨੇ ਉਸ ਨੂੰ ਹਾਥੀ ਬਣ ਜਾਣ ਦਾ ਸਰਾਪ ਦੇ ਦਿੱਤਾ ਪਰ ਰਾਜਾ ਹਾਥੀ ਦੇ ਰੂਪ ਵਿਚ ਵੀ ਬੰਦਗੀ ਕਰਦਾ ਰਿਹਾ। ਇਕ ਦਿਨ ਹਾਥੀ ਪਾਣੀ ਪੀਣ ਲਈ ਇਕ ਸਰੋਵਰ ਵਿਚ ਉਤਰਿਆ ਤਾਂ ਇਕ ਤੇਂਦੂਏ ਨੇ ਉਸ ਨੂੰ ਲੱਤ ਤੋਂ ਫੜ ਲਿਆ। ਲੱਖ ਯਤਨਾਂ ਦੇ ਬਾਵਜੂਦ ਹਾਥੀ ਸਾਲ ਭਰ ਤੇਂਦੂਏ ਦੀ ਜਕੜ ਵਿਚ ਜਕੜਿਆ ਰਿਹਾ। ਜਦ ਉਹ ਹਾਰ ਕੇ ਨਿਢਾਲ ਹੋ ਗਿਆ ਤਾਂ ਉਸ ਨੇ ਰਬ ਦਾ ਧਿਆਨ ਕੀਤਾ। ਰਬ ਨੇ ਬਹੁੜੀ ਕਰ ਕੇ ਹਾਥੀ ਨੂੰ ਤੇਂਦੂਏ ਕੋਲੋਂ ਛੁਡਵਾ ਦਿੱਤਾ।

ਸਾਰੰਸ਼ ਇਹ ਕਿ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਵਿਚਲੇ ਮਿਥਿਹਾਸਕ ਸੰਕੇਤ ਗੁਰੂ ਸਾਹਿਬ ਦੀ ਵਿਚਾਰਧਾਰਾ ਨੂੰ ਹਰ ਤਰਾਂ ਨਾਲ ਪ੍ਰਮਾਣਿਤ ਜਾਂ ਸਥਾਪਿਤ ਕਰਦੇ ਹਨ। ਅਵਤਾਰਵਾਦ ਦਾ ਖੰਡਨ ਭਗਤੀ ਅਤੇ ਭਗਤਾਂ ਦੀ ਮਹਿਮਾ, ਸੰਸਾਰ ਦੀ ਨਾਸ਼ਮਾਨਤਾ, ਪ੍ਰਮਾਤਮਾ ਦੀ ਉੱਚਤਾ ਅਤੇ ਮਨੁੱਖ ਦੀ ਤੁੱਛਤਾ ਅਜਿਹੇ ਹੀ ਕੁਝ ਗੁਰਮਤਿ ਵਿਚਾਰ ਹਨ। ਇਹ ਸੰਦੇਸ਼ ਜਿਥੇ ਗੁਰੂ ਸਾਹਿਬ ਦੀਆਂ ਸਿੱਖਿਆਵਾਂ ਨੂੰ ਵਧੇਰੇ ਸਪੱਸ਼ਟ ਕਰਦੇ ਹਨ, ਉਥੇ ਭਾਰਤੀ ਵਿਰਸੇ ਨਾਲ ਵੀ ਜੋੜਦੇ ਹਨ।

# ਨਵੀਂ ਪੀੜੀ ਨੂੰ ਸਿੱਖੀ ਅਤੇ ਵਿਰਸੇ ਨਾਲ ਜੋੜ ਰਿਹਾ ਕਵੀਸ਼ਰੀ ਜਥਾ ਹਰਦੇਵ ਸਿੰਘ ਲਾਲਬਾਈ

**ਮਾਲਵਿੰਦਰ ਤਿਉਣਾ ਪੁਜਾਰੀਆਂ**
**ਮੋ. ਨੰ. 98785-31625**

ਹਰਦੇਵ ਸਿੰਘ ਨੂੰ ਚੰਗੀ ਤਰਾਂ ਯਾਦ ਹੈ ਜਦੋਂ ਉਹ ਸੰਨ 1980 ਵਿੱਚ ਅੱਠਵੀਂ ਕਲਾਸ ਵਿੱਚ ਪੜਦਾ ਸੀ ਤਾਂ ਉਸ ਨੇ ਆਪਣੇ ਸਾਥੀਆਂ ਰਾਜ ਸਿੰਘ ਅਤੇ ਸੁਖਮੰਦਰ ਸਿੰਘ ਨਾਲ ਮਿਲ ਕੇ ਬਹੱਤਰ ਕਲਾ ਛੰਦ ਬਾਬੂ ਰਜ਼ਬ ਅਲੀ ਪੰਜਵੀਂ ਪਾਤਸ਼ਾਹੀ ਦੇ ਨਗਰ ਕੀਰਤਨ ਵਿੱਚ ਸੁਣਾਉਣ ਲਈ ਯਾਦ ਕੀਤਾ ਸੀ। ਉਸ ਸਮੇਂ ਜਦੋਂ ਉਹ ਸਟੇਜ਼ ਉਪਰ ਗਏ ਤਾਂ ਉਹ ਦੋ ਕੁ ਤੂਕਾਂ ਸੁਣਾਉਣ ਤੋਂ ਬਾਅਦ ਸੁਭ ਕੁੱਝ ਭੁੱਲ ਗਏ। ਉਸ ਵੇਲੇ ਕਿਸੇ ਕਵਿਸ਼ਰ ਨੇ ਟਕੋਰ ਕੀਤੀ ਸੀ ਕਿ ਜੇ ਇਹ ਨਿਆਣੇ ਛੰਦ ਗਾਉਣ ਲੱਗ ਪੈਣ ਤਾਂ ਸਾਡੇ ਵਰਗਿਆਂ ਨੂੰ ਕੌਣ ਪੁੱਛੇ। ਹਰਦੇਵ ਸਿੰਘ ਨੇ ਇਹ ਗੱਲ ਨੂੰ ਭੁਲਾਇਆ ਨਾ ਅਤੇ ਸੰਨ 1980 ਵਿੱਚ ਕਵੀਸ਼ਰੀ ਦੀ ਤਿਆਰੀ ਕਰਨ ਵਿੱਚ ਜੁੱਟ ਗਿਆ। ਉਸ ਦੇ ਸਾਥੀ ਰਾਜ ਸਿੰਘ ਅਤੇ ਸੁਖ਼ਮੰਦਰ ਸਿੰਘ ਨੇ ਵੀ ਉਸ ਦਾ ਪੂਰਨ ਸਹਿਯੋਗ ਦਿੱਤਾ। ਇਸ ਤਰਾਂ ਅਗਲੇ ਸਾਲ ਜਦੋਂ ਉਨਾਂ ਦੇ ਪਿੰਡ ਦੇ ਵੱਡੇ ਗੁਰਦੁਆਰਾ ਸਾਹਿਬ ਵਿੱਚ ਪੰਜਵੀਂ ਪਾਤਸ਼ਾਹੀ ਸਬੰਧੀ ਜੋੜ ਮੇਲਾ ਲੱਗਾ ਤਾਂ ਉਨਾਂ ਦੇ ਕਵੀਸ਼ਰੀ ਜਥੇ ਨੇ ਬੜੇ ਵਧੀਆ ਤਰੀਕੇ ਨਾਲ ਕਵੀਸ਼ਰੀ ਗਾਈ। ਉਨਾਂ ਦੇ ਜਥੇ ਨੂੰ ਉਸ ਸਮੇਂ ਮੋਟੀ ਰਕਮ ਇਨਾਮ ਵਜੋਂ ਵੀ ਸੰਗਤਾਂ ਵੱਲੋਂ ਦਿੱਤੀ ਗਈ ਸੀ।

ਉਨਾਂ ਨੂੰ 1990 ਵਿੱਚ ਉਨਾਂ ਦੀ ਪਹਿਲੀ ਆਡੀਓ ਕੈਸਟ ਦੇ ਖ਼ੇਤਰ ਵਿੱਜ ਜਥੇਦਾਰ ਜਗਦੇਵ ਸਿੰਘ ਖੁੱਡੀਆ ਸਬੰਧੀ ਸੂਬੇਦਾਰ ਹੰਸ ਸਿੰਘ ਬਰਾੜ ਮਾਹਣੀਖੇੜਾ ਵਾਲਿਆਂ ਦੀ ਲਿਖ਼ਤ ਸੰਤ ਸਿਪਾਹੀ ਟਾਈਟਲ ਹੇਠ ਉਹਨਾਂ ਦੇ ਕਵੀਸ਼ਰੀ ਜਥੇ ਵੱਲੋਂ ਰਿਕਾਰਡ ਕਰਵਾਈ ਸੀ। ਇਸ ਕੈਸਟ ਨੇ ਉਨਾਂ ਨੂੰ ਪੰਜਾਬ, ਹਰਿਆਣਾ ਵਿੱਚ ਪੂਰੀ ਪਹਿਚਾਣ ਦਿੱਤੀ। ਇਹ ਕੈਸਟ ਸਿਰਸਾ ਦੀ ਲਵਲੀ ਮਿਊਜ਼ਿਕ ਕੰਪਨੀ ਵੱਲੋਂ ਰਿਕਾਰਡ ਕੀਤੀ ਸੀ। ਫ਼ਰੀਦਕੋਟ ਦੀ ਡਾਇਟ ਵਿੱਚ ਐਲੀਮੈਂਟਰੀ ਟੀਚਰ ਟ੍ਰੈਨਿੰਗ ਕਰਦੇ ਸਮੇਂ, ਹਰਦੇਵ ਸਿੰਘ ਨੂੰ ਇੱਕ ਨਵਾਂ ਮੌਕਾ ਮਿਲਿਆ ਅਤੇ ਦੋ ਸਾਲ ਉਸ ਨੇ ਆਪਣੇ ਆਪ ਨੂੰ ਖ਼ੂਬ ਤਰਾਸ਼ਿਆ। ਉਨਾਂ ਦੀਆਂ ਆਈਆਂ ਹੋਰਨਾਂ ਆਡੀਓ ਕੈਸਟਾਂ ਵਿੱਚ ਸੱਸਾਂ ਨਿੰਦਦੀਆਂ ਨੂੰਹਾਂ ਨੂੰ, ਮਾਂ ਦੇ ਮੱਖਣੀ ਖਾਣਿਓ ਵੇ, ਚਾਲ ਜਮਾਨੇ ਦੀ, ਬੀਬੀ ਰਜਨੀ, ਮਾਲਵੇ ਦੇ ਬਰਾੜ, ਗੁਰੂ ਦਾ ਬਚਨ, ਬਾਬਾ ਫ਼ਰੀਦ ਜੀ, ਕੌਲਾਂ ਭਗਤਣੀ, ਦਿਨ ਕਲਯੁਗ ਦੇ ਮਾੜੇ ਸਮੇਂ ਸਮੇਂ ਆਡੀਓ ਕੈਸਟਾਂ ਆਈਆ। ਇਨਾਂ ਨੇ ਮਾਰਕੀਟ ਵਿੱਚ ਚੰਗੀ ਥਾਂ ਪ੍ਰਾਪਤ ਕੀਤੀ। ਉਨਾਂ ਨੇ ਕਾਫ਼ੀ ਸਮੇਂ ਦੇ ਵਾਕਫ਼ੇ ਮਗਰੋਂ ਕਰੀਬ ਸਾਲ ਪਹਿਲਾਂ ਯੂ ਟਿਊਬ ਵਿੱਚ ਹਰਦੇਵ ਸਿੰਘ ਲਾਲਬਾਈ ਚੈਨਲ ਚਲਾਇਆ ਹੈ। ਇਸ ਸਮੇਂ ਇਸ ਦੇ 4 ਹਜ਼ਾਰ ਦੇ ਕਰੀਬ ਫਲੋਅਰ ਹਨ। ਉਨਾਂ ਦਾਅਵਾ ਕੀਤਾ ਕਿ ਇਸ ਸਮੇਂ ਨਵਾਂ ਪੋਸ਼ ਕਵੀਸ਼ਰੀ ਗਾਉਣ ਵਾਲੇ ਪਾਸੇ ਬਹੁਤ ਘੱਟ ਆ ਰਿਹਾ ਹੈ। ਕਿਉਂਕਿ ਇਸ ਵਿੱਚ ਬਹੁਤ ਮਿਹਨਤ ਦੀ ਲੋੜ ਹੁੰਦੀ ਹੈ। ਉਹ ਸਤਿੰਦਰ ਸਰਤਾਜ ਅਤੇ ਕੰਵਲ ਗਰੇਵਾਲ ਦੀ ਪ੍ਰਸੰਸਾ ਕਰਦਾ ਹੈ। ਜਿਸ ਦੀ ਬਦੌਲਤ ਪੰਜਾਬੀ ਦਾ ਅਸਲੀ ਸਭਿਆਚਾਰ ਲੋਕਾਂ ਨੂੰ ਮੁੜ ਤੋਂ ਸੁਣਨ ਨੂੰ ਮਿਲ ਰਿਹਾ ਹੈ। ਹਰਦੇਵ ਸਿੰਘ ਲਾਲਬਾਈ ਦੱਸਦਾ ਹੈ ਕਿ ਉਹ ਕਵੀਸ਼ਰੀ ਦੀ ਬਦੌਲਤ ਸਾਲ 2006, ਵਿੱਚ ਪਹਿਲੀ ਵਾਰੀ ਕੈਨੇਡਾ ਗਿਆ ਸੀ ਉਸ ਤੋਂ ਬਾਅਦ 2009 ਅਤੇ 2012 ਵਿੱਚ ਫਿਰ ਕੈਨੇਡਾ ਕਵੀਸ਼ਰੀ ਕਰ ਕੇ ਆਇਆ ਸੀ।

ਕੈਨੇਡਾ ਦੀ ਇੱਕ ਯਾਦ ਸਾਂਝੀ ਕਰਦੇ ਹੋਏ ਕਿਹਾ ਕਿ ਪਹਿਲੇ ਗੇੜੇ ਉਹ ਨਾਂ ਦਾ ਪ੍ਰੋਗਰਾਮ ਐਡਮਿਟਨ ਵਿੱਚ ਸੀ। ਇਹ ਪ੍ਰੋਗਰਾਮ ਸਿੰਘ ਸਭਾ ਵੱਲੋਂ ਕਰਵਾਇਆ ਗਿਆ ਸੀ। ਉਸ



ਸਮੇਂ ਇੱਕ ਸਿੱਖ ਸਰੋਤਾ ਬੀਬੀ ਸਟੇਜ਼ ਉਪਰ ਆਈ ਅਤੇ ਉਸ ਨੂੰ ਇੱਕ ਹਜਾਰ ਡਾਲਰ ਇਨਾਮ ਵਜੋਂ ਦੇ ਗਈ। ਉਹ ਰਕਮ ਪ੍ਰਬੰਧਕਾਂ ਦੀ ਨਿਗਾਹ ਪੈ ਗਈ ਅਤੇ ਉਨਾਂ ਨੇ ਉਸ ਦੇ ਜਥੇ ਨੂੰ ਕਿਹਾ ਕਿ ਬੀਬੀ ਨੇ ਇਹ ਰਕਮ ਗ੍ਰੰਥ ਸਾਹਿਬ ਅੱਗੇ ਟੇਕਣੀ ਸੀ। ਉਹ ਗਲਤੀ ਨਾਲ ਤੁਹਾਡੇ ਕੋਲ ਰੱਖ ਗਈ ਸੀ। ਫ਼ਿਰ ਇਹ ਗੱਲ ਹੋਈ ਕਿ ਬੀਬੀ ਰੋਜਾਨਾ ਗੁਰਦੁਆਰਾ ਸਾਹਿਬ ਆਉਂਦੀ ਹੈ ਉਸ ਤੋਂ ਪੁੱਛਿਆ ਜਾਵੇ। ਦੂਸਰੇ ਦਿਨ ਬੀਬੀ ਜਦੋਂ ਗੁਰਦੁਆਰੇ ਸਾਹਿਬ ਵਿੱਚ ਪਹੁੰਚੀ ਤਾਂ ਉਸ ਸਮੇਂ ਕਵੀਸ਼ਰੀ ਜਥੇ ਦਾ ਪ੍ਰੋਗਰਾਮ ਚੱਲ ਰਿਹਾ ਸੀ। ਬੀਬੀ ਨੂੰ ਰੋਕਿਆ ਗਿਆ। ਜਦੋਂ ਪ੍ਰੋਗਰਾਮ ਖ਼ਤਮ ਹੋਇਆ ਅਤੇ ਬੀਬੀ ਨੂੰ ਸਵਾਲ ਕੀਤਾ ਤਾਂ ਉਸ ਨੇ ਜਵਾਬ ਦਿੱਤਾ ਕਿ ਉਸ ਨੇ ਗੁਰਦੁਆਰਾ ਸਾਹਿਬ ਵਿੱਚ ਅਰਦਾਸ ਕੀਤੀ ਸੀ। ਉਸ ਦੇ ਪੁੱਤਰ ਨੂੰ ਜਾਬ ਮਿਲ ਜਾਵੇ। ਉਸ ਦੀ ਪਹਿਲੀ ਤਨਖਾਹ ਗੁਰਦੁਆਰੇ ਅਤੇ ਪ੍ਰਚਾਰਕਾਂ ਨੂੰ ਅੱਧੀ ਅੱਧੀ ਸਮਰਪਿਤ ਕੀਤੀ ਜਾਵੇਗੀ। ਉਸ ਤੋਂ ਬਾਅਦ ਇਹ ਇਨਾਮ ਵਜੋਂ ਉਨਾਂ ਨੂੰ ਦਿੱਤੀ ਗਈ।

ਹਰਦੇਵ ਸਿੰਘ ਲਾਲਬਾਈ ਨੇ ਦੱਸਿਆ ਕਿ ਉਨਾਂ ਦਾ ਸਾਥੀ ਸੁਖ਼ਮੰਦਰ ਸਿੰਘ ਦੀ ਸਾਲ 2002 ਵਿੱਚ ਮੌਤ ਹੋ ਗਈ ਸੀ। ਉਸ ਤੋਂ ਬਾਅਦ ਉਹਨਾਂ ਨੇ ਉਸ ਦੀ ਥਾਂ ਜਥੇ ਵਿੱਚ ਸੁਖ਼ਜੀਤ ਸਿੰਘ ਜੋ ਨਹਿਰੀ ਮਹਿਕਮੇ ਵਿੱਚ ਨੌਕਰੀ ਕਰਦਾ ਹੈ, ਮੈਂਬਰ ਵਜੋਂ ਲਿਆ। ਜਦੋਂਕਿ ਰਾਜ ਸਿੰਘ ਉਨਾਂ ਨਾਲ ਸੁਰੂ ਤੋਂ ਹੀ ਕਵੀਸ਼ਰੀ ਕਰ ਰਿਹ ਹੈ। ਹਰਦੇਵ ਸਿੰਘ ਲਾਲਬਾਈ ਕਵੀਸ਼ਰੀ ਦੇ ਖੇਤਰ ਵਿੱਚ ਇਨਾਂ ਪ੍ਰਰੀਪੂਰਨ ਹੋ ਚੁੱਕਾ ਹੈ। ਉਸ ਦੀ ਕਾਬਲੀਅਤ ਨੂੰ ਵੇਖ਼ਦੇ ਹੋਏ ਪੰਜਾਬ ਯੂਨੀਵਰਯਿਟੀ ਚੰਡੀਗੜ ਅਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਉਨਾਂ ਨੂੰ ਪਿਛਲੇ ਦਸ ਸਾਲ ਤੋਂ ਵੱਧ ਸਮੇਂ ਤੋਂ ਯੂਥ ਫੈਸਟੀਵਲਾਂ ਵਿੱਚ ਜੱਜ ਵਜੋਂ ਨਿਯੁਕਤ ਕਰ ਰਹੇ ਹਨ। ਇਸੇ ਤਰਾਂ ਹੀ ਸੰਗੀਤ ਨਾਟਕ ਅਕੈਡਮੀ ਚੰਡੀਗੜ ਵੱਲੋਂ ਵੀ ਉਨਾਂ ਦੀਆਂ ਸੇਵਾਵਾਂ ਪ੍ਰਾਪਤ ਕੀਤੀਆਂ ਜਾ ਰਹੀਆਂ ਹਨ। ਇਸ ਜਥੇ ਦਾ ਮੁੱਖੀ ਹਰਦੇਵ ਸਿੰਘ ਦੱਸਦਾ ਹੈ ਕਿ ਉਨਾਂ ਨੂੰ ਹੁਣ ਦੁਆਬੇ ਖੇਤਰ ਤੋਂ ਵਿਆਹਾਂ ਅਤੇ ਹੋਰਨਾਂ ਖ਼ੁਸ਼ੀ ਦੇ ਸਮੇਂ ਤੇ ਕਵੀਸ਼ਰੀ ਕਰਵਾਉਣ ਲਈ ਸੱਦੇ ਆ ਰਹੇ ਹਨ। ਉਨਾਂ ਦੀਆਂ ਕਵੀਸ਼ਰੀ ਖੇਤਰ ਵਿੱਚ ਪ੍ਰਾਪਤੀਆਂ ਨੂੰ ਵੇਖ਼ਦੇ ਹੋਏ ਉਨਾਂ ਦੇ ਜਥੇ ਨੂੰ ਨਾਟਕ ਸੰਗੀਤ ਅਕੈਡਮੀ ਚੰਡੀਗੜ ਅਤੇ ਪ੍ਰੋ. ਮੋਹਨ ਸਿੰਘ ਮੇਲਾ ਕਰਵਾਉਣ ਵਾਲੀ ਫਾਊਡੇਸ਼ਨ ਵੱਲੋਂ ਸਾਲ 2013 ਵਿੱਚ ਸਨਮਾਨਿਤ ਕੀਤਾ ਜਾ ਚੁੱਕਾ ਹੈ।

# .ਗ਼ਜ਼ਲ ਗਾਇਕੀ ਦੀ ਮਲਿਕਾ ਬੇ.ਗਮ ਅ.ਖ਼ਤਰ

**ਸੁਰਿੰਦਰ ਸਿੰਘ**

ਗੱਲ ਨਵੰਬਰ 1945 ਦੀ ਹੈ। ਆਲ ਇੰਡੀਆ ਰੇਡੀਓ, ਬੰਬਈ ਉੱਤੇ 'ਆਪ ਕੀ ਫ਼ਰਮਾਇਸ਼' ਪ੍ਰੋਗਰਾਮ ਨਵਾਂ ਨਵਾਂ ਸ਼ੁਰੂ ਹੋਇਆ ਸੀ। ਇਸ ਵਿਚ ਸਰੋਤਿਆਂ ਦੀ ਫ਼ਰਮਾਇਸ਼ 'ਤੇ ਫਿਲਮੀ ਤੇ ਗ਼ੈਰ-ਫ਼ਿਲਮੀ ਗੀਤ ਸੁਣਾਏ ਜਾਂਦੇ ਸਨ। ਹਰ ਗੀਤ ਤੋਂ ਪਹਿਲਾਂ ਫ਼ਰਮਾਇਸ਼ਕਾਰਾਂ ਦੇ ਨਾਮ ਬੋਲੇ ਜਾਂਦੇ ਸਨ। ਲਤਾ ਮੰਗੇਸ਼ਕਰ ਇਸ ਪ੍ਰੋਗਰਾਮ ਦੀ ਦੀਵਾਨੀ ਸੀ। ਉਸ ਨੇ ਬੇ.ਗਮ ਅਖ਼ਤਰ ਦੀ ਗਾਈ ਗ਼ਜ਼ਲ 'ਦੀਵਾਨਾ ਬਨਾਨਾ ਹੈ, ਤੋ ਦੀਵਾਨਾ ਬਨਾ ਦੇ' ਦੀ ਫ਼ਰਮਾਇਸ਼ ਇਕ ਪੋਸਟਕਾਰਡ ਰਾਹੀਂ ਭੇਜ ਦਿੱਤੀ। ਜਦੋਂ ਕਈ ਦਿਨ ਇਹ ਫ਼ਰਮਾਇਸ਼ ਪੂਰੀ ਨਾ ਹੋਈ ਤਾਂ ਧਾਰ ਲਿਆ ਕਿ ਉਹ ਅੱਗੇ ਤੋਂ ਇਹ ਪ੍ਰੋਗਰਾਮ ਨਹੀਂ ਸੁਣੇਗੀ। ਪਰ ਅਗਲੇ ਹੀ ਦਿਨ ਉਸ ਦੀ ਫ਼ਰਮਾਇਸ਼ ਪੂਰੀ ਹੋ ਗਈ। ਛੋਟੀ ਭੈਣ ਮੀਨਾ ਨੇ ਰੇਡੀਓ ਦਾ ਬਟਨ ਮਰੋੜਿਆ ਹੀ ਸੀ ਕਿ ਲਤਾ ਦਾ ਨਾਮ ਸੁਣਨ ਨੂੰ ਮਿਲਿਆ। ਉਸ ਤੋਂ ਬਾਅਦ ਬੇ.ਗਮ ਅਖ਼ਤਰ ਦੀ ਆਵਾਜ਼। ਲਤਾ ਪੂਰਾ ਦਿਨ ਸੱਤਵੇਂ ਆਸਮਾਨ 'ਤੇ ਰਹੀ।

ਇਹ ਕਿੱਸਾ, ਅਤੇ ਅਜਿਹੇ ਦਰਜਨਾਂ ਹੋਰ ਕਿੱਸੇ ਨਵੀਂ ਕਿਤਾਬ 'ਅਖ਼ਤਰੀ: ਦਿ ਲਾਈ.ਫ ਐਂਡ ਮਿਊਜ਼ਿਕ ਆਫ਼ ਬੇਗਮ ਅਖ਼ਤਰ' (ਹਾਰਪਰ ਕੌਲਿਨਜ਼; 268 ਪੰਨੇ; 699 ਰੁਪਏ) ਦਾ ਹਿੱਸਾ ਹਨ। ਬੜਾ ਕੁਝ ਸੰਗ੍ਰਹਿਤ ਹੈ ਇਸ ਕਿਤਾਬ ਵਿਚ। ਬੇ.ਗਮ ਅਖ਼ਤਰ ਬਾਰੇ ਦਰਜਨ ਦੇ ਕਰੀਬ ਕਿਤਾਬਾਂ ਸਿਰ.ਫ ਅੰਗਰੇਜ਼ੀ ਵਿਚ ਛਪ ਚੁੱਕੀਆਂ ਹਨ। ਬਹੁਤੀਆਂ ਉਸ ਦੀਆਂ ਸ਼ਾਗਿਰਦਾਂ ਸ਼ਾਂਤੀ ਹੀਰਾਨੰਦ ਤੇ ਰੀਤਾ ਗਾਂਗੁਲੀ ਅਤੇ ਮੁਰੀਦਾਂ- ਸ਼ੁਤਪਾ ਮਜੂਮਦਾਰ ਤੇ ਜੋਤੀ ਸਭਰਵਾਲ ਤੋਂ ਇਲਾਵਾ ਕੁਝ ਹੋਰ ਪ੍ਰਸ਼ੰਸਕਾਂ ਵੱਲੋਂ ਲਿਖੀਆਂ ਹੋਈਆਂ। ਸੰਗੀਤ ਦੇ ਰਸੀਏ ਪੱਤਰਕਾਰ ਐੱਸ ਕਾਲੀਦਾਸ ਵੱਲੋਂ ਲਿਖੀ ਕਿਤਾਬ 'ਬੇ.ਗਮ ਅਖ਼ਤਰ: ਲਵ'ਜ਼ ਓਨ ਵੌਇਸ' ਵੀ ਇਸ ਗਿਣਤੀ ਵਿਚ ਸ਼ੁਮਾਰ ਹੈ; ਫ਼ਰਕ ਏਨਾ ਹੈ ਕਿ ਜਿੱਥੇ ਬਹੁਤੀਆਂ ਕਿਤਾਬਾਂ ਸਾਖੀਕਾਰੀ ਨਾਲ ਭਰਪੂਰ ਹਨ, ਉੱਥੇ ਕਾਲੀਦਾਸ ਨੇ ਸਨਸਨੀ ਤੇ ਚਸਕੇਬਾਜ਼ੀ ਨੂੰ ਵੱਧ ਪ੍ਰਮੁੱਖਤਾ ਦਿੱਤੀ ਹੋਈ ਹੈ। 'ਅਖ਼ਤਰੀ' ਇਨਾਂ ਸਭਨਾਂ ਤੋਂ ਭਿੰਨ ਹੈ: ਦੋ ਕਾਰਨਾਂ ਕਰਕੇ। ਇਕ ਤਾਂ ਇਹ 40 ਤੋਂ ਵੱਧ ਲੇਖਾਂ ਤੇ ਸੰਸਮਰਣਾਂ ਦਾ ਸੰਕਲਨ ਹੈ। ਇਹ ਲੇਖ/ਸੰਸਮਰਣ ਸੰਗੀਤ ਜਗਤ ਅੰਦਰਲੀਆਂ ਹਸਤੀਆਂ ਦੇ ਵੀ ਹਨ ਅਤੇ ਇਸ ਤੋਂ ਬਾਹਰਲੀਆਂ ਹਸਤੀਆਂ ਦੇ ਵੀ। ਦੂਜਾ, ਰਚਨਾਵਾਂ ਦੀ ਚੋਣ ਇਸ ਢੰਗ ਨਾਲ ਕੀਤੀ ਗਈ ਹੈ ਕਿ ਬੇ.ਗਮ ਦੇ ਫ਼ਨ ਤੇ ਸ਼ਖ਼ਸੀਅਤ ਦਾ ਜਾਇਜ਼ਾ ਸਾਖੀਕਾਰੀ ਦੀ ਭੇਟ ਨਾ ਚੜ੍ਹੇ। ਰਚਨਾਕਾਰਾਂ ਵਿਚ ਸੰਗੀਤ ਸਮਾਲੋਚਕਾਂ- ਸਲੀਮ ਕਿਦਵਈ ਤੇ ਸ਼ੀਲਾ ਧਰ, ਸੰਗੀਤ ਸ਼ਾਸਤਰੀਆਂ- ਉਸਤਾਦ ਬਿਸਮਿੱਲਾ ਖਾਨ, ਸ਼ਾਂਤੀ ਹੀਰਾਨੰਦ, ਲਤਾ ਮੰਗੇਸ਼ਕਰ ਤੇ ਕੌਮੁਦੀ ਮਿਸ਼ਰਾ ਅਤੇ ਹਿੰਦੀ ਦੀ ਉੱਘੀ ਲੇਖਿਕਾ ਸ਼ਿਵਾਨੀ ਦੇ ਨਾਮ ਪ੍ਰਮੁੱਖ ਹਨ। ਆਚਾਰੀਆ ਕੈਲਾਸ਼ ਦੇਵ ਬ੍ਰਹਿਸਪਤੀ ਵੱਲੋਂ ਬੇ.ਗਮ ਨਾਲ ਕੀਤੀ ਲੰਮੀ ਬਾਤਚੀਤ ਵੀ ਇਸ ਕਿਤਾਬ ਵਿਚ ਸ਼ਾਮਲ ਹੈ। ਸੰਪਾਦਨ ਯਤੀਂਦ੍ਰ ਮਿਸ਼ਰਾ ਦਾ ਹੈ ਜੋ ਖ਼ੁਦ ਨਾਮਵਰ ਕਵੀ, ਸੰਗੀਤਗ ਤੇ ਸੰਗੀਤ ਦਾ ਇਤਿਹਾਸਕਾਰ ਹੈ। ਬਹੁਤੀਆਂ ਰਚਨਾਵਾਂ ਹਿੰਦੀ ਲੇਖਕਾਂ ਦੀਆਂ ਹਨ ਜਿਨਾਂ ਦਾ ਅਨੁਵਾਦ ਮਨੀਸ਼ਾ ਤਨੇਜਾ ਨੇ ਬਾਖ਼ੂਬੀ ਕੀਤਾ ਹੈ।

ਕਿਤਾਬ ਪੜ ਕੇ ਪਹਿਲਾ ਪ੍ਰਭਾਵ ਇਹ ਬਣਦਾ ਹੈ ਕਿ ਬੇ.ਗਮ ਅਖ਼ਤਰ (1914-1974) ਨੇ ਆਪਣੇ 60 ਵਰਿਆਂ ਦੇ ਜੀਵਨ-ਕਾਲ ਦੌਰਾਨ ਜੋ ਕੁਝ ਪ੍ਰਾਪਤ ਕੀਤਾ, ਉਹ ਅੰਤਾਂ ਦੇ ਸਿਰੜ, ਸਿਦਕ ਅਤੇ ਵਰਿਆਂ ਲੰਮੀ ਜੱਦੋ-ਜਹਿਦ ਤੇ ਕੁਰਬਾਨੀਆਂ ਦਾ ਹਾਸਲ ਸੀ। ਦੂਜਾ ਪ੍ਰਭਾਵ ਇਹ ਹੈ ਕਿ ਉਸ ਦੀ ਜੱਦੋਜਹਿਦ ਦੀ ਪੂਰੀ ਕਦਰ ਨਾ ਉਸ ਦੇ ਜਿਉਂਦੇ-ਜੀਅ ਹੋਈ, ਨਾ ਮੌਤ ਪਿੱਛੋਂ। ਉਸ ਨੇ ਗ਼ਜ਼ਲ ਗਾਇਕੀ ਨੂੰ ਤਵਾਇਫ਼ੀ ਕੋਠਿਆਂ ਵਿਚੋਂ ਕੱਢ ਕੇ ਭਾਰਤੀ ਸੰਗੀਤ ਪਰੰਪਰਾ ਦਾ ਸਿਰਮੌਰ ਅੰਗ ਬਣਾਇਆ, ਇਸ ਦਾ ਰਸ-ਰੰਗ ਜਨ ਜਨ ਤੱਕ ਪਹੁੰਚਾਇਆ ਤੇ ਗ਼ੈਰ-ਫਿਲਮੀ ਗਾਇਕੀ ਦੀ ਖ਼ੂਬਸੂਰਤੀ ਤੇ ਮਹੱਤਵ ਦਾ ਅਹਿਸਾਸ ਲੋਕ ਮਨਾਂ ਦੇ ਅੰਦਰ ਪੈਦਾ ਕੀਤਾ। ਅਜਿਹੀਆਂ ਪ੍ਰਾਪਤੀਆਂ ਦੇ ਬਾਵਜੂਦ ਉਸ ਦੀ ਗਾਇਕੀ ਨੂੰ ਢੁੱਕਵੀਂ ਤੇ ਸੁਚੱਜੀ ਮਾਨਤਾ ਦੇਣ ਪੱਖੋਂ ਕੰਜੂਸੀ ਸਰਕਾਰੀ ਅਦਾਰਿਆਂ ਨੇ ਵੀ ਵਰਤੀ ਅਤੇ ਗ਼ੈਰ-ਸਰਕਾਰੀ ਅਦਾਰਿਆਂ ਨੇ ਵੀ। 'ਪਦਮ ਸ਼੍ਰੀ' ਦੀ ਉਪਾਧੀ ਉਸ ਨੂੰ ਉਮਰ ਦੇ ਛੇਵੇਂ ਦਹਾਕੇ ਦੌਰਾਨ ਮਿਲੀ ਅਤੇ 'ਪਦਮ ਭੂਸ਼ਨ' ਮੌਤ ਉਪਰੰਤ। ਭਾਰਤੀ ਸੰਗੀਤ ਨਾਟਕ ਅਕਾਦਮੀ ਵੀ 1970



ਵਿਆਂ ਵਿਚ ਉਸ ਉੱਤੇ 'ਮਿਹਰਬਾਨ' ਹੋਈ। ਅਸਲੀਅਤ ਤਾਂ ਇਹ ਹੈ ਕਿ ਜੇਕਰ ਬੇ.ਗਮ ਅਖ਼ਤਰ ਨਾ ਹੁੰਦੀ ਤਾਂ ਇਕਬਾਲ ਬਾਨੋ, ਫ਼ਰੀਦਾ ਖ਼ਾਨੁਮ, ਮਹਿਦੀ ਹਸਨ, ਜਗਜੀਤ ਸਿੰਘ ਜਾਂ ਰੂਨਾ ਲੈਲਾ ਲਈ ਮਕਬੂਲੀਅਤ ਦਾ ਰਾਹ ਪੱਧਰਾ ਨਹੀਂ, ਬਹੁਤ ਬਿਖਮ ਹੋਣਾ ਸੀ। ਮਿਰਜ਼ਾ ਅਸਦਉੱਲਾ ਗ਼ਾਲਿਬ ਜਾਂ ਮੀਰ ਤਕੀ ਮੀਰ ਦੀ ਸ਼ਾਇਰੀ ਆਪਣੀ ਪਛਾਣ ਲਈ ਮੌਸਿਕੀ ਜਾਂ ਗਾਇਕੀ ਦੀ ਮੁਥਾਜ ਨਹੀਂ, ਪਰ ਇਸ ਦੀ ਲੋਕਪ੍ਰਿਯਤਾ ਨੂੰ ਵਸੀਹਤਰ ਬਣਾਉਣ ਵਿਚ ਵੱਡਾ ਯੋਗਦਾਨ ਬੇ.ਗਮ ਅਖ਼ਤਰ ਨੇ ਪਾਇਆ। ਦਾਗ਼ ਦੇਹਲਵੀ, ਮੋਮਿਨ ਖਾਨ ਮੋਮਿਨ, ਫ਼ੈਜ਼ ਅਹਿਮਦ ਫ਼ੈਜ਼, ਜਿਗਰ ਮੁਰਾਦਾਬਾਦੀ, ਸ਼ਕੀਲ ਬਦਾਯੂੰਨੀ ਤੇ ਕੈਫ਼ੀ ਆਜ਼ਮੀ ਆਪਣੇ ਆਪ ਨੂੰ ਇਸ ਗੱਲੋਂ ਖ਼ੁਸ਼ਕਿਸਮਤ ਸਮਝਦੇ ਰਹੇ ਕਿ ਬੇ.ਗਮ ਅਖ਼ਤਰ ਨੇ ਉਨਾਂ ਦੀ ਸ਼ਾਇਰੀ ਨੂੰ ਤਰੁਨੰਮ ਬਖ਼ਸ਼ਿਆ। ਕੈਫ਼ੀ ਆਜ਼ਮੀ ਦੇ ਸੰਸਮਰਣ ਅਨੁਸਾਰ ਉਨਾਂ ਨੇ ਗ਼ਜ਼ਲਗੋਈ ਹੀ ਬੇ.ਗਮ ਅਖ਼ਤਰ ਦੇ ਕਰੀਬ ਆਉਣ ਵਾਸਤੇ ਸ਼ੁਰੂ ਕੀਤੀ। ਸੁਦਰਸ਼ਨ ਫ਼ਾਕਿਰ ਦੇ ਦੱਸਣ ਮੁਤਾਬਕ ਜਿਸ ਦਿਨ 'ਬੇ.ਗਮ ਸਾਹਿਬਾ ਨੇ ਮੇਰੀ ਗ਼ਜ਼ਲ ਗਾਉਣ ਲਈ ਚੁਣੀ, ਮੈਨੂੰ ਜਾਪਿਆ ਕਿ ਮੈਂ ਗ਼ਜ਼ਲ ਲੇਖਣ ਦਾ ਇਮਤਿਹਾਨ ਪਾਸ ਕਰ ਲਿਆ ਹੈ।'

ਕਿਤਾਬ ਦਰਸਾਉਂਦੀ ਹੈ ਕਿ ਅਖ਼ਤਰੀ ਦੇ ਜੀਵਨ ਤੇ ਕਲਾ ਨੂੰ ਨਿਖ਼ਾਰਨ ਤੇ ਨਵੀਂ ਦਿਸ਼ਾ ਦੇਣ ਵਿਚ ਉਸ ਦੀ ਮਾਂ ਮੁਸ਼ਤਰੀਬਾਈ ਫ਼ੈਜ਼ਾਬਾਦੀ ਦਾ ਯੋਗਦਾਨ, ਬੇਟੀ ਦੇ ਯੋਗਦਾਨ ਨਾਲੋਂ ਕਿਤੇ ਵੱਡਾ ਰਿਹਾ। ਮੁਸ਼ਤਰੀਬਾਈ ਤਵਾਇ.ਫ ਸੀ, ਸਮੇਂ ਦੀ ਰੀਤ ਮੁਤਾਬਿਕ ਅਖ਼ਤਰੀ ਨੇ ਵੀ ਤਵਾਇ.ਫ ਹੀ ਹੋਣਾ ਸੀ। ਪਰ ਮਾਂ ਨੇ ਧੀ ਦੀ ਤਕਦੀਰ ਨੂੰ ਬਦਲਣ ਲਈ ਹਰ ਕੁਰਬਾਨੀ ਕਰਨ ਦੀ ਦ੍ਰਿੜਤਾ ਦਿਖਾਈ। ਪਿਤਾ ਸਯੱਦ ਅਖ਼ਤਰ ਹੁਸੈਨ ਨਵਾਬੀ ਖ਼ਾਨਦਾਨ ਨਾਲ ਸਬੰਧਤ ਸੀ। ਪੇਸ਼ੇ ਵਜੋਂ ਮੁਨਸਿ.ਫ ਹੋਣ ਦੇ ਬਾਵਜੂਦ ਉਸ ਨੇ ਅਖ਼ਤਰੀ ਨੂੰ ਧੀ ਵਜੋਂ ਮਾਨਤਾ ਦੇਣ ਦੀ ਜੁਰੱਅਤ ਨਹੀਂ ਦਿਖਾਈ। ਮੁਸ਼ਤਰੀਬਾਈ ਨੇ ਅਜਿਹੇ ਬੰਦੇ ਦੀ ਖ਼ੈਰਾਤ 'ਤੇ ਧੀ ਨੂੰ ਪਾਲਣ ਦੀ ਥਾਂ ਕਿਰਸ ਤੇ ਕਿਰਤ ਦਾ ਰਾਹ ਚੁਣਿਆ। ਪਹਿਲਾਂ ਗਯਾ ਗਈ, ਫਿਰ ਕਲਕੱਤਾ। ਅਖ਼ਤਰੀ ਨੂੰ ਉਸਤਾਦ ਅਤਾ ਮੁਹੰਮਦ ਖ਼ਾਨ (ਪਟਿਆਲਾ ਘਰਾਣਾ), ਉਸਤਾਦ ਅਬਦੁਲ ਵਹੀਦ ਖ਼ਾਨ (ਕਿਰਾਨਾ ਘਰਾਣਾ) ਤੇ ਉਸਤਾਦ ਮੁਹੰਮਦ ਹਯਾਤ ਖ਼ਾਨ (ਮੁਰਸ਼ਿਦਾਬਾਦੀ) ਪਾਸੋਂ ਹਿੰਦੋਸਤਾਨੀ ਸ਼ਾਸਤਰੀ ਸੰਗੀਤ ਦੀ ਬਾਕਾਇਦਾ ਤਾਲੀਮ ਦਿਵਾਈ। 13 ਵਰਿਆਂ ਦੀ ਉਮਰ ਤੱਕ ਉਹ ਗ਼ਜ਼ਲ ਗਾਇਕੀ ਤੋਂ ਇਲਾਵਾ ਸ਼ਾਸਤਰੀ ਗਾਇਨ ਦੇ ਹੋਰਨਾਂ ਅੰਗਾਂ ਜਿਵੇਂ ਕਿ ਠੁਮਰੀ, ਚੈਤੀ, ਦਾਦਰਾ, ਕਜਰੀ, ਹੋਰੀ ਤੇ ਬਾਰਾਮਾਸਾ ਦੇ ਗਾਇਨ ਵਿਚ ਵੀ ਪ੍ਰਬੀਨ ਹੋ ਗਈ। ਮਮਤਾ ਕਾਲੀਆ ਦੇ ਲੇਖ ਮੁਤਾਬਿਕ 'ਬੇ.ਗਮ ਸਾਹਿਬਾ ਦੀ ਰਾਗਾਂ ਤੇ ਰਾਗਦਾਰੀਆਂ ਉੱਤੇ ਪਕੜ ਏਨੀ ਜ਼ਿਆਦਾ ਸੀ ਕਿ ਮੂਡ ਹੋਣ 'ਤੇ ਉਹ ਇਕੋ ਹੀ ਗ਼ਜ਼ਲ ਨੂੰ ਕੇਦਾਰ, ਦਰਬਾਰੀ, ਪੂਰੀਆ, ਕਾਨੜਾ ਜਾਂ ਖਮਾਜ ਰਾਗਾਂ ਵਿਚ ਧੁਨਾਂ

ਬਾਕੀ ਸਫ਼ਾ 32 'ਤੇ

**ਸੰਗੀਤ ਤੇ ਮਿਊਜਿਕ**

# ਵਿਦੇਸ਼ੀ ਧਰਤੀ 'ਤੇ ਮਾਂ ਬੋਲੀ ਲਈ ਡਟਿਆ ਹੋਇਆ ਪੰਜਾਬੀ ਦਾ ਪੁੱਤਰ : ਸ. ਰਵਿੰਦਰ ਸਿੰਘ ਕੰਗ

**ਰਾਜਨਦੀਪ ਕੌਰ ਮਾਨ**

6239326166

ਬਹੁਤ ਸੁਣੀਂਦਾ ਬਈ ਫਲਾਣਾ ਸਿਉਂ ਕਨੇਡਾ ਚਲਾ ਗਿਆ ਤੇ ਜਾਣ ਸਾਰ ਅੰਗਰੇਜ਼ੀ ਨੂੰ ਮੂੰਹ ਮਾਰਨ ਲੱਗ ਪਿਆ ਹੈ ਤੇ ਅਜਿਹਾ ਬਹੁਤੇ ਪੰਜਾਬੀਆਂ ਦਾ ਹਾਲ ਹੈ ਜੋ ਵਿਦੇਸ਼ੀ ਧਰਤੀ ਤੇ ਉਤਰਦੇ ਹੀ ਸਭ ਤੋਂ ਪਹਿਲਾਂ ਆਪਣੀ ਮਾਂ ਬੋਲੀ ਨੂੰ ਘਟੀਆ ਸਮਝਣ ਲੱਗ ਜਾਂਦੇ ਹਨ ਅਤੇ ਖੁਦ ਨੂੰ ਜ਼ਿਆਦਾ ਹਾਈ ਫਾਈ ਤੇ ਪੜਿਆ ਲਿਖਿਆ ਅਖਵਾਉਣ ਦੇ ਚੱਕਰ ਵਿੱਚ ਆਪਣੀ ਮਾਂ ਬੋਲੀ ਨੂੰ ਪਿੱਛੇ ਸੁੱਟ ਕੇ ਮਤਰੇਈ ਨੂੰ ਗਲ ਨਾਲ ਲਾ ਲੈਂਦੇ ਹਨ । ਪਰ ਅੱਜ ਜਿਸ ਸ਼ਖਸੀਅਤ ਦੀ ਮੈਂ ਗੱਲ ਕਰਨ ਜਾ ਰਹੀ ਹਾਂ ਉਹ ਇਨਾਂ ਗੱਲਾਂ ਤੋਂ ਬਿਲਕੁਲ ਉਲਟ ਹੈ । ਮਾਂ-ਬੋਲੀ ਪੰਜਾਬੀ ਦਾ ਸਤਿਕਾਰ ਉਨਾਂ ਦੇ ਰੋਮ ਰੋਮ ਵਿਚ ਠਾਠਾਂ ਮਾਰਦਾ ਹੈ । ਮੇਰੀ ਮੁਰਾਦ ਹੈ ਸਰਦਾਰ ਰਵਿੰਦਰ ਸਿੰਘ ਕੰਗ ਹੋਰਾਂ ਤੋਂ । ਇਨਾਂ ਦਾ ਪਿਛੋਕੜ ਜਲੰਧਰ ਜ਼ਿਲੇ ਦੇ ਪਿੰਡ ਕੰਗ ਮਹਿਰਾਜ ਵਾਲਾ ਤੋਂ ਹੈ ਅਤੇ ਇਨਾਂ ਦਾ ਪਰਿਵਾਰ ਰਾਜਸਥਾਨ ਦੇ ਜ਼ਿਲਾ ਸ੍ਰੀ ਗੰਗਾਨਗਰ, ਤਹਿਸੀਲ ਕਰਨਪੁਰ (ਸ੍ਰੀ ਕੇਸਰੀਪੁਰ ਮੰਡੀ) ਨੇੜਲੇ ਪਿੰਡ 20 6 ਵਿੱਚ ਕੋਈ 100 ਸਾਲ (ਕਰੀਬ) ਪਹਿਲਾਂ ਜਾ ਕੇ ਵਸ ਗਿਆ ਸੀ ।

ਸਰਦਾਰ ਰਵਿੰਦਰ ਸਿੰਘ ਕੰਗ ਨੇ ਆਪਣੀ ਮੁੱਢਲੀ ਵਿੱਦਿਆ ਬੀ ਏ ਦੀ ਡਿਗਰੀ ਰਾਜਸਥਾਨ ਵਿੱਚ ਹੀ ਹਾਸਲ ਕੀਤੀ। ਉੱਨੀ ਸੌ ਚੁਰਾਸੀ ਵਿਚ ਜਦੋਂ ਕਿ ਪੰਜਾਬ ਦੇ ਹਾਲਤ ਕਾਫੀ ਵਿਗੜੇ ਹੋਏ ਸਨ, ਆਪ ਪ੍ਰਵਾਸੀ ਧਰਤੀ ਕੈਨੇਡਾ ਚਲੇ ਗਏ। ਉਥੇ ਹੱਡ ਭੰਨਵੀਂ ਮਿਹਨਤ ਕੀਤੀ ਤੇ ਉੱਥੋਂ ਦੇ ਪੱਕੇ ਵਸਨੀਕ ਬਣ ਗਏ ।

ਬੇਸ਼ਕ ਰਵਿੰਦਰ ਸਿੰਘ ਕੰਗ ਨੇ ਆਪਣੀ ਮਿਹਨਤ ਦੇ ਬਲਬੂਤੇ ਉਥੇ ਖ਼ੂਬ ਨਾਮਣਾ ਅਤੇ ਨਾਵਾਂ ਕਮਾਇਆ ਹੈ, ਪਰ ਆਕੜ, ਹੰਕਾਰ ਨੂੰ ਆਪਣੇ ਨੇੜੇ ਨਹੀਂ ਆਉਣ ਦਿੱਤਾ । ਉਹ ਬਹੁਤ ਹੀ ਨਿਮਰ ਤੇ ਸਾਊ ਤਬੀਅਤ ਦੇ ਮਾਲਕ ਹਨ । ਉਨਾਂ ਦੀ ਦਿੱਖ ਵੀ ਬਹੁਤ ਸਾਦਗੀ ਵਾਲੀ ਸੁਭਾਅ ਬਹੁਤ ਮਿੱਠਾ ਹੈ । ਕੋਈ ਵੀ ਇੱਕ ਵਾਰ ਗੱਲ ਕਰਕੇ ਹੀ ਉਨਾਂ ਦਾ ਮੁਰੀਦ ਬਣ ਜਾਂਦਾ ਹੈ । ਇਸ ਤੋਂ ਇਲਾਵਾ ਉਹ ਵਾਅਦੇ ਦੇ ਵੀ ਪੱਕੇ ਇਨਸਾਨ ਹਨ ਅਤੇ ਕਹਿਣੀ ਤੇ ਕਰਨੀ ਦੇ ਇੱਕ ਹਨ । ਬਜ਼ੁਰਗਾਂ ਦੀ ਇੱਜ਼ਤ ਵੀ ਬਹੁਤ ਚੰਗੀ ਤਰਾਂ ਕਰਦੇ ਹਨ ।

ਬਰੈਂਪਟਨ ਵਿਚ ਲੰਬਾ ਸਮਾਂ ਰਹਿਣ ਕਰਕੇ ਉਹ ਹਰ ਮੁੱਦੇ ਦੇ ਜਾਣਕਾਰ ਹੋਣ ਕਰਕੇ ਸਭ ਨਾਲ ਵਿਚਾਰ ਵਟਾਂਦਰਾ ਕਰਦੇ ਰਹਿੰਦੇ ਹਨ । ਇਸੇ ਲਈ ਤਾਂ ਉੱਥੇ ਉਨਾਂ ਦਾ ਖ਼ੂਬ ਮਾਣ-ਸਤਿਕਾਰ ਹੈ ।

ਇਸ ਤੋਂ ਇਲਾਵਾ ਕੰਗ ਸਾਹਿਬ ਵਿੱਚ ਮਾਂ-ਬੋਲੀ ਦਾ ਪਿਆਰ ਠਾਠਾਂ ਮਾਰਦਾ ਹੈ। ਓਂਟਾਰੀਓ ਫਰੈਂਡਜ਼ ਕਲੱਬ, ਜੀਹਦੇ ਉਹ ਪ੍ਰਧਾਨ ਹਨ, ਵੱਲੋਂ ਵੱਖ-ਵੱਖ ਲੇਖਕਾਂ ਦੀਆਂ ਰਚਨਾਵਾਂ ਦੇ ਸੰਗ੍ਰਹਿ ਵੀ ਉਹ ਪੰਜਾਬੀ, ਹਿੰਦੀ,ਅੰਗਰੇਜ਼ੀ ਅਤੇ ਸ਼ਾਹਮੁਖੀ ਦੇ ਨਾਲ ਛਪਵਾ ਰਹੇ ਹਨ ਤੇ ਕਿਤਾਬਾਂ ਨੂੰ ਲਾਇਬ੍ਰੇਰੀਆਂ ਲਈ ਭੇਜਣਾ, ਉਨਾਂ ਦੀ ਬਹੁਤ ਵੱਡੀ ਪਹਿਲ ਹੈ। ਉਹ ਪੰਜਾਬੀ ਕਾਨਫਰੰਸ ਜਿਸਦੇ ਕਿ ਉਹ ਪ੍ਰਧਾਨ ਹਨ, ਵੀ ਇਸੇ ਸਾਲ ਜੂਨ ਵਿੱਚ ਕਰਾਉਣ ਜਾ ਰਹੇ ਹਨ ।



ਜਗਤ ਪੰਜਾਬੀ ਸਭਾ ਸੰਸਥਾ ਦੇ ਵੀ ਉਹ ਪ੍ਰਧਾਨ ਹਨ ਅਤੇ ਭਾਈਚਾਰਕ ਮਿਲਵਰਤਨ ਦੇ ਲਈ ਬਹੁਤ ਕੰਮ ਕਰ ਰਹੇ ਹਨ । ਇਸ ਤੋਂ ਇਲਾਵਾ ਪੰਜਾਬੀ ਬਿਜ਼ਨਸ ਪ੍ਰੋਫ਼ੈਸ਼ਨਲ ਐਸੋਸ਼ੀਏਸ਼ਨ (ਪਬਪਾ) ਕੈਨੇਡਾ ਦੇ ਸਲਾਹਕਾਰ ਬੋਰਡ ਦੇ ਮੈਂਬਰ ਹਨ ।

ਇਸ ਤੋਂ ਇਲਾਵਾ ਸਰਦਾਰ ਰਵਿੰਦਰ ਸਿੰਘ ਕੰਗ ਨੂੰ ਸ੍ਰੀਮਾਨ ਸਟੀਵਨ ਡੈਲ ਡੂਕਾ, ਲਿਬਰਲ ਪਾਰਟੀ ਦੇ ਮੌਜੂਦਾ ਜੋ ਆਗੂ ਹਨ, ਉਨਾਂ ਵਾਸਤੇ ਮਾਰਚ 2020 ਲੀਡਰਸ਼ਿਪ ਚੋਣ ਲਈ ਡੈਲੀਗੇਟ ਵੀ ਚੁਣੇ ਗਏ ਸਨ।

ਇਸ ਤੋਂ ਇਲਾਵਾ ਇਨਾਂ ਜ਼ਿੰਮੇਵਾਰੀਆਂ ਦੇ ਬਾਵਜੂਦ ਉਹ ਸਮਾਜ ਸੇਵਾ ਲਈ ਵੀ ਤਤਪਰ ਰਹਿੰਦੇ ਹਨ । ਬੇਘਰਾਂ ਨੂੰ ਜੈਕਟਾਂ, ਕੋਟ, ਗਰਮ ਬਿਸਤਰ ਤੇ ਲਾਕਡਾਊਨ ਦੌਰਾਨ ਭੋਜਨ ਹੋਰ ਜ਼ਰੂਰੀ ਵਸਤਾਂ ਨੂੰ ਉਨਾਂ ਤੱਕ ਪਹੁੰਚਾਉਂਦੇ ਹਨ । ਮੇਰੀਆਂ ਦਿਲੋਂ ਦੁਆਵਾਂ ਹਨ ਕਿ ਸਰਦਾਰ ਕੰਗ ਹਮੇਸ਼ਾ ਦਿਨ ਦੁਗਣੀ ਰਾਤ ਚੌਗੁਣੀ ਤਰੱਕੀ ਕਰਨ ਦੇ ਨਾਲ, ਮਾਂ ਬੋਲੀ ਅਤੇ ਪੰਜਾਬੀ ਭਾਈਚਾਰੇ ਦਾ ਨਾਮ ਰੋਸ਼ਨ ਕਰਨ ਲਈ ਇਸੇ ਤਰਾਂ ਜੁਟੇ ਰਹਿਣ। ਰੱਬ ਉਨਾਂ ਨੂੰ ਤੰਦਰੁਸਤੀ ਤੇ ਲੰਬੀ ਉਮਰ ਬਖ਼ਸ਼ੇ। ਆਮੀਨ..!

# ਗਿਆਨ ਅਤੇ ਤਜਰਬਾ

**ਹਰਫੂਲ ਸਿੰਘ ਭੁੱਲਰ**

9876870157

ਗਿਆਨ ਅਤੇ ਤਜਰਬਾ ਕਦੇ ਵੀ ਕਿਸੇ ਨੂੰ ਵਿਰਸੇ ਵਿਚ ਨਹੀਂ ਮਿਲਦਾ। ਜੀਵਨ ਦੇ ਖ਼ੂਬਸੂਰਤ ਪਲਾਂ ਨੂੰ ਰੰਗੀਨ ਕਰਨ ਲਈ ਰੰਗ ਖੁਦ ਭਰਨੇ ਪੈਂਦੇ ਹਨ। ਗੰਦਲੇ ਸਮਾਜ ਵਿਚੋਂ ਦਿਲ ਦੇ ਅਮੀਰ ਲੋਕਾਂ ਦੀ ਤਲਾਸ਼ ਕਰਨੀ ਪੈਂਦੀ ਹੈ, ਉਨਾਂ ਕੋਲੋਂ ਕੁਝ ਨਵਾਂ ਸਿੱਖਦੇ ਰਹਿਣਾ ਪੈਂਦਾ, ਉਨਾਂ ਵਾਗ ਪੜਦੇ, ਰੜਦੇ ਅਤੇ ਕਰਦੇ ਰਹਿਣਾ ਪੈਂਦਾ, ਫਿਰ ਕਿਤੇ ਜਾ ਕੇ ਆਪਾਂ ਆਪਣੇ ਹਮ ਉਮਰ ਦੇ ਲੋਕਾਂ ਤੋਂ ਤੰਦਰੁਸਤ ਅਤੇ ਖ਼ੁਸ਼ ਨਜ਼ਰ ਆਉਂਦੇ ਹਾਂ ਦੁਨੀਆਦਾਰਾਂ ਨੂੰ। ਉਮਰ ਦਾ ਹਰ ਰੰਗ ਹੋਣਾ ਜਰੂਰੀ ਹੁੰਦਾ ਸਾਡੀ ਮਹਿਫ਼ਲ ਵਿਚ। ਫਿਰ ਸਮਝ ਆਉਂਦਾ ਕਿ ਵਰਤਮਾਨ ਹੀ ਸਭ ਕੁੱਝ ਹੈ, ਭਵਿੱਖ ਦੀ




ਜ਼ਿਆਦਾ ਚਿੰਤਾ ਕਰਨਾ ਸਾਨੂੰ ਕਾਇਰ ਬਣਾ ਦਿੰਦਾ ਹੈ ਅਤੇ ਅਤੀਤ ਦਾ ਭਾਰ ਸਾਡਾ ਲੱਕ ਤੋੜ ਦਿੰਦਾ ਹੈ। ਆਉਣ ਵਾਲੇ ਕੱਲ ਵਾਸਤੇ ਹੱਦੋਂ ਵੱਧ ਡੀਗਾਂ ਮਾਰਨੀਆਂ ਮੂਰਖਤਾ ਹੈ, ਹੋ ਸਕੇ ਤਾਂ ਆਪਣੇ ਅੱਜ ਨੂੰ ਮਾਣ ਕਰਨ ਯੋਗ ਬਣਾਈਏ।

ਜਿਸ ਚੀਜ਼ ਤੇ ਸਾਡਾ ਅੱਜ ਕਬਜ਼ਾ ਹੈ, ਕੱਲ ਕਿਸੇ ਹੋਰ ਦਾ ਸੀ, ਆਉਂਦੇ ਕੱਲ ਕਿਸੇ ਹੋਰ ਦਾ ਹੋਵੇਗਾ, ਫਿਰ ਹੰਕਾਰ ਕਿਸ ਗੱਲ ਦਾ? ਸਾਰੇ ਗੁਨਾਹ ਮਨੁੱਖ ਸਦਾ ਜਿਊਂਦੇ ਰਹਿਣ ਦੇ ਭਰਮ 'ਚ ਕਰਦਾ ਹੈ, ਜਿਨਾਂ ਨੂੰ ਮੌਤ ਯਾਦ ਹੈ ਉਹ ਹੀ ਜੀਵਨ ਮਾਣਦੇ ਹਨ, ਕੱਟਦੇ ਨਹੀਂ। ਪਤਾ ਨਹੀਂ ਲੱਗਣਾ ਜ਼ਿੰਦਗੀ ਦੇ ਹੁਸੀਨ ਪਲ ਕਦੋਂ ਬੀਤ ਜਾਣਗੇ, ਸੁਪਨੇ ਜਿਓਂ ਹੈ ਸੰਸਾਰ! ਸੋਹਣੀਆਂ ਯਾਦਾਂ ਹੀ ਪਵਿੱਤਰ ਨੇ ਤੇ ਸਦਾ ਰਹਿਣਗੀਆਂ ਵੀ ਪਵਿੱਤਰ।



# ਹਵਾ ਵਿੱਚ ਲਟਕਦਾ ਹਉਕਾ

**ਐੱਸ. ਇੰਦਰ ਰਾਜੇਆਣਾ**

ਉਹ ਦਸ ਗਿਆਰਾਂ ਸਾਲ ਦੀ ਬੱਚੀ ਸੀ ਜਿਹੜੀ ਵਿਆਹ ਵਾਲੇ ਘਰ ਹਾਜ਼ਰ ਸੀ। ਮੇਰੀ ਭਾਣਜੀ ਦਾ ਵਿਆਹ ਸੀ ਅਤੇ ਅਸੀਂ ਸਾਰਾ ਪਰਿਵਾਰ ਨਾਨਕਾ ਮੇਲ ਵਜੋਂ ਸ਼ਾਮਲ ਹੋਏ ਸਾਂ। ਪੂਰੇ ਦੋ ਦਿਨ ਉੱਥੇ ਰਹੇ ਸਾਂ ਤੇ ਮੈਂ ਪਹਿਲੇ ਦਿਨ ਤੋਂ ਹੀ ਮਹਿਸੂਸ ਕੀਤਾ ਕਿ ਉਹ ਬੱਚੀ ਮੇਰੀ ਭੈਣ ਦੇ ਨਾਲ ਨਾਲ ਪ੍ਰਛਾਵੇਂ ਵਾਂਗ ਵਿਚਰ ਰਹੀ ਸੀ। ਉਹ ਨਾ ਤਾਂ ਸਾਡੀ ਕੋਈ ਰਿਸ਼ਤੇਦਾਰ ਸੀ ਤੇ ਨਾ ਹੀ ਕਿਸੇ ਮਿੱਤਰ ਪਰਿਵਾਰ ’ਚੋਂ।

ਭੈਣ ਅਲਮਾਰੀ ’ਚੋਂ ਚੀਜ਼ਾਂ ਕੱਢਦੀ ਤਾਂ ਉਹ ਝੱਟ ਕੋਲ ਜਾ ਖਲੋਂਦੀ ਤੇ ਉਨਾਂ ਨੂੰ ਫੜ-ਫੜ ਸਲੀਕੇ ਨਾਲ ਥਾਂ-ਸਿਰ ਟਿਕਾਉਂਦੀ। ਭੈਣ ਨੂੰ ਆਪਣੇ ਵੱਲੋਂ ਰੱਖੀ ਹੋਈ ਕੋਈ ਚੀਜ਼ ਜਦੋਂ ਨਾ ਲੱਭਦੀ ਤਾਂ ਉਹ ਛੋਟੀ ਬੱਚੀ ਪਤਾ ਨਹੀਂ ਕਿੱਥੋਂ ਲੱਭ ਕੇ ਲਿਆ ਫੜਾਉਂਦੀ।

ਜਦ ਭੈਣ ਨੇਲ ਪਾਲਿਸ਼ ਲਗਾਉਣ ਲੱਗੀ ਤਾਂ ਉਹ ਉਤਸੁਕਤਾ-ਭਰਪੂਰ ਨਜ਼ਰਾਂ ਨਾਲ ਤੱਕਣ ਲੱਗੀ।

ਉਹਦੇ ਮਨ ਦੀ ਰੀਝ ਭਾਂਪਦਿਆਂ ਭੈਣ ਨੇ ਉਹਦੇ ਨਹੁੰਆਂ ਉੱਪਰ ਵੀ ਨੇਲ ਪਾਲਿਸ਼ ਲਗਾ ਦਿੱਤੀ ਤਾਂ ਉਹਦਾ ਚਿਹਰਾ ਚਮਕ ਉੱਠਿਆ।

ਕਦੇ ਉਹ ਚਾਈਂ-ਚਾਈਂ ਰਸੋਈ ਵੱਲ ਭੱਜੀ ਜਾਂਦੀ ਤੇ ਉੱਥੋਂ ਕੁਝ ਨਾ ਕੁਝ ਖਾਣ ਜਾਂ ਪੀਣ ਲਈ ਲੈ ਆਉਂਦੀ ਤੇ ਮੇਰੀ ਭੈਣ ਨੂੰ ਫੜਾਉਂਦਿਆਂ ਆਖਦੀ, ‘ਮੈਡਮ ਜੀ! ਲੈ ਲਓ ਕੁਝ ਖਾਣ ਪੀਣ ਨੂੰ, ਕਿੰਨੀ ਦੇਰ ਤੋਂ ਤੁਸੀਂ ਕੁਝ ਵੀ ਨਹੀਂ ਖਾਧਾ।’ ਜਦ ਕਦੇ ਭੈਣ ਆਪਣੀ ਦਰਦ ਕਰਦੀ ਪਿੱਠ ਸਿੱਧੀ ਕਰਦਿਆਂ ਕਸੀਸ ਵੱਟਦੀ ਤਾਂ ਬੱਚੀ ਤਰਸ ਭਰੀਆਂ ਨਜ਼ਰਾਂ ਨਾਲ ਝਾਕਦਿਆਂ ਆਖਦੀ, ‘ਮੈਡਮ, ਥੋੜਾ ਆਰਾਮ ਕਰ ਲਵੋ, ਥੱਕ ਗਏ ਤੁਸੀਂ ਤਾਂ...।’

ਭੈਣ ਉਹਦਾ ਸਿਰ ਪਲੋਸਦਿਆਂ ਪਿਆਰ ਜਤਾਉਂਦੀ ਆਖਦੀ, ‘ਕੁੜੇ! ਅਜੇ ਭੋਰਾ ਜਿੰਨੀ ਏਂ ਤੇ ਕਿੰਨੇ ਕੰਮ ਕਰ ਦਿੰਨੀ ਏਂ ਤੂੰ ਮੇਰੇ। ਆਪ ਤਾਂ ਥੱਕਦੀ ਨਹੀਂ ਤੂੰ... ਤੇ ਮੇਰੇ ਥਕੇਵੇਂ ਦਾ ਤੈਨੂੰ ਬੜਾ ਫ਼ਿਕਰ ਰਹਿੰਦਾ ਏ...।’

ਮੈਥੋਂ ਰਿਹਾ ਨਾ ਗਿਆ ਤਾਂ ਸਰਕਾਰੀ ਸਕੂਲ ’ਚ ਮੁੱਖ ਅਧਿਆਪਕਾ ਵਜੋਂ ਸੇਵਾ ਨਿਭਾਉਂਦੀ ਆਪਣੀ ਭੈਣ ਨੂੰ ਪੁੱਛ ਬੈਠਾ, ‘ਕੌਣ ਹੈ ਇਹ ਕੁੜੀ, ਭੈਣੇ?’

‘ਮਾਂ-ਵਾਹਰੀ ਏ ਵਿਚਾਰੀ... ਮੇਰੇ ਸਕੂਲ ਦੀ ਪੰਜਵੀਂ ਜਮਾਤ ਵਿੱਚ ਪੜਦੀ ਏ।’ ਭੈਣ ਨੇ ਸੰਖੇਪ ਉੱਤਰ ਦਿੱਤਾ।

‘ਬੜਾ ਮੋਹ ਕਰਦੀ ਏ ਤੇਰਾ ਤਾਂ।’ ਮੈਂ ਆਖਿਆ।

‘ਹਾਂ ਵੀਰੇ, ਸਦਾ ਮੇਰੇ ਨਾਲ ਹੀ ਰਹਿੰਦੀ ਏ, ਸਕੂਲ ਵਿੱਚ ਵੀ ਤੇ ਘਰੇ ਵੀ... ਸ਼ਾਇਦ, ਕੋਈ ਪਿਛਲੇ ਜਨਮ ਦਾ ਰਿਸ਼ਤਾ ਏ ਇਹਦਾ ਮੇਰੇ ਨਾਲ।’ ਕਹਿੰਦਿਆਂ ਭੈਣ ਖਿਲਰੇ ਪਏ ਸਾਮਾਨ ਦੀ ਉਥਲ-ਪੁਥਲ ਕਰਨ ਲੱਗੀ।

ਮੇਰੇ ਮਨ ਵਿੱਚ ਵੀ ਉਸ ਛੋਟੀ ਜਿਹੀ ਕੁੜੀ ਲਈ ਮੋਹ ਜਾਗਿਆ ਤੇ ਮੈਂ ਉਹਨੂੰ ਆਪਣੇ ਕੋਲ ਬੁਲਾ ਲਿਆ। ਬੁੱਕਲ ਵਿੱਚ ਲੈਂਦਿਆਂ ਮੈਂ ਉਹਨੂੰ ਸਵਾਲ ਕੀਤਾ, ‘ਪੁੱਤ! ਤੇਰਾ ਡੈਡੀ ਤਾਂ ਹੈਗਾ ਏ ਨਾ?’

‘ਹੂੰਅ...’ ਸਿਰ ਹਿਲਾਉਂਦਿਆਂ ਉਸ ਨੇ ਸੰਖੇਪ ਜਵਾਬ ਦਿੱਤਾ।

‘ਤੇ ਤੇਰੇ ਦਾਦਾ ਦਾਦੀ?’

‘ਉਹ ਤਾਂ ਮਰ ਗਏ...।’ ਗੰਭੀਰਤਾ ਨਾਲ ਉੱਤਰ ਦਿੰਦਿਆਂ ਉਹ ਦੂਸਰੇ ਜੁਆਕਾਂ ਨਾਲ ਖੇਡਣ ਤੁਰ ਪਈ।

ਹਨੇਰਾ ਉਤਰਨ ਲੱਗਾ ਸੀ ਤੇ ਉਹ ਬਾਲੜੀ ਰੋਟੀ-ਟੁੱਕ ਖਾ ਕੇ ਪਤਾ ਨਹੀਂ ਕਦੋਂ ਲੋਪ ਹੋ ਗਈ।

ਮੈਂ ਭੈਣ ਨੂੰ ਉਹਦੇ ਬਾਰੇ ਪੁੱਛਿਆ ਤਾਂ ਉਹ ਕਹਿਣ ਲੱਗੀ, ‘ਅਜੇ ਹੁਣੇ ਗਈ ਹੈ ਆਪਣੇ ਘਰ।’

ਅਸੀਂ ਨਿੱਘੇ ਬਿਸਤਰਿਆਂ ਵਿੱਚ ਵੜਦਿਆਂ ਸੌਣ ਦੀ ਤਿਆਰੀ ਕਰਨ ਲੱਗੇ।

ਸਵੇਰ ਹੋਈ ਤਾਂ ਸਭ ਪੈਲੇਸ ਜਾਣ ਦੀ ਕਾਹਲ ਵਿੱਚ ਸਨ। ਉਦੋਂ ਹੀ ਉਹ ਆਣ ਪ੍ਰਗਟ ਹੋਈ, ਨਾਤੀ-ਧੋਤੀ ਅਤੇ ਸਲੀਕੇ ਨਾਲ ਕੱਪੜੇ ਪਾਈ। ਦੋ ਗੁੱਤਾਂ ਕਰਕੇ ਰਿਬਨ ਬੰਨੇ ਹੋਏ ਸਨ ਉਹਨੇ।

ਸ਼ੀਸ਼ੇ ਅੱਗੇ ਖੜ ਉਹਨੇ ਭੈਣ ਵਾਲੀ ਸੁਰਮੇਦਾਨੀ ਵਿੱਚੋਂ ਦੋ ਭਰਵੀਆਂ ਸਲਾਈਆਂ ਆਪਣੀਆਂ ਅੱਖਾਂ ਵਿੱਚ ਪਾਈਆਂ ਤੇ ਆਪਣਾ ਚਿਹਰਾ ਦੇਖ ਆਪੇ ਮੁਸਕਰਾ ਪਈ।

ਨਾਸ਼ਤਾ ਕਰਕੇ ਸਾਰੇ ਆਪੋ ਆਪਣੀਆਂ ਕਾਰਾਂ ਵਿੱਚ ਸਵਾਰ ਹੋਣ ਲੱਗੇ।

ਭੈਣ ਮੇਰੇ ਵਾਲੀ ਕਾਰ ਵਿੱਚ ਬੈਠੀ ਸੀ ਤੇ ਫੇਰ ਪਤਾ ਨਹੀਂ ਕਦੋਂ ਉਹ ਛੋਟੀ ਬੱਚੀ ਵੀ ਅਛੋਪਲੇ ਜਿਹੇ ਪਿਛਲੀ ਬਾਰੀ ਖੋਲ ਉਹਦੇ ਬਰਾਬਰ ਆਣ ਬੈਠੀ।

‘ਪੁੱਤ ਉਏ! ਤੇਰਾ ਡੈਡੀ ਵੀ ਜਾਊ ਆਪਣੇ ਨਾਲ?’ ਮੈਂ ਪੁੱਛਿਆ।

‘ਹਾਂ ਅੰਕਲ! ਉਹ ਤਾਂ ਬੱਸ ਵਿੱਚ ਬੈਠ ਵੀ ਗਿਆ।’ ਉਹ ਬੋਲੀ।

‘ਜਾ ਫੇਰ! ਉਹਨੂੰ ਦੱਸ ਕੇ ਆ ਕਿ ਮੈਂ ਮੈਡਮ ਨਾਲ ਜਾਊਂਗੀ... ਐਵੇਂ ਨਾ ਭਾਲਦਾ ਫਿਰੇ ਤੈਨੂੰ ਵਿਚਾਰਾ।’ ਭੈਣ ਨੇ ਫ਼ਿਕਰ ਜ਼ਾਹਿਰ ਕੀਤਾ।

ਉਹ ਹੌਲੇ ਜਿਹੇ ਉਤਰੀ ਤੇ ਫੇਰ ਥੋੜੀ ਕੁ ਦੇਰ ਬਾਅਦ ਆ ਕੇ ਦੱਸਣ ਲੱਗੀ, ‘ਕਹਿ ਆਈ ਮੈਡਮ ਜੀ।’

ਪਿੰਡ ਵਾਲਿਆਂ ਤੇ ਰਿਸ਼ਤੇਦਾਰਾਂ ਨੂੰ ਪੈਲੇਸ ਵਿੱਚ ਪਹੁੰਚਾਉਣ ਲਈ ਬੱਸ ਦਾ ਪ੍ਰਬੰਧ ਕੀਤਾ ਗਿਆ ਸੀ ਅਤੇ ਉਸ ਦਾ ਡੈਡੀ ਵੀ ਉਸੇ ਬੱਸ ਵਿੱਚ ਸਵਾਰ ਸੀ।

ਸ਼ਹਿਰ ਦੇ ਵੱਡੇ ਪੈਲੇਸ ਵਿੱਚ ਬੜੀ ਸਜਾਵਟ ਅਤੇ ਚਹਿਲ ਪਹਿਲ ਸੀ ਜਿਸ ਵੱਲ ਅਚੰਭੇ ਭਰੀਆਂ ਨਜ਼ਰਾਂ ਨਾਲ ਵੇਂਹਦੀ ਹੋਈ ਉਹ ਬੜੀ ਖ਼ੁਸ਼ ਨਜ਼ਰ ਆਈ। ਬਰਾਤ ਬਹੁਤ ਲੇਟ ਪਹੁੰਚੀ ਸੀ ਅਤੇ ਡੋਲੀ ਵਿਦਾ ਕਰਦਿਆਂ ਗੂੜਾ ਹਨੇਰਾ ਪਸਰ ਚੁੱਕਿਆ ਸੀ।

ਸਾਰਾ ਦਿਨ ਉਹ ਚਾਅ ਨਾਲ ਭੱਜੀ ਫਿਰਦੀ ਰਹੀ ਸੀ। ਕਦੇ ਉਹ ਕਿਸੇ ਸਟਾਲ ਉੱਪਰ ਖਾ-ਪੀ ਰਹੀ ਹੁੰਦੀ ਤੇ ਕਦੇ ਝੂਲਾ ਝੂਲਦਿਆਂ ਖ਼ੁਸ਼ੀ ਨਾਲ ਤਾੜੀ ਮਾਰ ਰਹੀ ਹੁੰਦੀ।

ਡੋਲੀ ਵਿਦਾ ਹੋ ਚੁੱਕੀ ਸੀ ਅਤੇ ਅਸੀਂ ਘਰ ਵੱਲ ਤੁਰਨ ਲਈ ਤਿਆਰ ਖੜੇ ਸਾਂ। ਉਦੋਂ ਹੀ ਉਹ ਸਾਡੇ ਕੋਲ ਆਣ ਖਲੋਤੀ ਅਤੇ ਮੇਰੀ ਉਂਗਲ ਫੜ ਕੇ ਕਹਿਣ ਲੱਗੀ, ‘ਅੰਕਲ, ਥੋਡੇ ਨਾਲ ਹੀ ਜਾਊਂਗੀ ਮੈਂ ਹੁਣ ਵੀ।’

‘ਹਾਂ ਪੁੱਤ! ਕਿਉਂ ਨਹੀਂ... ਨਾਲ ਹੀ ਲੈ ਕੇ ਜਾਵਾਂਗੇ ਤੈਨੂੰ... ਐਂ ਕਰ ਮੇਰਾ ਪੁੱਤ! ਆਪਣੇ ਡੈਡੀ ਨੂੰ ਦੱਸ ਆ ਭੱਜ ਕੇ, ਐਵੇਂ ਫ਼ਿਕਰ ਨਾ ਕਰੇ ਤੇਰਾ...।’

ਉਹ ਉਸੇ ਵੇਲੇ ਸ਼ਰਾਬੀਆਂ ਦੀ ਢਾਣੀ ਵੱਲ ਭੱਜ ਤੁਰੀ ਜਿੱਥੇ ਉਹਦਾ ਪਿਓ ਬੈਠਾ ਸ਼ਰਾਬ ਪੀ ਰਿਹਾ ਸੀ। ਜਦ ਉਹ ਵਾਪਸ ਮੁੜੀ ਤਾਂ ਉਹਦਾ ਚਿਹਰਾ ਮੁਰਝਾਇਆ ਹੋਇਆ ਸੀ।

‘ਦੱਸ ਆਇਆ ਪੁੱਤਰਾ?’ ਮੈਂ ਉਹਨੂੰ ਪੁੱਛਿਆ।

ਹਾਂ ਵਿੱਚ ਸਿਰ ਹਿਲਾਉਂਦਿਆਂ, ਉਹਦੀਆਂ ਅੱਖਾਂ ਵਿੱਚੋਂ ਦੋ ਅੱਥਰੂ ਡਲਕੇ।

ਉਹਦੇ ਸਿਰ ਉੱਪਰ ਪਿਆਰ ਨਾਲ ਹੱਥ ਫੇਰਦਿਆਂ ਮੈਂ ਉਹਨੂੰ ਪੁੱਛ ਲਿਆ, ‘ਕੀ ਹੋਇਆ ਸ਼ੇਰਾ... ਏਨਾ ਉਦਾਸ ਕਿਉਂ ਹੋ ਗਿਆ ਤੂੰ?’ “ਅੰਕਲ! ਡੈਡੀ ਤਾਂ ਸ਼ਰਾਬੀ ਹੋਇਆ ਬੈਠੈ... ਜਦ ਮੈਂ ਉਹਨੂੰ ਦੱਸਣ ਲੱਗੀ ਤਾਂ ‘ਮਰ ਪਰਾਂ’ ਕਹਿੰਦਿਆਂ ਉਹਨੇ ਜ਼ੋਰ ਨਾਲ ਮੇਰੇ ਥੱਪੜ ਮਾਰਿਆ...।’ ਪੁੱਠੇ ਹੱਥ ਨਾਲ ਆਪਣੀ ਦਰਦ ਕਰਦੀ ਗੱਲ ਨੂੰ ਪਲੋਸਦਿਆਂ ਉਹਨੇ ਜੁਆਬ ਦਿੱਤਾ।

‘ਚੱਲ ਕੋਈ ਗੱਲ ਨਹੀਂ ਪੁੱਤ... ਆਪਣੇ ਘਰ ਜਾਣ ਦੀ ਬਜਾਏ ਤੂੰ ਅੱਜ ਮੈਡਮ ਦੇ ਘਰ ਹੀ ਸੌਂ ਜਾਈਂ।’ ਦੁਖੀ ਹੁੰਦਿਆਂ ਮੈਂ ਕਿਹਾ।

‘ਅੰਕਲ! ਅੱਗੇ ਕਿਹੜਾ ਮੈਂ ਆਪਣੇ ਘਰ ਸੌਂਦੀ ਆਂ! ਮੈਂ ਤਾਂ ਚਾਚੇ ਘਰੇ ਸੌਂਦੀ ਹੁੰਦੀ ਆਂ... ਡੈਡੀ ਰੋਟੀ ਤਾਂ ਚਾਚੇ ਕਿਆਂ ਵੱਲ ਖਾ ਲੈਂਦੈ ਤੇ ਸੌਂ ਆਪਣੇ ਘਰ ਜਾਂਦੈ... ਮੈਂ ਤੇ ਚਾਚੇ ਦੀ ਕੁੜੀ ਦੋਵੇਂ ਇਕੱਠੀਆਂ ਹੀ ਸੌਂ ਜਾਨੀਆਂ ਇੱਕੋ ਮੰਜੇ ’ਤੇ।’ ਉਹ ਵਿਸਥਾਰ ਨਾਲ ਵਿਆਖਿਆ ਕਰਦਿਆਂ ਕੁਝ ਸਹਿਜ ਹੋਈ।

‘ਤੇਰੀ ਮਾਂ ਨੂੰ ਕੀ ਹੋਇਆ ਸੀ, ਗੁੜੀਆ?’ ਮੈਂ ਜਾਣਨਾ ਚਾਹੁੰਦਾ ਸਾਂ।

“ਅੰਕਲ! ਮੇਰਾ ਡੈਡੀ ਮੇਰੀ ਮੰਮੀ ਨੂੰ ਰੋਜ਼ ਸ਼ਰਾਬ ਪੀ ਕੇ ਕੁੱਟਦਾ ਹੁੰਦਾ ਸੀ ਤੇ ਇੱਕ ਦਿਨ... ਉਹਨੇ ਮੇਰੀ ਮਾਂ ਦੀ ਬਾਂਹ ਤੋੜ ਦਿੱਤੀ ਤੇ ਫੇਰ ਮੇਰਾ ਨਾਨਾ ਆ ਕੇ ਉਹਨੂੰ ਆਪਣੇ ਨਾਲ ਲੈ ਗਿਆ...। ਓਦੂੰ ਪਿੱਛੋਂ ਮੁੜ ਕੇ ਨਹੀਂ ਆਈ ਉਹ ਫੇਰ ਕਦੇ...।’ ਕਹਿੰਦਿਆਂ ਯਾਦਾਂ ਦਾ ਪਰਛਾਵਾਂ ਉਹਦੇ ਚਿਹਰੇ ਉੱਪਰ ਫੈਲ ਗਿਆ।

‘ਕੌਣ-ਕੌਣ ਹੈ ਤੇਰੇ ਨਾਨਕੀਂ?’ ਮੈਂ ਪੁੱਛਿਆ।

‘ਹੁਣ ਉੱਥੇ ਕੋਈ ਨਹੀਂ ਰਹਿੰਦਾ, ਅੰਕਲ! ...ਪਿਛਲੇ ਸਾਲ ਮੇਰਾ ਨਾਨਾ ਮਰ ਗਿਆ ਸੀ ਤੇ ਮੇਰੀ ਮੰਮੀ ਕਹਿੰਦੀ ਹੁੰਦੀ ਸੀ ਕਿ ਨਾਨੀ ਮੇਰੇ ਜੰਮਣ ਤੋਂ ਪਹਿਲਾਂ ਹੀ ਮਰ ਗਈ ਸੀ... ਮੇਰੀ ਮਾਂ ਇਕੱਲੀ ਹੀ ਧੀ ਸੀ ਮਾਪਿਆਂ ਦੀ...। ਕੋਈ ਹੋਰ ਭੈਣ ਭਰਾ ਨਹੀਂ ਸੀ ਉਹਦਾ। ਪਹਿਲਾਂ ਕਦੇ ਕਦਾਈਂ ਮੇਰਾ ਨਾਨਾ ਮੈਨੂੰ ਮਿਲਣ ਆ ਜਾਂਦਾ ਸੀ... ਹੁਣ ਤਾਂ ਮੈਂ ਚਾਚੇ-ਚਾਚੀ ਕੋਲ ਹੀ ਰਹਿੰਦੀ ਆਂ।’ ਮੈਨੂੰ ਬੜੇ ਵਿਸਥਾਰ ਨਾਲ ਉਹਨੇ ਸਾਰੀ ਗੱਲ ਸਮਝਾਈ।

‘ਤੇ ਤੇਰੀ ਮਾਂ ਹੁਣ ਕਿੱਥੇ ਆ?’

‘ਉਹਨੂੰ ਤਾਂ ਨਾਨੇ ਨੇ ਕਹਿੰਦੇ ਕਿਸੇ ਹੋਰ ਨਾਲ ਤੋਰ ਦਿੱਤਾ... ਮੈਨੂੰ ਨਹੀਂ ਪਤਾ ਕਿੱਥੇ...।’

‘ਤੈਨੂੰ ਆਪਣੀ ਮਾਂ ਦਾ ਮੋਹ ਆਉਂਦੈ, ਪੁੱਤ?’

‘ਹੂੰਅ...।’ ਉਹਦੀ ਉਦਾਸ ਆਵਾਜ਼ ਲਰਜ਼ੀ।

‘ਕਿੰਨਾ ਕੁ ਯਾਦ ਕਰਦੀ ਏਂ ਤੂੰ ਉਹਨੂੰ?’

‘ਬਹੁਤ ਜ਼ਿਆਦਾ...।’ ਜੁਆਬ ਦਿੰਦਿਆਂ ਉਹਦੀਆਂ ਅੱਖਾਂ ਛਲਕ ਪਈਆਂ।

ਮੈਂ ਕਾਰ ਪਿੰਡ ਵੱਲ ਤੋਰ ਲਈ, ਪਰ ਮੇਰੇ ਸਵਾਲਾਂ ਨੂੰ ਜਿਵੇਂ ਬ੍ਰੇਕ ਲੱਗ ਗਈ ਸੀ। ਕਾਰ ਵਿੱਚ ਬੈਠੇ ਅਸੀਂ ਸਾਰੇ ਖ਼ਾਮੋਸ਼ ਅਤੇ ਗ਼ਮਗੀਨ ਸਾਂ। ਜਿੱਥੇ ਭਾਣਜੀ ਨੂੰ ਉਹਦੇ ਨਵੇਂ ਘਰ ਤੋਰਨ ਦੀ ਖ਼ੁਸ਼ੀ ਸੀ; ਉੱਥੇ ਉਹਦੇ ਵਿਛੋੜੇ ਦਾ ਦਰਦ ਵੀ ਨਪੀੜ ਰਿਹਾ ਸੀ ਸਭ ਨੂੰ।

ਮੇਰਾ ਦਰਦ ਦੂਹਰਾ ਸੀ। ਸਹੁਰੇ ਘਰ ਚਲੀ ਗਈ ਭਾਣਜੀ ਦੇ ਵਿਛੋੜੇ ਦਾ ਅਤੇ ਇਸ ਛੋਟੀ ਜਿਹੀ ਬਾਲੜੀ ਦੇ ਦੁੱਖਾਂ ਦਾ। ਏਨੀ ਛੋਟੀ ਜਿਹੀ ਉਮਰ ਵਿੱਚ ਹਾਲਾਤ ਨੇ ਉਹਨੂੰ ਕਿੰਨੀ ਸਿਆਣੀ ਅਤੇ ਸੁਚੱਜੀ ਬਣਾ ਦਿੱਤਾ ਸੀ।

ਕਾਰ ਸੜਕ ਉੱਪਰ ਸਰਪਟ ਦੌੜ ਰਹੀ ਸੀ ਅਤੇ ਮੇਰੇ ਮਨ ਦੇ ਕਿਸੇ ਖੂੰਜੇ ਇੱਕ ਖ਼ਿਆਲ ਕਰਵਟ ਲੈ ਰਿਹਾ ਸੀ, ‘ਕਾਸ਼! ਇਹ ਮਨਮੋਹਣੀ ਜਿਹੀ ਬਾਲੜੀ ਮੇਰੀ ਧੀ ਹੁੰਦੀ।’

ਸੋਚਾਂ ਦੀ ਦਲਦਲ ਵਿੱਚ ਡੂੰਘਾ ਉਤਰ ਗਿਆ ਸਾਂ ਮੈਂ... ਤੇ ਫੇਰ ਅਚਾਨਕ ਪਤਾ ਨਹੀਂ ਕਿੱਧਰੋਂ ਸਲੇਟੀ ਸੜਕ ਦੇ ਵਿਚਕਾਰ ਇੱਕ ਕਾਲੀ ਗਾਂ ਆਣ ਪ੍ਰਗਟ ਹੋਈ। ਇਕਦਮ ਕਾਰ ਦੇ ਬਰੇਕ ਮਾਰਦਿਆਂ ਟਾਇਰ ਚੀਕ ਉੱਠੇ... ਅਸੀਂ ਵਾਲ-ਵਾਲ ਬਚੇ ਸਾਂ।

ਕਾਰ ਰੁਕ ਗਈ ਸੀ ਤੇ ਮੇਰੀ ਸੋਚ ਦੇ ਘੋੜੇ ਵੀ।

---

# ਪੱਤਝੜ ਤੋਂ ਬਾਅਦ

**ਰਾਜਿੰਦਰ ਕੌਰ ਪੰਨੂ**

ਮਨਦੀਪ ਨੂੰ ਨਜ਼ਰਅੰਦਾਜ਼ ਕਰਦੀ, ਡੌਲੀ ਬੜੇ ਤੇਜ਼ ਕਦਮਾਂ ਨਾਲ, ਲੌਬੀ ਦਾ ਦਰਵਾਜ਼ਾ ਪਟਾਕ ਦੇਣੀ ਮਾਰ ਕੇ ਬਾਹਰ ਨਿਕਲ ਗਈ। ਡੌਲੀ ਦਾ ਪਤੀ ਸੁਰਿੰਦਰ, ਗਲੀ ਵਿੱਚ ਘਰ ਦੇ ਬਾਹਰ, ਮੋਟਰ ਸਾਈਕਲ ’ਤੇ ਬੈਠਾ ਹਾਰਨ ਵਜਾ ਰਿਹਾ ਸੀ। ਲੌਬੀ ਦੇ ਨਾਲ ਲੱਗਦੇ ਕਮਰੇ ਵਿੱਚ ਜਗਿੰਦਰੋ ਬੈੱਡ ਉੱਪਰ ਦੋ ਸਰਾਣਿਆਂ ਦੀ ਬਣੀ ਢੋਅ ਨਾਲ, ਅੱਧੀ ਲੰਮੀ ਜਿਹੀ ਪਈ, ਚਾਹ ਪੀ ਰਹੀ ਸੀ। ਮਨਦੀਪ ਲੌਬੀ ਵਿੱਚ ਪਏ ਸੋਫੇ ਤੋਂ ਉੱਠ, ਬਾਹਰਲਾ ਦਰਵਾਜ਼ਾ ਬੰਦ ਕਰ ਆਈ। ਮਨਦੀਪ ਰਸੋਈ ਵੱਲ ਨੂੰ ਮੁੜਨ ਹੀ ਲੱਗੀ ਸੀ ਕਿ ਮਾਂ ਜਗਿੰਦਰੋ ਨੇ ਪੁੱਛਿਆ, ‘ਡੌਲੀ ਕਿੱਥੇ ਗਈ ਆ?’

‘ਮੰਮੀ, ਸੁਰਿੰਦਰ ਨਾਲ ਗਈ ਆ... ਦੱਸ ਕੇ ਨਹੀਂ ਗਈ... ਕਿੱਥੇ ਗਈ ਆ।’ ਮਨਦੀਪ ਨੇ ਰਸੋਈ ਵੱਲ ਜਾਂਦੇ ਜਾਂਦੇ ਜਵਾਬ ਦਿੱਤਾ। ਉਹ ਆਪਣੇ ਲਈ ਪਲੇਟ ਵਿੱਚ ਰੋਟੀ ਪਾ ਕੇ ਲੈ ਆਈ ਅਤੇ ਮਾਂ ਦੇ ਕਮਰੇ ਵਿੱਚ, ਮਾਂ ਦੇ ਸਾਹਮਣੇ ਪਈ ਕੁਰਸੀ ’ਤੇ ਬੈਠ ਰੋਟੀ ਖਾਣ ਲੱਗੀ। ਉਹ ਰੋਟੀ ਖਾਂਦੀ-ਖਾਂਦੀ ਮਾਂ ਨੂੰ ਕਹਿਣ ਲੱਗੀ, ‘ਮਾਂ, ਮੈਂ ਅੱਜ ਆਪਣੇ ਘਰ ਚਲੀ ਜਾਣਾ।’

‘ਕੀ ਗੱਲ ਆਹ ਤੇਰਾ ਘਰ ਨਹੀਂ?’ ਮਾਂ ਨੇ ਸਵਾਲ ਵਰਗਾ ਜਵਾਬ ਦਿੱਤਾ।

ਮਨਦੀਪ ਅੱਗੋਂ ਕੁਝ ਨਾ ਬੋਲੀ। ਜਗਿੰਦਰੋ ਨੇ ਚਾਹ ਦੀ ਘੁੱਟ ਮੁਕਾਉਂਦਿਆਂ ਸਵਾਲ ਕੀਤਾ, ‘ਉੱਥੇ ਹੁਣ ਕੌਣ ਹੈ ਤੇਰਾ... ਜੀਹਦੇ ਕਰਕੇ ਤੂੰ ਜਾਣਾ? ਪੁੱਤ ਤੇਰਾ ਬਾਹਰ ਐ... ’ਕੱਲੀ ਕਿਵੇਂ ਰਹੇਂਗੀ?’

‘ਜੇ ਉੱਥੇ ਮੇਰਾ ਕੋਈ ਨਈਂ... ਤਾਂ ਏਥੇ ਵੀ ਮੈਂ ਬਿਗਾਨੀ ਆਂ, ਥੋਡੇ ਸਾਰਿਆਂ ਲਈ... ਮੈਂ ਬੋਝ ਬਣ ਕੇ ਨਈਂ ਰਹਿਣਾ ਚਾਹੁੰਦੀ ਕਿਸੇ ’ਤੇ।’ ਰੋਟੀ ਦੀ ਆਖ਼ਰੀ ਬੁਰਕੀ ਮੂੰਹ ’ਚ ਪਾ, ਮਨਦੀਪ ਕੁਰਸੀ ਨਾਲ ਢੋਅ ਲਾ ਕੇ ਰੋਣ ਲੱਗ ਪਈ।

‘ਧੀਏ ਨਾ ਰੋ... ਮੈਂ ਕੀ ਕਰ ਸਕਦੀ ਆਂ? ਮੈਂ ਤਾਂ ਆਪ ਮੰਜੇ ’ਤੇ ਪਈ ਆਂ... ਤੂੰ ਡੌਲੀ ਦੀਆਂ ਗੱਲਾਂ ਦਾ ਗੁੱਸਾ ਨਾ ਕਰ....। ਜਦ ਮਾੜਾ ਟੈਮ ਆਉਂਦਾ ਤਾਂ ਸਾਰੇ ਵੈਰੀ ਬਣ ਜਾਂਦੇ ਆ। ਚੱਲ ਹਊ... ਜਿੱਦਣ ਤੇਰਾ ਪੁੱਤ ਬਾਹਰ ਪੱਕਾ ਹੋ ਗਿਆ ਸਾਰੇ ਦੁੱਖ ਮੁੱਕ ਜਾਣੇ। ਹੁਣ ਕੀ ਕਿਹਾ ਡੌਲੀ ਨੇ ਤੈਨੂੰ?’ ਜਗਿੰਦਰੋ ਨੇ ਚਾਹ ਦਾ ਕੱਪ ਬੈੱਡ ਦੀ ਸੈਂਟੀ ’ਤੇ ਰੱਖਦਿਆਂ ਪੁੱਛਿਆ।

‘ਮੰਮੀ ਮਹੀਨਾ ਹੋ ਚੱਲਿਆ। ਸੁਰਿੰਦਰ ਤਾਂ ਕਦੇ ਮਾੜਾ-ਮੋਟਾ ਪੁੱਛ ਲੈਂਦਾ ਕੋਈ ਗੱਲ, ਪਰ ਡੌਲੀ ਨੂੰ ਪਤਾ ਨਈਂ ਕੀ ਹੋਇਆ... ਨਾ ਮੈਨੂੰ ਪਹਿਲਾਂ ਵਾਂਗੂੰ ਬੁਲਾਉਂਦੀ ਆ... ਨਾ ਮੇਰੀ ਗੱਲ ਦਾ ਜਵਾਬ ਦਿੰਦੀ ਆ... ਨਾਲੇ ਮੈਂ ਕਿਹੜਾ ਸਾਰੀ ਦਿਹਾੜੀ ਵਿਹਲੀ ਰਹਿਨੀ ਆਂ...। ਕੱਪੜੇ ਮੈਂ ਤੜਕੇ ਈ ਧੋ ਦਿੰਦੀ ਹਾਂ ਸਾਰੇ..., ਭਾਂਡੇ ਤਿੰਨੋਂ ਟੈਮ ਮੈਂ ਮਾਂਜਦੀ ਆਂ... ਦਾਲ ਸਬਜ਼ੀ ਮੈਂ ਬਣਾਉਂਦੀ ਆਂ..., ਝਾੜੂ-ਪੋਚਾ ਮੈਂ ਕਰਦੀ ਆਂ... ਫੇਰ ਵੀ ਪਤਾ ਨਈਂ ਕਿਉਂ ਮੂੰਹ ਸੁਜਾਈ ਰੱਖਦੀ ਸਾਰੀ ਦਿਹਾੜੀ। ਬੋਲ ਤਾਂ ਸਕਦੀ ਹੈ ਖ਼ੁਸ਼ ਹੋ ਕੇ... ਹਰ ਵੇਲੇ ਲਾ ਲਾ ਕੇ ਗੱਲਾਂ ਸੁਣਾਉਂਦੀ ਆ। ਮੈਂ ਤਾਂ ਭਾਬੀ ਨਈਂ ਸਗੋਂ ਛੋਟੀ ਭੈਣ ਵਾਂਗੂੰ ਸਮਝਦੀ ਰਹੀ ਆਂ ਅੱਜ ਤੱਕ। ਮੇਰੇ ’ਤੇ ਮਾੜਾ ਟੈਮ ਕੀ ਆਇਆ... ਸਾਰੇ ਮੈਨੂੰ ਬੋਝ ਈ ਸਮਝਣ ਲੱਗ ਪਏ...।’ ਭਰੇ ਮਨ ਨਾਲ ਸਾਰੇ ਜੂਠੇ ਭਾਂਡੇ ਚੁੱਕ ਰਸੋਈ ਵੱਲ ਨੂੰ ਚਲੀ ਗਈ ਮਨਦੀਪ। ਜਗਿੰਦਰੋ ਘਰ ਵਿੱਚ ਪਸਰੀ ਉਦਾਸੀ ਵੇਖ ਝੂਰਨ ਲੱਗੀ। ਉਹ ਸੋਚ ਰਹੀ ਸੀ ਕਿ ਧੀ ਆਪਣੇ ਥਾਂ ਸੱਚੀ ਹੈ। ਆਦਮੀ ਬਿਨਾਂ ਔਰਤ ਦੇ ਜਿਊਣ ਦਾ ਕੀ ਹੱਜ। ਚਲੋ ਜਿਹੋ ਜਿਹਾ ਵੀ ਸੀ... ਚੰਗਾ ਮਾੜਾ, ਧੀ ਆਪਣੇ ਘਰ ਵਿੱਚ ਤਾਂ ਸੀ। ਬੂਹੇ ਬੈਠੀ ਧੀ ਦਾ ਦੁੱਖ ਕਿਹੜੀ ਮਾਂ ਤੋਂ ਸਹਿ ਹੁੰਦਾ। ਮਨਦੀਪ ਏਸੇ ਘਰ ਵਿੱਚ ਜੰਮੀ, ਪਲੀ ਤੇ ਵੱਡੀ ਹੋਈ ਸੀ। ਉਸ ਤੋਂ ਪੂਰੇ ਪੰਜ ਸਾਲ ਛੋਟਾ ਸੁਰਿੰਦਰ ਸੀ, ਮਨਦੀਪ ਦਾ ਭਰਾ। ਸ਼ਹਿਰ ਦੇ ਇੱਕ ਆਮ ਜਿਹੇ ਮੁਹੱਲੇ ਵਿੱਚ ਡੇਢ ਸੌ ਗਜ਼ ਵਿੱਚ ਬਣਿਆ ਸਾਧਾਰਨ ਜਿਹਾ ਘਰ ਸੀ। ਮਨਦੀਪ ਦਾ ਪਿਤਾ ਲੱਕੜੀ ਦਾ ਕੰਮ ਕਰਦਾ ਦਿਹਾੜੀ ’ਤੇ। ਸੁਰਿੰਦਰ ਵੱਡਾ ਹੋਇਆ ਤਾਂ ਬਾਰਾਂ ਪਾਸ ਕਰਕੇ ਉਹ ਵੀ ਪਿਉ ਨਾਲ ਹੱਥ ਵਟਾਉਣ ਲੱਗਾ। ਘਰ ਦੀ ਆਰਥਿਕ ਹਾਲਤ ਸੁਧਰਨ ਲੱਗੀ। ਮਨਦੀਪ ਵੀ ਬਾਰਾਂ ਪਾਸ ਕਰਕੇ ਹਟੀ ਤਾਂ ਸਿਲਾਈ ਦਾ ਕੰਮ ਸਿੱਖ ਲਿਆ। ਸ਼ਹਿਰ ਦੇ ਹੀ ਬਾਵਾ ਫਰਨੀਚਰ ਹਾਊਸ ਵਾਲਿਆਂ ਦੇ ਛੋਟੇ ਮੁੰਡੇ, ਹਰਪਾਲ ਨਾਲ ਵਿਆਹੀ ਗਈ। ਹਰਪਾਲ ਬਹੁਤ ਮਿਹਨਤੀ ਅਤੇ ਸਿਆਣਾ ਮੁੰਡਾ ਸੀ। ਵਿਆਹ ਤੋਂ ਸਾਲ ਬਾਅਦ ਮਨਦੀਪ ਦੇ ਘਰ ਮੁੰਡਾ ਹੋਇਆ ਜਿਸ ਨੂੰ ਸਾਰੇ ਪਿਆਰ ਨਾਲ ਬਬਲੂ-ਬਬਲੂ ਕਰਦੇ। ਮਨਦੀਪ ਆਪਣੀ ਘਰ-ਗ੍ਰਹਿਸਥੀ ਵਿੱਚ ਬੜੀ ਖ਼ੁਸ਼ ਸੀ।

ਬਬਲੂ ਦੋ ਕੁ ਸਾਲ ਦਾ ਹੋਇਆ ਤਾਂ ਇੱਕ ਸ਼ਾਮ ਹਰਪਾਲ ਸ਼ਰਾਬ ਪੀ ਕੇ ਘਰ ਆਇਆ। ਮਨਦੀਪ ਸਿਰ ਤੋਂ ਪੈਰਾਂ ਤੀਕ ਕੰਬ ਗਈ ਕਿਉਂਕਿ ਘਰ ਵਿੱਚ ਸ਼ਰਾਬ ਪੀਣੀ ਤਾਂ ਦੂਰ ਕੋਈ ਨਾਮ ਤੱਕ ਵੀ ਨਹੀਂ ਸੀ ਲੈਂਦਾ। ਸਾਰਾ ਪਰਿਵਾਰ ਹੀ ਵੈਸ਼ਨੋ ਅਤੇ ਧਾਰਮਿਕ ਰੁਚੀਆਂ ਵਾਲਾ ਸੀ। ਉਸ ਰਾਤ ਹਰਪਾਲ ਨੇ ਮਨਦੀਪ ਕੋਲੋਂ ਆਪਣੀ ਗ਼ਲਤੀ ਲਈ ਮੁਆਫ਼ੀ ਮੰਗ ਕੇ ਖਹਿੜਾ ਛੁਡਾ ਲਿਆ। ਪਰ ਸ਼ਰਾਬ ਨੇ ਹਰਪਾਲ ਦਾ ਖਹਿੜਾ ਨਾ ਛੱਡਿਆ। ਪੰਦਰਾਂ-ਵੀਹਾਂ ਦਿਨਾਂ ਬਾਅਦ ਉਹ ਪੀ ਕੇ ਆ ਜਾਂਦਾ, ਮੁਆਫ਼ੀ ਮੰਗ ਲੈਂਦਾ, ਚੁੱਪ ਕਰਕੇ ਢੀਠਾਂ ਵਾਂਗੂੰ ਪੈ ਜਾਂਦਾ। ਹੌਲੀ-ਹੌਲੀ ਸ਼ਰਾਬ ਦੀ ਦੁਰਗੰਧ ਸਾਰੇ ਘਰ ਵਿੱਚ ਫੈਲਣ ਲੱਗੀ। ਸਭ ਨੂੰ ਪਤਾ ਲੱਗ ਗਿਆ, ਪਰ ਕੋਈ ਵੀ ਕੁਝ ਕਰ ਨਾ ਸਕਿਆ ਕਿਉਂਕਿ ਸ਼ਰਾਬ ਦੇ ਨਾਲ ਨਾਲ ਉਹ ਹੋਰ ਸੁਆਹ-ਖੇਹ ਵੀ ਖਾਣ ਲੱਗ ਪਿਆ। ਜੋ ਕਮਾਉਂਦਾ, ਨਸ਼ਿਆਂ ਵਿੱਚ ਰੋੜੀ ਜਾਂਦਾ। ਮਾਂ-ਪਿਉ ਨੇ ਅੱਡ ਕਰ ਦਿੱਤਾ। ਡਿੱਗਦਾ-ਢਹਿੰਦਾ ਕੰਮ ਕਰਦਾ, ਕਦੇ ਦਿਹਾੜੀ ਲਾਉਂਦਾ, ਕਦੇ ਉਹ ਵੀ ਨਾ ਲਾਉਂਦਾ। ਦਿਨੋਂ ਦਿਨ ਹਰਪਾਲ ਦੀ ਸਰੀਰਕ ਅਤੇ ਆਰਥਿਕ ਹਾਲਤ ਨਿੱਘਰਦੀ ਜਾ ਰਹੀ ਸੀ। ਹੁਣ ਤਾਂ ਫੇਫੜੇ ਕਮਜ਼ੋਰ ਹੋ ਗਏ ਸੀ, ਸ਼ਾਇਦ ਤਾਂ ਹੀ ਤੁਰਨ ਲੱਗਿਆਂ, ਛਾਤੀ ’ਤੇ ਹੱਥ ਰੱਖ ਕੇ ਤੁਰਦਾ। ਏਨਾਂ ਸ਼ੁਕਰ ਕਿ ਬਬਲੂ ਪੜਾਈ ਵਿੱਚ ਬਹੁਤ ਹੁਸ਼ਿਆਰ ਸੀ। ਮਨਦੀਪ ਨੇ ਵੀ ਸਿਲਾਈ ਦਾ ਕੰਮ ਸ਼ੁਰੂ ਕਰ ਲਿਆ ਕਿਉਂਕਿ ਘਰ ਦਾ ਗੁਜ਼ਾਰਾ ਨਹੀਂ ਸੀ ਹੋ ਰਿਹਾ। ਹਰਪਾਲ ਤਾਂ ਮਨਦੀਪ ਉੱਤੇ ਹੱਥ ਵੀ ਚੁੱਕਣ ਲੱਗ ਪਿਆ ਸੀ। ਨਸ਼ਿਆਂ ਨੇ ਉਹਨੂੰ ਬੰਦਾ ਤਾਂ ਰਹਿਣ ਹੀ ਨਾ ਦਿੱਤਾ। ਹਰ ਵੇਲੇ ਵੱਢਣ ਨੂੰ ਹੀ ਫਿਰਦਾ।

ਬਬਲੂ ਕੋਲੋਂ ਆਪਣੀ ਮਾਂ ਦੀ ਦੁਰਦਸ਼ਾ ਦੇਖੀ ਨਾ ਜਾਂਦੀ। ਉਹ ਮਾਂ ਦੇ ਦੁੱਖ ਨੂੰ ਸਮਝਦਾ ਤਾਂ ਸੀ, ਪਰ ਕਰ ਕੁਝ ਨਹੀਂ ਸੀ ਸਕਦਾ। ਜਦੋਂ ਬਬਲੂ ਬਾਰਾਂ ਪਾਸ ਕਰਕੇ ਹਟਿਆ ਤਾਂ ਉਹਨੇ ਬਾਹਰ ਜਾਣ ਦੀ ਰਟ ਲਾ ਲਈ। ਮਾਂ ਨੇ ਬਹੁਤ ਸਮਝਾਇਆ ਕਿ ਐਨੀ ਰਕਮ ਕਿੱਥੋਂ ਕੱਢਣੀ ਆਂ? ਫਿਰ ਬਬਲੂ ਨੇ ਇੱਕੋ ਹੀ ਰਟ ਲਾਈ ਕਿ ਉਹ ਇਸ ਘਰ ਵਿੱਚ ਨਹੀਂ ਰਹੇਗਾ। ਮਨਦੀਪ ਚਾਹੁੰਦੀ ਸੀ ਕਿ ਉਹ ਕੰਮ ਕਰੇ, ਭਾਵੇਂ ਹੋਰ ਪੜਾਈ ਕਰ ਲਏ, ਪਰ ਉਸ ਦੇ ਕੋਲ ਰਹੇ। ਬਬਲੂ ਨੇ ਮਾਂ ਨੂੰ ਸਮਝਾਇਆ, ‘ਮੰਮੀ! ਮੈਨੂੰ ਇੱਕ ਵਾਰ ਬਾਹਰ ਭੇਜ ਦਿਉ, ਮੈਂ ਉੱਥੇ ਕੰਮ ਵੀ ਕਰੂੰ, ਪੜਾਈ ਵੀ ਕਰੂੰ। ਏਥੇ ਪੜ ਕੇ ਵੀ ਨੌਕਰੀ ਨਾ ਮਿਲੀ, ਤਾਂ ਪੜਾਈ ਦਾ ਕੀ ਫਾਇਦਾ ਅਤੇ ਦਿਹਾੜੀਆਂ ਮੈਂ ਕਰਨੀਆਂ ਨਈਂ...। ਦਿਹਾੜੀਆਂ ਲਾ ਕੇ ਤਾਂ ਆਪਣੀ ਰੋਟੀ ਵੀ ਪੂਰੀ ਨਈਂ ਹੋਣੀ। ਜੇ ਤੁਸੀਂ ਘਰ ਦੀ ਹਾਲਤ ਸੁਧਾਰਨੀ ਚਾਹੁੰਦੇ ਹੋ ਤਾਂ ਮੈਨੂੰ ਬਾਹਰ ਭੇਜ ਦਿਉ ਪਲੀਜ਼।’ ਏਨਾਂ ਆਖ ਉਸ ਨੇ ਮਨਦੀਪ ਦਾ ਮੂੰਹ ਚੁੰਮ ਲਿਆ। ਮਨਦੀਪ ਨੂੰ ਵੀ ਹੁਣ ਪੁੱਤਰ ’ਤੇ ਹੀ ਆਸ ਸੀ। ਬਬਲੂ ਨੇ ਆਈਲੈੱਟਸ ਸੱਤ ਬੈਂਡ ਵਿੱਚ ਪਾਸ ਕਰ ਲਈ। ਸਾਰਿਆਂ ਨੇ ਕਰ ਕਰਾ ਕੇ ਉਸ ਬਾਹਰ ਭੇਜ ਦਿੱਤਾ। ਅਜੇ ਬਬਲੂ ਗਏ ਨੂੰ ਦੋ ਮਹੀਨੇ ਹੀ ਹੋਏ ਸੀ ਕੈਨੇਡਾ ਗਏ ਨੂੰ, ਇੱਕ ਰਾਤ ਹਰਪਾਲ ਐਸੀ ਨੀਂਦ ਸੁੱਤਾ ਕਿ ਮੁੜ ਨਾ ਉੱਠਿਆ। ਮਨਦੀਪ ਨੇ ਆਪਣੀ ਉਮਰ ਤੋਂ ਲੰਮੇ ਵੈਣ ਪਾਏ। ਉਮਰ ਦੇ ਉਸ ਪੜਾਅ ’ਤੇ ਉਹ ਵਿਧਵਾ ਹੋ ਗਈ ਜਿੱਥੇ ਉਸ ਦੀ ਜਵਾਨੀ ਅਜੇ ਖ਼ਤਮ ਨਈਂ ਸੀ ਹੋਈ। ਪਰ ਉਹਨੇ ਤਾਂ ਚੱਜ ਨਾਲ ਹੰਢਾਈ ਵੀ ਨਹੀਂ ਸੀ ਜਵਾਨੀ। ਸ਼ਰਾਬ ਦੀ ਬੂ ਤੋਂ ਪਾਸਾ ਵੱਟ ਪੁੱਤ ਨੂੰ ਗਲ ਲਾ ਸੌਂ ਜਾਂਦੀ। ਫਿਰ ਵੀ ਹਰਪਾਲ ਕੀ ਮਰਿਆ, ਸਾਰੇ ਇਕਦਮ ਬੇਗਾਨੇ ਹੋ ਗਏ। ਸਹੁਰਿਆਂ ਦੀ ਬੇਰੁਖ਼ੀ ਵੇਖ ਉਹ ਪੇਕੇ ਘਰ ਆ ਗਈ। ਪੇਕੇ ਆਈ ਤਾਂ ਭਰਾ-ਭਰਜਾਈ ਦੇ ਮੂੰਹ ਨੂੰ ਤਾਲੇ ਲੱਗ ਗਏ। ਪਤਾ ਨਈਂ ਬਬਲੂ ਨੂੰ ਪੱਕਾ ਹੋਣ ਵਿੱਚ ਕਿੰਨਾ ਸਮਾਂ ਲੱਗੂ....? ਉਹ ਸੋਚ ਹੀ ਰਹੀ ਸੀ ਕਿ ਉਸ ਦੇ ਮੋਬਾਈਲ ਦੀ ਘੰਟੀ ਵੱਜੀ। ਬਬਲੂ ਦਾ ਫੋਨ ਸੀ। ਫੋਨ ਔਨ ਕੀਤਾ, ‘ਹੈਲੋ ਬਬਲੂ... ਮੇਰਾ ਪੁੱਤ... ਕੀ ਹਾਲ ਬੱਚੂ ਤੇਰਾ?’

‘ਮੈਂ ਠੀਕ ਆਂ... ਤੁਸੀਂ ਦੱਸੋ? ਕਿੱਦਾਂ... ਕੀ ਕਰਦੇ ਸੀ?’ ਬਬਲੂ ਨੇ ਕਿੰਨੇ ਸੁਆਲ ਇਕੱਠੇ ਹੀ ਕਰ ਦਿੱਤੇ। ਮਨਦੀਪ ਦਾ ਗਲ਼ਾ ਭਰ ਆਇਆ... ਉਹਨੇ ਅਜੇ ਪਹਿਲੇ ਸੁਆਲਾਂ ਦਾ ਜੁਆਬ ਵੀ ਨਹੀਂ ਸੀ ਦਿੱਤਾ ਕਿ ਬਬਲੂ ਨੇ ਕੁਝ ਕਹਿਣਾ ਚਾਹਿਆ।

# ਮਾਤਾ ਖੀਵੀ ਜੀ...

ਤੀਵੀਂ ਭਾਵੇਂ ਅਖੌਤੀ ਉੱਚੀ ਜਾਤ ਦੇ ਪਰਿਵਾਰ ਵਿੱਚੋਂ ਹੋਵੇ ਜਾਂ ਅਖੌਤੀ ਨੀਵੀਂ ਜਾਤ ਦੀ ਹੋਵੇ, ਉਹ ਮੰਦਰਾਂ ਵਿੱਚ ਨਹੀਂ ਸੀ ਜਾ ਸਕਦੀ ਅਤੇ ਰੱਬ ਦੀ ਪੂਜਾ ਨਹੀਂ ਸੀ ਕਰ ਸਕਦੀ।

ਅਮੀਰ, ਸ਼ਾਹੂਕਾਰ ਅਤੇ ਜਾਗੀਰਦਾਰ ਲੋਕ ਗਰੀਬ ਲੋਕਾਂ ਨੂੰ ਹਰ ਤਰੀਕੇ ਨਾਲ ਤੰਗ ਕਰਦੇ ਅਤੇ ਲੁਟਦੇ ਸਨ। ਰਾਜਨੀਤਕ ਤੌਰ 'ਤੇ ਗਰੀਬ ਅਤੇ ਅਖੌਤੀ ਨੀਵੀਂ ਜਾਤ ਨੂੰ ਕੋਈ ਇਨਸਾਫ ਨਹੀਂ ਸੀ ਮਿਲਦਾ। ਸਰਕਾਰੀ ਅਫਸਰ ਵੱਡੀ ਖੋਰ ਅਤੇ ਭ੍ਰਿਸ਼ਟ ਸਨ ਜੋ ਗਰੀਬਾਂ ਅਤੇ ਅਖੌਤੀ ਨੀਵੀਂ ਜਾਤ ਦੇ ਲੋਕਾਂ ਨੂੰ ਤੰਗ ਅਤੇ ਪ੍ਰੇਸ਼ਾਨ ਕਰਦੇ ਸਨ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਰਬਪੱਖੀ ਇਨਕਲਾਬੀ ਲਹਿਰ ਅਰੰਭੀ ਜਿਸ ਰਾਹੀਂ ਆਪ ਨੇ ਭਾਰਤ ਅਤੇ ਖਾਸ ਕਰਕੇ ਪੰਜਾਬ ਦੀ ਹਰ ਪੱਖੋਂ ਕਾਇਆ ਕਲਪ ਕਰ ਦਿੱਤੀ। ਹਰ ਖੇਤਰ ਵਿੱਚ ਅਸਚਰਜ ਕਰਨ ਵਾਲੇ ਕਾਰਨਾਮੇ ਕੀਤੇ ਅਤੇ ਕਿਸੇ ਵੀ ਸੋਚ ਤੋਂ ਪਰੇ ਦੀਆਂ ਤਬਦੀਲੀਆਂ ਲਿਆਂਦੀਆਂ। ਨਤੀਜੇ ਵਜੋਂ ਸਮਾਜਿਕ ਪਖੋਂ (socially), ਧਾਰਮਿਕ ਪਖੋਂ (religiously) , ਰਾਜਨੀਤਿਕ ਪਖੋਂ (politically) , ਸਮਾਜਕ ਮਾਨਸਿਕਤਾ ਪਖੋਂ ( community mentality) ਅਤੇ ਆਰਥਿਕ ( economic) ਖੇਤਰ ਵਿੱਚ ਇਤਿਹਾਸ ਨੇ ਇਕ ਨਵਾਂ ਮੋੜ ਲਿਆਂਦਾ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪੁਰਾਣੇ ਜਗੀਰਦਾਰੀ (Landlord system) , ਸਰਮਾਏਦਾਰੀ (capitalism), ਅਜਾਰੇਦਾਰੀ, ਪੂੰਜੀਪਤੀ ( banking) ਸਿਸਟਮ ਨੂੰ ਅਤੇ ਕਰਮਕਾਂਡੀ ( false ritualism), ਪਾਖੰਡੀ, ਕਪਟੀ ਅਤੇ ਛਲੀ ਲੋਕਾਂ ਵਲੋਂ ਅਖੌਤੀ ਧਾਰਮਿਕ ਰਹੁਰੀਤੀਆਂ ਨੂੰ ਬਦਲਣ ਬਾਰੇ ਲੋਕਾਂ ਵਿੱਚ ਜਾਗ੍ਰਤੀ ਲਿਆਂਦੀ। ਐਸ਼ਪ੍ਰਸਤੀ ਵਿੱਚ ਗ੍ਰਸੇ ਹੋਏ ਜਗੀਰਦਾਰ ਅਤੇ ਅਖੌਤੀ ਉੱਚ ਜਾਤੀਆਂ ਦੇ ਲੋਕ, ਸਾਧਾਰਨ ਪਰਜਾ ਉਤੇ ਜ਼ੁਲਮ ਢਾਹੁਣ ਵਾਲੇ ਰਜਵਾੜੇ ਅਤੇ ਉਨਾਂ ਦੇ ਭ੍ਰਿਸ਼ਟ ਪ੍ਰਸ਼ਾਸਨ ਦੇ ਕਰਮਚਾਰੀ ਗਰੀਬ ਕਿਰਤੀਆਂ ਅਤੇ ਅਖੌਤੀ ਸ਼ੂਦਰਾਂ ਦੀਆਂ ਜਿੰਦਗੀਆਂ ਨਾਲ ਖਿਲਵਾੜ ਅਤੇ ਸ਼ੋਸ਼ਣ ਕਰ ਰਹੇ ਸਨ। ਸਮਾਜ ਦੇ ਠੇਕੇਦਾਰ ਤੀਵੀਂ ਜਾਤੀ ਨੂੰ ਉਸਦਾ ਬਣਦਾ ਸਨਮਾਨ ਦੇਣ ਤੋਂ ਇਨਕਾਰੀ ਸਨ। ਇਨਾਂ ਸਭ ਦੇ ਵਿਰੁਧ ਗੁਰੂ ਨਾਨਕ ਦੇਵ ਜੀ ਨੇ ਆਵਾਜ਼ ਉਠਾਈ ਅਤੇ ਦਸ ਜਾਮਿਆਂ ਵਿੱਚ ਇਨਾਂ ਸਭ ਪਹਿਲੂਆਂ ਵਿੱਚ ਸੁਧਾਰ ਲਿਆਂਦਾ। ਲੋਕ-ਮਾਰੂ, ਭ੍ਰਿਸ਼ਟ ਅਤੇ ਜ਼ੁਲਮੀ ਸਿਸਟਮ ਨੂੰ ਤਹਿਸ-ਨਹਿਸ ਕਰ ਕੇ 'ਨਾਨਕ ਨਿਰਮਲ ਪੰਥ ਚਲਾਇਆ॥' ਅਨੁਸਾਰ ਇੱਕ ਨਵੇਂ ਸਮਾਜ ਦੀ ਨੀਂਹ ਰੱਖੀ ਜਿਸ ਰਾਹੀਂ ਹਰ ਮਨੁਖ ਨੂੰ ਬਰਾਬਰਤਾ ਅਤੇ ਸਮਾਜ ਵਿੱਚ ਪੂਰੇ ਹੱਕ ਲੈਣ ਲਈ ਜਾਗਰਤ ਅਤੇ ਉਤਸ਼ਾਹਤ ਕੀਤਾ।

ਗੁਰੂ ਜੀ ਨੇ ਸਾਰੀ ਮਨੁਖ ਜਾਤੀ ਦੀ ਹਰ ਪਖੋਂ ਪ੍ਰਫੁਲਤਾ ਦੇ ਇਸ ਸੰਘਰਸ਼ ਦੀ ਸਫਲਤਾ ਲਈ ਆਪਣਾ ਨਿੱਜੀ ਅਮਲੀ ਜੀਵਨ ਅਤੇ ਇਕ ਆਦਰਸ਼ਕ ਜੀਵਨ ਰੋਲ-ਮਾਡਲ ਦੇ ਤੌਰ ਉੱਤੇ ਸੰਸਾਰ ਸਾਹਮਣੇ ਪੇਸ਼ ਕੀਤਾ।

ਸੰਸਾਰ ਵਿੱਚ ਬਹੁਤ ਇਨਕਲਾਬ ਅਤੇ ਕ੍ਰਾਂਤੀਆਂ ਆਈਆਂ ਅਤੇ ਕਈ ਖੇਤਰਾਂ ਵਿੱਚ ਉਨਾਂ ਦੇ ਸਾਰਥਕ ਨਤੀਜੇ ਵੀ ਨਿਕਲੇ ਪ੍ਰੰਤੂ ਇਹ 'ਸਿੱਖ ਕ੍ਰਾਂਤੀ' ਅਤੇ 'ਸਿੱਖ ਇਨਕਲਾਬ' ਆਪਣੀ ਹੀ ਕਿਸਮ ਦਾ ਮੁਕੰਮਲ, ਨਿਰਾਲਾ ਅਤੇ ਨਿਵੇਕਲਾ ਸੀ ਜੋ ਸਾਰਥਕ ਸੀ।

ਇਸ ਕ੍ਰਾਂਤੀ ਵਿੱਚ ਹੋਰਨਾਂ ਪਹਿਲੂਆਂ ਦੇ ਨਾਲ-ਨਾਲ ਸਮੇਂ ਦੇ ਸਮਾਜ ਵਿੱਚ ਤੀਵੀਂ ਦੀ ਦੁਰਗਤੀ, ਅਪਮਾਨ, ਸ਼ੋਸ਼ਣ ਅਤੇ ਬੇਹੁਰਮਤੀ ਹੋ ਰਹੀ ਸੀ ਜਿਸ ਕਾਰਨ ਤੀਵੀਂ ਅਬਲਾ, ਨਿਮਾਣੀ, ਨਿਤਾਣੀ, ਪੈਰ ਦੀ ਜੁੱਤੀ ਅਤੇ ਕਲੰਕਣ ਗਰਦਾਨੀ ਗਈ ਸੀ।

ਭਾਰਤ ਵਿੱਚ ਪੱਥਰ ਦੀ ਮੂਰਤੀ ਬਣਾ ਕੇ ਦੇਵੀ ਦੀ ਪੂਜਾ ਤਾਂ ਕੀਤੀ ਜਾਂਦੀ ਸੀ ਜੋ ਅੱਜ ਵੀ ਜਾਰੀ ਹੈ ਪਰ ਹੱਡ-ਮਾਸ ਦੀ ਜਿਉਂਦੀ-ਜਾਗਦੀ ਔਰਤ ਨਾਲ ਘਿਰਣਾ ਅਤੇ ਦੁਰ-ਵਿਵਹਾਰ ਕੀਤਾ ਜਾਂਦਾ ਸੀ। ਦੇਵੀ ਦੇ ਰੂਪ ਵਿੱਚ ਨਾਰੀ ਸ਼ਕਤੀ ਨੂੰ ਪ੍ਰਵਾਨਿਆ ਤਾਂ ਜਾਂਦਾ ਸੀ ਪਰ ਉਸ ਦੀ ਜੀਵਤ ਹੋਂਦ-ਹਸਤੀ ਨੂੰ ਧਿਰਕਾਰਿਆ ਅਤੇ ਤ੍ਰਿਸਕਾਰਿਆ ਜਾਂਦਾ ਸੀ। ਇਹ ਸ਼ੋਸ਼ਨ, ਹਿੰਦੂ ਭਾਈਚਾਰੇ, ਸਿਖ ਭਾਈਚਾਰੇ ਅਤੇ ਮੁਸਲਮਾਨ ਭਾਈਚਾਰੇ ਵਿੱਚ ਅਜ ਵੀ ਜਾਰੀ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ 'ਇਸਤਰੀ ਜਾਤੀ' ਦੇ ਸਨਮਾਨ, ਸਤਿਕਾਰ ਅਤੇ ਸਵੈਮਾਣ ਦੀ ਬਹਾਲੀ ਲਈ ਵੀ ਭਰਪੂਰ ਹੰਭਲਾ ਮਾਰਿਆ। ਗੁਰੂ ਨਾਨਕ ਦੇਵ ਜੀ ਨੇ ਠੋਸ ਦਲੀਲਾਂ ਦੇ ਕੇ ਔਰਤ ਨੂੰ ਜਗਤ-ਜਣਨੀ, ਸਮਾਜ ਦਾ ਧੁਰਾ ਅਤੇ ਸੰਸਾਰ ਦਾ ਕੇਂਦਰ-ਬਿੰਦੂ ਸਿੱਧ ਕੀਤਾ। ਇਹ ਸਭ ਕੁਝ ਇਸ ਲਈ ਕੀਤਾ ਤਾਂ ਜੋ ਗ੍ਰਹਿਸਤੀ ਸਮਾਜ ਦਾ ਸਹੀ ਸੰਤੁਲਨ ਕਾਇਮ ਕੀਤਾ ਜਾ ਸਕੇ, ਗ੍ਰਹਿਸਤ-ਸਮਾਜ ਖੁਸ਼ਹਾਲ ਹੋ ਸਕੇ, ਸਮਾਜ ਵਿੱਚ ਆਪਸੀ ਪਿਆਰ, ਸਤਿਕਾਰ, ਸਹਿਨਸ਼ੀਲਤਾ ਅਤੇ ਸਹਿਯੋਗ ਪੂਰੀ ਤਰਾਂ ਕਾਇਮ ਹੋ ਸਕੇ।

ਗੁਰਮਤਿ ਨੇ ਸੰਸਾਰ ਨੂੰ ਬਿਲਕੁਲ ਨਵਾਂ-ਨਿਰੋਆ, ਸ੍ਰੇਸ਼ਠ ਅਤੇ ਸਾਰਥਕ ਸਿਧਾਂਤ, ਸਿਸਟਮ, ਸ਼ਿਸ਼ਟਾਚਾਰ ਅਤੇ ਸਦਾਚਾਰ ਪ੍ਰਦਾਨ ਕੀਤਾ। ਇਹ ਸਹਿਹੋਂਦ ਅਤੇ ਸਹਿਨਸ਼ੀਲਤਾ ਦਾ ਸਿਧਾਂਤ ਸੀ ਜਿਸ ਦਾ ਆਧਾਰ ਕਿਰਤ ਕਰਨਾ, ਵੰਡ ਛਕਣਾ, ਸੇਵਾ, ਸਿਮਰਨ, ਪ੍ਰਭੂ ਗੁਣਾਂ ਦੇ ਧਾਰਨੀ ਬਣਨਾ, ਕਰਤੇ ਦੀ ਰਚਨਾ ਦਾ ਸਤਿਕਾਰ, ਪੰਗਤ ਅਤੇ ਸੰਗਤ ਸੀ। ਇਸ ਵਿੱਚ ਹੋਰਨਾਂ ਮਹੱਤਵਪੂਰਨ ਗਲਾਂ ਤੋਂ ਇਲਾਵਾ ਦਰਸ਼ਨ-ਇਸ਼ਨਾਨ ਦੀ ਸਾਂਝ, ਕਥਾ-ਕੀਰਤਨ ਅਤੇ ਪ੍ਰਭੂ ਗੁਣਾਂ ਅਨੁਸਾਰੀ ਜੀਵਨ ਜਿਊਣ ਦੀ ਸਾਂਝ ਅਤੇ ਬਗੈਰ ਊਚ-ਨੀਚ, ਛੂਤ, ਲਿੰਗ-ਪੁਲਿੰਗ ਦਾ ਵਿਤਕਰਾ ਰੱਖਣ ਦੇ ਖਾਣ-ਪੀਣ ਦੀ ਸਾਂਝ ਸਥਾਪਤ ਕੀਤੀ।

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦਰਬਾਰ ਵਿੱਚ ਬੀਬੀਆਂ ਨੂੰ ਬਿਨਾਂ ਘੁੰਡ ਕੱਢੇ ਆਉਣ, ਸੇਵਾ ਕਰਨ ਅਤੇ ਗੁਰਬਾਣੀ-ਕੀਰਤਨ ਸੁਣਨ ਦੀ ਆਗਿਆ ਸੀ। ਕਰਤਾਰਪੁਰ ਦੀ ਇਹੋ ਕ੍ਰਾਂਤੀਕਾਰੀ ਰੀਤ ਮਾਤਾ ਖੀਵੀ ਜੀ ਨੇ ਖਡੂਰ ਸਾਹਿਬ ਦੀ ਧਰਤੀ ਉੱਤੇ ਪ੍ਰਚਲਤ ਕੀਤੀ। ਜਿਥੇ ਗੁਰੂ ਅੰਗਦ ਦੇਵ ਜੀ ਨੇ ਗੂ੍ਰ ਨਾਨਕ ਗਾਡੀ ਰਾਹ ਨੂੰ ਅਪਨਾ ਕੇ ਜਨਤਾ ਵਿੱਚ ਚੰਗੇ ਗੁਣਾਂ ਦੇ ਧਾਰਨੀ ਹੋਣ ਦੇ ਨਾਲ ਨਾਲ ਸਰੀਰਕ ਬਲ ਨੂੰ ਮੱਲ ਅਖਾੜੇ ਸਥਾਪਤ ਕਰਕੇ ਉਤਸ਼ਾਹਤ ਕੀਤਾ ਅਤੇ ਨਾਲ ਜੋੜਿਆ, ਉਥੇ ਮਾਤਾ ਖੀਵੀ ਜੀ ਨੇ ਤੀਵੀਂ ਜਾਤੀ ਨੂੰ ਬਿਨਾਂ ਘੁੰਡ ਕੱਢੇ ਆਉਣ, ਸੇਵਾ ਕਰਨ ਅਤੇ ਗੁਰਬਾਣੀ-ਕੀਰਤਨ ਸੁਣਨ ਲਈ ਉਤਸ਼ਾਹਤ ਕੀਤਾ ਜਿਸ ਕਰਕੇ, ਮਾਤਾ ਖੀਵੀ ਜੀ ਸਿੱਖ ਧਰਮ ਦੀ ਪਹਿਲੀ ਇਸਤਰੀ ਪ੍ਰਚਾਰਕ ਹੋਣ ਦਾ ਮਾਣ ਵੀ ਪ੍ਰਾਪਤ ਹੋਇਆ।

ਮਾਤਾ ਖੀਵੀ ਜੀ ਇਕ ਆਦਰਸ਼ਕ ਮਾਤਾ ਵੀ ਸੀ ਜਿਸ ਨੇ ਆਪਣੇ ਬੇਟਿਆਂ ਅਤੇ ਬੇਟੀਆਂ ਅੰਦਰ ਸੇਵਾ ਅਤੇ ਪ੍ਰਮਾਤਮਾ ਦੇ ਗੁਣਾਂ ਨੂੰ ਸੰਗਤ ਵਿਚੋਂ ਸਮਝਣ, ਸਿਖਣ ਅਤੇ ਆਪਣੇ ਜੀਵਨ ਵਿੱਚ ਅਪਨਾਉਣ ਲਈ ਬੁਹਤ ਪ੍ਰੇਰਤ ਕੀਤਾ। ਉਹ ਆਪਣੇ ਬੱਚਿਆਂ ਨਾਲ ਅਥਾਹ ਪਿਆਰ ਵੀ ਕਰਦੇ ਸਨ। ਮਾਤਾ ਖੀਵੀ ਜੀ ਆਪਣੀਆਂ ਬੇਟੀਆਂ ਨੂੰ ਆਪਣੇ ਪੁਤਰਾਂ ਦੀ ਤਰਾਂ ਹੀ ਪਿਆਰ ਕਰਦੇ ਸਨ। ਮਾਤਾ ਖੀਵੀ ਜੀ ਆਪਣੀਆਂ ਸਾਰੀਆਂ ਬਹੁਪੱਖੀ ਜ਼ਿੰਮੇਵਾਰੀਆਂ ਦੇ ਬਾਵਜੂਦ ਗੁਰੂ ਸਾਹਿਬ ਦੇ ਸੁਖ-ਅਰਾਮ ਦਾ ਵੀ ਪੂਰਾ ਧਿਆਨ ਰੱਖਦੇ ਸਨ। ਸੱਚਮੁੱਚ ਹੀ ਉਹ ਸਦਗੁਣਾਂ ਵਾਲੀ ਇਕ ਆਦਰਸ਼ਕ ਪਤਨੀ ਸਨ।

ਲੰਗਰ ਬਾਰੇ ਮਹਿਮਾ ਪ੍ਰਕਾਸ਼ ਦੇ ਕਰਤਾ ਬਾਵਾ ਸਰੂਪ ਦਾਸ ਭੱਲਾ:

ਸ੍ਰੀ ਗੁਰੂ ਅੰਗਦ ਦੇਵ ਜੀ ਜਿਥੇ ਆਪਣੇ ਪ੍ਰਵਚਨਾਂ ਦੁਆਰਾ ਗੁਰੂ ਦਰਬਾਰ ਵਿੱਚ ਆਉਣ ਵਾਲੇ ਜਗਿਆਸੂਆਂ ਨੂੰ ਆਤਮਕ ਗਿਆਨ ਦੇ ਭੋਜਨ ਦੁਆਰਾ ਤ੍ਰਿਪਤ ਕਰਕੇ ਉਨਾਂ ਦੇ ਮਨਾਂ ਦੀ ਭਟਕਣਾਂ ਨੂੰ ਦੂਰ ਕਰਦੇ ਸਨ, ਉਥੇ ਮਾਤਾ ਖੀਵੀ ਜੀ ਆਉਣ ਵਾਲੀਆਂ ਸੰਗਤਾਂ ਵਾਸਤੇ ਲੰਗਰ ਦੇ ਪ੍ਰਬੰਧ ਦੀ ਜ਼ਿੰਮੇਵਾਰੀ ਨੂੰ ਸੰਭਾਲਦੇ ਸਨ।

ਭਾਈ ਸੱਤਾ ਤੇ ਬਲਵੰਡ ਦੁਆਰਾ ਰਾਮਕਲੀ ਕੀ ਵਾਰ ਅੰਦਰ ਵਰਨਣ ਕੀਤਾ ਗਿਆ ਹੈ:

ਬਲਵੰਡ ਖੀਵੀ ਨੇਕ ਜਨ ਜਿਸੁ ਬਹੁਤੀ ਛਾਉ ਪਤ੍ਰਾਲੀ॥ ਲੰਗਰਿ ਦਉਲਤਿ ਵੰਡੀਐ ਰਸੁ ਅੰਮ੍ਰਿਤੁ ਖੀਰਿ ਘਿਆਲੀ॥ (ਪੰਨਾ **967**)

ਸਹੁਰੇ-ਘਰ ਦੇ ਬਜ਼ੁਰਗ ਭਾਈ ਅਮਰਦਾਸ ਜੋ ਦੇਵੀ ਦੇ ਪੁਜਾਰੀ ਸਨ। ਜਦੋਂ ਉਹ ਗੁਰੂ ਅੰਗਦ ਦੇਵ ਜੀ ਦੇ ਦਰਬਾਰ ਵਿੱਚ ਆਏ ਤਾਂ ਉੱਥੋਂ ਦੀ ਸੋਭਾ, ਕਾਰਜ ਮਾਹੌਲ ਅਤੇ ਸਿਧਾਂਤ ਨੂੰ ਵੇਖ ਅਤੇ ਸਮਝ ਕੇ ਉੱਥੇ ਹੀ ਟਿਕ ਗਏ । ਭਾਵੇਂ ਉਹ ਰਿਸ਼ਤੇ ਵਿੱਚ ਗੁਰੂ ਅੰਗਦ ਦੇਵ ਜੀ ਦੇ ਕੁੜਮ ਸਨ ਪਰੰਤੂ ਉਨਾਂ ਨੇ ਜਦੋਂ ਇਹ ਵੇਖਿਆ ਕਿ ਗੁਰੂ-ਪਤਨੀ ਮਾਤਾ ਖੀਵੀ ਜੀ ਖ਼ੁਦ ਹੱਥੀਂ ਲੰਗਰ ਤਿਆਰ ਕਰ ਰਹੇ ਹਨ, ਵਰਤਾ ਰਹੇ ਹਨ ਅਤੇ ਜੂਠੇ ਬਰਤਨ ਮਾਂਜਣ ਦੀ ਸੇਵਾ ਨਝਿਜਕ ਹੋ ਕੇ ਪੂਰੀ ਸ਼ਰਧਾ ਨਾਲ ਕਰ ਰਹੇ ਹਨ ਤਾਂ ਉਨਾਂ ਨੇ ਵੀ ਲੰਗਰ ਵਿੱਚ ਬਰਤਨ ਮਾਂਜਣ ਅਤੇ ਪਾਣੀ ਲਿਆਉਣ ਦੀ ਸੇਵਾ ਅਰੰਭ ਦਿੱਤੀ। ਇਸੇ ਤਰਾਂ ਮਾਤਾ ਖੀਵੀ ਜੀ ਦਾ ਜੀਵਨ ਅਨੇਕਾਂ ਵਿਅਕਤੀਆਂ ਲਈ ਇਕ ਮਿਸਾਲ ਅਤੇ ਪ੍ਰੇਰਨਾ-ਸ੍ਰੋਤ ਬਣਿਆ ਅਤੇ ਲੋਕਾਂ ਅੰਦਰ ਨਿਸ਼ਕਾਮ ਸੇਵਾ ਕਰਨ ਦੀ ਭਾਵਨਾ ਜਾਗੀ।

ਜਦੋਂ ਮਾਤਾ ਖੀਵੀ ਜੀ ਨੂੰ ਪਤਾ ਲੱਗਾ ਕਿ ਉਨਾਂ ਦੇ ਪੁੱਤਰਾਂ, ਦਾਸੂ ਜੀ ਅਤੇ ਦਾਤੂ ਜੀ ਨੇ ਘੋੜੀ ਉੱਤੇ ਚੜ ਕੇ ਭਾਈ ਅਮਰਦਾਸ ਦਾ ਪਿੱਛਾ ਕੀਤਾ ਅਤੇ ਬਾਸਰਕੇ ਜਾ ਕੇ, ਉਨਾਂ ਨੂੰ ਘੇਰ ਲੈਣ ਦੀ ਗੱਲ ਸੁਣੀ ਤਾਂ ਮਾਤਾ ਖੀਵੀ ਜੀ ਆਪਣੇ ਦੋਹਾਂ ਪੁੱਤਰਾਂ ਨੂੰ ਨਾਲ ਲੈ ਕੇ ਉਨਾਂ ਪਾਸ ਗਏ ਤਾਂ ਭਾਈ ਅਮਰਦਾਸ ਨੇ ਮਾਤਾ ਖੀਵੀ ਜੀ ਨੂੰ ਬਾਸਰਕੇ ਵੇਖਕੇ ਕਿਹਾ ਕਿ ਤੁਸੀਂ ਕਿਉਂ ਖੇਚਲ ਕੀਤੀ, ਮੈਨੂੰ ਬੁਲਾ ਲੈਣਾ ਸੀ। ਨਿਮਰਤਾ ਦੇ ਪੁੰਜ ਮਾਤਾ ਖੀਵੀ ਜੀ ਨੇ ਕਿਹਾ, 'ਗੁਰੂ ਨਾਨਕ ਦੇ ਘਰ ਦੀ ਦੌਲਤ ਹੀ ਗਰੀਬੀ ਹੈ, ਨਿਮਰਤਾ ਹੈ। ਮੈਂ ਦੋਵੇਂ ਬੱਚੇ ਲੈ ਕੇ ਆਈ ਹਾਂ। ਆਪ ਮਿਹਰ ਕਰੋ, ਖਿਮਾ ਕਰੋ ਅਤੇ ਭੁੱਲਣਹਾਰ ਜਾਣ ਕੇ ਅਤੇ ਆਪਣੇ ਬੱਚੇ ਸਮਝ ਕੇ ਬਖਸ਼ ਦਿਉ ਜੀ।' ਉਸ ਸਮੇਂ ਭਾਈ ਅਮਰਦਾਸ ਗੁਰੂ ਨਹੀਂ ਸਨ ਬਣੇ। ਜਦ ਭਾਈ ਅਮਰਦਾਸ ਜੀ ਨੇ ਕਿਹਾ ਕਿ ਬਖਸ਼ਣਹਾਰ ਤਾਂ ਗੁਰੂ ਅੰਗਦ ਦੇਵ ਜੀ ਹੀ ਹਨ ਤਾਂ ਮਾਤਾ ਖੀਵੀ ਜੀ ਨੇ ਕਿਹਾ, 'ਮੈਨੂੰ ਪਤਾ ਹੈ ਕਿ ਇਹ ਅਪਰਾਧ ਬਖਸ਼ਣ ਯੋਗ ਨਹੀਂ। ਬੱਚਿਆਂ ਉੱਤੇ ਮਿਹਰ ਕਰ ਦਿਓ।' ਭਾਈ ਅਮਰ ਦਾਸ ਜੀ ਨੇ ਮਾਤਾ ਖੀਵੀ ਜੀ ਨੂੰ ਧੰਨ ਆਖ ਕੇ ਬੱਚਿਆਂ ਨੂੰ ਛਾਤੀ ਨਾਲ ਲਾ ਲਿਆ। ਅਜੋਕੀਆਂ ਮਾਤਾਵਾਂ ਲਈ ਇਹ ਇਕ ਬਹੁਤ ਹੀ ਸਾਰਥਕ ਅਤੇ ਉੱਤਮ ਉਪਦੇਸ਼ ਹੈ।

ਇਸ ਦਾ ਆਧਾਰ ਹੈ 'ਸੇਵਾ-ਸਿਮਰਨ ਦੇ ਨਾਲ-ਨਾਲ ਸਹਿਜਤਾ, ਸਹਿਨਸ਼ੀਲਤਾ, ਸਾਂਝੀਵਾਲਤਾ, ਉਦਮ ਕਰਨਾ ਅਤੇ ਪਰਉਪਕਾਰੀ ਹੋਣਾ।' ਸਮਾਜਿਕ ਅਤੇ ਧਾਰਮਿਕ ਖੇਤਰ ਵਿੱਚ ਜਾਤ-ਪਾਤੀ ਸਿਸਟਮ ਅਤੇ ਧਰਮ ਵਿੱਚ ਊਚ-ਨੀਚ, ਜਾਤ-ਪਾਤ ਦੇ ਭੇਦ ਭਾਵ ਨੂੰ ਸਮਾਪਤ ਕਰਕੇ ਇਸ ਵਿੱਚ ਆਮ ਕਿਰਤੀ, ਅਖੌਤੀ ਸੂਦਰ ਅਤੇ ਅਛੂਤ ਸਮਝੇ ਜਾਂਦੇ ਅਖੌਤੀ ਨੀਵੇਂ ਲੋਕਾਂ ਨੂੰ ਅਤੇ ਪੈਰ ਦੀ ਜੁੱਤੀ ਸਮਝੀ ਜਾਂਦੀ ਔਰਤ ਨੂੰ ਬਰਾਬਰ ਦਾ ਸਥਾਨ, ਸਨਮਾਣ, ਸਤਿਕਾਰ ਅਤੇ ਸ੍ਰੇਸ਼ਟਤਾ ਪ੍ਰਦਾਨ ਕਰਾਉਣਾ ਅਤੇ 'ਕਾਦਰ ਦੀ ਕੁਦਰਤ' ਵਿੱਚ ਬਰਾਬਰ ਦਾ ਸਾਂਝੀਵਾਲ ਬਣਾਉਣਾ ਸੀ। ਇਸ ਦਾ ਆਧਾਰ ਸਤਿਗੁਰਾਂ ਨੇ ਹੋਰਨਾਂ ਢੰਗ-ਤਰੀਕਿਆਂ ਦੇ ਨਾਲ-ਨਾਲ 'ਸੰਗਤ ਅਤੇ ਪੰਗਤ' ਦੇ ਸੰਕਲਪ ਨੂੰ ਬਣਾਇਆ।

ਇਸ ਤਰਾਂ ਸਿੱਖ ਗੁਰਦੁਆਰਾ ਸਾਹਿਬ ਦੀ ਸੰਸਥਾ ਨਿਆਸਰਿਆਂ ਦਾ ਆਸਰਾ, ਨਿਓਟਿਆਂ ਦੀ ਓਟ, ਲੋੜਵੰਦਾਂ ਲਈ ਲੰਗਰ, ਨਿਘਰਿਆ ਲਈ ਰੈਣ-ਬਸੇਰਾ, ਆਤਮ-ਅਭਿਲਾਖੀਆਂ ਲਈ ਸਿਮਰਨ ਦਾ ਸਥਾਨ, ਗਰੀਬਾਂ ਅਤੇ ਅਨਾਥਾਂ ਲਈ ਸਹਾਇਤਾ ਦਾ ਕੇਂਦਰ, ਮਰੀਜ਼ਾਂ, ਬੀਮਾਰਾਂ ਅਤੇ ਲਾਚਾਰਾਂ ਅਤੇ ਲੋੜਵੰਦਾਂ ਲਈ ਦਵਾ-ਦਾਰੂ (ਚਕਿਤਸਾ) ਦਾ ਪ੍ਰਬੰਧ ਆਦਿ ਬਣ ਗਿਆ। ਸੱਚਮੁਚ ਹੀ ਗੁਰਦੁਆਰਾ ਸਾਹਿਬ ਸਰਬ-ਸਾਂਝੇ ਰੱਬ ਦਾ ਸਰਬ-ਸਾਂਝਾ ਪਵਿੱਤਰ ਸਥਾਨ ਬਣ ਗਿਆ। ਇਸ ਵਿੱਚੋਂ 'ਸਰਬਸਾਂਝੀ ਗੁਰਬਾਣੀ' ਅਤੇ ਗੁਰਮਤਿ ਸੰਗੀਤ ਰਾਹੀਂ ਤਪਦੇ ਹਿਰਦਿਆਂ ਨੂੰ ਠਾਰਦਾ ਬਾਣੀ ਰੂਪੀ ਅੰਮ੍ਰਿਤ ਵਰਸਾਇਆ ਹੈ। ਗੁਰਦੁਆਰਾ ਸਾਹਿਬ ਦਾ ਪਵਿੱਤਰ ਉਪਦੇਸ਼ ਸਾਰੀਆਂ ਧਾਰਮਿਕ, ਰਾਜਨੀਤਿਕ, ਸਮਾਜਿਕ, ਊਚ-ਨੀਚ, ਜਾਤ-ਪਾਤੀ, ਰਾਣਾ ਅਤੇ ਰੰਕ, ਗਰੀਬ-ਅਮੀਰ, ਪੜਿਆ-ਅਣਪੜਿਆ ਦੀਆਂ ਸਭ ਵੱਲਗਣਾਂ ਨੂੰ ਟੱਪ ਕੇ, ਸਰ ਕਰ ਕੇ, ਸਰਬ-ਲੋਕਾਈ ਲਈ ਇਕ ਸਮਾਨ ਹੋ ਗਿਆ। ਗੁਰਮਤਿ ਦੇ ਧਾਰਨੀ ਲਈ ਸਤ, ਸੰਤੋਖ, ਦਇਆ, ਖਿਮਾ ਆਦਿ ਉਸ ਦੇ ਗਹਿਣੇ ਹਨ ਜਿਨਾਂ ਨੂੰ ਧਾਰਨ ਕਰ ਕੇ ਉਹ ਆਦਰਸ਼ਕ ਜੀਵ ਹੋ ਜਾਂਦਾ ਹੈ। ਗੁਰ ਦਰਬਾਰ ਵਿੱਚ ਪ੍ਰਵਾਨ ਚੜਦਾ ਹੈ। ਇਸੇ ਕਰਕੇ ਉਨਾਂ ਨੇ ਲੋਕਾਈ ਸਾਹਮਣੇ ਆਪਣੇ ਆਦਰਸ਼ਕ ਜੀਵਨ ਦੁਆਰਾ 'ਮਿਸਾਲੀ ਅਤੇ ਮਿਆਰੀ ਜੀਵਨ ਜੁਗਤ' ਪੇਸ਼ ਕੀਤੀ। ਇਹ ਜੀਵਨ-ਜੁਗਤ, 'ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ॥ ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ॥' ਉੱਤੇ ਅਧਾਰਿਤ ਹੈ।

ਇੱਕੋ ਸਮੇਂ ਇੱਕੋ ਸਥਾਨ (ਸਤਿਸੰਗਤ ਵਿਚ) ਇਕਸਾਰ ਸ਼ਬਦ ਦੀ ਦੌਲਤ ਦਾ ਲੰਗਰ ਵੰਡਿਆ ਜਾਂਦਾ ਹੈ ਅਤੇ ਸ਼ਬਦ-ਕੀਰਤਨ, ਕਥਾ, ਪਾਠ ਅਤੇ ਅਰਦਾਸ ਕੋਈ ਵੀ ਕਰ ਸਕਦਾ ਹੈ। ਇਸ ਉੱਤੇ ਕਿਸੇ ਵਿਅਕਤੀ ਵਿਸ਼ੇਸ਼ ਜਾਂ ਵਿਸ਼ੇਸ਼ ਜਾਤੀ ਦਾ ਅਧਿਕਾਰ ਨਹੀਂ ਹੈ। ਇੱਥੇ ਤਾਂ 'ਸਤਸੰਗਤਿ ਕੈਸੀ ਜਾਣੀਐ॥ ਜਿਥੈ ਏਕੋ ਨਾਮੁ ਵਖਾਣੀਐ॥' ਹੀ ਹੈ। ਇੱਥੇ ਤਾਂ ਜੀਵਨ ਦੇ ਹਰਿ ਪਹਿਲੂ ਵਿੱਚ ਸੱਚ ਦਾ ਹੀ ਵਰਤਾਰਾ ਹੈ। ਖਾਣ, ਪੀਣ, ਪਹਿਨਣ, ਉਠਣ, ਬੈਠਣ, ਸੋਚਣ ਆਦਿ, ਭਾਵ ਹਰ ਸਮੇਂ ਸੱਚ ਨੂੰ ਹੀ ਪਰਨਾਏ ਰਹਿਣਾ ਹੈ।

ਜਿਥੇ ਗੁਰੂ ਅੰਗਦ ਦੇਵ ਜੀ, ਸੰਗਤ ਦਾ ਦਰਬਾਰ ਲਾਉਂਦੇ, ਬੱਚਿਆਂ ਅਤੇ ਵਡਿਆਂ ਨੂੰ ਗੁਰਮੁਖੀ ਲਿਪੀ ਵਿੱਚ ਕਿਤਾਬਾਂ ਲਿਖ ਕੇ ਦੇਂਦੇ ਅਤੇ ਪੰਜਾਬੀ ਪੜਨੀ ਸਿਖਾਂਦੇ, ਸਰੀਰਕ ਬਲਵਾਨਤਾ ਲਈ ਮੱਲ ਅਖਾੜੇ ਲਾਉਂਦੇ, ਉਥੇ ਮਾਤਾ ਖੀਵੀ ਜੀ ਸੰਗਤ ਨੂੰ ਨਾਲ ਲੈਕੇ ਲੰਗਰ ਦੀ ਸੇਵਾ ਵਿੱਚ ਰੁੱਝੇ ਰਹਿੰਦੇ। ਇਸ ਤਰਾਂ ਸੰਗਤ ਵਿੱਚ ਤੀਂਵੀ ਦਾ ਮਾਨ, ਸਨਮਾਨ ਅਤੇ ਬਰਾਬਰਤਾ ਲਈ ਅਤੇ ਗੁਰਬਾਣੀ ਦੇ ਪ੍ਰਚਾਰ ਨੂੰ ਬੜਾ ਬੱਲ ਬਖਸ਼ਿਆ।

ਸਮਾਜ ਦੀ ਉਚਾਈ ਮਾਪਣ ਦਾ ਸਹੀ ਪੈਮਾਨਾ ਇਸਤਰੀ ਨੂੰ ਦਿੱਤਾ ਜਾਂਦਾ ਦਰਜਾ ਹੈ।ਬਹੁਤ ਸਾਰੇ ਧਰਮਾਂ ਵਿਚ ਇਸਤਰੀਆਂ ਨਾਲ ਵਿਤਕਰੇ ਕੀਤੇ ਜਾਂਦੇ ਰਹੇ ਹਨ। ਉਨਾਂ ਨੂੰ ਹਮੇਸ਼ਾ ਆਪਣੀ ਗੋਲੀ,ਪੈਰ ਦੀ ਜੁੱਤੀ ਸਮਝ ਕੇ ਰੱਖਿਆ ਜਾਂਦਾ ਰਿਹਾ ਹੈ।ਪਰੰਤੂ ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਸਾਹਿਬ ਜੀ ਨੇ ਇਸਤਰੀਆਂ ਨੂੰ ਮਰਦਾਂ ਬਰਾਬਰ ਸਤਿਕਾਰ ਦਿੱਤਾ ਹੈ।ਸਮਾਜ ਵਿਚ ਇਸਤਰੀਆਂ ਨਾਲ ਸੰਬੰਧਤ ਅਜਿਹੀਆਂ ਪ੍ਰਥਾਵਾਂ ਦਾ ਖੰਡਨ ਕੀਤਾ ਹੈ ਜਿਹੜੀਆਂ ਕਿ ਇਸਤਰੀ ਨੂੰ ਗੁਲਾਮ ਕਰਦੀਆਂ ਰਹੀਆਂ ਹਨ। ਗੁਰੂ ਸਹਿਬਾਨ ਦੇ ਨਾਲ ਨਾਲ ਗੁਰੂ ਮਹਿਲਾਂ ਦੀ ਵੀ ਨਿਵੇਕਲੀ ਦੇਣ ਰਹੀ ਹੈ।ਗੁਰੂ ਅੰਗਦ ਸਾਹਿਬ ਜੀ ਸਮੇਂ ਉਨਾਂ ਦੇ ਸੁਪਤਨੀ ਮਾਤਾ ਖੀਵੀ ਜੀ ਨੇ ਬਿਨਾਂ ਕਿਸੇ ਭੇਦ ਭਾਵ, ਊਚ ਨੀਚ ਦੇ ਵਿਤਕਰੇ ਤੋਂ ਸੇਵਾ ਕੀਤੀ।ਮਾਤਾ ਖੀਵੀ ਜੀ ਅਜਿਹੇ ਪਹਿਲੇ ਸਿੱਖ ਇਸਤਰੀ ਹਨ ਜਿਨਾਂ ਦਾ ਜਿਕਰ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਆਉਂਦਾ ਹੈ।

ਮਾਤਾ ਖੀਵੀ ਦਾ ਜੀ ਜਨਮ ਖਡੂਰ ਦੇ ਨੇੜੇ ਸੰਘਰ ਪਿੰਡ ਵਿਖੇ ਭਾਈ ਦੇਵੀ ਚੰਦ ਖੱਤਰੀ ਦੇ ਘਰ ਹੋਇਆ। ਦੇਵੀ ਚੰਦ ਜੀ ਇਕ ਵੱਡੇ ਹਟਵਾਣੀਏ ਤੇ ਸ਼ਾਹੂਕਾਰ ਸਨ। ਮਾਈ ਵੀਰਾਈ , ਜਿਹੜੇ ਕਿ ਚੌਧਰੀ ਤਖਤ ਮੱਲ, ਮੱਤੇ ਦੀ ਸਰਾਂ ਵਾਲਿਆਂ ਦੀ ਸਪੁੱਤਰੀ ਸਨ, ਨੇ ਖੀਵੀ ਜੀ ਦਾ ਰਿਸ਼ਤਾ ਭਾਈ ਲਹਿਣਾ ਜੀ ਨਾਲ ਪੱਕਾ ਕਰਾ ਦਿੱਤਾ। ਮਹਾਨਕੋਸ਼ ਦੇ ਅਨੁਸਾਰ ਮਾਤਾ ਖੀਵੀ ਜੀ ਦਾ ਵਿਆਹ ਸੰਨ 1519ਈ: ਵਿਚ ਹੋਇਆ। ਕੁਝ ਕਾਰਨਾਂ ਕਰਕੇ ਚੌਧਰੀ ਤੱਖ਼ਤ ਮੱਲ ਨੇ ਭਾਈ ਲਹਿਣਾ ਜੀ ਦੇ ਪਿਤਾ ਬਾਬਾ ਫੇਰੂ ਜੀ ਨੂੰ ਨੌਕਰੀ ਤੋਂ ਵੱਖਰਾ ਕਰ ਦਿੱਤਾ।ਭਾਈ ਦੇਵੀ ਚੰਦ ਜੀ ਬਾਬਾ ਫੇਰੂ ਤੇ ਭਾਈ ਲਹਿਣਾ ਜੀ ਨੂੰ ਸੰਘਰ ਵਿਖੇ ਹੀ ਲੈ ਆਏ। ਬਾਬਾ ਫੇਰੂ ਜੀ ਨੇ ਹਰੀਕੇ ਪੱਤਣ ਦੁਕਾਨ ਪਾ ਲਈ ।ਛੇਤੀ ਹੀ ਆਪ ਜੀ ਖਡੂਰ ਮੁੜ ਆਏ ਤੇ ਸ਼ਾਹੂਕਾਰਾ ਕਰਨ ਲੱਗੇ ਅਤੇ ਨਾਲ ਦੁਕਾਨ ਵੀ ਰੱਖੀ। 1526 ਈ: ਨੂੰ ਬਾਬਾ ਫੇਰੂ ਜੀ ਚੜਾਈ ਕਰ ਗਏ। ਉਨਾਂ ਦੇ ਜਾਣ ਤੋਂ ਬਾਅਦ ਸਾਰਾ ਕੰਮ-ਕਾਜ ਭਾਈ ਲਹਿਣਾ ਜੀ ਨੇ ਸੰਭਾਲ ਲਿਆ। ਬਾਬਾ ਫੇਰੂ ਜੀ ਨਾ ਸਿਰਫ਼ ਦੇਵੀ ਭਗਤ ਸਨ, ਸਗੋਂ ਹਰ ਸਾਲ ਪਹਾੜਾਂ ਵਾਲੀ ਦੇਵੀ ਦੇ ਦਰਸ਼ਨ ਨੂੰ ਜੱਥਾ ਵੀ ਲੈ ਜਾਂਦੇ ਸਨ ਅਤੇ ਉਸ ਸੰਗ ਦੇ ਜਥੇਦਾਰ ਵੀ ਸਨ। ਪਿਤਾ ਜੀ ਚਲਾਣੇ ਤੋਂ ਬਾਅਦ ਜਿੱਥੇ ਘਰ ਦੀ ਜ਼ਿੰਮੇਵਾਰੀ ਉਹਨਾਂ ਉੱਤੇ ਪਈ, ਉਥੇ ਸੰਗ ਨੂੰ ਲੈ ਜਾਣ ਦੀ ਜਥੇਦਾਰੀ ਵੀ ਉਨਾਂ ਸਿਰ ਆਈ। ਭਾਈ ਲਹਿਣਾ ਜੀ ਕਈ ਸਾਲ ਉਸ ਜ਼ਿੰਮੇਵਾਰੀ ਨੂੰ ਨਿਭਾਉਂਦੇ ਰਹੇ। ਇਕ ਵਾਰੀ ਖਡੂਰ ਸਾਹਿਬ ਵਿਖੇ ਹੀ ਭਾਈ ਜੋਧ ਜੀ ਦੇ ਮੂੰਹੋਂ ਗੁਰੂ ਨਾਨਕ ਜੀ ਦੀ ਬਾਣੀ ਸੁਣ ਕੇ ਕਰਤਾਰਪੁਰ ਜਾਣ ਦੀ ਵਿਚਾਰ ਬਣਾਈ।ਸੰਗ ਦੇ ਸਾਥੀਆਂ ਨੂੰ ਰਾਹ ਵਿਚ ਛੱਡ ਕੇ ਕਰਤਾਰਪੁਰ ਆਏ ਤੇ ਗੁਰੂ ਨਾਨਕ ਦੇਵ ਜੀ ਦੇ ਦਰਸ਼ਨ ਕਰ ਕੇ ਉਥੇ ਹੀ ਟਿਕਣ ਦਾ ਮਨ ਬਣਾ ਲਿਆ। ਭਾਈ ਦਾਸੂ ਜੀ ਤੇ ਬੀਬੀ ਅਮਰੋ ਜੀ ਦਾ ਜਨਮ ਹੋ ਚੁੱਕਿਆ ਸੀ। ਜਦੋਂ ਜੱਥਾ ਜੰਮੂ ਤੋਂ ਪਹਾੜ ਵਾਲੀ ਦੇਵੀ ਦੇ ਦਰਸ਼ਨ ਕਰ ਖਡੂਰ ਮੁੜ ਆਇਆ ਤਾਂ ਆ ਕੇ ਕਿਸੇ ਨੇ ਮਾਤਾ ਖੀਵੀ ਜੀ ਨੂੰ ਕਿਹਾ 'ਤੇਰਾ ਪਤੀ, ਤੇਰਾ ਸਾਥ ਛੱਡ ਕੇ ਕਰਤਾਰਪੁਰ ਦਾ ਹੋ ਗਿਆ। ਠੰਢੇ ਸੁਭਾਓ ਦੀ ਮੂਰਤ ਖੀਵੀ ਅਡੋਲ ਰਹੀ। ਜਦੋਂ ਸਾਰਿਆਂ ਲਾ-ਲਾ ਕੇ ਗੱਲਾਂ ਕੀਤੀਆਂ ਤੇ ਕਿਹਾ, 'ਲਹਿਣਾ' (ਜੀ) ਕਰਤਾਰਪੁਰ ਹੀ ਨਾਨਕ ਦੇ ਪਾਸ ਰਹਿ ਪਿਆ, ਸੰਗ ਨੂੰ ਜਵਾਬ ਦੇ ਦਿੱਤਾ। ਆਪ ਸਾਧ ਹੋ ਕੇ ਬੈਠ ਗਿਆ ਤੇ ਤਪੇ (ਗੁਰੂ ਨਾਨਕ ਜੀ) ਦੇ ਦੁਆਰੇ ਹੀ ਧੂਣੀ ਰਮਾ ਲਈ ਹੈ। ਮਾਤਾ ਖੀਵੀ ਜੀ ਨੇ ਸਿਰਫ਼ ਇਹ ਹੀ ਆਖਿਆ ਜਿਥੇ ਉਹ ਜਿਸ ਹਾਲ 'ਚ ਮੈਨੂੰ ਰੱਖੇਗਾ, ਉਸ ਹਾਲ ਵਿਚ ਹੀ ਰਹਾਂਗੀ।' ਜਦੋਂ ਗੁਰੂ ਨਾਨਕ ਸਾਹਿਬ ਜੀ ਨੇ ਕਰਤਾਰਪੁਰ ਤੋਂ ਘਰ ਖਡੂਰ ਦੀ ਸਾਰ ਲੈਣ ਲਈ ਭਾਈ ਲਹਿਣਾ ਜੀ ਨੂੰ ਭੇਜਿਆ ਤਾਂ ਮਾਤਾ ਖੀਵੀ ਜੀ ਨੇ ਸਾਫ਼ ਦੇਖ ਲਿਆ ਕਿ ਉਨਾਂ ਦਾ ਦਿਲ ਘਰ ਦੇ ਕੰਮਾਂ ਵਿਚ ਨਹੀਂ ਲੱਗਦਾ ਤੇ ਦੁਕਾਨ ਦਾ ਸਾਰਾ ਕੰਮ ਵੀ ਆਪਣੇ ਭਣੇਵੇਂ ਨੂੰ ਸੌਂਪ ਰਹੇ ਹਨ ਤੇ ਆਪ ਜੀ ਨੇ ਸਿਰਫ ਇੰਨਾਂ ਹੀ ਕਿਹਾ 'ਬਾਹਰ ਨਾ ਜਾਓ, ਘਰ ਰਹਿ ਜੋਗ ਕਮਾਓ, ਜਿਵੇਂ ਤੁਸੀਂ ਆਖੋਗੇ ਮੈ ਉਸੇ ਤਰਾਂ ਹੀ ਤੁਰਾਂਗੀ, ਤੁਹਾਡੇ ਤਪ ਵਿੱਚ ਮੈ ਕਦੇ ਰੋੜਾ ਨਹੀਂ ਬਣਦੀ। ਉਸ ਸਮੇਂ ਭਾਈ ਲਹਿਣਾ ਜੀ ਨੇ ਕਿਹਾ 'ਜਿਸ ਕੋਲ ਮੈਂ ਚਲਿਆ ਹਾਂ, ਉਹ ਜੋਗੀ, ਜੰਗਮ, ਸੰਨਿਆਸੀ ਸਰੇਵੜਾ ਨਹੀਂ, ਉਸ ਨੇ ਗ੍ਰਹਿਸਤ ਵਿੱਚ ਉਦਾਸੀ ਦਾ ਰਾਹ ਦਿਖਾਇਆ ਹੈ।'

ਮਾਤਾ ਜੀ ਨੇ ਕਿਸੇ ਪ੍ਰਕਾਰ ਤੋਂ ਨਾ ਰੋਕਿਆ। ਬੱਚੇ ਭਾਵੇਂ ਬਹੁਤ ਛੋਟੇ ਸਨ ਪਰ ਉਨਾਂ ਦਾ ਸਾਰਾ ਭਾਰ ਮਾਤਾ ਜੀ ਨੇ ਆਪਣੇ ਸਿਰ ਉੱਤੇ ਚੁੱਕ ਲਿਆ। ਉਸ ਸਮੇਂ ਮਾਤਾ ਖੀਵੀ ਜੀ ਦੀ ਇਹ ਕੁਰਬਾਨੀ ਕੋਈ ਘੱਟ ਨਹੀਂ ਸੀ।ਮਾਤਾ ਖੀਵੀ ਜੀ ਨੂੰ ਉਸ ਸਮੇਂ ਇਹ ਨਹੀਂ ਸੀ ਪਤਾ ਕਿ 'ਦੀਨ-ਦੁਨੀ' ਦਾ ਛਤਰ ਉਸੇ ਦੇ ਪਤੀ ਉੱਤੇ ਝੂਲਣਾ ਹੈ। ਭਾਈ ਲਹਿਣਾ ਜੀ ਨੂੰ ਗੁਰੂ ਨਾਨਕ ਜੀ ਕੋਲ ਖੁਸ਼ੀ ਨਾਲ ਭੇਜਦੇ ਸਨ। ਭਾਈ ਲਹਿਣਾ ਜੀ ਗੁਰੂ ਨਾਨਕ ਸਾਹਿਬ ਜੀ ਦੀ ਹਰ ਪ੍ਰੀਖਿਆ ਵਿਚੋਂ ਖਰੇ ਉਤਰੇ।ਗੁਰੂ ਪਦਵੀ ਸੌਂਪ ਗੁਰੂ ਨਾਨਕ ਸਾਹਿਬ ਜੀ ਨੇ ਲਹਿਣੇ ਤੋਂ ਗੁਰੂ ਅੰਗਦ ਬਣਾ ਦਿੱਤਾ।ਸ਼ਬਦ ਦੀ ਦਾਤ ਲੈ ਕੇ ਗੁਰੂ ਅੰਗਦ ਸਾਹਿਬ ਜੀ ਖਡੂਰ ਮੁੜ ਆਏ।

ਮਾਤਾ ਜੀ ਦਾ ਸੁਭਾਅ ਵੀ ਬਹੁਤ ਮਿੱਠਾ ਸੀ। ਖਡੂਰ ਸਾਹਿਬ ਪਰਿਵਾਰ ਵਿਚ ਰਹਿੰਦਿਆਂ ਕਦੇ ਕਿਸੇ ਨਾਲ ਗੁੱਸਾ ਗਿਲਾ ਨਹੀਂ ਕੀਤਾ, ਸਗੋਂ ਮਿੱਠਾ ਬੋਲ ਕੇ ਸਭ ਨੂੰ ਆਪਣੇ ਵਲ ਕਰ ਲੈਂਦੇ। ਕਿਸੇ ਦੀ ਹਿੰਮਤ ਨਾ ਹੁੰਦੀ ਕਿ ਉਨਾਂ ਦੇ ਸੁਭਾਅ ਅੱਗੇ ਕੋਈ ਬੋਲ ਸਕੇ। ਮਾਤਾ ਖੀਵੀ ਜੀ ਆਪਣੀ ਦੋਹਰੀ ਜ਼ਿੰਮੇਵਾਰੀ ਨੂੰ ਬੜੇ ਵਧੀਆ ਢੰਗ ਨਾਲ ਨਿਭਾ ਰਹੇ ਸਨ। ਗੁਰੂ ਅੰਗਦ ਦੇਵ ਜੀ ਨੂੰ ਭੇਟ ਕੀਤੀ ਮਾਇਆ ਆਪਣੇ ਨਿੱਜੀ ਪਰਿਵਾਰ ਨੂੰ ਕਦੇ ਵਰਤਣ ਨਾ ਦਿੱਤੀ।

**ਬਾਕੀ ਸਫ਼ਾ 31 'ਤੇ**

## ਕਤਲ ਕੇਸ 'ਚ ਸੁਸ਼ੀਲ...

ਇਸ ਤੋਂ ਇਲਾਵਾ ਵਾਰਦਾਤ ਵਿਚ ਵਰਤਿਆ ਗਿਆ ਹਥਿਆਰ ਤੇ ਮੁਲਜ਼ਮ ਵੱਲੋਂ ਉਸ ਵੇਲੇ ਪਹਿਨੇ ਕੱਪੜੇ ਵੀ ਹਾਲੇ ਬਰਾਮਦ ਕੀਤੇ ਜਾਣੇ ਹਨ। ਵਕੀਲ ਨੇ ਕਿਹਾ ਕਿ ਸਟੇਡੀਅਮ ਵਿਚਲੇ ਕੈਮਰੇ ਬੰਦ ਕੀਤੇ ਗਏ ਤੇ ਉਹ ਡੀਵੀਆਰ ਵੀ ਨਾਲ ਲੈ ਗਿਆ। ਉਹ ਵੀ ਬਰਾਮਦ ਕਰਨੇ ਜ਼ਰੂਰੀ ਹਨ। ਪੁਲਿਸ ਨੇ ਵੀ ਕਿਹਾ ਹੈ ਕਿ ਉਨ੍ਹਾਂ ਕੋਲ ਇਲੈਕਟ੍ਰਾਨਿਕ ਸਬੂਤ ਮੌਜੂਦ ਹੈ ਜਿਸ ਵਿਚ ਉਹ ਜੂਨੀਅਰ ਪਹਿਲਵਾਨ ਨੂੰ ਡੰਡੇ ਨਾਲ ਮਾਰਦਾ ਨਜ਼ਰ ਆ ਰਿਹਾ ਹੈ। ਦਿੱਲੀ ਪੁਲਿਸ ਨੇ ਇਸ ਕੇਸ ਵਿਚ ਧਾਰਾ 302, 308, 365, 325, 323, 341, 506 ਤਹਿਤ ਕੇਸ ਦਰਜ ਕੀਤਾ ਹੈ। ਅਸਲਾ ਐਕਟ ਤੇ ਆਈਪੀਸੀ ਦੀਆਂ ਹੋਰ ਧਾਰਾਵਾਂ ਵੀ ਲਾਈਆਂ ਗਈਆਂ ਹਨ।

## 26 ਨਵੰਬਰ ਤੋਂ 26 ਮਈ...

ਕਿ ਆਪਣੀ ਹੋਂਦ ਦੀ ਲੜਾਈ ਨੂੰ ਯਕੀਨੀ ਜਿੱਤ ਵਿੱਚ ਬਦਲਣ ਲਈ ਉਹ ਸਾਡੇ ਮੋਢੇ ਨਾਲ ਮੋਢਾ ਲਾ ਕੇ ਚੱਲਣ। ਸੋ ਜੇਕਰ ਇਸ ਤਰਾਂ ਦੀ ਖੁਲਦਿਲੀ ਕਿਸਾਨ ਆਗੂਆਂ ਵੱਲੋਂ ਦਿਖਾਈ ਜਾਂਦੀ ਹੈ ਤਾਂ ਯਕੀਨਨ ਹੀ ਅੰਦੋਲਨ ਵਿੱਚ ਆਈ ਖੜੋਤ ਨੂੰ ਤੋੜਿਆ ਜਾ ਸਕਦਾ ਹੈ। ਇੱਕ ਪਾਸੇ ਮਹਾਂਮਾਰੀ ਪ੍ਰਕੋਪ ਸਿਖਰਾਂ 'ਤੇ ਹੈ, ਲੋਕ ਧੜਾ ਧੜ ਦਮ ਤੋੜ ਰਹੇ ਹਨ, ਅੰਦੋਲਨ ਵਿੱਚ ਵੀ ਮੌਤਾਂ ਦੀ ਗਿਣਤੀ ਕਈ ਸੈਂਕੜੇ ਪਾਰ ਕਰ ਚੁੱਕੀ ਹੈ, ਉਸ ਮੌਕੇ ਵੀ ਸਰਕਾਰ ਵੱਲੋਂ ਅੰਦੋਲਨਕਾਰੀਆਂ ਨਾਲ ਗੱਲਬਾਤ ਕਰਨ ਦੀ ਕੋਈ ਲੋੜ ਨਾ ਸਮਝੇ ਜਾਣਾ ਦਰਸਾਉਂਦਾ ਹੈ ਕਿ ਸਰਕਾਰ ਦਾ ਅੜੀਅਲ ਰਵੱਈਆ ਜਿਉਂ ਦਾ ਤਿਉਂ ਬਰਕਰਾਰ ਹੈ। ਇਸ ਲਈ ਇਸ ਹੱਕੀ ਲੜਾਈ ਵਿਚ ਨਵੀਂ ਰੂਹ ਫੂਕਣ ਲਈ ਗਲਤੀਆਂ ਅਤੇ ਪ੍ਰਾਪਤੀਆਂ ਦਾ ਲੇਖਾ ਜੋਖਾ ਕਰਕੇ ਅੱਗੇ ਵਧਣਾ ਹੋਵੇਗਾ, ਫਿਰ ਆਗੂਆਂ ਵੱਲੋਂ ਕੇਂਦਰ ਸਰਕਾਰ ਨੂੰ ਗੱਲਬਾਤ ਕਰਨ ਲਈ ਚਿੱਠੀਆਂ ਲਿਖਣ ਦੀ ਲੋੜ ਨਹੀਂ ਪਵੇਗੀ ਅਤੇ ਕੇਂਦਰ ਨੂੰ ਝੁਕਣਾ ਪਵੇਗਾ।

## ਕਿਸਾਨ ਅੰਦੋਲਨ ਦੇ...

ਸੰਘਰਸ਼ੀ ਯੋਧਿਆਂ ਦੇ ਪਰਿਵਾਰ ਵੀ ਫ਼ਿਕਰਮੰਦ ਹਨ ਕਿਉਂਕਿ ਸਰਕਾਰ ਵੱਲੋਂ ਇਸ ਨੂੰ ਗੰਭੀਰਤਾ ਨਾਲ ਨਹੀਂ ਲਿਆ ਜਾ ਰਿਹਾ ਅਤੇ ਨਾ ਹੀ ਕੋਰੋਨਾ ਤੋਂ ਬਚਾ ਲਈ ਅੰਦੋਲਨ ਵਾਲੀਆਂ ਥਾਵਾਂ ਉੱਤੇ ਯੋਗ ਪ੍ਰਬੰਧ ਕੀਤੇ ਜਾ ਰਹੇ ਹਨ। ਪਹਿਲਾਂ ਹੀ ਵੱਖ ਵੱਖ ਹਾਦਸਿਆਂ ਸਮੇਤ ਹੁਣ ਤਕ 450 ਤੋਂ ਵੱਧ ਕਿਸਾਨ ਸ਼ਹੀਦ ਹੋ ਚੁੱਕੇ ਹਨ। ਪਰ ਪਿਛਲੇ ਚਾਰ ਮਹੀਨੇ ਤੋਂ ਸਰਕਾਰ ਵੱਲੋਂ ਇਸ ਸੰਘਰਸ਼ ਨੂੰ ਜਾਣਬੁੱਝ ਕੇ ਨਜ਼ਰਅੰਦਾਜ਼ ਕੀਤਾ ਜਾ ਰਿਹਾ ਹੈ। ਕਿਸਾਨ ਆਗੂਆਂ ਨਾਲ ਗੱਲਬਾਤ ਬਿਲਕੁਲ ਬੰਦ ਕੀਤੀ ਹੋਈ ਹੈ। ਸਰਕਾਰ ਦਾ ਅੜੀਅਲ ਰਵਈਆ ਦਰਸਾਉਂਦਾ ਹੈ ਕਿ ਸਰਕਾਰ ਕਿੰਨੀ ਅਣਮਨੁੱਖੀ ਅਤੇ ਲਾਪਰਵਾਹੀ ਵਾਲੀ ਹੈ, ਜੋ ਕਿਸਾਨਾਂ ਦੀਆਂ ਮੰਗਾਂ ਮੰਨਣ ਦੀ ਬਜਾਏ ਕਰੋਨਾ ਦੀ ਆੜ ਵਿੱਚ ਸੰਘਰਸ਼ ਖਤਮ ਕਰਨ ਨੂੰ ਤਰਜੀਹ ਦੇ ਰਹੀ ਹੈ। ਪਰ ਕਿਸਾਨਾਂ ਵੱਲੋਂ 26 ਮਈ ਨੂੰ ਸੰਘਰਸ਼ ਦੇ ਛੇ ਮਹੀਨੇ ਪੂਰੇ ਹੋਣ 'ਤੇ ਪੂਰੇ ਦੇਸ਼ ਵਿੱਚ ਕਾਲੇ ਝੰਡੇ ਲਹਿਰਾ ਕੇ ਵਿਰੋਧ ਪ੍ਰਦਰਸ਼ਨ ਕਰਨ ਦਾ ਸੱਦਾ ਦਿੱਤਾ ਗਿਆ ਹੈ, ਜਿਸ ਤਹਿਤ ਘਰਾਂ, ਗੱਡੀਆਂ, ਕੰਮਕਾਜੀ ਥਾਂਵਾਂ ਅਤੇ ਸੰਘਰਸ਼ ਵਾਲੇ ਸਥਾਨਾਂ ਉੱਤੇ ਕਾਲੇ ਝੰਡੇ ਲਹਿਰਾ ਕੇ ਵਿਰੋਧ ਕੀਤਾ ਜਾਵੇਗਾ। ਇਸੇ ਦਿਨ ਮੋਦੀ ਸਰਕਾਰ ਦੇ 7 ਸਾਲ ਪੂਰੇ ਹੋਣ 'ਤੇ ਇਸਦੇ ਪੁਤਲੇ ਫੂਕੇ ਜਾਣ ਦਾ ਸੱਦਾ ਵੀ ਦਿੱਤਾ ਗਿਆ ਹੈ। ਆਓ ਕਿਸਾਨ ਭਰਾਵਾਂ ਨਾਲ ਇਕਮੁੱਠਤਾ ਪ੍ਰਗਟ ਕਰਦਿਆਂ ਇਸ ਇਤਿਹਾਸਕ ਅੰਦੋਲਨ ਦਾ ਹਿੱਸਾ ਬਣ ਕੇ ਆਪਣਾ ਫਰਜ਼ ਨਿਭਾਈਏ।

## ਹਰ ਰਿਸ਼ਤੇ ਦੀ ਬੁਨਿਆਦ...

ਰਿਸ਼ਤਿਆਂ ਨੂੰ ਬਚਾ ਕੇ ਰੱਖੋ ਬਿਲਕੁਲ ਉਵੇਂ ਹੀ ਜਿਵੇਂ ਕੱਚ ਦੇ ਸਮਾਨ ਨੂੰ ਸੰਭਾਲ ਸੰਭਾਲ ਰੱਖੀਦਾ ਹੈ। ਵਿਸ਼ਵਾਸ ਰਿਸ਼ਤਿਆਂ ਦੀ ਬੁਨਿਆਦ ਹੈ, ਇੱਕ ਵਾਰ ਟੁੱਟਣ ਤੇ ਮੁੜ ਜੁੜਦਾ ਨਹੀਂ ਹੈ, ਕਦੇ ਅਜਿਹਾ ਕੰਮ ਨਾ ਕਰੋ ਜਿਸ ਨਾਲ ਆਪਣਿਆਂ ਤੋਂ ਦੂਰ ਹੋਣਾ ਪਵੇ। ਸਦਾ ਸਪੱਸ਼ਟ, ਵਫ਼ਾਦਾਰ, ਇਮਾਨਦਾਰ ਅਤੇ ਪਾਰਦਰਸ਼ੀ ਰਹੋ, ਜੇ ਇਹ ਗੁਣ ਆਪ ਅਪਣਾਓਗੇ ਤਾਂ ਯਕੀਨ ਮੰਨਣਾ ਤੁਸੀਂ ਕਦੇ ਵਿਸ਼ਵਾਸ਼ਘਾਤੀਆਂ ਦੀ ਕਤਾਰ ਵਿੱਚ ਖੜੇ ਨਹੀਂ ਹੋਵੋਗੇ।

## ਕਿਸਾਨ ਅੰਦੋਲਨ ਦੇ ਛੇ...

ਨਾਂ 'ਤੇ ਅਖੌਤੀ ਸਥਾਨਕ ਵਿਅਕਤੀਆਂ ਵਲੋਂ ਕਿਸਾਨਾਂ ਦਾ ਹਿੰਸਕ ਵਿਰੋਧ ਆਦਿ।

ਸਰਕਾਰ ਸਮਰਥਕ ਬਿਜਲਈ ਮੀਡੀਆ ਨੇ ਵੀ ਦਿੱਲੀ ਦੀਆਂ ਸਰਹੱਦਾਂ 'ਤੇ ਧਰਨਾ ਦੇ ਰਹੇ ਕਿਸਾਨਾਂ ਨੂੰ ਖਾਲਿਸਤਾਨੀ, ਦੇਸ਼ਧ੍ਰੋਹੀ, ਨਕਸਲਵਾਦੀ ਆਦਿ ਕੀ ਕੁਝ ਕਹਿ ਕੇ ਬਦਨਾਮ ਕਰਨ ਦੀ ਕੋਸ਼ਿਸ਼ ਕੀਤੀ। ਪਰ ਕਿਸਾਨਾਂ ਦੇ ਧਰਨੇ ਅਤੇ ਮਨੋਬਲ ਨੂੰ ਜਦੋਂ ਦਿੱਲੀ ਦੀ ਕੜਕਦੀ ਸਰਦੀ, ਮੀਂਹ ਅਤੇ ਕੋਵਿਡ ਦੀ ਭਿਆਨਕ ਦੂਜੀ ਲਹਿਰ ਨਾ ਤੋੜ ਸਕੀ, ਤਾਂ ਇਨਾਂ ਸਰਕਾਰੀ ਅਤੇ ਬਿਜਲਈ ਮੀਡੀਆ ਦੀਆਂ ਕੋਸ਼ਿਸ਼ਾਂ ਦਾ ਅਸਫਲ ਰਹਿਣਾ ਸੁਭਾਵਿਕ ਸੀ। ਇਸ ਲਈ ਸੰਸਾਰ ਦਾ ਸਭ ਤੋਂ ਵੱਡਾ ਅਤੇ ਲੰਬਾ ਚੱਲਣ ਵਾਲਾ ਸ਼ਾਂਤੀਪੂਰਵਕ ਧਰਨਾ ਦਿੱਲੀ ਦੀਆਂ ਸਰਹੱਦਾਂ 'ਤੇ ਹੀ ਨਹੀਂ ਸਗੋਂ ਹੋਰਾਂ ਥਾਵਾਂ'ਤੇ ਵੀ ਨਵੇਂ ਉਤਸ਼ਾਹ ਅਤੇ ਜੋਸ਼ ਨਾਲ ਜਾਰੀ ਹੈ। ਮਸਲਨ ਹਿਸਾਰ-ਚੰਡੀਗੜ੍ਹ ਰਾਸ਼ਟਰੀ ਰਾਜ ਮਾਰਗ ਦੇ ਟੋਲ ਪਲਾਜ਼ਾ 'ਤੇ 24 ਸਾਲਾ ਰੀਮਨ ਨੈਨ ਦੀ ਅਗਵਾਈ ਵਿਚ 58 ਪਿੰਡਾਂ ਦੀਆਂ ਔਰਤਾਂ ਧਰਨੇ ਦੇ ਰਹੀਆਂ ਹਨ। ਕੁਰੂਕਸ਼ੇਤਰ ਯੂਨੀਵਰਸਿਟੀ ਤੋਂ ਹਿੰਦੀ ਸਾਹਿਤ ਵਿਚ ਪੋਸਟ ਗ੍ਰੈਜੂਏਸ਼ਨ ਕਰ ਰਹੀ ਨੈਨ 'ਤੇ ਹਰਿਆਣਾ ਪੁਲਿਸ ਨੇ ਹੱਤਿਆ ਕਰਨ ਦੀ ਕੋਸ਼ਿਸ਼ (ਧਾਰਾ 307) ਸਣੇ ਆਈ.ਪੀ.ਸੀ. ਦੀਆਂ 11 ਧਾਰਾਵਾਂ ਤਹਿਤ ਮੁਕੱਦਮਾ ਦਰਜ ਕੀਤਾ ਹੈ। ਪਰ ਫਿਰ ਵੀ ਉਹ ਆਪਣੀਆਂ ਕਵਿਤਾਵਾਂ ਅਤੇ ਭਾਸ਼ਣਾਂ ਨਾਲ ਔਰਤਾਂ ਦਾ ਮਨੋਬਲ ਵਧਾਉਣ ਵਿਚ ਲੱਗੀ ਹੋਈ ਹੈ।

ਕਿਸਾਨ ਅੰਦੋਲਨ ਦੇ ਨਿਰਣਾਇਕ ਦੌਰ ਵਿਚ ਪਹੁੰਚਣ ਦੀ ਦੂਜੀ ਵਜ੍ਹਾ ਇਹ ਹੈ ਕਿ ਹੁਣ ਇਸ ਅੰਦੋਲਨ ਦੀ ਗੂੰਜ ਨੂੰ ਦੇਸ਼ ਭਰ ਵਿਚ ਸੁਣਿਆ ਜਾ ਰਿਹਾ ਹੈ। ਮਸਲਨ, ਕਰਨਾਟਕ ਵਿਚ ਕਿਸਾਨਾਂ ਨੂੰ ਆਪਣੇ ਟਮਾਟਰ ਸੜਕਾਂ 'ਤੇ ਸੁੱਟਣੇ ਪੈਂਦੇ ਹਨ ਕਿ ਉਹ ਕੋਲਾਰ (ਏਸ਼ੀਆ ਦੀ ਦੂਜੀ ਸਭ ਤੋਂ ਵੱਡੀ ਟਮਾਟਰ ਮੰਡੀ) ਵਿਚ ਵੀ ਵਿਕ ਨਹੀਂ ਸਕੇ ਤਾਂ ਉਹ ਸੰਯੁਕਤ ਕਿਸਾਨ ਮੋਰਚੇ ਵਲੋਂ ਚੁੱਕੇ ਸਵਾਲਾਂ ਦੀ ਪ੍ਰਸੰਗਿਕਤਾ ਨੂੰ ਮਹਿਸੂਸ ਕਰਨ ਲੱਗੇ ਹਨ। 22 ਮਈ, 2021 ਨੂੰ ਕਿਸਾਨਾਂ ਨੇ ਲਗਭਗ ਹਜ਼ਾਰ ਟਨ ਟਮਾਟਰ ਸੜਕਾਂ 'ਤੇ ਸੁੱਟੇ। ਤੀਜਾ ਕਾਰਨ ਰਾਜਸੀ ਹੈ। ਕੋਵਿਡ ਦੀ ਦੂਜੀ ਲਹਿਰ ਵਿਚ ਸਪੱਸ਼ਟ ਪ੍ਰਸ਼ਾਸਨਿਕ ਕੁਪ੍ਰਬੰਧਨ, ਲਾਗ ਅਤੇ ਮੌਤਾਂ ਦੀ ਵਧਦੀ ਗਿਣਤੀ, ਆਕਸੀਜਨ, ਦਵਾਈਆਂ, ਬਿਸਤਰਿਆਂ ਅਤੇ ਵੈਕਸੀਨ ਦੀ ਕਮੀ ਨੇ ਸਰਕਾਰ 'ਤੇ ਦਬਾਅ ਵਧਾਇਆ ਹੈ।

ਪੱਛਮੀ ਬੰਗਾਲ ਵਿਧਾਨ ਸਭਾ ਚੋਣਾਂ ਵਿਚ ਸਭ ਕੁਝ ਦਾਅ 'ਤੇ ਲੱਗਣ ਦੇ ਬਾਵਜੂਦ ਕਰਾਰੀ ਹਾਰ ਅਤੇ ਉੱਤਰ ਪ੍ਰਦੇਸ਼ ਅਤੇ ਕਰਨਾਟਕ ਦੀਆਂ ਪੰਚਾਇਤੀ ਚੋਣਾਂ ਵਿਚ ਜ਼ਬਰਦਸਤ ਹਾਰ ਤੋਂ ਬਾਅਦ ਭਾਜਪਾ ਨੂੰ ਇਹ ਅਹਿਸਾਸ ਤਾਂ ਸ਼ਾਇਦ ਹੋ ਗਿਆ ਹੋਵੇਗਾ ਕਿ ਕਿਸਾਨਾਂ ਨਾਲ ਨਾਰਾਜ਼ਗੀ ਉਸ ਨੂੰ ਮਹਿੰਗੀ ਪੈ ਸਕਦੀ ਹੈ। ਖ਼ਾਸ ਤੌਰ 'ਤੇ ਇਸ ਗੱਲ ਨੂੰ ਧਿਆਨ ਵਿਚ ਰੱਖਦਿਆਂ ਕਿ 2022 ਵਿਚ ਉੱਤਰ ਪ੍ਰਦੇਸ਼ ਵਿਧਾਨ ਸਭਾ ਦੀ ਚੋਣਾਂ ਹੋਣੀਆਂ ਹਨ। ਅੱਜ ਹਰ ਜਗਾ ਭਾਜਪਾ ਦੇ ਆਗੂਆਂ ਨੂੰ ਜਨਤਾ ਦੇ ਗੁੱਸੇ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਲਈ ਭਾਜਪਾ ਲੀਡਰਸ਼ਿਪ ਨੇ ਆਪਣੇ ਆਗੂਆਂ ਨੂੰ ਕਿਹਾ ਹੈ ਕਿ ਉਹ ਬਾਹਰ ਨਿਕਲ ਕੇ ਜਨਤਾ ਪ੍ਰਤੀ ਜ਼ਿਆਦਾ 'ਹਮਦਰਦੀ' ਪ੍ਰਗਟ ਕਰਨ। ਜੇਕਰ ਭਾਜਪਾ ਨੇ 2022 ਵਿਚ ਉੱਤਰ ਪ੍ਰਦੇਸ਼ ਵਿਧਾਨ ਸਭਾ ਚੋਣਾਂ ਵਿਚ ਬਹੁਮਤ ਹਾਸਲ ਨਾ ਕੀਤਾ ਤਾਂ ਉਹ ਮੋਦੀ ਦੇ ਦੂਜੇ ਕਾਰਜਕਾਲ ਵਿਚ ਵੀ ਰਾਜ ਸਭਾ ਵਿਚ ਬਹੁਮਤ ਹਾਸਲ ਨਹੀਂ ਕਰ ਸਕੇਗੀ। ਰਾਜ ਸਭਾ ਵਿਚ ਉਸ ਦੇ 93 ਮੈਂਬਰ ਹਨ ਭਾਵ ਬਹੁਮਤ ਨਾਲੋਂ 30 ਘੱਟ।

ਜ਼ਾਹਰ ਹੈ ਕਿ ਕਿਸਾਨਾਂ ਨੂੰ ਨਾਰਾਜ਼ ਰੱਖ ਕੇ ਉੱਤਰ ਪ੍ਰਦੇਸ਼ ਵਿਚ ਜਿੱਤ ਹਾਸਲ ਕਰਨਾ ਔਖਾ ਹੈ। ਇਸ ਲਈ ਕਿਸਾਨ ਅੰਦੋਲਨ 'ਤੇ ਛੇਤੀ ਕੋਈ ਨਿਰਣਾ ਲੈਣਾ ਜ਼ਰੂਰੀ ਹੈ ਅਤੇ ਇਹ ਰਾਜਸੀ ਮਜਬੂਰੀ ਹੈ ਕਿਉਂਕਿ ਕਿਸਾਨ ਆਪਣੀਆਂ ਮੰਗਾਂ ਤੋਂ ਪਿੱਛੇ ਹਟਣ ਦਾ ਸੰਕੇਤ ਨਹੀਂ ਦੇ ਰਹੇ ਹਨ ਅਤੇ ਖੇਤੀ ਕਾਨੂੰਨਾਂ ਨੂੰ 'ਵੱਕਾਰ ਦਾ ਸਵਾਲ' ਬਣਾ ਚੁੱਕੀ ਸਰਕਾਰ ਵੀ ਸ਼ਾਇਦ ਝੁਕਣਾ ਪਸੰਦ ਨਹੀਂ ਕਰੇਗੀ,

ਅੰਦੋਲਨ ਪੰਜਾਬ, ਹਰਿਆਣਾ ਅਤੇ ਉੱਤਰ ਪ੍ਰਦੇਸ਼ ਵਿਚ ਸਿਆਸਤ ਨੂੰ ਬਹੁਤ ਤੇਜ਼ੀ ਨਾਲ ਪ੍ਰਭਾਵਿਤ ਕਰ ਰਿਹਾ ਹੈ। ਦਰਜਨ ਤੋਂ ਜ਼ਿਆਦਾ ਸਿਆਸੀ ਪਾਰਟੀਆਂ ਨੇ ਅੰਦੋਲਨ ਦੀ ਹਮਾਇਤ ਕੀਤੀ ਹੈ। ਇਸੇ ਦੌਰਾਨ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਨੇ ਦਿੱਲੀ, ਉੱਤਰ ਪ੍ਰਦੇਸ਼ ਅਤੇ ਹਰਿਆਣਾ ਦੀਆਂ ਸਰਕਾਰਾਂ ਨੂੰ ਨੋਟਿਸ ਦਿੱਤਾ ਹੈ ਕਿ ਕਿਸਾਨ ਅੰਦੋਲਨ ਵਿਚ ਵੱਖ ਵੱਖ ਥਾਵਾਂ 'ਤੇ ਕੋਵਿਡ-19 ਦੀ ਮਹਾਂਮਾਰੀ ਨੂੰ ਰੋਕਣ ਵਾਲੇ ਅਸੂਲਾਂ ਦਾ ਖ਼ਿਆਲ ਨਹੀਂ ਰੱਖਿਆ ਜਾ ਰਿਹਾ ਅਤੇ ਇਸ ਕਾਰਨ ਇਹ ਬਿਮਾਰੀ ਅੰਦੋਲਨ ਕਰ ਰਹੇ ਕਿਸਾਨਾਂ ਅਤੇ ਪਿੰਡਾਂ ਵਿਚ ਫੈਲ ਸਕਦੀ ਹੈ। ਕਮਿਸ਼ਨ ਨੇ ਸਰਕਾਰਾਂ ਨੂੰ ਚਾਰ ਹਫ਼ਤਿਆਂ ਵਿਚ ਇਹ ਰਿਪੋਰਟ ਦੇਣ ਲਈ ਕਿਹਾ ਹੈ ਕਿ ਉਨ੍ਹਾਂ ਨੇ ਇਨ੍ਹਾਂ ਥਾਵਾਂ 'ਤੇ ਕੋਵਿਡ-19 'ਤੇ ਕਾਬੂ ਪਾਉਣ ਲਈ ਕੀ ਕਾਰਵਾਈ ਕੀਤੀ ਹੈ। ਜਨਵਰੀ ਵਿਚ ਸੁਪਰੀਮ ਕੋਰਟ ਨੇ ਅੰਦੋਲਨ ਦਾ ਨੋਟਿਸ ਲੈਂਦਿਆਂ ਕਿਸਾਨਾਂ ਦੇ ਸ਼ਾਂਤਮਈ ਢੰਗ ਨਾਲ ਵਿਰੋਧ ਪ੍ਰਗਟ ਕਰਨ ਦੇ ਹੱਕ ਨੂੰ ਸਵੀਕਾਰ ਕੀਤਾ ਸੀ। ਕਿਸਾਨ ਅੰਦੋਲਨ ਦਾ ਮਾਮਲਾ ਕੇਂਦਰ ਸਰਕਾਰ ਅਤੇ ਕਿਸਾਨ ਜਥੇਬੰਦੀਆਂ ਵਿਚ ਗੱਲਬਾਤ ਰਾਹੀਂ ਸੁਲਝਾਇਆ ਜਾ ਸਕਦਾ ਹੈ। ਇਸ ਲਈ ਸਵਾਲ ਉੱਠਦਾ ਹੈ ਕਿ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਨੇ ਕੇਂਦਰ ਸਰਕਾਰ ਨੂੰ ਕਿਸਾਨਾਂ ਦੀਆਂ ਮੰਗਾਂ ਸਵੀਕਾਰ ਕਰਨ ਜਾਂ ਕਿਸਾਨ ਜਥੇਬੰਦੀਆਂ ਨਾਲ ਗੱਲਬਾਤ ਸ਼ੁਰੂ ਕਰਨ ਲਈ ਕਿਉਂ ਨਹੀਂ ਕਿਹਾ। ਕਿਸਾਨ ਆਗੂਆਂ ਦਾ ਕਹਿਣਾ ਹੈ ਕਿ ਜਦ ਖੇਤੀ ਕਾਨੂੰਨ ਕਿਸਾਨਾਂ ਦੇ ਹੱਕਾਂ 'ਤੇ ਸਿੱਧਾ ਹਮਲਾ ਕਰਨ ਵਾਲੇ ਹਨ ਤਾਂ ਮਨੁੱਖੀ ਅਧਿਕਾਰ ਕਮਿਸ਼ਨ ਨੂੰ ਕਿਸਾਨਾਂ ਦੇ ਹੱਕ ਵਿਚ ਰਾਏ ਦੇਣੀ ਚਾਹੀਦੀ ਹੈ। ਕਮਿਸ਼ਨ ਦਾ ਕੰਮ ਲੋਕਾਂ ਦੇ ਹੱਕਾਂ ਦੀ ਰੱਖਿਆ ਕਰਨਾ ਅਤੇ ਉਨ੍ਹਾਂ ਨੂੰ ਨਿਆਂ ਦਿਵਾਉਣਾ ਹੈ। ਸੰਵਿਧਾਨਕ ਸੰਸਥਾਵਾਂ ਨੂੰ ਸਮਤੋਲ ਕਾਇਮ ਰੱਖਦਿਆਂ ਕੇਂਦਰ ਸਰਕਾਰ ਨੂੰ ਕਿਸਾਨ ਜਥੇਬੰਦੀਆਂ ਨਾਲ ਗੱਲਬਾਤ ਕਰਨ ਲਈ ਕਹਿਣਾ ਚਾਹੀਦਾ ਹੈ।

**ਟਿਕੈਤ ਅਤੇ ਪੁਲਿਸ ਦਰਮਿਆਨ ਧੱਕਾ-ਮੁੱਕੀ**

ਪੁਲਿਸ ਵੱਲੋਂ ਕਿਸਾਨਾਂ ਨੂੰ ਕੋਵਿਡ-19 ਦਾ ਹਵਾਲਾ ਦੇ ਕੇ ਪੁਤਲਾ ਫੂਕਣ ਤੋਂ ਵਰਜਿਆ ਜਾ ਰਿਹਾ ਸੀ ਪਰ ਕਿਸਾਨਾਂ ਨੇ ਪੁਤਲਾ ਫੂਕਣ ਦੇ ਨਾਲ ਨਾਲ ਕਾਲੇ ਝੰਡੇ ਲੈ ਕੇ ਮਾਰਚ ਵੀ ਕੱਢਿਆ। ਟਿਕੈਤ ਨੇ ਆਪਣੇ ਸੰਬੋਧਨ 'ਚ ਭਗਵਾਨ ਬੁੱਧ ਦੇ ਜੀਵਨ 'ਤੇ ਚਾਨਣਾ ਪਾਇਆ ਅਤੇ ਬੁੱਧ ਦੇ ਕਰਮ ਦੇ ਸਿਧਾਂਤ ਨੂੰ ਮੰਨਦੇ ਹੋਏ ਅੰਦੋਲਨ ਨੂੰ ਸ਼ਾਂਤੀ ਨਾਲ ਅੱਗੇ ਵਧਾਉਣ ਦਾ ਅਹਿਦ ਲਿਆ। ਉਨ੍ਹਾਂ ਕਿਹਾ ਕਿ ਕਿਸਾਨ ਕੇਂਦਰੀ ਖੇਤੀ ਕਾਨੂੰਨ ਰੱਦ ਹੋਣ ਤੱਕ ਵਿਰੋਧ ਪ੍ਰਦਰਸ਼ਨ ਜਾਰੀ ਰੱਖਣਗੇ। ਟਿਕੈਤ ਨੇ ਕਿਹਾ ਕਿ ਉਨ੍ਹਾਂ ਕੌਮੀ ਤਿਰੰਗੇ ਝੰਡੇ ਨਾਲ ਵਿਰੋਧ ਪ੍ਰਦਰਸ਼ਨ ਦੀ ਯੋਜਨਾ ਬਣਾਈ ਸੀ ਪਰ ਫਿਰ ਅਧਿਕਾਰੀਆਂ ਦੇ ਇਤਰਾਜ਼ ਕਰਕੇ ਉਨ੍ਹਾਂ ਕਾਲੇ ਝੰਡੇ ਫਹਿਰਾਉਣ ਦਾ ਫੈਸਲਾ ਕੀਤਾ। ਭਾਰਤੀ ਕਿਸਾਨ ਯੂਨੀਅਨ ਆਗੂ ਰਾਕੇਸ਼ ਟਿਕੈਤ ਨੇ ਕਿਹਾ ਕਿ ਜੇਕਰ ਕੋਵਿਡ ਮਹਾਮਾਰੀ ਦੌਰਾਨ ਕਾਨੂੰਨ ਬਣਾਏ ਜਾ ਸਕਦੇ ਹਨ ਤਾਂ ਉਨ੍ਹਾਂ ਨੂੰ ਇਸ ਸਮੇਂ ਦੌਰਾਨ ਵਾਪਸ ਕਿਉਂ ਨਹੀਂ ਲਿਆ ਜਾ ਸਕਦਾ ਹੈ। ਕਾਲੀ ਦਸਤਾਰ 'ਚ ਸਜੇ ਟਿਕੈਤ ਨੇ ਕਿਹਾ ਕਿ ਸਰਕਾਰ ਅੰਦੋਲਨ ਨੂੰ ਢਾਹ ਲਾਉਣ ਦੀ ਕੋਸ਼ਿਸ਼ ਕਰ ਰਹੀ ਹੈ ਪਰ ਕਿਸਾਨ ਕਾਨੂੰਨ ਰੱਦ ਕਰਵਾਏ ਅਤੇ ਮੰਗਾਂ ਮੰਨੇ ਜਾਣ ਤੱਕ ਘਰਾਂ ਨੂੰ ਵਾਪਸ ਨਹੀਂ ਜਾਣਗੇ। ਉਨ੍ਹਾਂ ਕਿਹਾ ਕਿ ਜੇਕਰ ਅੰਦੋਲਨ ਨਾਕਾਮ ਹੋਇਆ ਤਾਂ ਫਿਰ ਸਰਕਾਰ ਆਪਣੀ ਮਨਮਾਨੀ ਕਰਨ ਲੱਗ ਪਵੇਗੀ।

## ਸੈਂਟ੍ਰਲ ਵਿਸਟਾ ਪ੍ਰੋਜੈਕਟ...

ਜਿਸ ਕਰਕੇ ਉਸ ਦੀ ਸੁਰੱਖਿਆ ਮੁਸ਼ਕਲ ਕਾਰਜ ਹੈ। ਇਸ ਦੇ ਨਾਲ ਹੀ ਬਹਿਤਰ ਢਾਂਚੇ ਦੀ ਵੀ ਜ਼ਰੂਰਤ ਹੈ, ਜਿਸ ਦੀ ਦੇਖਭਾਲ ਸੌਖੀ ਅਤੇ ਕਿਫ਼ਾਇਤੀ ਹੋਵੇ।'

ਉਨ੍ਹਾਂ ਮੁਤਾਬਕ 'ਘਰ ਅਤੇ ਦਫ਼ਤਰ ਦੀ ਦੂਰੀ ਘੱਟ ਹੋ ਜਾਵੇਗੀ ਅਤੇ ਜਦੋਂ ਪੀਐਮ ਦਫ਼ਤਰ ਲਈ ਨਿਕਲਣ ਤਾਂ ਸੜਕ ਬੰਦ ਕਰਨ ਦੀ ਨੌਬਤ ਨਹੀਂ ਆਵੇਗੀ, ਕਿਉਂਕਿ ਅਜੇ ਤੱਕ ਇਸ ਦੇ ਕਾਰਨ ਸ਼ਹਿਰ ਦੀ ਆਵਾਜਾਈ 'ਤੇ ਬੁਰਾ ਪ੍ਰਭਾਵ ਪੈ ਰਿਹਾ ਹੈ।'

ਪਰ ਰਾਜਨੀਤਕ ਮਾਹਿਰ ਮੋਹਨ ਗੁਰੁਸਵਾਮੀ ਦਾ ਵਿਚਾਰ ਕੁਝ ਵੱਖਰਾ ਹੈ। ਉਨ੍ਹਾਂ ਦਾ ਕਹਿਣਾ ਹੈ, 'ਹਰ ਫ਼ੈਸਲਾ ਪੀਐਮ ਦੀ ਰਿਹਾਇਸ਼ ਵਿਚ ਹੀ ਹੁੰਦਾ ਹੈ। ਉਨ੍ਹਾਂ ਕੋਲ 100 ਤੋਂ ਵੀ ਵੱਧ ਸਟਾਫ਼ ਹੈ, ਜੋ ਕਿ ਹਰ ਦਿਨ 300 ਤੋਂ ਵੀ ਵੱਧ ਫਾਈਲਾਂ ਵੇਖਦੇ ਹਨ। ਉਨ੍ਹਾਂ ਨੇ ਸੱਤਾ ਦਾ ਕੇਂਦਰ ਆਪਣੇ ਹੱਥਾਂ ਵਿਚ ਰੱਖਿਆ ਹੈ।'

'ਉਹ ਪ੍ਰੈਜ਼ੀਡੈਂਸ਼ੀਅਲ ਸਰਕਾਰ ਚਲਾਉਣਾ ਚਾਹੁੰਦੇ ਹਨ, ਇਸ ਲਈ ਹੀ ਉਨ੍ਹਾਂ ਨੂੰ ਵੱਡੀ ਇਮਾਰਤ ਚਾਹੀਦੀ ਹੈ, ਜਿਵੇਂ ਕਿ ਵਾਈਟ ਹਾਊਸ ਜਾਂ ਕ੍ਰੇਮਲਿਨ।'

'ਭਾਰਤੀ ਪ੍ਰਧਾਨ ਮੰਤਰੀ ਹਮੇਸ਼ਾ ਤੋਂ ਹੀ ਪਿਛਲੀਆਂ ਇਮਾਰਤਾਂ ਵਿਚ ਰਹਿੰਦੇ ਆਏ ਹਨ ਪਰ ਹੁਣ ਇਸ ਘਰ ਦੀ ਮਦਦ ਨਾਲ ਮੋਦੀ ਖ਼ੁਦ ਨੂੰ ਦਿੱਲੀ ਦੇ ਪਾਵਰ ਕੌਰੀਡੋਰ (ਗਲੀਆਰੇ) ਦੇ ਕੇਂਦਰ ਵਿਚ ਲਿਆਉਣਾ ਚਾਹੁੰਦੇ ਹਨ। ਪਰ ਸੱਤਾ ਦਾ ਬਦਲਾਵ ਵਿਖਣਾ ਵੀ ਚਾਹੀਦਾ ਹੈ।ਉਹ ਸਿਰਫ ਇੱਕ ਨਵਾਂ ਘਰ ਹੀ ਨਹੀਂ ਬਣਾ ਰਹੇ ਹਨ, ਸਗੋਂ ਸਰਕਾਰੀ ਸੰਸਥਾਵਾਂ/ਅਦਾਰਿਆਂ ਵਿਚ ਵੀ ਬਦਲਾਅ ਕਰ ਰਹੇ ਹਨ। ਢਾਂਚੇ 'ਚ ਕੀਤੇ ਬਦਲਾਅ ਦੇ ਨਾਲ ਸੱਤਾ ਦੀ ਤਾਕਤ ਦਾ ਰੂਪ ਵੀ ਬਦਲ ਜਾਂਦਾ ਹੈ।'

ਰਾਜਪਥ ਦਿੱਲੀ ਦਾ ਉਹ ਇਲਾਕਾ ਹੈ, ਜੋ ਕਿ ਵਿਰੋਧ ਪ੍ਰਦਰਸ਼ਨ ਤੇ ਕੈਂਡਲ ਮਾਰਚ ਲਈ ਜਾਣਿਆ ਜਾਂਦਾ ਹੈ।

ਸਰਕਾਰ ਦਾ ਕਹਿਣਾ ਹੈ ਕਿ ਇਹ ਮਾਰਗ ਆਮ ਜਨਤਾ ਲਈ ਖੁੱਲਿਆ ਰਹੇਗਾ ਪਰ ਆਲੋਚਕਾਂ ਦਾ ਮੰਨਣਾ ਹੈ ਕਿ ਪ੍ਰਧਾਨ ਮੰਤਰੀ ਭਵਨ ਦੇ ਨਜ਼ਦੀਕ ਹੋਣ ਦੇ ਕਾਰਨ, ਇੱਥੇ ਵੱਡੀ ਗਿਣਤੀ ਵਿਚ ਲੋਕਾਂ ਦੇ ਇਕੱਠ ਨੂੰ ਰੋਕਿਆ ਜਾ ਸਕਦਾ ਹੈ।

ਇਤਿਹਾਸਕਾਰ ਨਾਰਾਇਣੀ ਗੁਪਤਾ ਦਾ ਕਹਿਣਾ ਹੈ, 'ਬਹੁ-ਮੰਜ਼ਿਲਾ ਦਫ਼ਤਰਾਂ ਦੀ ਇਮਾਰਤਾਂ ਸੰਸਕ੍ਰਿਤਕ ਕੇਂਦਰਾਂ ਦੀ ਜਗ੍ਹਾ ਲੈ ਲੈਣਗੀਆਂ, ਜਿਵੇਂ ਕਿ ਇੰਦਰਾ ਗਾਂਧੀ ਨੈਸ਼ਨਲ ਸੈਂਟਰ ਫ਼ਾਰ ਆਰਟ, ਨੈਸ਼ਨਲ ਮਿਊਜ਼ੀਅਮ ਫ਼ਾਰ ਮਾਡਰਨ ਆਰਟ, ਨੈਸ਼ਨਲ ਆਰਕਾਈਵਜ਼ ਇੰਡੀਆ ਗੇਟ ਨੂੰ ਢੱਕ ਲੈਣਗੇ।

ਇਹ ਲੋਕ ਬਹੁਤ ਹੀ ਦੁਰਲੱਭ ਹੱਥ ਲਿਖਤਾਂ ਅਤੇ ਹੋਰ ਨਾਜ਼ੁਕ ਚੀਜ਼ਾਂ ਨੂੰ ਹਟਾ ਕੇ ਅਸਥਾਈ ਥਾਵਾਂ 'ਤੇ ਰੱਖ ਰਹੇ ਹਨ। ਸਾਨੂੰ ਕਿਵੇਂ ਪਤਾ ਚੱਲੇਗਾ ਕਿ ਇਸ ਦੌਰਾਨ ਇਨ੍ਹਾਂ ਨੂੰ ਕੋਈ ਨੁਕਸਾਨ ਨਹੀਂ ਹੋਵੇਗਾ?

**ਸੰਸਦ ਦੀ ਇਮਾਰਤ ਕਰੀਬ 100 ਸਾਲ ਪੁਰਾਣੀ ਹੈ**

ਥਿੰਕ ਟੈਂਕ ਸੈਂਟਰ ਫ਼ਾਰ ਪਾਲਿਸੀ ਰਿਸਰਚ ਦੀ ਕਾਂਚੀ ਕੋਹਲੀ ਦਾ ਕਹਿਣਾ ਹੈ, 'ਦਿੱਲੀ ਨੂੰ ਇੱਕ ਖ਼ਾਸ ਉਦੇਸ਼ ਨਾਲ ਤਿਆਰ ਕੀਤਾ ਗਿਆ ਹੈ। ਸਰਕਾਰੀ ਜਾਂ ਕੋਈ ਅਰਧ ਸਰਕਾਰੀ ਅਥਾਰਟੀ ਇਸ ਵਿਚ ਕੋਈ ਵੀ ਤਬਦੀਲੀ ਨਹੀਂ ਕਰ ਸਕਦੀ ਹੈ। ਇਹ ਜ਼ਮੀਨ ਹਥਿਆਉਣ ਵਾਂਗਰ ਹੈ।'

**ਕੀ ਕਹਿਣਾ ਹੈ ਸਰਕਾਰ ਦਾ?**

ਸ਼ਹਿਰੀ ਵਿਕਾਸ ਮੰਤਰੀ ਹਰਦੀਪ ਸਿੰਘ ਪੁਰੀ ਨੇ ਇਸ ਪ੍ਰੋਜੈਕਟ ਦਾ ਸਮਰਥਨ ਕਰਦਿਆਂ ਅਜਿਹੀਆਂ ਆਲੋਚਨਾਵਾਂ ਨੂੰ ਖਾਰਜ ਕੀਤਾ ਹੈ, ਜਿਸ ਵਿਚ ਕਿਹਾ ਜਾ ਰਿਹਾ ਹੈ ਕਿ ਮਹਾਂਮਾਰੀ ਦੇ ਦੌਰ ਵਿਚ ਵੀ ਸਰਕਾਰ ਕਰੋੜਾਂ ਰੁਪਏ ਦੀ ਲਾਗਤ ਵਾਲੇ ਸੈਂਟਰਲ ਵਿਸਟਾ ਪ੍ਰੋਜੈਕਟ 'ਤੇ ਕੰਮ ਜਾਰੀ ਰੱਖ ਰਹੀ ਹੈ।

ਹਰਦੀਪ ਸਿੰਘ ਪੁਰੀ ਨੇ ਇਸ ਸਬੰਧ ਵਿਚ ਕਈ ਟਵੀਟ ਵੀ ਕੀਤੇ ਹਨ। ਇੱਕ ਟਵੀਟ ਵਿਚ ਉਨ੍ਹਾਂ ਲਿਖਿਆ ਹੈ, 'ਸਰਕਾਰ ਨੇ ਟੀਕਾਕਰਨ 'ਤੇ ਇਸ ਤੋਂ ਦੁਗਣਾ ਬਜਟ ਦਿੱਤਾ ਹੈ। ਲੋਕਾਂ ਨੂੰ ਸੈਂਟਰਲ ਵਿਸਟਾ ਪ੍ਰੋਜੈਕਟ 'ਤੇ ਚੱਲ ਰਹੇ ਕੰਮ ਦੀਆਂ ਜਾਅਲੀ ਤਸਵੀਰਾਂ ਅਤੇ ਅਫ਼ਵਾਹਾਂ 'ਤੇ ਭਰੋਸਾ ਨਹੀਂ ਕਰਨਾ ਚਾਹੀਦਾ ਹੈ।'

ਸੈਂਟਰਲ ਵਿਸਟਾ ਨੂੰ ਵਿਸ਼ਵ ਪੱਧਰੀ ਜਨਤਕ ਸਥਾਨ ਬਣਾਇਆ ਜਾ ਰਿਹਾ ਹੈ। ਆਉਣ ਵਾਲੇ ਸਮੇਂ ਵਿਚ ਇਹ ਅਜਿਹੀ ਚੀਜ਼ ਹੋਵੇਗੀ, ਜਿਸ 'ਤੇ ਹਰ ਭਾਰਤੀ ਨੂੰ ਮਾਣ ਮਹਿਸੂਸ ਹੋਵੇਗਾ।

ਇਕ ਸੀਨੀਅਰ ਆਈਏਐਸ ਅਧਿਕਾਰੀ ਨੇ ਨਾਂ ਗੁਪਤ ਰਖੇ ਜਾਣ ਦੀ ਸ਼ਰਤ 'ਤੇ ਕਿਹਾ, 'ਹਰਦੀਪ ਪੁਰੀ ਉਸ ਚੀਜ਼ ਦਾ ਬਚਾਅ ਕਰਨ ਦੀ ਪੁਰਜ਼ੋਰ ਕੋਸ਼ਿਸ਼ ਕਰ ਰਹੇ ਹਨ, ਜਿਸ ਦਾ ਬਚਾਅ ਕਰਨਾ ਮੁਸ਼ਕਲ ਹੈ। ਜਿਸ ਸਮੇਂ ਸਾਡੇ ਚਾਰੇ ਪਾਸੇ ਲੋਕ ਮਰ ਰਹੇ ਹੋਣ, ਅਜਿਹੀ ਸਥਿਤੀ ਵਿਚ ਇਮਾਰਤ ਖੜੀ ਕਰਨ ਦੀ ਕੀ ਜਲਦਬਾਜ਼ੀ ਹੈ?

## ਪੱਤਝੜ ਤੋਂ ਬਾਅਦ

'ਮੰਮੀ, ਮੈਂ ਇੱਕ ਜ਼ਰੂਰੀ ਗੱਲ ਕਰਨੀ ਸੀ ਤੁਹਾਡੇ ਨਾਲ...' ਏਨਾ ਕਹਿ ਉਹ ਚੁੱਪ ਕਰ ਗਿਆ।

'ਦੱਸ ਮੇਰਾ ਪੁੱਤ... ਪੈਸੇ ਤਾਂ ਨਹੀਂ ਚਾਹੀਦੇ ਹੋਰ...?' ਜਿਵੇਂ ਮਨਦੀਪ ਅੰਤਰਯਾਮੀ ਹੋਵੇ।

'ਨਹੀਂ ਮੰਮੀ... ਗੱਲ ਇਹ ਆ ਪਈ ਜਿਸ ਅਪਾਰਟਮੈਂਟ 'ਚ ਮੈਂ ਰਹਿਨਾ... ਉੱਥੇ ਇੱਕ ਕੁੜੀ ਆ ਪੰਜਾਬ ਤੋਂ... ਆਪਣੇ ਸ਼ਹਿਰ ਨੇੜਲੇ ਪਿੰਡ ਤੋਂ।' ਬਬਲੂ ਝਿਜਕ ਰਿਹਾ ਸੀ।

'ਤੈਨੂੰ ਪਸੰਦ ਆ...?' ਮਨਦੀਪ ਨੇ ਵਿੱਚੋਂ ਹੀ ਟੋਕਦਿਆਂ ਪੁੱਛਿਆ।

'ਨਹੀਂ ਮੰਮੀ... ਗੱਲ ਹੋਰ ਆ, ਤੁਸੀਂ ਨਰਾਜ਼ ਤਾਂ ਨਹੀਂ ਹੋਵੋਗੇ?'

'ਮੈਂ ਤਾਂ ਤੈਨੂੰ ਪਹਿਲਾਂ ਈ ਕਹਿ ਦਿੱਤਾ... ਪਈ ਜੇ ਤੈਨੂੰ ਪਸੰਦ ਹੈ ਤਾਂ ਮੈਨੂੰ ਕੋਈ ਇਤਰਾਜ਼ ਨਈਂ...।'

'ਓ ਹੋ ਮੰਮੀ, ਇਹ ਗੱਲ ਨਈਂ...।' ਬਬਲੂ ਫੇਰ ਸੰਗ ਗਿਆ।

'ਫੇਰ ਕਿਹੜੀ ਗੱਲ ਆ? ਦੱਸ ਤਾਂ ਸਹੀ... ਸੰਗਦਾ ਕਿਉਂ ਆਂ? ਮੇਰੀ ਤਾਂ ਪੁੱਤ ਸਾਰੀ ਜ਼ਿੰਦਗੀ ਤੇਰੇ ਲਈ ਆ...।' ਮਨਦੀਪ ਬੜੇ ਉਤਸ਼ਾਹ 'ਚ ਬੋਲੀ।

'ਮੰਮੀ, ਉਸ ਕੁੜੀ ਦਾ ਇੱਕ ਭਰਾ ਹੈ ਛੋਟਾ... ਪਾਪਾ ਨੇ, ਦਾਦੀ ਆ। ਉਸ ਦੇ ਮੰਮੀ ਦੀ ਪਿਛਲੇ ਸਾਲ ਡੈੱਥ ਹੋ ਗਈ ਸੀ ਕੈਂਸਰ ਨਾਲ। ਉਹ ਸਾਰੇ ਇੰਡੀਆ ਮੇਰਾ ਮਤਲਬ ਪੰਜਾਬ 'ਚ ਨੇ। ਮੈਂ ਚਾਹੁੰਦਾ ਸੀ ਕਿ ਤੁਸੀਂ ਵਿਆਹ ਕਰਾ ਲਵੋ, ਉਸ ਦੇ ਪਾਪਾ ਨਾਲ... ਪਲੀਜ਼...।' ਬਬਲੂ ਬੋਲ ਹੀ ਰਿਹਾ ਸੀ।

'ਤੇਰਾ ਦਿਮਾਗ ਠੀਕ ਹੈ? ਮੈਨੂੰ ਤਾਂ ਅੱਗੇ ਈ ਨੀ ਜੀਣ ਦਿੰਦੇ ਤੇਰੇ ਦਾਦਕੇ। ਉਹ ਤਾਂ ਆਪਣਾ ਘਰ ਮੱਲਣ ਨੂੰ ਫਿਰਦੇ ਆ...।' ਮਨਦੀਪ ਰੋ ਪਈ।

'ਮੰਮੀ ਦਫ਼ਾ ਕਰੋ ਉਸ ਘਰ ਨੂੰ... ਕਿਹੜੇ ਦਾਦਕਿਆਂ ਦੀ ਪ੍ਰਵਾਹ ਕਰਦੇ ਓ? ਜਿਹੜੇ ਤੁਹਾਨੂੰ ਦੋ ਸਾਲ ਰੋਟੀ ਨੀਂ ਦੇ ਸਕੇ...?' ਬਬਲੂ ਹਿਰਖ ਗਿਆ।

'ਓ ਬੇਟਾ... ਦੁਨੀਆਂ ਕੀ ਕਹੂ? ਮੈਂ ਤੇਰੇ ਪਿਉ ਦੀਆਂ ਯਾਦਾਂ ਸਹਾਰੇ ਕੱਢ ਲਊਂਗੀ ਦਿਨ... ਨਾਲੇ ਮੈਂ ਹੁਣ ਚਾਲ੍ਹੀਆਂ ਨੂੰ ਹੋ ਚੱਲੀ ਆਂ... ਤੇਰੀ ਮਾਮੀ ਤਾਂ ਅੱਗੇ ਨੀਂ ਟਿਕਣ ਦਿੰਦੀ।' ਮਨਦੀਪ ਦੁਨੀਆਂ ਤੋਂ ਡਰ ਰਹੀ ਸੀ।

ਬਬਲੂ ਮਾਂ ਨੂੰ ਸਮਝਾਉਣ ਲੱਗਾ, 'ਮੰਮੀ, ਏਥੇ ਤਾਂ ਲੋਕ ਚਾਲ੍ਹੀ ਤੋਂ ਬਾਅਦ ਸੋਚਦੇ ਵਿਆਹ ਲਈ...। ਬਾਕੀ ਤੁਸੀਂ ਉਸ ਬੰਦੇ ਦੀਆਂ ਯਾਦਾਂ ਸਹਾਰੇ ਜ਼ਿੰਦਗੀ ਕੱਟਣੀ ਚਾਹੁੰਦੇ ਹੋ ਜਿਸ ਨੇ ਤੁਹਾਨੂੰ ਇੱਕ ਦਿਨ ਸੁੱਖ ਦਾ ਨਹੀਂ ਦਿਖਾਇਆ... ਮਾਂ... ਮੈਂ ਤੁਹਾਡੀ ਜ਼ਿੰਦਗੀ 'ਚ ਵੀ ਬਹਾਰ ਦੇਖਣੀ ਚਾਹੁੰਦਾ ਹਾਂ... ਉਹ ਬਹਾਰ ਜੋ ਤੁਸੀਂ ਕਦੇ ਨਹੀਂ ਦੇਖੀ। ਉਮਰ ਦੀ ਚਿੰਤਾ ਨਾ ਕਰੋ, ਮੰਮੀ ਜੀ। ਬਹਾਰ ਉਮਰ ਦੀ ਮੁਥਾਜ ਨਹੀਂ ਹੁੰਦੀ। ਉਹ ਕਦੇ ਵੀ, ਕਿਤੇ ਵੀ, ਕਿਸੇ ਦੀ ਵੀ ਜ਼ਿੰਦਗੀ 'ਚ ਆ ਸਕਦੀ ਹੈ। ਮੈਂ ਤਾਂ ਏਨਾ ਜਾਣਦਾਂ ਪਈ ਪੱਤਝੜ ਤੋਂ ਬਾਅਦ ਬਸੰਤ ਜ਼ਰੂਰ ਆਉਂਦੀ।'

'ਪਰ ਬਸੰਤ ਆਉਣ ਲਈ ਕਿਸੇ ਖ਼ੁਸ਼ੀ ਦਾ ਹੋਣਾ ਵੀ ਜ਼ਰੂਰੀ ਐ ਬੇਟਾ।' ਮਨਦੀਪ ਨੇ ਜਿਵੇਂ ਬਿਨਾ ਸੋਚੇ ਹੀ ਕਹਿ ਦਿੱਤਾ।

'ਤੁਸੀਂ ਖ਼ੁਸ਼ੀ ਨਾਲ ਗੱਲ ਕਰਨੀ ਚਾਹੁੰਦੇ ਹੋ, ਮੰਮੀ? ਆਹ ਲਓ... ਗੱਲ ਕਰੋ।'

ਇੱਕ ਮਿੱਠੀ ਆਵਾਜ਼ ਉਸ ਦੇ ਕੰਨੀਂ ਪਈ, 'ਹੈਲੋ, ਮੈਂ ਖ਼ੁਸ਼ੀ ਬੋਲ ਰਹੀ ਹਾਂ... ਸਤਿ ਸ੍ਰੀ ਅਕਾਲ ਮੰਮੀ ਜੀ। ਮੰਮੀ ਜੀ ਮੈਂ ਤੇ ਬਬਲੂ ਵੀਰੇ ਨੇ ਪਾਪਾ ਨੂੰ ਤਾਂ ਮਨਾ ਲਿਆ ਹੈ। ਪਲੀਜ਼ ਮੰਮੀ... ਸਾਡੀ ਝੋਲੀ, ਸਾਡਾ ਘਰ, ਸਾਡਾ ਪਰਿਵਾਰ ਖ਼ੁਸ਼ੀਆਂ ਨਾਲ ਭਰ ਦੇਵੋ। ਬੋਲੋ... ਪਲੀਜ਼...ਗੱਲ ਤਾਂ ਕਰੋ... ਸ਼ਰਮਾਓ ਨਾ...। ਆਪਾਂ ਸਾਰੇ ਨਵੇਂ ਸਿਰੇ ਤੋਂ ਜ਼ਿੰਦਗੀ ਸ਼ੁਰੂ ਕਰਾਂਗੇ। ਪਲੀਜ਼।' ਖ਼ੁਸ਼ੀ ਵਾਸਤੇ ਪਾ ਰਹੀ ਸੀ।

ਮਨਦੀਪ ਦੀਆਂ ਅੱਖਾਂ ਹੰਝੂਆਂ ਨਾਲ ਭਰ ਗਈਆਂ। ਕੋਈ ਖ਼ੂਬਸੂਰਤ ਦੁਨੀਆਂ ਉਸ ਦੀਆਂ ਅੱਖਾਂ ਵਿੱਚ ਤੈਰਨ ਲੱਗੀ। ਉਸ ਦੇ ਸਰੀਰ ਵਿੱਚ ਕੋਈ ਨਵੀਂ ਊਰਜਾ ਪੈਦਾ ਹੋ ਰਹੀ ਸੀ।

'ਹਾਂ, ਹਾਂ ਬੱਚੀ ਮੈਂ ਬੋਲ ਰਹੀ ਹਾਂ... ਮੈਨੂੰ ਆਪਣੀ ਫੋਟੋ ਭੇਜ।' ਮਨਦੀਪ ਦੇ ਕਹਿਣ ਦੀ ਦੇਰ ਸੀ ਕਿ ਅਗਲੇ ਹੀ ਪਲ ਉਸ ਦੇ ਫੋਨ ਦੀ ਸਕਰੀਨ 'ਤੇ ਖ਼ੁਸ਼ੀ, ਉਸ ਦੇ ਭਰਾ, ਪਾਪਾ ਤੇ ਦਾਦੀ ਦੀਆਂ ਫੋਟੋਆਂ ਆਉਣ ਲੱਗੀਆਂ। ਮਨਦੀਪ ਨੇ ਬਬਲੂ ਤੇ ਆਪਣੀ ਫੋਟੋ ਨੂੰ ਉਨ੍ਹਾਂ ਸਾਰੀਆਂ ਫੋਟੋਆਂ ਨਾਲ ਐਡਿਟ ਕਰਕੇ ਬਬਲੂ ਨੂੰ ਭੇਜ ਦਿੱਤਾ।

ਮਾਤਾ ਖੀਵੀ ਜੀ ਆਪ ਘਰੋਂ ਅਣ-ਚੋਪੜੀ ਰੋਟੀ ਪਕਾ ਕੇ ਲਿਆਉਂਦੇ ਤੇ ਪੁੱਤਰਾਂ ਨੂੰ ਆਪਣੀ ਦੁਕਾਨ ਸਾਂਭਣ ਲਈ ਕਿਹਾ ਕਰਦੇ। ਭੇਟਾ ਨੂੰ ਨਿੱਜ ਲਈ ਵਰਤਣਾ ਗੁਰੂ ਅੰਗਦ ਦੇਵ ਜੀ ਠੀਕ ਨਹੀਂ ਸਮਝਦੇ ਸਨ। ਜੋ ਕੁਝ ਆਉਂਦਾ, ਲੰਗਰ ਵਿਚ ਪੈਂਦਾ। ਲੰਗਰ ਵਿਚ ਖੀਰ, ਕੜਾਹ, ਸਭ ਕੁਝ ਬਣਦਾ ਪਰ ਗੁਰੂ ਅੰਗਦ ਦੇਵ ਜੀ ਉਹ ਕੁਝ ਖਾਂਦੇ, ਜੋ ਮਾਤਾ ਜੀ ਘਰੋਂ ਪਕਾ ਕੇ ਲਿਆਉਂਦੇ।

ਤਾਰੀਖ਼-ਇ-ਪੰਜਾਬ ਕ੍ਰਿਤ ਕਨਈਆ ਲਾਲ ਵਿਚ ਵੀ ਲਿਖਿਆ ਹੈ ਕਿ ਗੁਰੂ ਜੀ ਆਪਣੇ ਹੱਥਾਂ ਨਾਲ ਮਿਹਨਤ ਕਰਦੇ ਤੇ ਉਸ ਦੀ ਆਮਦਨੀ ਨਾਲ ਭੋਜਨ ਖਾਂਦੇ।

ਮਾਤਾ ਖੀਵੀ ਜੀ ਨੇ ਬੱਚੀਆਂ ਨੂੰ ਘਰੇ ਪਰਿਵਾਰ ਸਾਂਭਣ ਦੇ ਨਾਲ ਕੋਲ ਬਿਠਾ ਕੇ ਬਾਣੀ ਵੀ ਯਾਦ ਕਰਾਈ। ਐਸੀ ਸਿੱਖਿਆ ਦਿੱਤੀ ਕਿ ਉਨਾਂ ਕਦੇ ਨਾ ਵਿਸਾਰੀ।

ਭਾਈ ਬਲਵੰਡ ਜੀ ਦੀ ਵਾਰ ਅਨੁਸਾਰ, ਮਾਤਾ ਖੀਵੀ ਜੀ ਆਪਣੇ ਪਤੀ ਵਾਂਗ ਬਹੁਤ ਭਲੇ ਹਨ, ਮਾਤਾ ਜੀ ਦੀ ਛਾਂ ਬਹੁਤ ਪੱਤ੍ਰਾ ਵਾਲੀ ਸੰਘਣੀ ਹੈ।ਜਿਵੇਂ ਮਾਂ ਦੀ ਠੰਢੀ ਛਾਂ ਹੈ, ਇਸੇ ਤਰਾਂ ਉਨਾਂ ਪਾਸ ਬੈਠਿਆਂ ਵੀ ਹਿਰਦੇ ਵਿਚ ਸ਼ਾਂਤੀ ਤੇ ਠੰਢ ਪੈਂਦੀ ਹੈ।

**ਬਲਵੰਡ ਖੀਵੀ ਨੇਕ ਜਨ ਜਿਸ ਬਹੁਤੀ ਛਾਉ ਪਤ੍ਰਾਲੀ॥**

ਬੀਬੀ ਅਮਰੋ ਜੀ ਮਾਤਾ ਖੀਵੀ ਜੀ ਦੀ ਸਪੁੱਤਰੀ ਸੀ, ਇਨਾਂ ਨੂੰ ਬਾਣੀ ਬਹੁਤ ਕੰਠ ਸੀ। ਇਨਾਂ ਦੇ ਨਿੱਤ ਉਠ ਬਾਣੀ ਪੜਨ ਕਾਰਨ ਹੀ ਭਾਈ ਅਮਰਦਾਸ ਜੀ ਦੀ ਖਿੱਚ ਗੁਰੂ ਅੰਗਦ ਸਾਹਿਬ ਨੂੰ ਮਿਲਣ ਦੀ ਹੋਈ।

ਮਨ ਨੂੰ ਅਜਿਹੀ ਚੋਟ ਲੱਗੀ ਕਿ ਬੀਬੀ ਅਮਰੋ ਜੀ ਨੂੰ ਨਾਲ ਲੈ ਕੇ ਗੁਰੂ ਅੰਗਦ ਦੇਵ ਜੀ ਦੇ ਦਰਬਾਰ ਵਿਚ ਆਏ। ਫਿਰ ਗੁਰੂ ਜੀ ਦੇ ਹੋ ਗਏ ਤੇ ਐਸੀ ਘਾਲ ਘਾਲੀ ਕਿ 'ਪਿਉ ਦਾਦੇ ਜੇਵੇਹਾ ਪੋਤਾ ਪ੍ਰਵਾਨ ਹੋਆ।'

ਜੇਕਰ ਧਿਆਨ ਨਾਲ ਨਜ਼ਰ ਮਾਰੀਏ ਤਾਂ ਗੁਰੂ ਅਮਰਦਾਸ ਨੂੰ ਸਿੱਖੀ ਵਲ ਪ੍ਰੇਰਨ ਦਾ ਮਾਣ ਮਾਤਾ ਖੀਵੀ ਜੀ ਨੂੰ ਹੀ ਜਾਂਦਾ ਹੈ।ਮਾਂ ਦੇ ਦੁੱਧ ਅਤੇ ਗੁੜਤੀ ਨੇ ਇਹ ਚਮਤਕਾਰ ਦਿਖਾਇਆ, ਜਿਸ ਨੂੰ ਕਦੇ ਅੱਖਾਂ ਤੋਂ ਓਹਲੇ ਨਹੀਂ ਕੀਤਾ ਜਾ ਸਕਦਾ।

ਮਾਤਾ ਖੀਵੀ ਜੀ ਆਪਣੀ ਸੰਤਾਨ ਨੂੰ ਕਿਵੇਂ ਕੀਲ ਕੇ ਰੱਖਦੀ ਸੀ। ਇਸ ਦੀ ਇਕ ਉਦਾਹਰਣ ਉਸ ਸਮੇਂ ਦੀ ਹੈ, ਜਦੋਂ ਘੋੜੀ ਤੇ ਸਵਾਰ ਹੋ ਦਾਸੂ ਜੀ ਨੇ ਗੁਰੂ ਅਮਰਦਾਸ ਜੀ ਦਾ ਪਿੱਛਾ ਕੀਤਾ ਸੀ। ਮਾਤਾ ਖੀਵੀ ਨੂੰ ਜਦ ਦਾਤੂ ਜੀ ਤੇ ਦਾਸੂ ਜੀ ਵਲੋਂ ਗੁਰੂ ਅਮਰਦਾਸ ਜੀ ਨੂੰ ਬਾਸਰਕੇ ਰਾਹ ਵਿਚ ਘੇਰ ਲੈਣ ਦੀ ਖ਼ਬਰ ਮਿਲੀ ਤਾਂ ਆਪ ਜੀ ਉਸ ਸਮੇਂ ਤੁਰ ਕੇ ਗੁਰੂ ਅਮਰਦਾਸ ਜੀ ਦੇ ਪਾਸ ਗਏ ਅਤੇ ਉਨਾਂ ਨਿਮਰਤਾ ਵਿਚ ਭਿੱਜ ਜੋ ਸ਼ਬਦ ਆਖੇ, ਉਹ ਸ਼ਬਦ ਹਰ ਮਾਂ ਨੂੰ ਸਦਾ ਚੇਤੇ ਰੱਖਣੇ ਚਾਹੀਦੇ ਹਨ।ਇਥੇ ਇਹ ਵੀ ਯਾਦ ਰਵੇ ਕਿ ਗੁਰੂ ਅਮਰਦਾਸ ਜੀ ਉਸ ਸਮੇਂ ਅਜੇ ਗੁਰੂ ਨਹੀਂ ਸਨ ਬਣੇ। ਮਾਤਾ ਖੀਵੀ ਜੀ ਨੂੰ ਬਾਸਰਕੇ ਦੇਖ ਕੇ ਗੁਰੂ ਅਮਰਦਾਸ ਜੀ ਨੇ ਕਿਹਾ, 'ਤੁਸਾਂ ਕਿਉਂ ਖੇਚਲ ਕੀਤੀ, ਮੈਨੂੰ ਬੁਲਾ ਲੈਣਾ ਸੀ'। ਮਾਤਾ ਜੀ ਨੇ ਕਿਹਾ, 'ਗੁਰੂ ਨਾਨਕ ਦੇ ਘਰ ਦੀ ਦੌਲਤ ਹੀ ਗਰੀਬੀ ਹੈ, ਨਿਮਰਤਾ ਹੈ। ਮੈਂ ਦੋਵੇਂ ਬੱਚੇ ਨਾਲ ਲੈ ਕੇ ਆਈ ਹਾਂ। ਇਨਾਂ ਨੇ ਲੋਕਾਂ ਦੇ ਚੁੱਕ 'ਚ ਆਪ ਜੀ ਦੀ ਬੇਅਦਬੀ ਕੀਤੀ ਹੈ। ਆਪ ਜੀ ਨੂੰ ਘੇਰਿਆ ਹੈ। ਆਪ ਮਿਹਰ ਕਰੋ, ਭੁੱਲਣਹਾਰ ਜਾਣ ਕੇ ਤੇ ਆਪਣੇ ਸਮਝ ਕੇ ਬਖ਼ਸ਼ ਦਿਓ। ਗੁਰੂ ਅਮਰਦਾਸ ਜੀ ਨੇ ਕਿਹਾ 'ਬਖ਼ਸ਼ਣ ਦਾਤਾ ਤਾਂ ਗੁਰੂ ਅੰਗਦ ਦੇਵ ਜੀ ਹੀ ਹਨ ਤਾਂ ਮਾਤਾ ਜੀ ਨੇ ਹੋਰ ਨਿਮਰ ਹੋ ਕੇ ਕਿਹਾ, 'ਮੈਨੂੰ ਪਤਾ ਹੈ ਕਿ ਇਹ ਅਪਰਾਧ ਬਖ਼ਸ਼ਣ ਯੋਗ ਨਹੀਂ, ਮਿਹਰ ਕਰ ਦਿਓ। ਗੁਰੂ ਅਮਰਦਾਸ ਜੀ ਨੇ ਗੁਰੂ ਅੰਗਦ ਦੇਵ ਜੀ ਤੇ ਧੰਨ ਮਾਤਾ ਖੀਵੀ ਜੀ ਕਹਿ ਕੇ ਬੱਚਿਆਂ ਨੂੰ ਛਾਤੀ ਨਾਲ ਲਗਾ ਲਿਆ। ਫਿਰ ਜਦ ਗੁਰੂ ਅੰਗਦ ਦੇਵ ਜੀ ਨੇ ਮਾਤਾ ਖੀਵੀ ਜੀ ਨੂੰ, ਅਮਰਦਾਸ ਜੀ ਨੂੰ ਗੁਰਗੱਦੀ ਦੀ ਜ਼ਿੰਮੇਵਾਰੀ ਦੇਣ ਦੀ ਖ਼ਬਰ ਦਿੱਤੀ ਤਾਂ ਆਪ ਜੀ ਨੇ ਖ਼ੁਸ਼ੀ ਮਨਾਈ।ਗੁਰੂ ਅੰਗਦ ਦੇਵ ਜੀ ਨੇ ਕਿਹਾ, 'ਸਾਨੂੰ ਪਤਾ ਹੈ ਕਿ ਤੁਸੀਂ ਰਜ਼ਾ ਵਿਚ ਰਾਜ਼ੀ ਹੋ। ਪੁੱਤਰਾਂ ਦੀ ਗੱਲ ਵੀਚਾਰੋ। ਮਾਤਾ ਜੀ ਨੇ ਪੁੱਤਰਾਂ ਦੇ ਸੰਬੰਧ ਵਿਚ ਕਿਹਾ, 'ਪੁੱਤਰ ਪੁੱਤਰਪੁਣੇ ਵਿਚ ਹਨ, ਤੁਸੀਂ ਹੀ ਮਿਹਰ ਕਰੋ। ਮਾਤਾ ਜੀ ਦੋਵੇਂ ਪੁੱਤਰਾਂ ਨੂੰ ਬਹੁਤ ਸਮਝਾਉਂਦੇ ਰਹੇ। ਬੜੇ ਮਿੱਠੇ ਢੰਗ ਨਾਲ ਕਹਿੰਦੇ ਕਿ ਇਹ ਮੇਰੀ ਜਾਂ ਤੇਰੀ ਸਿਫ਼ਾਰਸ਼ ਦੀ ਗੱਲ ਨਹੀਂ, ਕਿਸੇ ਦੇ ਹੱਥ ਕੁਝ ਨਹੀਂ, ਸਭ ਕੁਝ ਕਰਤਾਰ ਦੇ ਅਧੀਨ ਹੈ।

ਕਹਿ ਕਾਹੂ ਕੇ ਕਰ ਬਿਥੈ, ਸਭ ਕਰਤਾਰ ਅਧੀਨੈ ॥

ਭਾਈ ਕੇਸਰ ਸਿੰਘ ਨੇ ਬੰਸਾਵਲੀਨਾਮਾ ਵਿਚ ਲਿਖਿਆ ਹੈ ਕਿ : ਮਾਤਾ ਜੀ ਸਮਝਾਉਂਦੇ ਕਿ, 'ਪੰਡ ਭਾਰੀ ਹੈ, ਤੁਸਾਂ ਤੇ ਚੁਕੀ ਨਾ ਜਾਸੀ। ਇਹ ਚੁਕੇਗਾ ਸਾਰੀ।ਛੇ ਮਹੀਨੇ ਤੱਕ ਮਾਤਾ ਜੀ ਸਮਝਾਉਂਦੇ ਰਹੇ।

ਦੋਵੇਂ ਪੁੱਤਰਾਂ 'ਚੋਂ ਗੱਦੀ ਕਿਸ ਨੂੰ ਨਾ ਮਿਲਣ ਦਾ ਰੋਸ ਹੋਇਆ। ਦਾਸੂ ਜੀ ਗੁਰਗੱਦੀ ਜਾ ਬੈਠੇ। ਉਨਾਂ ਦਾ ਸਿਰ ਫਿਰ ਗਿਆ।

ਇਸੇ ਤਰਾਂ ਜਦੋਂ ਭਰੇ ਦਰਬਾਰ ਵਿਚ ਦਾਤੂ ਜੀ ਨੇ ਗੁਰੂ ਅਮਰਦਾਸ ਜੀ ਨੂੰ ਲੱਤ ਮਾਰੀ ਤਾਂ ਗੁਰੂ ਪਾਤਸ਼ਾਹ ਨੇ ਉਸ ਦੇ ਪੈਰ ਪਕੜ ਲਏ ਤੇ ਕਿਹਾ 'ਤੁਹਾਡੇ ਚਰਨ ਕੋਮਲ ਤੇ ਮੇਰੇ ਹੱਡ ਕਰੜੇ' ਹਨ ਇਹ ਆਖ ਕੇ ਆਪ ਜੀ ਨੇ ਖਿਮਾ ਦੀ ਹੱਦ ਦੱਸੀ। ਅਹੰਕਾਰੀ ਦਾਤੂ ਦਾ ਪੈਰ ਪੀੜਾ ਨਾਲ ਐਸਾ ਵਿਗੜਿਆ ਕਿ ਪਿਛੋਂ ਗੁਰੂ ਅਰਜਨ ਜੀ ਦੀ ਚਰਨ-ਛੁਹ ਨਾਲ ਹੀ ਠੀਕ ਹੋ ਸਕਿਆ।

ਪੈਰ ਵਿਚ ਪੀੜ ਉਠਣ 'ਤੇ ਵੀ ਮਾਂ ਦਾ ਹਿਰਦਾ ਪਿਘਲਿਆ ਨਹੀਂ। ਉਨਾਂ ਦਾਤੂ ਦਾ ਸਾਥ ਨਾ ਦਿੱਤਾ। ਉਹ ਮਨਮੁਖ ਦਾ ਸਾਥ ਕਿਵੇਂ ਦੇ ਸਕਦੇ ਸਨ।

ਗੁਰੂ ਅੰਗਦ ਦੇਵ ਜੀ ਦੇ ਜੋਤੀ ਜੋਤਿ ਸਮਾਉਣ ਤੋਂ ਬਾਅਦ ਵੀ ਮਾਤਾ ਜੀ ਲੰਗਰ ਦੀ ਸੇਵਾ ਕਰਦੇ ਰਹੇ। ਖਡੂਰ ਸਾਹਿਬ ਉਸੇ ਤਰਾਂ ਲੰਗਰ ਜਾਰੀ ਰਹਿਆ। ਗੁਰੂ ਅਮਰਦਾਸ ਜੀ ਵੇਲੇ ਲੰਗਰ ਵਿਚ ਨਿੱਤ ਘਿਉ, ਮੈਦਾ ਪੱਕਦਾ ਤੇ ਰਬਾਬੀ ਸੱਤਾ ਜੀ ਨੇ ਫਿਰ 'ਨਿਤ ਰਸੋਈ ਤੇਰੀਐ, ਘਿਉ ਮੈਦਾ ਖਾਣ' ਦੀ ਧੁਨੀ ਉਠਾਈ। ਭਾਵੇਂ ਮਾਤਾ ਜੀ ਕਾਫ਼ੀ ਬਿਰਧ ਹੋ ਗਏ ਸਨ ਪਰ ਲੰਗਰ ਦੀ ਨਿਗਰਾਨੀ ਪੂਰੀ ਤਰਾਂ ਕਰਦੇ। ਜਦੋਂ ਅੰਮ੍ਰਿਤਸਰ ਵੱਸਿਆ ਤਾਂ ਆਪ ਜੀ ਕੁਝ ਚਿਰ ਉੱਥੇ ਵੀ ਆ ਕੇ ਸੇਵਾ ਕਰਦੇ ਰਹੇ। ਸੰਨ 1582 ਵਿਚ ਆਪ ਜੀ ਖਡੂਰ ਸਾਹਿਬ ਹੀ ਅਕਾਲ ਚਲਾਣਾ ਕਰ ਗਏ ਅਤੇ ਗੁਰੂ ਅਰਜਨ ਦੇਵ ਜੀ ਨੇ ਆਪ ਆ ਕੇ ਹੱਥੀਂ ਸਸਕਾਰ ਕੀਤਾ। ਮਾਤਾ ਖੀਵੀ ਜੀ ਨੇ ਜੋ ਸੇਵਾ ਦੀ ਰੀਤ ਚਲਾਈ, ਉਹ ਹੁਣ ਤੱਕ ਚੱਲਦੀ ਆ ਰਹੀ ਹੈ। ਜੇ ਪਹਿਲੀ ਸਿੱਖ ਬੇਬੇ ਨਾਨਕੀ ਸੀ ਤਾਂ ਪਹਿਲੀ ਸੇਵਿਕਾ ਮਾਤਾ ਖੀਵੀ ਜੀ ਸਨ।

## 2022 ਦੀਆਂ ਚੋਣਾਂ ਵਿਚ...

ਬੀਬੀ ਗੁਲਾਟੀ ਨੇ ਮੁੜ ਮੀਡੀਆ ਨਾਲ ਗੱਲ ਕਰਦਿਆਂ ਕਮਿਸ਼ਨ ਵੱਲੋਂ ਮਹਿਲਾਵਾਂ ਦੇ ਮਾਣ ਸਨਮਾਨ ਨੂੰ ਉਚਾ ਰੱਖਣ ਲਈ ਹਰ ਤਰਾਂ ਦੀ ਕਾਰਵਾਈ ਕੀਤੀ ਜਾਂਦੀ ਹੈ। ਉਨਾਂ ਕਿਹਾ ਕਿ ਮਹਿਜ਼ ਇੱਕ ਮੰਤਰੀ ਦੇ ਮਾਮਲੇ 'ਤੇ ਹੀ ਕਮਿਸ਼ਨ ਨਹੀਂ ਬੋਲਿਆ ਹੋਰਨਾਂ ਮਾਮਲਿਆਂ 'ਤੇ ਵੀ ਕਾਰਵਾਈ ਕੀਤੀ ਜਾਂਦੀ ਹੈ। ਇਹ ਵੀ ਜ਼ਿਕਰਯੋਗ ਹੈ ਕਿ ਲੰਘੇ ਹਫਤੇ ਸ੍ਰੀਮਤੀ ਗੁਲਾਟੀ ਨੇ ਸਰਕਾਰ ਨੂੰ ਚੇਤਾਵਨੀ ਦਿੱਤੀ ਸੀ ਕਿ ਜੇਕਰ ਚਰਨਜੀਤ ਸਿੰਘ ਚੰਨੀ ਦੇ ਖ਼ਿਲਾਫ਼ ਕਾਰਵਾਈ ਨਾ ਕੀਤੀ ਤਾਂ ਚੰਡੀਗੜ ਦੇ ਮਟਕਾ ਚੌਕ ਵਿੱਚ ਧਰਨੇ 'ਤੇ ਬੈਠ ਜਾਵਾਂਗੀ।

ਸੁਖਬੀਰ ਦਾ ਕਾਂਗਰਸ ਉਪਰ ਹਮਲਾ

ਹਾਈਕੋਰਟ ਵਲੋਂ ਕੋਟਕਪੂਰਾ ਗੋਲੀਕਾਂਡ ਮਾਮਲੇ ਦੀ ਜਾਂਚ ਰਿਪੋਰਟ ਰੱਦ ਕੀਤੇ ਜਾਣ ਤੋਂ ਬਾਅਦ ਸੂਬੇ ਦੀ ਸਿਆਸਤ 'ਚ ਇਕਦਮ ਆਏ ਉਬਾਲ ਅਤੇ ਇਸ ਮਾਮਲੇ 'ਚ ਕਾਂਗਰਸ ਦੇ ਅੰਦਰ ਹੀ ਬਣੇ ਟਕਰਾਅ ਵਾਲੇ ਹਾਲਾਤ ਲਈ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਕਾਂਗਰਸ ਸਰਕਾਰ ਨੂੰ ਸਿੱਧੇ ਤੌਰ 'ਤੇ ਜ਼ਿੰਮੇਵਾਰ ਠਹਿਰਾਉਂਦੇ ਹੋਏ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਤੇ ਸੰਸਦ ਮੈਂਬਰ ਸੁਖਬੀਰ ਸਿੰਘ ਬਾਦਲ ਨੇ ਕਿਹਾ ਹੈ ਕਿ ਅਸਲ ਵਿਚ ਕਾਂਗਰਸ ਬੇਅਦਬੀ ਮਾਮਲਿਆਂ ਦੀ ਜਾਂਚ ਨੂੰ ਲੈ ਕੇ ਕਦੇ ਵੀ ਗੰਭੀਰ ਨਹੀਂ ਰਹੀ ਤੇ ਕਾਂਗਰਸ ਵਲੋਂ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਨਾਲ ਜੁੜੇ ਇਸ ਬੇਹੱਦ ਗੰਭੀਰ ਤੇ ਸੰਜੀਦਾ ਮੁੱਦੇ 'ਤੇ ਕੇਵਲ ਤੇ ਕੇਵਲ ਸਿਆਸਤ ਕੀਤੀ ਗਈ ਤੇ ਕਾਂਗਰਸ ਦਾ ਸਾਰਾ ਜ਼ੋਰ ਸ਼੍ਰੋਮਣੀ ਅਕਾਲੀ ਦਲ ਨੂੰ ਬਦਨਾਮ ਕਰਨ 'ਤੇ ਹੀ ਲੱਗਾ ਰਿਹਾ। ਉਨਾਂ ਕਾਂਗਰਸ ਦੀ ਨੀਤੀ ਤੇ ਨੀਅਤ 'ਤੇ ਸਵਾਲ ਉਠਾਉਂਦੇ ਹੋਏ ਕਿਹਾ ਕਿ ਕਾਂਗਰਸ ਸਰਕਾਰ ਨੇ ਕਦੇ ਵੀ ਸਿੱਖਾਂ ਨੂੰ ਇਨਸਾਫ਼ ਦਿਵਾਉਣ ਲਈ ਸੰਜੀਦਾ ਯਤਨ ਨਹੀਂ ਕੀਤੇ। ਉਨਾਂ ਕਿਹਾ ਕਿ ਜੇਕਰ ਸਰਕਾਰ ਚਾਹੁੰਦੀ ਤਾਂ 4 ਸਾਲ ਦੇ ਅਰਸੇ ਦੌਰਾਨ ਦੋਸ਼ੀਆਂ ਨੂੰ ਸਜ਼ਾਵਾਂ ਦਿੱਤੀਆਂ ਜਾ ਸਕਦੀਆਂ ਸੀ ਪਰ ਅਜਿਹਾ ਨਹੀਂ ਹੋ ਸਕਿਆ, ਕਿਉਂਕਿ ਕਾਂਗਰਸ ਨੇ ਇਸ ਮੁੱਦੇ ਨੂੰ ਕੇਵਲ ਸਿਆਸੀ ਹਿੱਤਾਂ ਲਈ ਵਰਤਿਆ ਹੈ। ਸੁਖਬੀਰ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਆਉਣ 'ਤੇ ਬੇਅਦਬੀ ਮਾਮਲਿਆਂ ਦਾ ਇਨਸਾਫ਼ ਕੀਤਾ ਜਾਵੇਗਾ ਅਤੇ ਦੋਸ਼ੀਆਂ ਨੂੰ ਫੜ ਕੇ ਜੇਲ ਵਿਚ ਸੁੱਟਿਆ ਜਾਵੇਗਾ। ਉਨਾਂ ਕਿਹਾ ਕਿ ਪਿਛਲੀ ਅਕਾਲੀ ਦਲ ਦੀ ਸਰਕਾਰ ਵੇਲੇ ਵੀ ਕਾਂਗਰਸ ਦੇ ਕਹਿਣ 'ਤੇ ਹੀ ਉਨਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੀਆਂ ਵਾਪਰੀਆਂ ਘਟਨਾਵਾਂ ਦੀ ਜਾਂਚ ਸੀ.ਬੀ.ਆਈ. ਨੂੰ ਸੌਂਪੀ ਸੀ, ਤਾਂ ਜੋ ਉਨਾਂ ਉੱਪਰ ਕਿਸੇ ਵੀ ਤਰਾਂ ਦਾ ਕੋਈ ਕਿੰਤੂ-ਪ੍ਰੰਤੂ ਨਾ ਹੋਵੇ ਤੇ ਹੁਣ ਵੀ ਜੇਕਰ ਰਾਜ ਵਿਚ ਅਕਾਲੀ ਦਲ ਦੀ ਸਰਕਾਰ ਬਣਦੀ ਹੈ ਤਾਂ ਉਹ ਇਸ ਮਾਮਲੇ ਦੀ ਪੂਰੀ ਨਿਰਪੱਖਤਾ ਨਾਲ ਜਾਂਚ ਕਰਵਾਉਣ ਤੇ ਇਨਸਾਫ਼ ਦਿਵਾਉਣ ਲਈ ਵਚਨਬੱਧ ਹਨ। ਉਨਾਂ ਕਿਹਾ ਕਿ ਇਸ ਧਾਰਮਿਕ ਮੁੱਦੇ 'ਤੇ ਕਿਸੇ ਵੀ ਧਿਰ ਨੂੰ ਸਿਆਸਤ ਨਹੀਂ ਕਰਨੀ ਚਾਹੀਦੀ ਤੇ ਜੇ ਕਿਸੇ ਨੇ ਇਸ ਮੁੱਦੇ 'ਤੇ ਸਿਆਸਤ ਕਰਨ ਦੀ ਕੋਸ਼ਿਸ਼ ਕੀਤੀ ਤਾਂ ਉਸ ਨੂੰ ਇਸ ਦੀ ਕੀਮਤ ਚੁਕਾਉਣੀ ਪਵੇਗੀ। ਬੇਅਦਬੀ ਮਾਮਲਿਆਂ 'ਤੇ ਕੁਝ ਕਾਂਗਰਸੀ ਆਗੂਆਂ ਵਲੋਂ ਆਪਣੀ ਹੀ ਸਰਕਾਰ ਦੇ ਖ਼ਿਲਾਫ਼ ਖੋਲੇ ਗਏ ਮੋਰਚੇ 'ਤੇ ਬੋਲਦਿਆਂ ਉਨਾਂ ਸਵਾਲ ਕੀਤਾ ਕਿ ਇਹ ਆਗੂ 4 ਸਾਲ ਚੁੱਪ ਕਿਉਂ ਰਹੇ? ਉਨਾਂ ਕਿਹਾ ਕਿ ਅਸਲ ਵਿਚ ਇਨਾਂ ਆਗੂਆਂ ਨੂੰ ਆਉਂਦੀਆਂ ਚੋਣਾਂ ਵਿਚ ਆਪਣੀ ਹਾਰ ਦਿਖਾਈ ਦੇਣ ਲੱਗੀ ਹੈ ਤੇ ਅਜਿਹੇ 'ਚ ਉਨਾਂ ਨੂੰ ਡਰ ਲੱਗਣ ਲੱਗਾ ਹੈ ਕਿ ਜੇਕਰ ਇਕ ਵਾਰ ਸੱਤਾ ਖੁੱਸ ਗਈ ਤਾਂ ਫਿਰ ਉਨਾਂ ਨੂੰ ਸਾਰਾ ਹਿਸਾਬ ਦੇਣਾ ਪਵੇਗਾ। ਉਨਾਂ ਨੂੰ ਪਤਾ ਹੈ ਕਿ ਕੈਪਟਨ ਦੀ ਅਗਵਾਈ ਹੇਠ ਤਾਂ ਸਰਕਾਰ ਬਣ ਨਹੀਂ ਸਕਦੀ ਤੇ ਫਿਰ ਉਹ ਹੋਰ ਕਿਸੇ ਸਹਾਰੇ ਦੀ ਤਾਕ ਵਿਚ ਹਨ। ਸੁਖਬੀਰ ਨੇ ਸੂਬਾ ਕਾਂਗਰਸ ਸਰਕਾਰ ਦੀ ਕਾਰਗੁਜ਼ਾਰੀ ਨੂੰ ਵੀ ਪੂਰੀ ਤਰਾਂ ਫੇਲ ਦੱਸਦੇ ਹੋਏ ਕਿਹਾ ਕਿ ਕੋਰੋਨਾ ਕਾਲ ਵਿਚ ਜਦੋਂ ਮੁੱਖ ਮੰਤਰੀ ਨੂੰ ਲੋਕਾਂ ਦੀ ਬਾਂਹ ਫੜਨੀ ਚਾਹੀਦੀ ਸੀ ਤਾਂ ਉਹ ਘਰੋਂ ਹੀ ਬਾਹਰ ਨਹੀਂ ਨਿਕਲੇ। ਇਸ ਮੌਕੇ ਉਨਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਦੀਆਂ ਨੀਤੀਆਂ ਨੂੰ ਲੋਕ ਵਿਰੋਧੀ ਦੱਸਦੇ ਹੋਏ ਕਿਹਾ ਕਿ ਕੇਂਦਰ ਸਰਕਾਰ ਵਲੋਂ ਹੁਣ ਤੱਕ ਇਕ ਵੀ ਅਜਿਹਾ ਲੋਕ ਹਿੱਤ ਦਾ ਕੰਮ ਨਹੀਂ ਕੀਤਾ ਗਿਆ, ਜਿਸ ਦਾ ਸਿਹਰਾ ਸਰਕਾਰ ਲੈ ਸਕੇ। ਉਲਟਾ ਹੁਣ ਜਦ ਕੋਰੋਨਾ ਮਾਮਲੇ ਵਿਚ ਸਰਕਾਰ ਫੇਲ ਹੋ ਗਈ ਹੈ ਤਾਂ ਪ੍ਰਧਾਨ ਮੰਤਰੀ ਵੀ ਅਲੋਪ ਹੋ ਗਏ ਹਨ। ਇਸ ਮੌਕੇ ਉਨਾਂ ਕੇਂਦਰ ਸਰਕਾਰ 'ਤੇ ਰਾਜਾਂ ਦੇ ਅਧਿਕਾਰ ਖੋਹਣ ਦੇ ਵੀ ਦੋਸ਼ ਲਗਾਉਂਦੇ ਹੋਏ ਕਿਹਾ ਕਿ ਰਾਜਾਂ ਨੂੰ ਆਪਣੇ ਅਧਿਕਾਰਾਂ ਦੀ ਰਾਖੀ ਤੇ ਸੰਘੀ ਢਾਂਚੇ ਨੂੰ ਬਚਾਉਣ ਲਈ ਅੱਗੇ ਆਉਣਾ ਹੋਵੇਗਾ ਤੇ ਖ਼ੇਤਰੀ ਪਾਰਟੀਆਂ ਇਸ ਮਾਮਲੇ 'ਚ ਅਹਿਮ ਭੂਮਿਕਾ ਨਿਭਾ ਸਕਦੀਆਂ ਹਨ। ਉਨਾਂ ਕਿਹਾ ਕਿ ਹਾਲ ਹੀ ਵਿਚ ਹੋਈਆਂ ਪੰਜ ਸੂਬਿਆਂ ਦੀਆਂ ਚੋਣਾਂ ਵਿਚ ਲੋਕਾਂ ਨੇ ਖੇਤਰੀ ਪਾਰਟੀਆਂ 'ਚ ਵਿਸ਼ਵਾਸ ਦਿਖਾਇਆ ਹੈ ਤੇ ਆਉਣ ਵਾਲਾ ਸਮਾਂ ਖੇਤਰੀ ਪਾਰਟੀਆਂ ਦਾ ਹੀ ਹੈ। ਇਸ ਮੌਕੇ ਉਨਾਂ ਸੂਬੇ ਵਿਚ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਬਣਨ ਦਾ ਦਾਅਵਾ ਕਰਦੇ ਹੋਏ ਕਿਹਾ ਕਿ ਅਸੀਂ ਆਪਣੀ ਜ਼ੁਬਾਨ ਦੇ ਪੱਕੇ ਹਾਂ ਤੇ ਜੋ ਕਿਹਾ ਉਹ ਕਰਕੇ ਦਿਖਾਇਆ ਅਤੇ ਆਉਣ ਵਾਲੇ ਸਮੇਂ ਵਿਚ ਵੀ ਜੋ ਕਹਾਂਗੇ ਕਰਾਂਗੇ। ਇਸ ਮੌਕੇ ਉਨਾਂ ਆਮ ਆਦਮੀ ਪਾਰਟੀ ਬਾਰੇ ਪੁੱਛੇ ਗਏ ਸਵਾਲ ਦੇ ਜਵਾਬ ਵਿਚ ਕਿਹਾ ਕਿ 'ਆਪ' ਦਾ ਉਬਾਲ ਹੁਣ ਖ਼ਤਮ ਹੋ ਗਿਆ ਹੈ ਤੇ 'ਆਪ' ਆਗੂ ਹਤਾਸ਼ ਤੇ ਨਿਰਾਸ਼ ਹੋ ਚੁੱਕੇ ਹਨ। ਲੋਕਾਂ ਨੂੰ 'ਆਪ' ਸੁਪਰੀਮੋ ਅਰਵਿੰਦ ਕੇਜਰੀਵਾਲ ਦੀਆਂ ਚਤੁਰਾਈਆਂ ਵੀ ਸਮਝ ਆ ਗਈਆਂ ਹਨ। ਕਿਸਾਨ ਅੰਦੋਲਨ ਬਾਰੇ ਉਨਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਨੇ ਹਮੇਸ਼ਾ ਕਿਸਾਨਾਂ ਦੇ ਹੱਕਾਂ ਦੀ ਗੱਲ ਕੀਤੀ ਹੈ।

## ਰਿਸ਼ਤਿਆਂ ਵਿੱਚ ਦੂਰੀ ਦਾ...

ਫਰੀਦ ਜੀ ਕਹਿੰਦੇ ਹਨ ਕਿ ਐ ਇਨਸਾਨ ਤੂੰ ਆਪਣੇ ਮਨ ਵਿੱਚ ਗੁੱਸਾ ਨਾ ਆਉਣ ਦੇ। ਇਸ ਲਈ ਸ਼ਬਦ ਵਰਤਿਆ ਹੈ 'ਨ ਹਢਾਇ' ਭਾਵ ਗੁੱਸਾ ਆਪਣੇ ਨੇੜੇ ਨਾ ਆਉਣ ਦੇਵੋ।ਜਦੋਂ ਮਨੁੱਖ ਨੂੰ ਇਹ ਪਤਾ ਲੱਗ ਜਾਂਦਾ ਹੈ ਕਿ ਇਸ ਦਰਿਆ ਵਿੱਚ ਹੜ ਆਉਣਾ ਹੈ ਤਾ ਹੜ ਤੋਂ ਬਚਣ ਲਈ ਦਰਿਆ 'ਤੇ ਮਜ਼ਬੂਤ ਬੰਨ ਮਾਰ ਲਿਆ ਜਾਂਦਾ ਹੈ ਤਾਂ ਕਿ ਹੜ ਦੇ ਪਾਣੀ ਨਾਲ ਮਨੁੱਖੀ ਜੀਵਨ ਤਬਾਹ ਨਾ ਹੋ ਸਕੇ।ਕਦੇ ਵੀ ਗੁੱਸੇ ਨੂੰ ਆਉਣ ਨਾ ਦੇਵੋ। ਉਸ ਨੂੰ ਪਹਿਲਾਂ ਹੀ ਆਪਣੇ ਆਪ ਵਿੱਚ ਸਮੇਟ ਲਵੋ ਤਾਂ ਜੋ ਗੁੱਸੇ ਦਾ ਪਹਾੜ ਡਿੱਗਣ ਤੋਂ ਬਚ ਜਾਵੇ।ਪਹਿਲਾ ਹੀ ਆਪਣਾ ਉਦੇਸ਼ ਨਿਸ਼ਚਿਤ ਕਰ ਲਵੋ।

'ਮੈਂ ਤਾਂ ਇਸ ਤਰਾਂ ਹੀ ਹਾਂ' ਕੋਈ ਕੁੱਝ ਵੀ ਕਹੇ ਮੈਂ ਏਦਾ ਹੀ ਰਹਿਣਾ ਹੈ। ਕਹਿਣ ਦੀ ਬਜਾਏ ਆਪਣੇ ਆਪ ਦੀ ਸਵੈ ਪੜਚੋਲ ਕਰਨੀ ਚਾਹੀਦੀ ਹੈ ਤੇ ਪਿਛਲੇ ਸਮੇਂ ਦੌਰਾਨ ਹੋਈ ਗਲਤੀ ਦੇਖੋ ਕਿ ਅਸੀ ਆਪਣੇ ਗੁੱਸੇ 'ਤੇ ਕਾਬੂ ਪਾਉਣ ਵਿਚ ਕਿੰਨੇ ਕੁ ਕਾਮਯਾਬ ਹੋਏ ਹਾਂ। ਕਿੰਨਾ ਕੁ ਆਪਣੇ ਆਪ ਨੂੰ ਬਦਲਿਆ ਹੈ। ਇਹ ਸਭ ਕੁੱਝ ਕਾਪੀ ਪੈਨ ਲੈ ਕੇ ਲਿਖੋ ਜਦੋਂ ਗੁੱਸੇ ਵਿਚ ਸੀ ਤਾਂ ਗੱਲ ਕੀ ਹੋਈ ਸੀ, ਕਿਵੇਂ ਪੇਸ਼ ਆਏ ਸੀ ਅਤੇ ਹੋਰ ਚੰਗੀ ਤਰਾਂ ਕਿਵੇਂ ਪੇਸ਼ ਆ ਸਕਦੇ ਸੀ ਤੇ ਕਿਉਂ। ਅਗਲੀ ਵਾਰ ਜਦੋਂ ਗੁੱਸਾ ਆਵੇ, ਤਾਂ ਉਦੇਸ਼ ਰੱਖੋ ਕਿ ਉਸ ਵਕਤ ਵਧੀਆ ਤਰੀਕੇ ਨਾਲ ਪੇਸ਼ ਆਉਗੇ। ਸ਼ਾਂਤ ਰਹੋਗੇ।ਜੋ ਇਨਸਾਨ ਗੁੱਸੇ ਤੇ ਕੰਟਰੋਲ ਕਰ ਲੈਂਦੇ ਹਨ ਉਹ ਵੱਡੀ ਤੋਂ ਵੱਡੀ ਮੁਸ਼ਕਿਲ ਦਾ ਹੱਲ ਲੱਭ ਲੈਂਦੇ ਹਨ।ਕਈ ਵਾਰ ਅਸੀਂ ਗੁੱਸਾ ਓਦੋਂ ਕਰਦੇ ਹਾਂ ਜਦੋਂ ਅਸੀਂ ਕਿਸੇ ਵੀ ਗੱਲ ਤੋਂ ਖ਼ੁਸ਼ ਨਹੀਂ ਹੁੰਦੇ ਜਾਂ ਕੋਈ ਇੱਛਾ ਪੂਰੀ ਨਹੀਂ ਹੁੰਦੀ।ਗੁੱਸੇ ਆਉਣ ਵੇਲੇ ਕੁੱਝ ਗੱਲਾਂ ਦਾ ਧਿਆਨ ਵੀ ਰੱਖਣਾ ਜ਼ਰੂਰੀ ਹੈ ਜਿਵੇ ਕਿ ਕੁਝ ਵੀ ਕਹਿਣ ਜਾਂ ਕਰਨ ਤੋਂ ਪਹਿਲਾਂ ਸੋਚੋ। ਜੇਕਰ ਤੁਸੀ ਆਪੇ ਤੋਂ ਬਾਹਰ ਹੋ ਰਹੇ ਹੋ ਤਾਂ ਕਿਸੇ ਇਕਾਂਤ ਜਗਾਂ ਤੇ ਚਲੇ ਜਾਓ ਚਹਿਲ ਪਹਿਲ ਕਰੋ। ਆਪਣੇ ਆਪ ਨੂੰ ਕਿਤਾਬਾਂ ਜਾਂ ਟੀ.ਵੀ ਵਿੱਚ ਵਿਅਸਤ ਕਰੋ।ਸੰਗੀਤ ਸੁਣਨ ਵਿੱਚ ਲੱਗ ਜਾਓ।ਜਿੱਥੇ ਲੜਾਈ ਝਗੜਾ ਵੱਧ ਹੋਵੇ ਉੱਥੇ ਦੂਰ ਚਲੇ ਜਾਓ। ਕਿਸੇ ਕੰਮ ਵਿੱਚ ਲੱਗ ਜਾਓ ਅਜਿਹਾ ਕਰਨ ਨਾਲ ਗੁੱਸਾ ਘੱਟ ਜਾਵੇਗਾ।ਪਹਿਲਾਂ ਸੁਣੋ ਫਿਰ ਬੋਲਣ ਦੀ ਕੋਸ਼ਿਸ਼ ਕਰੋ। ਕਦੇ-ਕਦੇ ਤੁਹਾਨੂੰ ਇਸ ਕਰਕੇ ਗੁੱਸਾ ਆ ਸਕਦਾ ਹੈ ਕਿਉਂਕਿ ਤੁਸੀਂ ਮਸਲੇ ਨੂੰ ਸਿਰਫ਼ ਆਪਣੇ ਨਜ਼ਰੀਏ ਤੋਂ ਦੇਖਦੇ ਹੋ। ਪਰ ਇਹ ਸਮਝਣ ਦੀ ਕੋਸ਼ਿਸ਼ ਕਰੋ ਕਿ ਦੂਜਾ ਕਿਵੇਂ ਮਹਿਸੂਸ ਕਰਦਾ ਹੈ।ਉਸਨੂੰ ਚੰਗਾ ਲੱਗਿਆ ਜਾ ਮਾੜਾ। ਦੋਸਤੋ, ਜ਼ਿੰਦਗੀ ਬਹੁਤ ਕੀਮਤੀ ਹੈ।ਇਸ ਨੂੰ ਹੱਸ -ਖੇਡ ਕੇ ਬਿਤਾਓ। ਕਦੇ ਵੀ ਗੁੱਸੇ ਵਿਚ ਵਿੱਚ ਆਪਣੇ ਆਪ ਨੂੰ ਨਾ ਸਾੜੋ।ਹਮੇਸ਼ਾ ਸਕਾਰਤਮਕ ਨਾਲ ਅੱਗੇ ਵਧੋ।ਤਾਂ ਜੋ ਤੁਹਾਨੂੰ ਸਾਰੇ ਪਿਆਰ ਕਰਨ।

## ਗ਼ਜ਼ਲ ਗਾਇਕੀ ਦੀ...

ਵਖਰਿਆ ਕੇ ਗਾ ਦਿੰਦੀ ਸੀ।' ਉਸ ਦੀ ਇਸੇ ਮੁਹਾਰਤ ਨੂੰ ਸਜਦਾ ਕਰਨ ਲਈ ਸੰਗੀਤਕਾਰ ਮਦਨ ਮੋਹਨ, ਕਈ ਵਰੇ ਉਸ ਦੀ ਬਰਸੀ ਮੌਕੇ ਲਖਨਊ ਜਾਂਦਾ ਰਿਹਾ ਅਤੇ ਉਸ ਦੀ ਕਬਰ ਉੱਤੇ ਚਾਦਰ ਚੜਾਉਂਦਾ ਰਿਹਾ।

ਅਖ਼ਤਰੀ ਦਾ ਪਹਿਲਾਂ ਗ੍ਰਾਮੋਫੋਨ ਰਿਕਾਰਡ 1927 ਵਿਚ ਆਇਆ। ਇਹ ਮੇਗਾਫੋਨ ਕੰਪਨੀ ਵੱਲੋਂ ਕੱਢਿਆ ਗਿਆ। ਉਦੋਂ ਉਹ 13 ਵਰਿਆਂ ਦੀ ਸੀ। ਇਸੇ ਕੰਪਨੀ ਨੇ ਉਸ ਨੂੰ ਫ਼ਿਲਮਾਂ ਵਿਚ ਕੰਮ ਕਰਨ ਦੀ ਪੇਸ਼ਕਸ਼ ਕੀਤੀ। ਇਸ ਪੇਸ਼ਕਸ਼ ਨੂੰ ਅਮਲੀ ਰੂਪ 1932 ਵਿਚ ਮਿਲਿਆ। ਅਭਿਨੇਤਰੀ ਵਜੋਂ ਉਸ ਨੇ 1933 ਤੋਂ 1942 ਤਕ ਦਰਜਨ ਤੋਂ ਵੱਧ ਫਿਲਮਾਂ ਵਿਚ ਕੰਮ ਕੀਤਾ। ਆਖ਼ਰੀ ਫਿਲਮ ਸੀ ਮਹਿਬੂਬ ਖ਼ਾਨ ਦੀ 'ਰੋਟੀ' (1942)। ਇਸ ਵਿਚ ਅਖ਼ਤਰੀ ਤੇ ਸਿਤਾਰਾ ਦੇਵੀ ਸਹਿ-ਨਾਇਕਾਵਾਂ ਸਨ। ਉਦੋਂ ਸ਼ੁਰੂ ਹੋਇਆ ਸਹੇਲਪੁਣਾ ਤਾਉਮਰ ਨਿਭਿਆ। 'ਰੋਟੀ' ਤੋਂ ਬਾਅਦ ਬੇਗ਼ਮ ਅਖ਼ਤਰ ਨੇ ਸਿਰਫ਼ ਇਕ ਫਿਲਮ ਵਿਚ ਕੰਮ ਕੀਤਾ, ਸਤਿਆਜੀਤ ਰੇਅ ਦੀ 'ਜਲਸਾਘਰ' (1958)। ਇਸ ਫਿਲਮ ਵਿਚ ਬੇਗ਼ਮ ਦੀ ਭੂਮਿਕਾ ਇਕ ਪੇਸ਼ੇਵਰ ਗਾਇਕਾ ਦੀ ਸੀ। ਉਸ ਦੀ ਠੁਮਰੀ 'ਕਾਰੀ ਬਦਰੀਆ' ਇਸ ਫਿਲਮ ਦੀ ਸ਼ਾਨ ਹੈ। ਇਕ ਦ੍ਰਿਸ਼ ਵਿਚ ਉਹ ਉਸਤਾਦ ਅਬਦੁਲ ਵਹੀਦ ਖ਼ਾਨ ਤੇ ਸ਼ਾਸਤਰੀ ਗਾਇਕਾ ਰੌਸ਼ਨ ਕੁਮਾਰੀ ਨਾਲ ਨਜ਼ਰ ਆਉਂਦੀ ਹੈ। ਇਹ ਦ੍ਰਿਸ਼ ਉਸ ਦੇ ਕਹਿਣ 'ਤੇ ਹੀ ਫਿਲਮ ਵਿਚ ਸ਼ਾਮਲ ਕੀਤਾ ਗਿਆ। ਉਸ ਦੇ ਫਿਲਮੀ ਜੀਵਨ ਬਾਰੇ ਤਿੰਨ ਲੇਖ, ਕਿਤਾਬ ਵਿਚ ਸ਼ਾਮਲ ਹਨ ਜਿਨਾਂ ਵਿਚੋਂ ਦੋ ਸਿਰਫ਼ 'ਜਲਸਾਘਰ' ਬਾਰੇ ਹਨ।

ਬੇਗ਼ਮ ਅਖ਼ਤਰ ਦੇ ਪਤੀ ਇਸ਼ਤਿਆਕ ਅਹਿਮਦ ਅੱਬਾਸੀ ਦੀ ਭੂਮਿਕਾ ਬਾਰੇ ਬੜੇ ਭਰਮ-ਭੁਲੇਖੇ ਅਜੇ ਤੱਕ ਵੀ ਪ੍ਰਚਿੱਲਤ ਹਨ, ਪਰ ਸਲੀਮ ਕਿਦਵਈ ਤੇ ਸ਼ਿਵਾਨੀ ਦੇ ਲੇਖ ਦੱਸਦੇ ਹਨ ਕਿ ਕਾਕੋਰੀ ਦੇ ਨਵਾਬਜ਼ਾਦੇ, ਬੈਰਿਸਟਰ ਅੱਬਾਸੀ ਦੇ ਆਪਣੀਆਂ ਖ਼ਾਨਦਾਨੀ ਰਵਾਇਤਾਂ ਅਤੇ ਬੇਗ਼ਮ ਦੇ ਸੰਗੀਤ ਦਰਮਿਆਨ ਸਮੋਤਲ ਬਿਠਾਉਣ ਲਈ ਕਰੜੀ ਮੁਸ਼ੱਕਤ ਕੀਤੀ। ਉਹ ਧੁਰ ਅੰਦਰੋਂ ਬੇਗ਼ਮ ਦੀ ਗਾਇਕੀ ਦਾ ਮੁਰੀਦ ਸੀ। ਲਿਹਾਜ਼ਾ, ਉਹਨੂੰ ਚੋਰੀ ਰਿਆਜ਼ ਕਰਨ ਜਾਂ ਸਾਜ਼ਿੰਦਿਆਂ ਨਾਲ ਸੰਗਤ ਕਰਨ ਜਾਂ ਦਾਰੂ-ਪਾਣੀ ਛਕਣ ਦੀ ਖੁੱਲ ਦਿੰਦਾ ਰਿਹਾ। ਉਸ ਦੀ ਇਕੋ ਸ਼ਰਤ ਸੀ ਕਿ ਬੇਗ਼ਮ ਵੱਲੋਂ ਗਾਇਕੀ ਰਾਹੀਂ ਕਮਾਇਆ ਪੈਸਾ ਘਰ ਵਿਚ ਨਹੀਂ ਖ਼ਰਚਿਆ ਜਾਵੇਗਾ। ਇਸ ਸ਼ਰਤ ਨੇ ਬੇਗ਼ਮ ਨੂੰ ਸ਼ਾਹਖ਼ਰਚ ਬਣਾਇਆ। ਉਹ ਜੋ ਕਮਾਉਂਦੀ, ਤੋਹਫ਼ੇ ਵੰਡਣ 'ਤੇ ਲੁਟਾ ਦਿੰਦੀ। ਕਈ ਵਾਰ ਤਾਂ ਲਖਨਊ ਪਰਤਣ ਲਈ ਕਿਰਾਇਆ ਵੀ ਬੈਰਿਸਟਰ ਅੱਬਾਸੀ ਤੋਂ ਮੰਗਵਾਇਆ ਜਾਂਦਾ ਰਿਹਾ।

ਤੋਹਫ਼ਿਆਂ ਨਾਲ ਜੁੜੇ ਕਈ ਕਿੱਸੇ ਹਨ ਕਿਤਾਬ ਵਿਚ, ਪਰ ਇਕ ਕਾਲਮ ਵਿਚ ਜਗਾ ਸੀਮਤ ਹੈ। ਕੁੱਲ ਮਿਲਾ ਕੇ ਇਹ ਕਿਤਾਬ ਬੇਗ਼ਮ ਅਖ਼ਤਰ ਦੇ ਫ਼ਨ ਤੇ ਸ਼ਖ਼ਸੀਅਤ ਨੂੰ ਸ਼ਾਨਦਾਰ ਅਕੀਦਤ ਹੈ।

# Valley Real Estate Center



Better Deal will be given from New Builders to Book New home in Mountain House, Tracy, Manteca and lathrop

For agriculture and almond Farm,office building, Farm House and for Truck Yard in Tracy, Manteca, Lathrop and Stockton

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

## Listing

**TOTAL 35.5 YOUNG THREE YEARS OLD TREE PADRE AND NONPAREIL VARIETY. WITH RIPARIAN RIGHT FROM THE SAN JOAQUIN RIVER. WITH A SINGLE FAMILY SMALL HOME, IT'S VERY DESIRABLE PROPERTY**






**PROPERTY ADDRESS: 27022 RIVER ROADM, NEWMAN CA 95360.**

# RANJIT SINGH

**Valley Real Estate Center (Office Lic.: 01392267)**
**68 E 11th Street Ste 109, Tracy, CA 95376**

**Office: 209-956-1000 Cell : 408-355-5700, gbsingh84@gmail.com**